






Nineteenth Year of Publication ਨਿਊ ਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 24, June 16, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਬੇਅਦਬੀ ਕਾਂਡ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜੁੜੀਆਂ

**ਚੰਡੀਗੜ੍ਹ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜਾ ਜੁੜੀਆਂ ਹਨ। ਬਰਗਾੜੀ ਕਾਂਡ ਦੀ ਜਾਂਚ ਵਿਚ ਪੁਲਿਸ ਨੇ ਅਹਿਮ ਰਾਜ਼ ਖੋਲ੍ਹ ਦਾ ਦਾਅਵਾ ਕੀਤਾ ਹੈ ਅਤੇ ਹੁਣ ਪੁਲਿਸ ਟੀਮਾਂ ਚੋਰੀ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਰਾਮਦ ਕਰਨ ਲਈ ਸਰਗਰਮ ਹਨ। ਪੁਲਿਸ ਦੀ ਹੁਣ ਤੱਕ ਦੀ ਜਾਂਚ ਡੇਰਾ ਸਿਰਸਾ ਵੱਲ ਹੀ ਇਸ਼ਾਰਾ ਕਰਦੀ ਹੈ। ਪਾਲਮਪੁਰ ਤੋਂ ਚੁੱਕੇ ਡੇਰਾ ਆਗੂ ਮਹਿੰਦਰ ਪਾਲ ਬਿੱਟੂ ਤੋਂ ਬਰਗਾੜੀ ਕਾਂਡ ਦੀ ਚਾਬੀ ਹੱਥ ਲੱਗਣ ਦੇ ਚਰਚੇ ਹਨ ਜਿਸ ਮਗਰੋਂ ਪੁਲਿਸ ਟੀਮਾਂ ਨੇ ਫਰੀਦਕੋਟ ਤੇ ਕੋਟਕਪੂਰਾ ਖਿੱਤਾ ਛਾਣ ਦਿੱਤਾ ਹੈ। ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦਾ ਪਾਲਮਪੁਰ ਤੋਂ ਚੁੱਕਿਆ ਮੈਂਬਰ ਪੁਲਿਸ ਦੀ ਤਫ਼ਤੀਸ਼ ਵਿਚ ਬਰਗਾੜੀ ਕਾਂਡ ਦੇ ਮੁੱਖ ਸੂਤਰਧਾਰ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਪੁਲਿਸ ਦਾ ਦਾਅਵਾ ਹੈ ਕਿ ਇਸ ਕਮੇਟੀ ਮੈਂਬਰ ਰਾਹੀਂ ਪ੍ਰੇਮੀਆਂ ਨੂੰ ਨਿਰਦੇਸ਼ ਜਾਰੀ ਕਰ ਕੇ ਬਰਗਾੜੀ ਕਾਂਡ ਕਰਾਇਆ ਗਿਆ ਅਤੇ ਉਸ ਮਗਰੋਂ ਬਰਗਾੜੀ ਵਿਚ ਪੋਸਟਰ ਵੀ ਲਗਵਾਏ ਗਏ।



ਬੁਰਜ ਜਵਾਹਰ ਸਿੰਘ ਅਤੇ ਬਰਗਾੜੀ ਪਿੰਡਾਂ 'ਚ ਤਿੰਨ ਸਾਲ ਪਹਿਲਾਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਪੁਲਿਸ ਲਈ ਵੱਡੀ ਸਿਰਦਰਦੀ ਤੇ ਪੰਜਾਬ ਦੇ ਲੋਕਾਂ ਲਈ ਵੱਡੀ ਬੇਚੈਨੀ ਦਾ ਕਾਰਨ ਬਣੀਆਂ ਹੋਈਆਂ ਸਨ। ਅਕਾਲੀ-ਭਾਜਪਾ ਸਰਕਾਰ ਸਮੇਂ ਪੁਲਿਸ ਵੱਲੋਂ ਇਸ ਸਾਜਿਸ਼ ਦੀ ਸੂਈ ਗਰਮ ਖਿਆਲੀ ਸਿੱਖਾਂ ਵੱਲ ਹੀ ਘੁਮਾਈ ਜਾਂਦੀ ਰਹੀ ਪਰ ਕੈਪਟਨ ਸਰਕਾਰ ਵੱਲੋਂ ਬਣਾਈ ਟੀਮ ਨੂੰ ਕੁਝ ਸਮੇਂ ਦੀ ਮੁਢਲੀ ਜਾਂਚ ਬਾਅਦ ਹੀ ਸਾਜ਼ਿਸ਼ ਪਿੱਛੇ ਡੇਰਾ ਪ੍ਰੇਮੀਆਂ ਦਾ ਹੱਥ ਹੋਣ ਬਾਰੇ ਪੁਖਤਾ ਸਬੂਤ ਮਿਲੇ ਸਨ, ਪਰ 6 ਮਹੀਨੇ ਪਹਿਲਾਂ ਜਦ ਜਾਂਚ ਟੀਮ ਮਸਲੇ ਦੇ ਹੱਲ ਦੇ ਨੇੜੇ ਪੁੱਜ ਗਈ ਸੀ ਤਾਂ ਉਸ ਨੂੰ ਹੱਥ ਪਿੱਛੇ ਕਰਨ ਲਈ ਆਖ ਦਿੱਤਾ ਗਿਆ ਸੀ। ਹੁਣ ਜਦ ਗਰਮਖਿਆਲੀਆਂ ਦੇ ਦਬਾਅ ਹੇਠ ਜਾਂਚ ਦਾ ਕੰਮ ਮੁੜ ਤੇਜ਼ ਕੀਤਾ ਗਿਆ ਤਾਂ ਜਾਂਚ ਟੀਮ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਮੁੱਖ ਸਾਜ਼ਿਸ਼ਕਰਤਾ ਤੇ ਡੇਰਾ ਸਿਰਸਾ ਦੀ ਸੂਬਾਈ ਕਮੇਟੀ ਦੇ ਮੈਂਬਰ ਮਹਿੰਦਰਪਾਲ ਬਿੱਟੂ ਨੂੰ ਹਿਮਾਚਲ ਦੇ ਪਾਲਮਪੁਰ ਤੋਂ ਗ੍ਰਿਫਤਾਰ ਕਰ ਕੇ ਸਾਰੀ ਸਾਜ਼ਿਸ਼ ਤੋਂ ਪਰਦਾ ਚੁੱਕ ਦਿੱਤਾ ਹੈ।

ਦੱਸ ਦਈਏ ਕਿ ਪਹਿਲੀ ਜੂਨ ਤੋਂ ਬਰਗਾੜੀ ਵਿਚ ਧਰਨਾ ਮਾਰ ਕੇ ਬੈਠੇ ਮੁਤਵਾਜ਼ੀ ਜਥੇਦਾਰਾਂ ਤੇ ਗਰਮਖਿਆਲੀ ਸੰਗਠਨਾਂ ਦੇ ਪ੍ਰਤੀਨਿਧਾਂ ਨਾਲ ਮੁੱਖ ਮੰਤਰੀ ਦੀ 6 ਜੂਨ ਸ਼ਾਮ ਨੂੰ ਚੰਡੀਗੜ੍ਹ 'ਚ ਹੋਈ ਮੀਟਿੰਗ ਬਾਅਦ ਬਰਗਾੜੀ ਬੇਅਦਬੀ ਕਾਂਡ ਦੀਆਂ ਗੁੰਝਲਾਂ ਖੋਲ੍ਹਣ ਲਈ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤੀ ਖੁੱਲ੍ਹੀ ਛੁੱਟੀ ਦੇ ਤਿੰਨ ਦਿਨ ਬਾਅਦ ਹੀ ਪੁਲਿਸ ਨੇ ਸਾਰੀਆਂ ਲੜੀਆਂ ਜੋੜ ਲਈਆਂ ਹਨ ਤੇ ਇਸ ਕਾਂਡ 'ਚ ਸ਼ਾਮਲ ਲਗਭਗ ਸਾਰੇ ਹੀ

(ਬਾਕੀ ਸਫਾ 6 ਉਤੇ)

### ਅਕਾਲੀ ਦਲ ਕਸੂਤਾ ਘਿਰਿਆ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਤਾਰ ਡੇਰਾ ਸਿਰਸਾ ਨਾਲ ਜੁੜਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਕਸੂਤਾ ਘਿਰ ਗਿਆ ਹੈ। ਸਿੱਖ ਸੰਗਠਨਾਂ ਨੇ ਦੋਸ਼ ਲਾਇਆ ਹੈ ਕਿ ਪਿਛਲੀ ਅਕਾਲੀ ਸਰਕਾਰ ਨੇ ਵੋਟਾਂ ਖਾਤਰ ਡੇਰਾ ਸਿਰਸਾ ਨੂੰ ਕਲੀਨ ਚਿੱਟ ਦਿੱਤੀ ਸੀ। ਚੇਤੇ ਰਹੇ, ਇਨ੍ਹਾਂ ਘਟਨਾਵਾਂ ਸਬੰਧੀ ਸਿੱਖ ਜਥੇਬੰਦੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਐਕਸ਼ਨ ਕਮੇਟੀ ਬਣਾਈ ਗਈ ਸੀ। ਇਸ ਵਿਚ ਕਮੇਟੀ ਨੇ ਜਾਂਚ ਕਰਦੇ ਹੋਏ ਕੁਝ ਡੇਰਾ ਪ੍ਰੇਮੀਆਂ ਨੂੰ ਘੇਰੇ ਵਿਚ ਲਿਆਂਦਾ ਸੀ ਪਰ ਪੁਲਿਸ ਨੇ ਇਨ੍ਹਾਂ ਦੀ ਜਾਂਚ ਦੇ ਉਲਟ ਉਨ੍ਹਾਂ ਉਤੇ ਪਰਚੇ ਦਰਜ ਕਰ ਦਿੱਤੇ। ਉਦੋਂ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਥੋਂ ਤੱਕ ਕਿਹਾ ਸੀ ਕਿ ਇਨ੍ਹਾਂ ਦੇ ਤਾਰ ਪਾਕਿਸਤਾਨ ਨਾਲ ਜੁੜੇ ਹੋਏ ਹਨ।

## ਸਾਕਾ ਨੀਲਾ ਤਾਰਾ ਨਾਲ ਸਬੰਧਤ ਵਲੈਤੀ ਫਾਈਲਾਂ ਹੋਣਗੀਆਂ ਜਨਤਕ

**ਲੰਡਨ:** ਬਰਤਾਨੀਆ ਵਿਚ ਸਾਕਾ ਨੀਲਾ ਤਾਰਾ ਨਾਲ ਸਬੰਧਤ ਫਾਈਲਾਂ ਜਨਤਕ ਹੋਣਗੀਆਂ। ਯੂ.ਕੇ. ਦੇ ਇਕ ਜੱਜ ਨੇ ਸਾਕਾ ਨੀਲਾ ਤਾਰਾ ਵਿਚ ਬ੍ਰਿਟੇਨ ਦੀ ਸ਼ਮੂਲੀਅਤ ਨਾਲ ਸਬੰਧਤ ਦਸਤਾਵੇਜ਼ਾਂ ਵਾਲੀਆਂ ਫਾਈਲਾਂ ਨੂੰ ਜਨਤਕ ਕਰਨ ਦੇ ਹੁਕਮ ਦਿੱਤੇ ਹਨ। ਜੱਜ ਨੇ ਇਹ ਹੁਕਮ ਕਰਦਿਆਂ ਬਰਤਾਨਵੀ ਸਰਕਾਰ ਦੀ ਇਸ ਦਲੀਲ ਨੂੰ ਖਾਰਜ ਕਰ ਦਿੱਤਾ ਕਿ ਫਾਈਲਾਂ ਜਨਤਕ ਕੀਤੇ ਜਾਣ ਨਾਲ ਭਾਰਤ ਨਾਲ ਸਫਾਰਤੀ ਸਬੰਧਾਂ ਨੂੰ ਢਾਹ ਲੱਗ ਸਕਦੀ ਹੈ। ਯੂ.ਕੇ. ਸਰਕਾਰ ਨੂੰ ਇਸ ਫੈਸਲੇ ਖਿਲਾਫ਼ 11 ਜੁਲਾਈ ਤੱਕ ਅਪੀਲ ਕਰਨ ਦਾ ਸਮਾਂ ਦਿੱਤਾ ਗਿਆ ਹੈ।

ਜੱਜ ਮੱਰੇ ਸ਼ੈਂਕਸ ਨੇ ਸੂਚਨਾ ਦੇ ਅਧਿਕਾਰ ਬਾਰੇ ਟ੍ਰਿਬਿਊਨਲ ਵਿਚ ਚੱਲੀ ਤਿੰਨ ਦਿਨਾਂ ਸੁਣਵਾਈ ਮਗਰੋਂ ਫੈਸਲਾ ਸੁਣਾਉਂਦਿਆਂ ਕਿਹਾ ਕਿ 1984 ਵਿਚ ਅਪਰੇਸ਼ਨ ਨੀਲਾ ਤਾਰਾ ਨਾਲ ਸਬੰਧਤ ਬਹੁਗਿਣਤੀ ਫਾਈਲਾਂ ਨੂੰ ਜਨਤਕ ਕੀਤਾ ਜਾਵੇ। ਜੱਜ ਨੇ ਭਾਰਤ ਨਾਲ ਸਫਾਰਤੀ ਸਬੰਧਾਂ ਨੂੰ ਨੁਕਸਾਨ ਪੁੱਜਣ ਸਬੰਧੀ ਯੂ.ਕੇ. ਸਰਕਾਰ ਦੀ ਦਲੀਲ ਨੂੰ ਖਾਰਜ ਕਰ ਦਿੱਤਾ। ਹਾਲਾਂਕਿ ਜੱਜ ਨੇ ਸਵੀਕਾਰ ਕੀਤਾ ਕਿ ਯੂ.ਕੇ. ਦੀ ਜੁਆਇੰਟ ਇੰਟੈਲੀਜੈਂਸ ਕਮੇਟੀ (ਜੇ.ਆਈ.ਸੀ.) ਨਾਲ ਸਬੰਧਤ ਇਕ ਫਾਈਲ ਜਿਸ ਉਤੇ 'ਇੰਡੀਆ: ਪੋਲੀਟਿਕਲ' ਮਾਰਕ ਕੀਤਾ ਹੋਇਆ, ਵਿਚ ਬ੍ਰਿਟਿਸ਼ ਸੂਹੀਆ ਏਜੰਸੀਆਂ ਐਮ.ਆਈ-5, ਐਮ.ਆਈ-6 ਤੇ ਜੀ.ਸੀ.ਐਚ.ਕਿਊ. (ਗਵਰਨਮੈਂਟ ਕਮਿਊਨੀਕੇਸ਼ਨਜ਼ ਹੈੱਡਕੁਆਰਟਰਜ਼) ਨਾਲ ਸਬੰਧਤ ਜਾਣਕਾਰੀ ਹੋ ਸਕਦੀ ਹੈ। ਲਿਹਾਜ਼ਾ ਕੈਬਨਿਟ ਦਫਤਰ ਤਕਨੀਕੀ ਆਧਾਰ ਉਤੇ ਅਜਿਹੀ ਸਮੱਗਰੀ ਨੂੰ ਸੂਚਨਾ ਦੀ ਆਜ਼ਾਦੀ (ਐਫ.ਓ.ਆਈ.) ਤਹਿਤ ਮੰਗੀ ਜਾਣਕਾਰੀ ਦੇ ਘੇਰੇ ਵਿਚੋਂ ਬਾਹਰ ਰੱਖ ਸਕਦਾ ਹੈ।

ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ, "ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਅਰਸੇ ਦੀ ਅਸੀਂ ਗੱਲ ਕਰ ਰਹੇ ਹਾਂ, ਉਹ ਭਾਰਤ ਦੇ ਹਾਲੀਆ ਇਤਿਹਾਸ ਵਿਚ ਬਹੁਤ ਸੰਵੇਦਨਸ਼ੀਲ ਸੀ ਤੇ ਇਸ ਨਾਲ ਜੁੜੀਆਂ ਭਾਵਨਾਵਾਂ ਅੱਜ ਵੀ ਪ੍ਰਬਲ ਹਨ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਇੰਨਾ ਲੰਮਾ ਸਮਾਂ ਦੱਬ ਕੇ ਰੱਖਣ ਦੀ ਵੀ ਕੋਈ ਤੁਕ ਨਹੀਂ ਬਣਦੀ।" ਸੂਚਨਾ ਦੀ ਆਜ਼ਾਦੀ ਤਹਿਤ ਉਪਰੋਕਤ ਜਾਣਕਾਰੀ ਫ੍ਰੀਲਾਂਸ ਪੱਤਰਕਾਰ ਫਿਲ ਮਿੱਲਰ ਨੇ ਮੰਗੀ ਸੀ। ਮਿੱਲਰ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਚ ਭਾਰਤੀ ਫੌਜ ਵੱਲੋਂ ਚਲਾਏ ਅਪਰੇਸ਼ਨ ਵਿਚ ਤਤਕਾਲੀਨ ਪ੍ਰਧਾਨ ਮੰਤਰੀ ਮਾਰਗਰੇਟ ਥੈੱਚਰ

(ਬਾਕੀ ਸਫਾ 6 ਉਤੇ)

*Visit us on the web:www.punjabtimesusa.com*

Ad Space Available

Please Call,

Ph: 847-359-0746




Ad Space Available

Please Call,

Ph: 847-359-0746

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

ੴ ਸਤਿਗੁਰ ਪ੍ਰਸਾਦਿ॥

ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
ਦੇ ਸ਼ਹੀਦੀ ਪੁਰਬ ਦੀ ਯਾਦ ਵਿਚ

# ਸ਼ਹੀਦੀ ਪੁਰਬ ਸਮਾਗਮ

## ਸ਼ਹੀਦੀ ਪੁਰਬ ਸਮਾਗਮ

### 11 ਜੂਨ ਤੋਂ 16 ਜੂਨ 2018 ਤੱਕ

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਬੰਧੀ 11 ਜੂਨ (ਸੋਮਵਾਰ) ਤੋਂ 16 ਜੂਨ (ਸਨਿਚਰਵਾਰ) 2018 ਤੱਕ ਹਰ ਰੋਜ ਸ਼ਾਮ 5:45 ਤੋਂ ਰਾਤ 9 ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ। ਭਾਈ ਬਲਦੇਵ ਸਿੰਘ ਵਡਾਲਾ ਰੋਜ਼ਾਨਾ ਰਾਤ 8 ਤੋਂ 9 ਵਜੇ ਤੱਕ ਸ਼ਬਦ ਕੀਰਤਨ ਦੀ ਸੇਵਾ ਕਰਨਗੇ।

### 17 ਜੂਨ 2018 (ਐਤਵਾਰ)

ਅਖੰਡ ਪਾਠ ਦਾ ਭੋਗ ਸਵੇਰੇ 9 ਵਜੇ

ਸਵੇਰੇ 9:30 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜੇਗਾ, ਜਿਸ ਵਿਚ ਭਾਈ ਬਲਦੇਵ ਸਿੰਘ ਵਡਾਲਾ ਤੇ ਭਾਈ ਹਜ਼ਾਰਾ ਸਿੰਘ ਦਾ ਰਾਗੀ ਜਥਾ ਸ਼ਬਦ ਕੀਰਤਨ ਅਤੇ ਕਥਾਵਾਚਕ ਗਿਆਨੀ ਰਣਜੀਤ ਸਿੰਘ ਚੰਡੀਗੜ੍ਹ ਕਥਾ ਵਿਆਖਿਆ ਨਾਲ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਨਗੇ। ਹੋਰ ਵੀ ਪੰਥ ਪ੍ਰਚਾਰਕ ਹਾਜ਼ਰੀਆਂ ਭਰਨਗੇ।



### ਖੂਨਦਾਨ ਕੈਂਪ

ਐਤਵਾਰ, 17 ਜੂਨ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਖੂਨਦਾਨ ਕੈਂਪ ਲਾਇਆ ਜਾਵੇਗਾ।

### ਪਹੁੰਚ ਰਹੇ ਜਥੇ

ਭਾਈ ਬਲਦੇਵ ਸਿੰਘ ਵਡਾਲਾ
*(ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ)*
ਭਾਈ ਹਜ਼ਾਰਾ ਸਿੰਘ
ਕਥਾਵਾਚਕ ਗਿਆਨੀ ਰਣਜੀਤ ਸਿੰਘ ਚੰਡੀਗੜ੍ਹ

### ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਮੁੱਖ ਸੇਵਾਦਾਰ ਭਾਈ ਸੱਜਣ ਸਿੰਘ** *(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*

ਫੋਨ: 718-343-1030

## ਰਾਹੁਲ ਗਾਂਧੀ ਵਿਰੁਧ ਚੱਲੇਗਾ ਸੰਘ ਦੀ ਮਾਨਹਾਨੀ ਦਾ ਮੁਕੱਦਮਾ

**ਨਵੀਂ ਦਿੱਲੀ:** ਰਾਸ਼ਟਰੀ ਸੋਇਮ ਸੰਘ (ਆਰ. ਐਸ. ਐਸ.) ਦੇ ਇਕ ਵਰਕਰ ਵੱਲੋਂ ਸੰਘ ਦੀ ਮਾਨਹਾਨੀ ਦੇ ਦੋਸ਼ਾਂ ਤਹਿਤ ਦਾਇਰ ਕੇਸ ਸਬੰਧੀ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਮਹਾਰਾਸ਼ਟਰ ਵਿਚ ਭਿਵੰਡੀ ਦੀ ਅਦਾਲਤ ਵਿਚ ਮੁਕੱਦਮਾ ਚੱਲੇਗਾ।

ਆਰ.ਐਸ.ਐਸ. ਵਰਕਰ ਰਾਜੇਸ਼ ਕੁੰਤੇ ਵੱਲੋਂ ਦਾਇਰ ਕਰਵਾਏ ਕੇਸ ਵਿਚ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ (47) ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਕਾਂਗਰਸ ਪ੍ਰਧਾਨ ਵਿਰੁੱਧ ਆਈ.ਪੀ.ਸੀ. ਦੀ ਧਾਰਾ 499 (ਮਾਨਹਾਨੀ) ਅਤੇ 500 (ਮਾਨਹਾਨੀ ਲਈ ਸਜ਼ਾ) ਤਹਿਤ ਦੋਸ਼ ਮੰਨਦਿਆਂ ਕੇਸ ਚਲਾਉਣ ਦੀ ਆਗਿਆ ਦਿੱਤੀ ਹੈ।

## ਮੋਟਰਾਂ 'ਤੇ ਮੀਟਰ ਲਵਾਉਣ ਵਾਲੇ ਕਿਸਾਨਾਂ ਨੂੰ ਮਿਲੇਗੀ ਵੱਧ ਬਿਜਲੀ

**ਪਟਿਆਲਾ:** ਪਾਵਰਕੌਮ ਨੇ ਖੇਤੀ ਮੋਟਰਾਂ ਉਤੇ ਬਿਜਲੀ ਦੇ ਮੀਟਰਾਂ ਲਈ ਰਾਜ਼ੀ ਹੋਣ ਵਾਲੇ ਕਿਸਾਨਾਂ ਨੂੰ ਦਿਨ ਵਿਚ 10 ਘੰਟੇ ਬਿਜਲੀ ਸਪਲਾਈ ਦੇਣ ਦਾ ਫੈਸਲਾ ਕੀਤਾ ਹੈ। ਇਸ ਪਾਇਲਟ ਪ੍ਰੋਜੈਕਟ ਤਹਿਤ ਕਿਸਾਨ ਜਿੰਨੀ ਮਰਜ਼ੀ ਬਿਜਲੀ ਖਪਤ ਕਰੇ, ਉਹ ਸਾਰੀ ਮੁਫਤ ਹੋਵੇਗੀ। ਉਂਜ ਨਿਸ਼ਚਿਤ ਯੂਨਿਟਾਂ ਤੋਂ ਘੱਟ ਬਿਜਲੀ ਦੀ ਖਪਤ ਉਤੇ ਬੱਚਤ ਦੇ ਪੈਸੇ ਕਿਸਾਨ ਦੇ ਖਾਤੇ ਵਿਚ ਪਾਏ ਜਾਣਗੇ। ਅਜਿਹੀ ਸਕੀਮ ਹੇਠ ਕਿਸੇ ਵੀ ਕਿਸਾਨ ਨੂੰ ਬਿੱਲ ਨਹੀਂ ਭਰਨਾ ਪਵੇਗਾ, ਖੇਤੀ ਬਿਜਲੀ ਪਹਿਲਾਂ ਵਾਂਗ ਮੁਫਤ ਹੀ ਰਹੇਗੀ।

ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕੀਤੀ 'ਪਾਣੀ ਬਚਾਉ ਪੈਸੇ ਕਮਾਓ' ਸਕੀਮ ਨੂੰ ਪਾਵਰਕੌਮ ਵੱਲੋਂ ਪਹਿਲਾਂ ਤੋਂ ਵਿੱਢੇ ਮੀਟਰਾਂ ਦੇ ਪਾਇਲਟ ਪ੍ਰੋਜੈਕਟ ਵਿਚ ਰਲਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਹ ਪਾਇਲਟ ਸਕੀਮ ਪਹਿਲੇ ਪੜਾਅ ਵਿਚ ਛੇ ਫੀਡਰਾਂ ਜਿਹੜੇ ਫਤਿਹਗੜ੍ਹ ਸਾਹਿਬ, ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਪੈਂਦੇ ਹਨ, ਉਤੇ ਲਾਗੂ ਕੀਤੀ ਜਾ ਰਹੀ ਹੈ।

# ਤੀਹ ਥਾਂਵਾਂ ਨੂੰ ਸੈਲਾਨੀ ਕੇਂਦਰਾਂ ਵਜੋਂ ਵਿਕਸਿਤ ਕਰੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਵਿਚ ਤੀਹ ਥਾਂਵਾਂ ਨੂੰ ਸੈਲਾਨੀ ਕੇਂਦਰਾਂ ਵਜੋਂ ਵਿਕਸਿਤ ਕਰੇਗੀ। ਪੰਜਾਬ ਦੇ ਸਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਵਿਚ 30 ਥਾਂਵਾਂ ਨੂੰ 590.97 ਕਰੋੜ ਰੁਪਏ ਦੀ ਲਾਗਤ ਨਾਲ ਸੈਲਾਨੀ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਇਨ੍ਹਾਂ ਥਾਂਵਾਂ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਤ ਕਰਨ ਲਈ ਵੱਖ-ਵੱਖ ਸਕੀਮਾਂ ਅਧੀਨ ਪ੍ਰੋਜੈਕਟ ਉਲੀਕੇ ਗਏ ਹਨ ਅਤੇ ਇਨ੍ਹਾਂ ਦੀ ਕਾਇਆ ਕਲਪ ਕਰਨ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਵੇਗੀ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸੈਲਾਨੀ ਕੇਂਦਰਾਂ ਦਾ ਧੁਰਾ ਹੋਵੇਗਾ, ਜਿਥੇ ਇਨ੍ਹਾਂ 30 ਥਾਂਵਾਂ ਵਿਚੋਂ 11 ਥਾਂਵਾਂ ਅੰਮ੍ਰਿਤਸਰ ਦੇ ਆਸ-ਪਾਸ ਹਨ। ਉਨ੍ਹਾਂ ਕਿਹਾ ਕਿ ਸਾਰੇ ਪ੍ਰੋਜੈਕਟ ਇਕ ਸਾਲ ਦੇ ਅੰਦਰ ਮੁਕੰਮਲ ਹੋਣਗੇ। ਇਨ੍ਹਾਂ ਥਾਂਵਾਂ ਉਤੇ ਸੈਲਾਨੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਲੈਂਡ ਸਕੇਪ, ਰੈਸਟੋਰੈਂਟ ਅਤੇ ਮੁੱਢਲੀਆਂ ਸਹੂਲਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ।ਉਨ੍ਹਾਂ ਦੱਸਿਆ ਕਿ 590.97 ਕਰੋੜ ਵਿਚੋਂ 344 ਕਰੋੜ ਰੁਪਏ ਏਸ਼ੀਅਨ ਡਿਵੈਲਪਮੈਂਟ ਬੈਂਕ ਤੋਂ ਕਰਜ਼ੇ ਰਾਹੀਂ ਲਏ ਜਾ ਰਹੇ ਹਨ। ਇਸ ਤੋਂ ਇਲਾਵਾ ਭਾਰਤ ਸਰਕਾਰ ਦੀ ਸਵਦੇਸ਼ ਦਰਸ਼ਨ ਸਕੀਮ ਰਾਹੀਂ ਧਾਰਮਿਕ ਤੇ ਇਤਿਹਾਸਕ ਸ਼ਹਿਰਾਂ ਦੇ ਵਿਕਾਸ ਲਈ 96.97 ਕਰੋੜ ਰੁਪਏ ਦੀ ਪ੍ਰਵਾਨਗੀ ਮਿਲ ਗਈ ਹੈ।

ਅੰਮ੍ਰਿਤਸਰ ਸ਼ਹਿਰ ਲਈ ਪ੍ਰਸਾਦ ਸਕੀਮ ਤਹਿਤ 50 ਕਰੋੜ ਰੁਪਏ ਖਰਚੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਥਿਤ ਮੁਗਲ ਕਾਲ ਨਾਲ ਸਬੰਧਤ ਇਤਿਹਾਸਕ ਸੈਲਾਨੀ ਥਾਂਵਾਂ ਨੂੰ ਵਿਕਸਤ ਕਰਨ ਲਈ 100 ਕਰੋੜ ਰੁਪਏ ਦਾ ਪ੍ਰੋਜੈਕਟ 'ਮੁਗਲ ਸਰਕਟ' ਅਧੀਨ ਬਣਾਇਆ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਤੋਂ ਬਾਅਦ 'ਮਹਾਰਾਜਾ ਸਰਕਟ' ਅਧੀਨ ਪੰਜਾਬ ਦੇ ਰਿਆਸਤੀ ਸ਼ਹਿਰਾਂ ਲਈ 100 ਕਰੋੜ ਰੁਪਏ ਦੀ ਹੋਰ ਪ੍ਰੋਜੈਕਟ ਰਿਪੋਰਟ ਬਣਾ ਕੇ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ।

# ਜਗਤਾਰ ਜੌਹਲ ਨੂੰ ਕਰਨਾ ਹੀ ਪਵੇਗਾ ਭਾਰਤੀ ਕਾਨੂੰਨ ਦਾ ਸਾਹਮਣਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਰਾਜ ਮੰਤਰੀ ਰਿਜਿਜੂ ਨੇ ਬਰਤਾਨੀਆ ਵਿਚ ਆਪਣੀ ਹਮਰੁਤਬਾ ਬੈਰੋਨੈੱਸ ਵਿਲੀਅਮਜ਼ ਨਾਲ ਮੁਲਾਕਾਤ ਕੀਤੀ ਹੈ ਤੇ ਸੁਣਨ ਵਿਚ ਆਇਆ ਹੈ ਕਿ ਉਨ੍ਹਾਂ ਆਖਿਆ ਕਿ ਪੰਜਾਬ ਵਿਚ ਆਰ.ਐਸ.ਐਸ. ਆਗੂਆਂ ਦੀ ਹੱਤਿਆਵਾਂ ਦੀ ਸਾਜਿਸ਼ ਦੇ ਕੇਸ ਵਿਚ ਮੁਲਜ਼ਮ ਬਰਤਾਨਵੀ ਪੰਜਾਬੀ ਨੌਜਵਾਨ ਨੂੰ ਭਾਰਤ ਵਿਚ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਇਕ ਅਧਿਕਾਰੀ ਨੇ ਦੱਸਿਆ ਕਿ ਮੀਟਿੰਗ ਵਿਚ ਸ੍ਰੀ ਰਿਜਿਜੂ ਵੱਲੋਂ ਬੀਬੀ ਵਿਲੀਅਮਜ਼ ਨੂੰ ਦੱਸਿਆ ਗਿਆ ਸੀ ਕਿ ਜਗਤਾਰ ਸਿੰਘ ਜੌਹਲ ਬਾਰੇ ਸ਼ੱਕ ਹੈ ਕਿ ਉਹ ਜਨਵਰੀ 2016 ਤੋਂ ਅਕਤੂਬਰ 2017 ਤੱਕ ਆਰ.ਐਸ.ਐਸ., ਸ਼ਿਵ ਸੈਨਾ ਤੇ ਡੇਰਾ ਸਿਰਸਾ ਦੇ ਸੱਤ ਕਾਰਕੁਨਾਂ ਦੀਆਂ ਗਿਣ ਮਿੱਥ ਕੇ ਕੀਤੀਆਂ ਗਈਆਂ ਹੱਤਿਆਵਾਂ ਦੇ ਸਾਜਿਸ਼ਕਾਰਾਂ 'ਚ ਸ਼ਾਮਲ ਸੀ। ਉਨ੍ਹਾਂ ਬਰਤਾਨਵੀ ਮੰਤਰੀ ਨੂੰ ਦੱਸਿਆ ਕਿ ਜੌਹਲ ਨੂੰ ਅਪਰਾਧ ਵਿਚ ਆਪਣੀ ਭੂਮਿਕਾ ਸਬੰਧੀ ਭਾਰਤ ਵਿਚ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਕੌਮੀ ਜਾਂਚ ਏਜੰਸੀ ਐਨਆਈਏ ਨੇ ਲੰਘੀ 4 ਮਈ ਨੂੰ ਮੁਹਾਲੀ ਦੀ ਇਕ ਅਦਾਲਤ ਵਿਚ ਚਾਰਜ ਸ਼ੀਟ ਦਾਖਲ ਕਰ ਕੇ ਦਾਅਵਾ ਕੀਤਾ ਸੀ ਕਿ ਜੌਹਲ ਪਿਛਲੇ ਸਾਲ ਅਕਤੂਬਰ ਵਿਚ ਲੁਧਿਆਣਾ ਵਿਚ ਆਰ.ਐਸ.ਐਸ. ਆਗੂ ਰਵਿੰਦਰ ਗੋਸਾਈਂ ਦੇ ਕਤਲ ਦੀ ਸਾਜਿਸ਼ ਲਈ ਫੰਡਿੰਗ ਵਿਚ ਸ਼ਾਮਲ ਸੀ। ਜਗਤਾਰ ਜੌਹਲ ਇਸ ਵੇਲੇ ਪੰਜਾਬ ਦੀ ਕਿਸੇ ਜੇਲ੍ਹ 'ਚ ਬੰਦ ਹੈ।

## ਡਾ. ਆਰ. ਪੀ. ਐਸ. ਬੋਪਾਰਾਏ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਮੈਡੀਕਲ ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਆਰ. ਪੀ. ਐਸ. ਬੋਪਾਰਾਏ



ਦਾ ਇਥੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ ਮੌਕੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

ਸਨਮਾਨ ਦੇਣ ਦੀ ਰਸਮ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਘਬੀਰ ਸਿੰਘ ਬੱਬੀ ਨੇ ਨਿਭਾਈ। ਇਸ ਮੌਕੇ ਭੁਪਿੰਦਰ ਸਿੰਘ ਬੋਪਾਰਾਏ, ਚੇਅਰਮੈਨ ਗਰੀਬ ਸਿੰਘ, ਹਿੰਮਤ ਸਿੰਘ ਸਰਪੰਚ, ਗੁਰਮੀਤ ਸਿੰਘ ਮਹਿਮਤਪੁਰ, ਰਣਜੀਤ ਸਿੰਘ ਸੰਗੋਜਲਾ ਤੇ ਸਕੱਤਰ ਦਲੇਰ ਸਿੰਘ ਵੀ ਹਾਜ਼ਰ ਸਨ।

## ਭਿਊ ਮਹਾਰਾਜ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

**ਨਵੀਂ ਦਿੱਲੀ:** ਸੰਤ ਭਿਊ ਮਹਾਰਾਜ ਜਿਨ੍ਹਾਂ ਦੋ ਮਹੀਨੇ ਪਹਿਲਾਂ ਮੱਧ ਪ੍ਰਦੇਸ਼ ਸਰਕਾਰ ਤੋਂ ਮੰਤਰੀ ਦਾ ਦਰਜਾ ਲੈਣ ਤੋਂ ਨਾਂਹ ਕਰ ਦਿੱਤੀ ਸੀ, ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਘਟਨਾ ਤੋਂ ਬਾਅਦ ਜਦੋਂ 50 ਸਾਲਾ ਤਾਂਤਰਿਕ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸ ਦੇ ਬਹੁਤ ਸਾਰੇ ਸ਼ਰਧਾਲੂ ਇਕੱਠੇ ਹੋ ਗਏ।

ਭਿਊ ਮਹਾਰਾਜ ਜਿਸ ਦਾ ਅਸਲ ਨਾਂ ਉਦੈ ਸਿੰਘ ਦੇਸ਼ ਮੁਖ ਸੀ, ਉਨ੍ਹਾਂ ਪੰਜ ਸੰਤਾਂ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਸ਼ਿਵਰਾਜ ਸਰਕਾਰ ਨੇ ਮੰਤਰੀ ਦਾ ਦਰਜਾ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਸ ਤੋਂ ਪਹਿਲਾਂ ਭਿਊ ਮਹਾਰਾਜ ਨੇ ਮਾਡਲਿੰਗ ਦੇ ਖੇਤਰ ਵਿਚ ਹੱਥ ਅਜਮਾਇਆ ਸੀ।

## Matrimonials

### ਵਰ ਦੀ ਲੋੜ ਹੈ

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) 20

### ਲੜਕੀ ਦੀ ਲੋੜ ਹੈ

ਇਕਲੌਤਾ ਜੱਟ ਸਿੱਖ, 28 ਸਾਲ, 5'-8", ਵੈਸ਼ਨੂੰ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਬੀ.ਐਸਸੀ ਐਗਰੀਕਲਚਰ ਆਨਰਜ਼, ਐਮ. ਬੀ. ਏ. ਬੈਂਕਿੰਗ ਤੇ ਫਾਇਨਾਂਸ ਅਤੇ ਸਰਕਾਰੀ ਬੈਂਕ ਵਿਚ ਹੈਡ ਮੈਨੇਜਰ ਹੈ ਤੇ ਵਿਜ਼ਿਟਰ ਵੀਜ਼ੇ 'ਤੇ ਅਮਰੀਕਾ ਵਿਚ ਹੈ। ਨਾਨਕਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 219-671-3442 22-

Suitable match wanted for US born citizen boy, 30 yrs, 5'-6", MD, finishing first year residency, wheatish complexion, vegetarian and teetotaler, Contact: 321-888-5109, E-mail: billsinghtech@gmail.com 20-

### ਲੜਕੀ ਦੀ ਲੋੜ ਹੈ

Wanted suitable beautiful US/Canadian citizen Jatt/Khatri Sikh girl for a really handsome US citizen clean shaven Khatri Sikh boy 30, 6'-1", doing pharmacy. Father Kochhar Khatri and mother Kashmiri Jatt Sikh Kahlon. Pl. contact, Ph: 859-312-2450, e-mail: monicacat2001@yahoo.com 23-26

Wanted suitable US girl for Nai Sikh US citizen boy, Doctor of Pharmacy, 30, 5'10". The girl should be beautiful, tall, equally qualified. Cast No Bar. Serious inquires, email: kkaurusaca@gmail.com 24-27

Wanted mature, family oriented, vegetarian, preferably US based, over 30 issueless divorcee or widow for Lobana Sikh, 41, 5'-9" clean shaven, teetotaler, legally divorced, pending US immigration status. Family owns business & home, brother citizen & parents legal permanent residents of USA. Early marriage. Caste no bar. Contact: Ph: 330-348-4561, plmultani@yahoo.com 21-24


ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ

ਫੌਰੀ ਲੋੜ ਹੈ

ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ, ਤੰਦੂਰੀਏ, ਕੱਰੀ ਕੁੱਕ ਤੇ ਵੇਟਰ ਦੀ ਫੌਰੀ ਲੋੜ ਹੈ।

ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ

ਸੰਪਰਕ ਕਰੋ, ਮਨਜੀਤ ਸਿੰਘ

ਫੋਨ: 262-894-0913

21-24



ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

8-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਸ਼ਿਲਾਂਗ: ਕੌਮੀ ਘੱਟ ਗਿਣਤੀ ਕਮਿਸ਼ਨ ਨੇ ਸੁਣੇ ਸਿੱਖ ਭਾਈਚਾਰੇ ਦੇ ਦੁਖੜੇ

**ਸ਼ਿਲਾਂਗ:** ਮੁਲਕ ਦੇ ਉਤਰ-ਪੂਰਬੀ ਸੂਬੇ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਚ ਸਿੱਖ ਭਾਈਚਾਰੇ ਤੇ ਮੁਕਾਮੀ ਖਾਸੀ ਲੋਕਾਂ ਦਰਮਿਆਨ ਹੋਈ ਹਿੰਸਾ ਦੇ ਮੱਦੇਨਜ਼ਰ ਕੌਮੀ ਘੱਟ ਗਿਣਤੀ ਕਮਿਸ਼ਨ (ਐਨ.ਸੀ.ਐਮ.) ਵੱਲੋਂ ਇਥੇ ਭੇਜੇ ਆਪਣੇ ਮੈਂਬਰ ਮਨਜੀਤ ਸਿੰਘ ਰਾਏ ਨੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਸ਼ਹਿਰ ਦੇ ਕਾਰੋਬਾਰੀ ਧੁਰੇ ਬੜਾ ਬਾਜ਼ਾਰ 'ਚ ਪੰਜਾਬੀ ਲੇਨ ਇਲਾਕੇ ਦਾ ਦੌਰਾ ਕੀਤਾ, ਜਿਥੇ ਪੰਜਾਬੀ ਸਿੱਖ ਭਾਈਚਾਰਾ ਸਦੀ ਤੋਂ ਵੀ ਵੱਧ ਸਮੇਂ ਤੋਂ ਰਹਿ ਰਿਹਾ ਹੈ।



ਇਸ ਮੌਕੇ ਸ੍ਰੀ ਰਾਏ ਨੇ ਇਥੋਂ ਦੇ ਇਨ੍ਹਾਂ 'ਅਸੁਰੱਖਿਅਤ' ਪੰਜਾਬੀ ਵਸਨੀਕਾਂ ਨੂੰ ਇਥੋਂ ਹੋਰ ਕਿਤੇ ਵਸਾਏ ਜਾਣ ਦਾ ਵਿਰੋਧ ਕੀਤਾ। ਇਹ ਇਲਾਕਾ ਇਸ ਵੇਲੇ ਲਗਾਤਾਰ ਸਲਾਮਤੀ ਨਿਗਰਾਨੀ ਹੇਠ ਹੈ। ਸ੍ਰੀ ਰਾਏ ਨੇ ਪੰਜਾਬੀ ਲੇਨ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਸੁਣੀਆਂ, ਜੋ ਉਨ੍ਹਾਂ ਨੂੰ ਇਥੋਂ ਹਟਾਉਣ ਲਈ ਮੇਘਾਲਿਆ ਸਰਕਾਰ ਵੱਲੋਂ ਬਣਾਈ ਉਚ-ਤਾਕਤੀ ਕਮੇਟੀ ਕਾਰਨ ਵੀ ਫਿਰਕਮੰਦ ਹਨ। ਗੌਰਤਲਬ ਹੈ ਕਿ ਮੁਕਾਮੀ ਲੋਕਾਂ ਵੱਲੋਂ ਉਨ੍ਹਾਂ ਨੂੰ ਇਥੋਂ ਉਠਾਉਣ ਲਈ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਹ ਹਿੰਸਾ ਦੋਵਾਂ ਭਾਈਚਾਰਿਆਂ ਦੇ ਲੋਕਾਂ ਦਰਮਿਆਨ ਮਾਮੂਲੀ ਝਗੜੇ ਕਾਰਨ ਹੋਈ, ਹਾਲਾਂਕਿ ਉਨ੍ਹਾਂ ਵਿਚਕਾਰ ਰਾਜ਼ੀਨਾਮਾ ਹੋ ਗਿਆ ਸੀ। ਉਨ੍ਹਾਂ ਕਿਹਾ ਕਿ 'ਸੌੜੇ ਸੁਆਰਥੀ ਹਿੱਤਾਂ ਵਾਲੇ ਕੁਝ ਸ਼ਰਾਰਤੀ ਅਨਸਰਾਂ' ਨੇ ਸੋਸ਼ਲ ਮੀਡੀਆ ਉਤੇ ਅਫਵਾਹਾਂ ਫੈਲਾ ਕੇ ਹਿੰਸਾ ਕਰਵਾਈ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿਚ ਸਿੱਖ ਭਾਈਚਾਰੇ ਦੇ ਲੋਕ ਸਦੀ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਜਿਨ੍ਹਾਂ ਨੂੰ ਇਥੋਂ ਹਟਾਉਣਾ ਮੁਮਕਿਨ ਨਹੀਂ ਹੋਵੇਗਾ। ਉਨ੍ਹਾਂ ਮੇਘਾਲਿਆ ਦੇ ਮੁੱਖ ਮੰਤਰੀ ਕੋਰਨਾਰਡ ਕੇ. ਸੰਗਮਾ ਨਾਲ ਵੀ ਮੁਲਾਕਾਤ ਕਰ ਕੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਮੁੱਖ ਸਕੱਤਰ, ਪ੍ਰਮੁੱਖ ਸਕੱਤਰ ਗ੍ਰਹਿ ਤੇ ਪੁਲਿਸ ਮੁਖੀ ਤੋਂ ਸੁਰੱਖਿਆ ਪ੍ਰਬੰਧਾਂ ਬਾਰੇ ਰਿਪੋਰਟ ਹਾਸਲ ਕੀਤੀ।

ਇਸ ਦੌਰਾਨ ਕਾਂਗਰਸ ਨੇ ਇਸ ਸਮੁੱਚੇ ਘਟਨਾਕ੍ਰਮ ਦੀ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਡਾ. ਮੁਕੁਲ ਸੰਗਮਾ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਸੱਤਾ ਵਿਚ ਹਾਲੇ ਤਿੰਨ ਮਹੀਨੇ ਵੀ ਪੂਰੇ ਨਹੀਂ ਹੋਏ ਤੇ ਸੂਬੇ ਦੇ ਹਾਲਾਤ ਬਦਤਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਉਨ੍ਹਾਂ ਦੀ ਅਗਵਾਈ ਵਾਲੀ ਪਿਛਲੀ ਸਰਕਾਰ ਵੱਲੋਂ ਬਣਾਏ ਵਧੀਆ ਹਾਲਾਤ ਨੂੰ ਵਿਗਾੜ ਕੇ ਰੱਖ ਦਿੱਤਾ ਹੈ।

### ਕੀਮਤੀ ਜ਼ਮੀਨ ਬਣੀ ਸਿੱਖਾਂ ਲਈ ਵੱਡੀ ਮੁਸੀਬਤ

**ਅੰਮ੍ਰਿਤਸਰ:** ਸ਼ਿਲਾਂਗ 'ਚ ਸਥਿਤੀ ਦਾ ਜਾਇਜ਼ਾ ਲੈਣ ਪਹੁੰਚੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਖਿਆ ਹੈ ਕਿ ਸਿੱਖ ਭਾਈਚਾਰੇ ਦੇ ਲੋਕਾਂ ਕੋਲ ਜ਼ਮੀਨ ਹੈ ਜੋ ਕਾਫੀ ਕੀਮਤੀ ਹੈ। ਸਥਾਨਕ ਕਬੀਲੇ ਦੇ ਲੋਕ ਉਸ ਜ਼ਮੀਨ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਉਨ੍ਹਾਂ ਦੱਸਿਆ ਕਿ ਮਸਲਾ ਜ਼ਮੀਨ ਦਾ ਹੀ ਹੈ। ਇਸ ਕਾਰਨ ਹੀ ਉਥੇ ਵਿਵਾਦ ਵਧਿਆ ਜਦਕਿ ਇਸ ਪਿੱਛੇ ਕਾਰਨ ਲੜਕੀਆਂ ਕਰ ਕੇ ਹੋਈ ਲੜਾਈ ਨੂੰ ਬਣਾਇਆ ਗਿਆ ਹੈ।

# ਮੋਦੀ ਸਰਕਾਰ ਦੇ ਆਖਰੀ ਸਾਲ 'ਚ ਆਰਥਿਕ ਝਟਕੇ

**ਨਵੀਂ ਦਿੱਲੀ:** ਮੋਦੀ ਸਰਕਾਰ ਦਾ ਆਖਰੀ ਵਰ੍ਹਾ ਕਈ ਆਰਥਿਕ ਉਤਰਾਅ-ਚੜ੍ਹਾਅ ਵਿਚੋਂ ਲੰਘੇਗਾ। ਰਿਜ਼ਰਵ ਬੈਂਕ ਨੇ ਵਿਆਜ ਦਰਾਂ ਵਧਾਉਣ ਮਗਰੋਂ ਕਿਹਾ ਹੈ ਕਿ ਅਗਲੇ ਸਮੇਂ ਵਿਚ ਮਹਿੰਗਾਈ ਵਧੇਗੀ। ਇਸ ਦੇ ਨਾਲ ਹੀ ਉਦਯੋਗਿਕ ਵਿਕਾਸ ਨੂੰ ਵੀ ਸੱਟ ਵੱਜੇਗੀ। ਕੇਂਦਰ ਸਰਕਾਰ ਇਸ ਨੂੰ ਆਲਮੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਜੋੜ ਰਹੀ ਹੈ।



ਦਰਅਸਲ, ਰਿਜ਼ਰਵ ਬੈਂਕ ਨੇ ਚਾਲੂ ਮਾਲੀ ਸਾਲ ਲਈ ਮਹਿੰਗਾਈ ਦਰ ਬਾਰੇ ਆਪਣੇ ਅਨੁਮਾਨ ਵਿਚ ਮਾਮੂਲੀ ਵਾਧਾ ਕੀਤਾ ਹੈ। ਮਾਲੀ ਨੀਤੀ ਕਮੇਟੀ (ਐਮ.ਪੀ.ਸੀ.) ਦੀ ਤਿੰਨ ਰੋਜ਼ਾ ਮੀਟਿੰਗ ਤੋਂ ਬਾਅਦ ਆਰ.ਬੀ.ਆਈ. ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਚੂਨ ਮਹਿੰਗਾਈ ਦਰ ਅਪਰੈਲ ਮਹੀਨੇ ਮੁੱਖ ਤੌਰ ਉਤੇ ਖਾਧ ਤੇ ਤੇਲ ਕੀਮਤਾਂ ਕਰ ਕੇ ਵਧ ਕੇ 4.6 ਫੀਸਦੀ ਹੋ ਗਈ ਸੀ। ਹੁਣ ਆਰ.ਬੀ.ਆਈ. ਨੇ ਚਾਲੂ ਮਾਲੀ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਸੀ.ਪੀ.ਆਈ. ਮਹਿੰਗਾਈ ਦਰ 4.8-4.9 ਫੀਸਦੀ ਰਹਿਣ ਦਾ ਅਨੁਮਾਨ ਲਾਇਆ ਹੈ।

ਉਧਰ, ਆਰ.ਬੀ.ਆਈ. ਵੱਲੋਂ ਮੁੱਖ ਵਿਆਜ ਦਰ ਵਿਚ ਕੀਤੇ ਗਏ ਵਾਧੇ ਉਤੇ ਸਨਅਤੀ ਸੈਕਟਰ ਨੇ ਕਿਹਾ ਕਿ ਇਸ ਨਾਲ ਦੇਸ਼ ਦੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਠੇਸ ਲੱਗੇਗੀ। ਇੰਡੀਆ ਇੰਕ. ਨੇ ਬੈਂਕ ਨੂੰ ਕਿਹਾ ਕਿ ਉਹ ਇਸ ਦੀ ਥਾਂ ਨਰਮ ਮੁਦਰਾ ਨੀਤੀ ਅਪਣਾਵੇ। ਇੰਡੀਆ ਇੰਕ. ਦੇ ਇਕ ਹਿੱਸੇ ਦਾ ਖਿਆਲ ਹੈ ਕਿ ਆਗਾਮੀ ਸਮੇਂ ਦੌਰਾਨ ਵੀ ਵਿਆਜ ਦਰਾਂ ਵਧ ਸਕਦੀਆਂ ਹਨ, ਕਿਉਂਕਿ ਆਰ.ਬੀ.ਆਈ. ਨੇ ਮਹਿੰਗਾਈ ਦਰ ਵਿਚ ਵਾਧੇ ਦੀ ਪੇਸ਼ੀਨਗੋਈ ਕੀਤੀ ਹੈ।

# ਹਨੀਪ੍ਰੀਤ ਦੀ ਜ਼ਮਾਨਤ ਅਰਜ਼ੀ ਖਾਰਜ

**ਪੰਚਕੂਲਾ:** ਪਿਛਲੇ ਵਰ੍ਹੇ 25 ਅਗਸਤ ਨੂੰ ਪੰਚਕੂਲਾ ਵਿਚ ਹੋਈ ਹਿੰਸਾ ਦੇ ਮਾਮਲੇ ਵਿਚ ਗ੍ਰਿਫਤਾਰ ਸਿਰਸਾ ਡੇਰਾ ਮੁਖੀ ਰਾਮ ਰਹੀਮ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਦੀ ਜ਼ਮਾਨਤ ਦੀ ਅਰਜ਼ੀ ਅਦਾਲਤ ਵੱਲੋਂ ਖਾਰਜ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 25 ਅਗਸਤ 2017 ਨੂੰ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਹੋਈ ਹਿੰਸਾ ਨੂੰ ਭੜਕਾਉਣ ਦੇ ਮਾਮਲੇ ਵਿਚ ਦਰਜ ਕੇਸ ਵਿਚ ਹਨੀਪ੍ਰੀਤ ਦਾ ਨਾਂ ਵੀ ਸ਼ਾਮਲ ਹੈ ਅਤੇ ਪੁਲਿਸ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਸੀ।



ਹਨੀਪ੍ਰੀਤ ਨੇ ਆਪਣੀ ਅਰਜ਼ੀ ਵਿਚ ਕਿਹਾ ਕਿ 25 ਅਗਸਤ ਨੂੰ ਜਦੋਂ ਹਿੰਸਾ ਹੋ ਰਹੀ ਸੀ ਉਹ ਉਸ ਸਮੇਂ ਡੇਰਾ ਮੁਖੀ ਰਾਮ ਰਹੀਮ ਦੇ ਨਾਲ ਸੀ ਅਤੇ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਹ ਰਾਮ ਰਹੀਮ ਦੇ ਨਾਲ ਪੰਚਕੂਲਾ ਤੋਂ ਸੁਨਾਰੀਆ ਜੇਲ੍ਹ ਰੋਹਤਕ ਚਲੀ ਗਈ ਸੀ ਤੇ ਹਿੰਸਾ ਵਿਚ ਉਸ ਦਾ ਕੋਈ ਰੋਲ ਨਹੀਂ ਹੈ। ਉਸ ਨੇ ਮਹਿਲਾ ਹੋਣ ਦਾ ਹਵਾਲਾ ਦੇ ਕੇ ਜ਼ਮਾਨਤ ਦੀ ਮੰਗ ਕੀਤੀ ਸੀ।

# ਦਿੱਲੀ ਵਿਚ ਪੁਲਿਸ ਮੁਕਾਬਲੇ ਦੌਰਾਨ 4 ਗੈਂਗਸਟਰ ਹਲਾਕ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਵਿਸ਼ੇਸ਼ ਟੀਮ ਨੇ ਦੱਖਣੀ ਦਿੱਲੀ ਦੇ ਛਤਰਪੁਰ ਇਲਾਕੇ ਵਿਚ ਹੋਏ ਮੁਕਾਬਲੇ ਦੌਰਾਨ 4 ਬਦਮਾਸ਼ਾਂ ਨੂੰ ਮਾਰ-ਮੁਕਾਇਆ। ਇਸ ਮੁਕਾਬਲੇ ਦੌਰਾਨ 6 ਪੁਲਿਸ ਵਾਲੇ ਵੀ ਗੰਭੀਰ ਜ਼ਖ਼ਮੀ ਹੋ ਗਏ। ਮੁਕਾਬਲੇ 'ਚ ਮਰਨ ਵਾਲਿਆਂ 'ਚ ਨਾਮੀ ਅਪਰਾਧੀ ਰਾਜੇਸ਼ ਭਾਰਤੀ ਵੀ ਸ਼ਾਮਲ ਹੈ, ਜਿਸ ਖਿਲਾਫ਼ ਪੁਲਿਸ ਕੋਲ ਕਈ ਗੰਭੀਰ ਕੇਸ ਦਰਜ ਹਨ ਤੇ ਉਹ ਇਕ ਵਾਰ ਹਰਿਆਣਾ ਪੁਲਿਸ ਦੀ ਹਿਰਾਸਤ ਵਿਚੋਂ ਵੀ ਫਰਾਰ ਹੋ ਚੁੱਕਾ ਸੀ। ਭਾਰਤੀ ਦੀ ਗ੍ਰਿਫਤਾਰੀ ਉਤੇ 1 ਲੱਖ ਦਾ ਇਨਾਮ ਵੀ ਰੱਖਿਆ ਹੋਇਆ ਸੀ।

ਜਾਣਕਾਰੀ ਮੁਤਾਬਕ ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਹੋਏ ਇਸ ਮੁਕਾਬਲੇ 'ਚ ਰਾਜੇਸ਼ ਭਾਰਤੀ ਸਮੇਤ ਗੈਂਗ ਦੇ 5 ਬਦਮਾਸ਼ਾਂ ਨੂੰ ਗੋਲੀ ਲੱਗੀ, ਜਿਸ ਵਿਚੋਂ 4 ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਰਾਜੇਸ਼ ਭਾਰਤੀ ਤੋਂ ਇਲਾਵਾ ਵਿਦਰੋਹ, ਉਮੇਸ਼ ਡੋਨ ਅਤੇ ਭੀਖੂ ਵਜੋਂ ਹੋਈ ਹੈ।

ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਰਾਜੇਸ਼ ਭਾਰਤੀ ਆਪਣੇ ਗੈਂਗ ਨਾਲ ਛਤਰਪੁਰ ਇਲਾਕੇ 'ਚ ਆਉਣ ਵਾਲਾ ਹੈ। ਪੁਲਿਸ ਨੇ ਉਸ ਨੂੰ ਗ੍ਰਿਫਤ 'ਚ ਲੈਣ ਲਈ ਜਾਲ ਵਿਛਾਇਆ ਸੀ ਅਤੇ ਇਸੇ ਦੌਰਾਨ ਮੁਕਾਬਲਾ ਹੋ ਗਿਆ, ਜਿਸ 'ਚ 4 ਬਦਮਾਸ਼ਾਂ ਦੀ ਮੌਤ ਹੋ ਗਈ।

## *ਸ਼ਾਹਰੁਖ਼ ਦੀ ਰਿਸ਼ਤੇਦਾਰ ਪਾਕਿਸਤਾਨ 'ਚ ਲੜੇਗੀ ਚੋਣ*

**ਪਿਸ਼ਾਵਰ:** ਪਾਕਿਸਤਾਨ ਵਿਚ ਹੋ ਰਹੀਆਂ ਆਮ ਚੋਣਾਂ ਵਿਚ ਭਾਰਤ ਦੇ ਫਿਲਮ ਸਟਾਰ ਸ਼ਾਹਰੁਖ਼ ਖਾਨ ਦੀ ਰਿਸ਼ਤੇਦਾਰ ਖ਼ੈਬਰ ਪਖ਼ਤੂਨਵਾ ਸੂਬੇ ਦੀ ਵਿਧਾਨ ਸਭਾ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇਗੀ।

ਦਿ ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਅਨੁਸਾਰ ਨੂਰ ਜਹਾਨ ਖ਼ੈਬਰ ਪਖ਼ਤੂਨਵਾ ਸੂਬੇ ਦੀ ਵਿਧਾਨ ਸਭਾ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇਗੀ। ਜਹਾਨ ਦਾ ਪਰਿਵਾਰ ਕਿੱਸਾ ਖ਼ਵਾਨੀ ਬਾਜ਼ਾਰ ਦੇ ਨੇੜੇ ਸ਼ਾਹ ਵਲੀ ਕਤਾਲ ਗਲੀ ਵਿਚ ਰਹਿੰਦਾ ਹੈ। ਖਬਰਾਂ ਅਨੁਸਾਰ ਨੂਰ ਦੋ ਵਾਰ ਭਾਰਤ ਆ ਚੁੱਕੀ ਹੈ ਅਤੇ ਦੋਵਾਂ ਪਰਿਵਾਰਾਂ ਦੇ ਵਿਚ ਬੇਹੱਦ ਸੁਖਾਵੇਂ ਸਬੰਧ ਹਨ। ਨੂਰ ਜਹਾਨ ਪਹਿਲਾਂ ਕੌਂਸਲਰ ਵੀ ਰਹਿ ਚੁੱਕੀ ਹੈ।

# ਪ੍ਰਾਜੈਕਟ ਨੂੰ ਮਨਜ਼ੂਰੀ ਨਾ ਮਿਲਣ ਤੋਂ ਰਾਮ ਦੇਵ ਔਖਾ

**ਨਵੀਂ ਦਿੱਲੀ:** ਬਾਬਾ ਰਾਮ ਦੇਵ ਵੀ ਭਾਜਪਾ ਸਰਕਾਰ ਤੋਂ ਦੁਖੀ ਹੈ। ਉਨ੍ਹਾਂ ਦੇ 6000 ਕਰੋੜ ਦੀ ਲਾਗਤ ਵਾਲੇ ਮੈਗਾ ਪ੍ਰੋਜੈਕਟ ਨੂੰ ਕਈ ਮਹੀਨਿਆਂ ਦੇ ਇਤਰਾਜ਼ ਤੋਂ ਬਾਅਦ ਵੀ ਸਰਕਾਰ ਵੱਲੋਂ ਅੰਤਿਮ ਮਨਜ਼ੂਰੀ ਨਾ ਮਿਲ ਸਕੀ। ਇਸ ਤੋਂ



ਅੱਕ ਕੇ ਰਾਮ ਦੇਵ ਨੇ ਉਤਰ ਪ੍ਰਦੇਸ਼ ਦੇ ਯਮੁਨਾ ਐਕਸਪ੍ਰੈਸ ਵੇਅ ਉਤੇ ਲਾਇਆ ਜਾਣ ਵਾਲਾ ਮੈਗਾ ਫੂਡ ਪ੍ਰੋਜੈਕਟ ਰੱਦ ਕਰਨ ਦਾ ਐਲਾਨ ਕਰ ਦਿੱਤਾ।

ਰਾਮ ਦੇਵ ਦੇ ਐਲਾਨ ਮਗਰੋਂ ਉਤਰ ਪ੍ਰਦੇਸ਼ ਸਰਕਾਰ ਹਰਕਤ ਵਿਚ ਆ ਗਈ। ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਕਿਹਾ ਕਿ ਮਸਲਾ ਹੱਲ ਹੋ ਜਾਏਗਾ। ਪ੍ਰੋਜੈਕਟ ਨੂੰ ਬਾਹਰ ਨਹੀਂ ਜਾਣ ਦਿੱਤਾ ਜਾਏਗਾ। ਉਤਰ ਪ੍ਰਦੇਸ਼ ਸਰਕਾਰ ਨੇ ਕਿਹਾ ਕਿ ਉਨ੍ਹਾਂ ਪਤੰਜਲੀ ਨੂੰ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਮਹੀਨੇ ਦਾ ਵਾਧੂ ਸਮਾਂ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਹਰਿਦੁਆਰ ਬੇਸਡ ਕੰਪਨੀ ਨੇ ਪਤੰਜਲੀ ਫੂਡ ਤੇ ਹਰਬਲ ਪਾਰਕ ਨੂੰ ਯੇਇਡਾ ਵਿਚ 6000 ਕਰੋੜ ਦਾ 425 ਏਕੜ ਵਿਚ ਘਰੇਲੂ ਤੇ ਐਕਸਪੋਰਟ ਬਾਜ਼ਾਰ ਦੀਆਂ ਵਸਤਾਂ ਦਾ ਪ੍ਰੋਜੈਕਟ ਲਾਉਣ ਦਾ ਪ੍ਰਸਤਾਵ ਦਿੱਤਾ ਹੈ। ਪਤੰਜਲੀ ਆਯੂਰਵੈਦ ਦੇ ਮੈਨੇਜਿੰਗ ਡਾਇਰੈਕਟਰ ਅਚਾਰਿਆ ਬਾਲਕ੍ਰਿਸ਼ਨ ਨੇ ਦੱਸਿਆ ਸੀ ਕਿ ਯੂਪੀ ਸਰਕਾਰ ਵੱਲੋਂ ਮਨਜ਼ੂਰੀ ਨਾ ਮਿਲਣ ਉਤੇ ਪ੍ਰੋਜੈਕਟ ਰੱਦ ਕਰ ਰਹੇ ਹਾਂ। ਉਨ੍ਹਾਂ ਦੱਸਿਆ ਸੀ ਕਿ ਹੁਣ ਇਹ ਪ੍ਰੋਜੈਕਟ ਕਿਸੇ ਹੋਰ ਸੂਬੇ ਵਿਚ ਲਾਉਣ ਉਤੇ ਵਿਚਾਰ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਾਨੂੰ ਇਸ ਪ੍ਰੋਜੈਕਟ ਲਈ ਕਿਸੇ ਤਰ੍ਹਾਂ ਦਾ ਕੋਈ ਸਹਿਯੋਗ ਨਹੀਂ ਸੀ, ਅਸੀਂ ਪਿਛਲੇ ਲੰਮੇ ਸਮੇਂ ਤੋਂ ਮਨਜ਼ੂਰੀ ਲੈਣ ਦਾ ਇੰਤਜ਼ਾਰ ਕਰ ਰਹੇ ਸੀ। ਦੂਜੇ ਪਾਸੇ ਫੂਡ ਪ੍ਰੋਸੈਸਿੰਗ ਸਕੱਤਰ ਜੇਪੀ ਮੀਨਾ ਨੇ ਕਿਹਾ ਕਿ ਪਤੰਜਲੀ ਨੂੰ ਆਖਰੀ ਮਨਜ਼ੂਰੀ ਲੈਣ ਲਈ ਚਾਰ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮੈਗਾ ਫੂਡ ਪਾਰਕ ਦੇ ਪ੍ਰੋਜੈਕਟ ਲਈ ਚਾਰ-ਪੰਜ ਲੋੜੀਂਦੀਆਂ ਸ਼ਰਤਾਂ ਵਿਚ ਜ਼ਮੀਨ ਤੇ ਬੈਂਕ ਦਾ ਕਰਜ਼ ਵੀ ਸ਼ਾਮਲ ਹੈ, ਜਿਸ ਨੂੰ ਪਤੰਜਲੀ ਪੂਰਾ ਨਹੀਂ ਕਰ ਸਕੀ।

ਉਧਰ, ਪਤੰਜਲੀ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਜੇਕਰ ਇਹ ਪ੍ਰੋਜੈਕਟ ਸਥਾਪਤ ਹੁੰਦਾ ਤਾਂ ਸਾਲਾਨਾ 25,000 ਕਰੋੜ ਦਾ ਉਤਪਾਦਨ ਹੋਣਾ ਸੀ ਜਿਸ ਨਾਲ 10,000 ਦੇ ਕਰੀਬ ਲੋਕਾਂ ਨੂੰ ਰੋਜ਼ਗਾਰ ਪ੍ਰਾਪਤ ਹੋਣਾ ਸੀ। ਦੱਸ ਦਈਏ ਕਿ ਮੌਜੂਦਾ ਸਮੇਂ ਪਤੰਜਲੀ ਨਾਗਪੁਰ ਤੇ ਤੇਜਪੁਰ 'ਚ ਮੈਗਾ ਫੂਡ ਪ੍ਰੋਜੈਕਟ ਚਲਾ ਰਹੀ ਹੈ।

# ਮੋਦੀ ਦੀ ਜਾਨ ਲੈਣ ਦੀ ਸਾਜ਼ਿਸ਼ ਬੇਨਕਾਬ


**ਪੁਣੇ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਮਾਓਵਾਦੀਆਂ ਨਾਲ ਸਬੰਧਾਂ ਦੇ ਸ਼ੱਕ ਹੇਠ ਗ੍ਰਿਫਤਾਰ ਕੀਤੇ ਇਕ ਵਿਅਕਤੀ ਦੇ ਘਰੋਂ ਇਕ ਚਿੱਠੀ ਮਿਲੀ ਹੈ ਜਿਸ ਵਿਚ ਬਾਗੀਆਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਾਰਨ ਲਈ 'ਰਾਜੀਵ ਗਾਂਧੀ ਜਿਹੀ ਘਟਨਾ' ਕਰਨ ਬਾਰੇ ਸੋਚ ਵਿਚਾਰ ਕਰਨ ਦੀ ਸਲਾਹ ਦਿੱਤੀ ਗਈ ਹੈ।

ਇਹ ਚਿੱਠੀ ਕਿਸੇ ਕਾਮਰੇਡ ਪ੍ਰਕਾਸ਼ ਦੇ ਨਾਂ ਘੱਲੀ ਗਈ ਸੀ ਤੇ ਭੇਜਣ ਵਾਲੇ ਦਾ ਨਾਂ ਅੰਗਰੇਜ਼ੀ ਦੇ 'ਆਰ' ਅੱਖਰ ਨਾਲ ਸ਼ੁਰੂ ਹੁੰਦਾ ਹੈ। ਚਿੱਠੀ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਇਸ ਮੰਤਵ ਲਈ ਐਮ-4 ਰਾਈਫਲ ਤੇ ਚਾਰ ਲੱਖ ਕਾਰਤੂਸਾਂ ਦਾ ਇੰਤਜ਼ਾਮ ਕਰਨ ਲਈ 8 ਕਰੋੜ ਰੁਪਏ ਦੀ ਲੋੜ ਪਵੇਗੀ। ਪੁਲਿਸ ਨੇ ਦੱਸਿਆ ਕਿ ਇਹ ਚਿੱਠੀ ਰੋਨਾ ਵਿਲਸਨ ਦੇ ਘਰੋਂ ਮਿਲੀ ਹੈ ਜੋ ਉਨ੍ਹਾਂ ਪੰਜ ਵਿਅਕਤੀਆਂ ਵਿਚ ਸ਼ਾਮਲ ਹੈ ਜਿਨ੍ਹਾਂ ਨੂੰ ਦਸੰਬਰ ਮਹੀਨੇ ਇਥੇ ਹੋਈ 'ਐਲਗਰ ਪ੍ਰੀਸ਼ਦ' ਤੇ ਉਸ ਤੋਂ ਬਾਅਦ ਭੀਮਾ ਕੋਰੇਗਾਓਂ ਵਿਚ ਹੋਈ ਹਿੰਸਾ ਸਬੰਧੀ ਮੁੰਬਈ, ਨਾਗਪੁਰ ਤੇ ਦਿੱਲੀ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਚਿੱਠੀ ਵਿਚ ਲਿਖਿਆ ਹੈ, "ਮੋਦੀ ਦੀ ਅਗਵਾਈ ਹੇਠ ਹਿੰਦੂ ਫਾਸ਼ੀਵਾਦੀ ਹਕੂਮਤ ਸਾਡੇ ਆਦਿਵਾਸੀ ਜੀਵਨ-ਜਾਚ ਨੂੰ ਮਲੀਆਮੇਟ ਕਰਨ ਲੱਗੀ ਹੋਈ ਹੈ।

ਹਾਲਾਂਕਿ ਇਹ ਆਤਮਘਾਤੀ ਜਾਪਦਾ ਹੈ ਤੇ ਬਹੁਤੇ ਆਸਾਰ ਇਸੇ ਗੱਲ ਦੇ ਹਨ ਕਿ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਪਾਰਟੀ ਪੀਬੀ (ਪੋਲਿਟ ਬਿਊਰੋ) ਅਤੇ ਸੀਸੀ (ਕੇਂਦਰੀ ਕਮੇਟੀ) ਸਾਡੀ ਇਸ ਤਜਵੀਜ਼ ਉਤੇ ਗੌਰ ਕਰੇ।"

## ਇਕੋ ਪਿਸਤੌਲ ਨਾਲ ਹੋਈ ਸੀ ਗੌਰੀ ਲੰਕੇਸ਼ ਤੇ ਕੁਲਬੁਰਗੀ ਦੀ ਹੱਤਿਆ

**ਬੰਗਲੌਰ:** ਮਹਿਲਾ ਪੱਤਰਕਾਰ ਗੌਰੀ ਲੰਕੇਸ਼ ਅਤੇ ਤਰਕਸ਼ੀਲ ਆਗੂ ਐਮ.ਐਮ. ਕੁਲਬੁਰਗੀ ਨੂੰ ਕਰਨਾਟਕ ਵਿਚ ਇਕ ਹੀ ਪਿਸਤੌਲ ਨਾਲ ਮਾਰਿਆ ਗਿਆ ਸੀ। ਇਹ ਖੁਲਾਸਾ ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਗੌਰੀ ਲੰਕੇਸ਼ ਦੀ ਹੱਤਿਆ ਦੇ ਮੁਲਜ਼ਮ ਕੇਟੀ ਨਵੀਨ ਕੁਮਾਰ ਵਿਰੁੱਧ ਦਾਇਰ ਚਲਾਨ ਨਾਲ ਵਿਸ਼ੇਸ਼ ਜਾਂਚ ਟੀਮ ਵੱਲੋਂ ਦਾਇਰ ਕੀਤੀ ਪਹਿਲੀ ਰਿਪੋਰਟ ਨਾਲ ਲਾਈ ਫੋਰੈਂਸਿਕ ਜਾਂਚ ਦੀ ਰਿਪੋਰਟ ਅਨੁਸਾਰ ਇਹ ਪਹਿਲੀ ਸਰਕਾਰੀ ਜਾਣਕਾਰੀ ਹੈ ਜਿਸ ਵਿਚ ਦੋ ਹੱਤਿਆਵਾਂ ਵਿਚ ਆਪਸੀ ਸਬੰਧ ਸਥਾਪਤ ਹੋਇਆ ਹੈ ਅਤੇ ਦੋਵੇਂ ਹੱਤਿਆਵਾਂ ਵਿਚ ਦੋ ਸਾਲ ਦਾ ਫਰਕ ਹੈ। ਐਮ.ਐਮ. ਕੁਲਬੁਰਗੀ (77) ਨੂੰ ਉਸ ਦੇ ਘਰ ਵਿਚ ਧਾਰਵਾੜ ਕਸਬੇ ਵਿਚ 30 ਅਗਸਤ 2015 ਨੂੰ ਅਤੇ ਗੌਰੀ ਲੰਕੇਸ਼ (55) ਨੂੰ ਬੰਗਲੌਰ ਵਿਚ 5 ਸਤੰਬਰ 2017 ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।



## ਨਾਟੋ ਵੱਲੋਂ ਕਤਰ ਦੀ ਮੈਂਬਰੀ ਦੀ ਬੇਨਤੀ ਖਾਰਜ

**ਬ੍ਰਸਲਜ਼:** ਨਾਟੋ ਨੇ ਕਤਰ ਵੱਲੋਂ ਪੱਛਮੀ ਦੇਸ਼ਾਂ ਦੇ ਇਸ ਫੌਜੀ ਗੱਠਜੋੜ ਵਿਚ ਸ਼ਾਮਲ ਹੋਣ ਦੀ ਬੇਨਤੀ ਅਸਵੀਕਾਰ ਕਰ ਦਿੱਤੀ ਹੈ ਤੇ ਕਿਹਾ ਕਿ ਇਸ ਵਿਚ ਮੈਂਬਰੀ ਦਾ ਹੱਕ ਅਮਰੀਕਾ ਤੇ ਯੂਰਪ ਲਈ ਰਾਖਵਾਂ ਹੈ। ਨਾਟੋ ਨੇ ਇਕ ਬਿਆਨ ਰਾਹੀਂ ਕਤਰ ਦੇ ਰੱਖਿਆ ਮੰਤਰੀ ਵੱਲੋਂ ਬਿਆਨ ਬਾਰੇ ਸਫਾਈ ਦਿੱਤੀ ਹੈ।

# ਘੱਲੂਘਾਰਾ ਸਮਾਗਮ: ਸਖਤ ਪ੍ਰਬੰਧਾਂ ਦੇ ਬਾਵਜੂਦ ਨਾ ਟਲਿਆ ਟਕਰਾਅ



**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ 34ਵੀਂ ਬਰਸੀ ਮੌਕੇ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਨਾਅਰੇਬਾਜ਼ੀ ਤੇ ਧੱਕਾ-ਮੁੱਕੀ ਹੋਈ। ਖਾਲਿਸਤਾਨ ਪੱਖੀ ਨਾਅਰੇਬਾਜ਼ੀ ਨੇ ਮਾਹੌਲ ਕਾਫੀ ਤਲਖ ਕਰ ਦਿੱਤਾ। ਇਸ ਮੌਕੇ ਖਾਲਿਸਤਾਨੀ ਝੰਡਾ ਵੀ ਲਹਿਰਾਇਆ ਗਿਆ। ਨਿਯਮਾਂ ਦੀ ਉਲੰਘਣਾ ਤੋਂ ਰੋਕਣ ਕਾਰਨ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਕੁਝ ਨੌਜਵਾਨਾਂ ਵਿਚਾਲੇ ਧੱਕਾ-ਮੁੱਕੀ ਵੀ ਹੋਈ ਜਿਸ ਵਿਚ ਕੁਝ ਦੀਆਂ ਦਸਤਾਰਾਂ ਦੀ ਬੇਅਦਬੀ ਵੀ ਹੋਈ। ਬਰਸੀ ਮੌਕੇ ਸ੍ਰੀ ਅਕਾਲ ਤਖ਼ਤ ਉਤੇ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਮਗਰੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਗਿਆ। ਜਿਵੇਂ ਹੀ ਉਨ੍ਹਾਂ ਸੰਦੇਸ਼ ਪੜ੍ਹਨਾ ਸ਼ੁਰੂ ਕੀਤਾ, ਅਕਾਲ ਤਖ਼ਤ ਦੇ ਸਾਹਮਣੇ ਬੈਠੇ ਦਲ ਖਾਲਸਾ ਦੇ ਕਾਰਕੁਨਾਂ ਨੇ ਜਥੇਦਾਰ ਦਾ ਵਿਰੋਧ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਨਾਅਰੇਬਾਜ਼ੀ ਉਸ ਵੇਲੇ ਤੱਕ ਜਾਰੀ ਰਹੀ ਜਦੋਂ ਤੱਕ ਸੰਦੇਸ਼ ਖਤਮ ਨਹੀਂ ਹੋ ਗਿਆ।

ਮਗਰੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਹੇਠਾਂ ਆ ਗਏ ਜੋ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੀ ਤਾਬਿਆ ਬੈਠੇ ਹੋਏ ਸਨ। ਉਨ੍ਹਾਂ ਇਥੇ ਆਪਣਾ ਭਾਸ਼ਣ ਦੇਣ ਦਾ ਯਤਨ ਕੀਤਾ ਤਾਂ ਉਨ੍ਹਾਂ ਦੇ ਸਮਰਥਕ ਸ੍ਰੀ ਅਕਾਲ ਤਖਤ ਦੇ ਹੇਠਾਂ ਬਣੇ ਥੜ੍ਹੇ ਉਤੇ ਚੜ ਗਏ ਜਿਨ੍ਹਾਂ ਨੂੰ ਟਾਸਕ ਫੋਰਸ ਅਤੇ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਨੇ ਹਟਾਉਣ ਦਾ ਯਤਨ ਵੀ ਕੀਤਾ। ਇਨ੍ਹਾਂ ਕਾਰਕੁਨਾਂ ਵਿਚੋਂ ਕੁਝ ਤਾਂ ਇਥੇ ਲੱਗੀ ਗੋਲਕ ਉਤੇ ਵੀ ਚੜ੍ਹ ਗਏ। ਕੁਝ ਕਾਰਕੁਨਾਂ ਨੇ ਇਕ ਬੱਚੇ ਨੂੰ ਸ੍ਰੀ ਅਕਾਲ ਤਖਤ ਦੀ ਫਸੀਲ ਤੇ ਚੜ੍ਹਾਉਣ ਦਾ ਵੀ ਯਤਨ ਕੀਤਾ ਜਿਸ ਦੇ ਹੱਥ ਵਿਚ ਖਾਲਿਸਤਾਨੀ ਝੰਡਾ ਸੀ ਜਿਸ ਨੂੰ ਉਹ ਸ੍ਰੀ ਅਕਾਲ ਤਖ਼ਤ ਦੀ ਫਸੀਲ ਉਤੇ ਲਹਿਰਾਉਣਾ ਚਾਹੁੰਦੇ ਸਨ ਪਰ ਉਹ ਸਫਲ ਨਾ ਹੋ ਸਕੇ। ਇਸ ਦੌਰਾਨ, ਟਾਸਕ ਫੋਰਸ ਅਤੇ ਕੁਝ ਨੌਜਵਾਨਾਂ ਵਿਚਾਲੇ ਧੱਕਾ ਮੁੱਕੀ ਵੀ ਹੋਈ। ਕੁਝ ਨੌਜਵਾਨਾਂ ਦੀਆਂ ਦਸਤਾਰਾਂ ਵੀ ਉਤਰ ਗਈਆਂ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਇਨ੍ਹਾਂ ਨੌਜਵਾਨਾਂ ਦਾ ਡਾਂਗਾਂ ਨਾਲ ਕੁਟਾਪਾ ਵੀ ਕੀਤਾ।

ਇਸ ਤੋਂ ਪਹਿਲਾਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਭਾਰਤ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਇੰਕਸ਼ਾਫ ਕਰ ਚੁੱਕੇ ਹਨ ਕਿ ਸਿੱਖ ਰੈਂਫਰੈਂਸ ਲਾਇਬਰੇਰੀ ਦਾ ਅਮੁੱਲਾ ਖਜ਼ਾਨਾ ਭਾਰਤ ਸਰਕਾਰ ਕੋਲ ਹੈ, ਇਸ ਨੂੰ ਸਿੱਖ ਕੌਮ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਵਾਲਵਰ ਅਤੇ ਤੀਰ ਵੀ ਸਿੱਖ ਕੌਮ ਨੂੰ ਵਾਪਸ ਕੀਤਾ ਜਾਵੇ। ਉਨ੍ਹਾਂ ਸਿੱਖ ਕੌਮ ਨੂੰ ਇਕ ਪਿੰਡ ਇਕ ਗੁਰਦੁਆਰਾ ਮੁਹਿੰਮ ਨੂੰ ਸਹਿਯੋਗ ਦੇਣ, ਬਰਗਾੜੀ ਕਾਂਡ ਦੇ ਦੋਸ਼ੀਆਂ ਖਿਲਾਫ਼ ਕਾਰਵਾਈ, ਭਰੂਣ ਹੱਤਿਆਵਾਂ, ਨਸ਼ਿਆਂ ਤੇ ਪਤਿਤਪੁਣੇ ਨੂੰ ਰੋਕਣ ਲਈ ਵੀ ਆਖਿਆ।

ਉਧਰ, ਪਿੰਡ ਬਰਗਾੜੀ ਵਿਚ ਮੋਰਚੇ ਉਤੇ ਬੈਠੇ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਧਰਨੇ ਵਾਲੀ ਥਾਂ ਤੋਂ ਹੀ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਉਨ੍ਹਾਂ ਧਾਰਮਿਕ ਮਸਲਿਆਂ ਤੋਂ ਇਲਾਵਾ ਸਮਾਜਿਕ ਚੁਣੌਤੀਆਂ ਦੀ ਗੱਲ ਕਰਦਿਆਂ ਇਨ੍ਹਾਂ ਦੇ ਹੱਲ ਲਈ ਕੌਮ ਨੂੰ ਮਤਭੇਦ ਭੁਲਾ ਕੇ ਕਦਮ ਮਿਲਾ ਕੇ ਤੁਰਨ ਦਾ ਪੈਗ਼ਾਮ ਦਿੱਤਾ। ਜਥੇਦਾਰ ਨੇ ਕੌਮ ਨੂੰ ਬਰਗਾੜੀ ਦੇ ਮੋਰਚੇ ਨੂੰ ਸਫਲ ਬਣਾਉਣ ਦੀ ਵੀ ਅਪੀਲ ਕੀਤੀ। ਭਾਈ ਮੰਡ ਨੇ ਆਪਣੇ ਸੰਦੇਸ਼ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਹਰ ਵਰ੍ਹੇ 6 ਜੂਨ ਨੂੰ ਘੱਲੂਘਾਰਾ ਦਿਵਸ ਮਨਾਉਣ ਲਈ ਉਹ ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਉਣ ਤੋਂ ਬਾਅਦ ਮੰਜੀ ਸਾਹਿਬ ਦੀਵਾਨ ਹਾਲ ਵਿਚ 'ਘੱਲੂਘਾਰਾ ਦੀਵਾਨ' ਸਜਾਉਣ ਦੇ ਪ੍ਰਬੰਧ ਕਰੇ। ਜਥੇਦਾਰ ਮੰਡ ਨੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਹੁਣ ਤੱਕ ਦੀਆਂ ਭਾਰਤੀ ਹਕੂਮਤਾਂ ਉਤੇ ਸਿੱਖਾਂ ਨਾਲ ਪੱਖਪਾਤ ਕਰਨ ਦਾ ਦੋਸ਼ ਲਾਇਆ।

ਉਨ੍ਹਾਂ ਕਿਹਾ ਕਿ ਬਰਗਾੜੀ ਬੇਅਦਬੀ ਕਾਂਡ, ਬਹਿਬਲ ਗੋਲੀ ਕਾਂਡ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਇਨਸਾਫ਼ ਨਾ ਮਿਲਣ ਕਰ ਕੇ ਉਨ੍ਹਾਂ ਨੂੰ ਮਜਬੂਰਨ ਇਹ ਮੋਰਚਾ ਲਾਉਣਾ ਪਿਆ ਹੈ। ਜਥੇਦਾਰ ਮੰਡ ਨੇ ਨਸ਼ੇ, ਪਤਿਤਪੁਣਾ, ਪੰਜਾਬ ਦੇ ਦੂਸ਼ਿਤ ਹਵਾ-ਪਾਣੀ, ਬੇਰੁਜ਼ਗਾਰੀ, ਕਰਜ਼ੇ, ਪਾਖੰਡਵਾਦ ਉਤੇ ਚਿੰਤਾ ਪ੍ਰਗਟਾਉਂਦਿਆਂ ਜਵਾਨੀ ਤੇ ਕਿਸਾਨੀ ਨੂੰ ਬਰਬਾਦ ਕਰਨ ਲਈ ਸਮੇਂ ਦੀਆਂ ਸਰਕਾਰਾਂ ਨੂੰ ਦੋਸ਼ੀ ਦੱਸਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਆਪਸ ਵਿਚ ਘਿਓ-ਖਿਚੜੀ ਹੋ ਕੇ ਸਿੱਖ ਪੰਥ ਦਾ ਸਿਧਾਂਤਕ ਤੇ ਜਾਨੀ-ਮਾਲੀ ਨੁਕਸਾਨ ਕਰ ਰਹੇ ਹਨ। ਉਨ੍ਹਾਂ ਸਿੱਕਿਮ ਤੇ ਸ਼ਿਲਾਂਗ ਸਮੇਤ ਕਈ ਥਾਵਾਂ ਉਤੇ ਗੁਰਧਾਮਾਂ ਅਤੇ ਸਿੱਖਾਂ ਉੱਪਰ ਹੋ ਰਹੇ ਹਮਲਿਆਂ ਦੀ ਚਰਚਾ ਕਰਦਿਆਂ ਇਨ੍ਹਾਂ ਨੂੰ ਪੰਥ ਦੁਸ਼ਮਣਾਂ ਦੀ ਸਾਜ਼ਿਸ਼ ਕਰਾਰ ਦਿੱਤਾ। ਭਾਈ ਮੰਡ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਬੇਲੋੜੇ ਵਾਦਾਂ-ਵਿਵਾਦਾਂ ਵਿਚੋਂ ਬਾਹਰ ਨਿਕਲ ਕੇ ਆਪਸੀ ਪਿਆਰ ਤੇ ਸਤਿਕਾਰ ਨਾਲ ਬਾਹਰੀ ਅਤੇ ਅੰਦਰੂਨੀ ਹਮਲਿਆਂ ਦਾ ਸੂਝ-ਬੂਝ ਨਾਲ ਸਾਹਮਣਾ ਕਰੇ।

## *ਸਿਮਰਨਜੀਤ ਸਿੰਘ ਮਾਨ ਦੀ ਨਰਮੀ ਤੋਂ ਜਥੇਦਾਰ ਖੁਸ਼*

**ਅੰਮ੍ਰਿਤਸਰ:** ਉਪਰੇਸ਼ਨ ਬਲਿਊ ਸਟਾਰ ਦੀ 34ਵੀਂ ਬਰਸੀ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਸਿਆਸਤ ਚਰਚਾ ਦਾ ਵਿਸ਼ਾ ਰਹੀ। ਪਹਿਲਾਂ ਨਾਲੋਂ ਵੱਖ ਸਿਮਰਨਜੀਤ ਸਿੰਘ ਮਾਨ ਦੇ ਸੁਰ ਕਾਫੀ ਨਰਮ ਦਿਖਾਈ ਦਿੱਤੇ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਖਿਲਾਫ਼ ਕੋਈ ਵੀ ਤਿੱਖਾ ਸ਼ਬਦ ਨਹੀਂ ਵਰਤਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਬਾਹਰ ਇਸ ਵਾਰ ਨਜ਼ਾਰਾ ਵੀ ਕੁਝ ਵੱਖਰਾ ਸੀ। ਇਸ ਵਾਰ ਦੋਵਾਂ ਪਾਸੇ ਤਣਾਅ ਬਹੁਤ ਘੱਟ ਦੇਖਣ ਨੂੰ ਮਿਲਿਆ, ਜਦਕਿ ਪਿਛਲੇ ਕਈ ਸਾਲਾਂ ਵਿਚ ਅਕਸਰ ਇਥੇ ਹਾਲਾਤ ਖਰਾਬ ਹੁੰਦੇ ਰਹੇ ਹਨ। ਦੂਜੇ ਪਾਸੇ ਗਿਆਨੀ ਗੁਰਬਚਨ ਸਿੰਘ ਨੇ ਵੀ ਬਕਾਇਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਉਧਰ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ ਕਿ ਉਹ ਗਿਆਨੀ ਗੁਰਬਚਨ ਸਿੰਘ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੀ ਨਹੀਂ ਮੰਨਦੇ। ਸੰਗਤ ਨੇ ਜਥੇਦਾਰ ਦੀ ਨਿਯੁਕਤੀ ਉਸ ਦਿਨ ਹੀ ਰੱਦ ਕਰ ਦਿੱਤੀ ਸੀ ਜਿਸ ਦਿਨ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਅਕਾਲ ਤਖਤ ਵੱਲੋਂ ਮੁਆਫੀ ਦਿੱਤੀ ਗਈ ਸੀ।

# ਉਪ ਚੋਣਾਂ 'ਚ ਹਾਰ ਪਿੱਛੋਂ ਭਾਜਪਾ ਨੂੰ ਸਿਆਸੀ ਭਾਈਵਾਲਾਂ ਦੀ ਆਈ ਯਾਦ

**ਚੰਡੀਗੜ੍ਹ:** ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਭਰ ਵਿਚ ਹੋਈਆਂ ਉਪ ਚੋਣਾਂ ਵਿਚ ਭਾਜਪਾ ਨੂੰ ਮਿਲੀ ਹਾਰ ਪਿੱਛੋਂ ਭਗਵਾ ਧਿਰ ਨੂੰ ਹੁਣ ਆਪਣੇ ਸਿਆਸੀ ਭਾਈਵਾਲਾਂ ਦੀ ਯਾਦ ਆ ਗਈ ਹੈ।

ਉਪ ਚੋਣਾਂ ਵਿਚ ਲਗਾਤਾਰ ਹਾਰ ਮਗਰੋਂ ਅਮਿਤ ਸ਼ਾਹ ਨੇ 'ਸੰਪਰਕ ਫਾਰ ਸਮਰਥਨ' ਮੁਹਿੰਮ ਵਿੱਢੀ ਹੋਈ ਹੈ। ਇਸੇ ਮੁਹਿੰਮ ਤਹਿਤ ਉਹ ਭਾਈਵਾਲ ਪਾਰਟੀਆਂ ਨੂੰ ਮਿਲ ਰਹੇ ਹਨ। ਅਮਿਤ ਸ਼ਾਹ ਨੇ ਸ਼ਿਵ ਸੈਨਾ ਦੇ ਮੁਖੀ ਉਦਵ ਠਾਕਰੇ ਨਾਲ ਮੁਲਾਕਾਤ ਤੋਂ ਪੰਜਾਬ ਵੱਲ ਰੁਖ ਕੀਤਾ ਤੇ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕੀਤੀ। ਭਾਵੇਂ ਅਮਿਤ ਸ਼ਾਹ ਨੂੰ ਸ਼ਿਵ ਸੈਨਾ ਨੇ ਬੇਰੰਗ ਮੋੜਦਿਆਂ 2019 ਵਿਚ ਲੋਕ ਸਭਾ ਚੋਣਾਂ ਇਕੱਲਿਆਂ ਹੀ ਲੜਨ ਦਾ ਐਲਾਨ, ਪਰ ਅਕਾਲੀ ਦਲ ਬਾਦਲ ਨੇ 'ਗੱਠਜੋੜ ਧਰਮ' ਨਿਭਾਉਣ ਲਈ ਹਾਮੀ ਭਰੀ।

ਯਾਦ ਰਹੇ ਪਿਛਲੇ ਸਮੇਂ ਵਿਚ ਅਕਾਲੀ ਦਲ ਤੇ ਭਾਜਪਾ ਵਿਚਾਲੇ ਕਈ ਮਤਭੇਦ ਉਭਰੇ ਸਨ। ਅਕਾਲੀ ਦਲ ਨੇ ਇਸ ਵਾਰ ਵੀ ਹਰਿਆਣਾ ਵਿਚ ਵੱਖਰੇ ਤੌਰ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਕਈ ਅਕਾਲੀ ਲੀਡਰ ਆਰ. ਐਸ. ਐਸ. ਖਿਲਾਫ ਵੀ ਬੋਲਦੇ ਰਹਿੰਦੇ ਹਨ। ਭਾਵੇਂ ਬਾਦਲਾਂ ਨੇ ਲੋਕ ਸਭਾ ਚੋਣਾਂ ਇਕੱਠਿਆਂ ਲੜਨ ਦੀ ਹਾਮੀ ਭਰੀ ਪਰ ਭਾਜਪਾ ਪ੍ਰਧਾਨ ਕੋਲ ਗਿਲੇ-ਸ਼ਿਕਵੇ ਵੀ ਕੀਤੇ ਅਤੇ ਸੁਝਾਅ ਦਿੱਤਾ ਕਿ ਕਿਸਾਨਾਂ, ਦਲਿਤਾਂ, ਵਪਾਰੀਆਂ, ਕਾਰੋਬਾਰੀਆਂ ਅਤੇ ਘੱਟ ਗਿਣਤੀਆਂ ਦਰਮਿਆਨ ਕੇਂਦਰ ਸਰਕਾਰ ਖਿਲਾਫ਼ ਵਧੀ ਨਾਰਾਜ਼ਗੀ ਨੂੰ ਦੂਰ ਕਰਨ ਦੀ ਲੋੜ ਹੈ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਅਕਾਲੀ ਆਗੂਆਂ ਨਾਲ ਡੇਢ ਘੰਟਾ ਮੀਟਿੰਗ ਹੋਣੀ ਸੀ ਪਰ ਇਹ ਦੋ ਘੰਟਿਆਂ ਤੋਂ ਵਧ ਸਮੇਂ ਤੱਕ ਚੱਲੀ। ਮੀਟਿੰਗ ਤੋਂ ਅਗਲੇ ਦਿਨ ਅਕਾਲੀ ਦਲ ਦਾ ਵਫਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਮਿਲਿਆ ਅਤੇ ਲੰਗਰ ਤੋਂ ਜੀ.ਐਸ.ਟੀ. ਹਟਾਉਣ, ਗੰਨਾ



ਉਤਪਾਦਕ ਕਿਸਾਨਾਂ ਨੂੰ ਕੇਂਦਰ ਵੱਲੋਂ ਪੈਕੇਜ ਦੇਣ ਦਾ ਧੰਨਵਾਦ ਕੀਤਾ। ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਦਾ ਸਭ ਤੋਂ ਪੁਰਾਣਾ ਭਾਈਵਾਲ ਹੈ ਪਰ ਕੇਂਦਰ ਸਰਕਾਰ 'ਚ ਉਸ ਦੀ ਸੁਣਵਾਈ ਪਿਛਲੀ ਯੂ.ਪੀ.ਏ. ਸਰਕਾਰ ਨਾਲੋਂ ਵੀ ਘੱਟ ਹੈ।

ਮੋਦੀ ਸਰਕਾਰ ਨੇ ਇਸ ਭਾਈਵਾਲ ਪਾਰਟੀ ਦਾ ਇਕ ਵੀ ਰਾਜਪਾਲ ਨਹੀਂ ਲਾਇਆ ਹੈ ਅਤੇ ਨਾ ਹੀ ਕਿਸੇ ਹੋਰ ਪਾਸੇ ਕੋਈ ਨੁਮਾਇੰਦਗੀ ਦਿੱਤੀ ਹੈ। ਮੀਟਿੰਗ ਤੋਂ ਪਹਿਲਾਂ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਆਖ ਦਿੱਤਾ ਸੀ ਕਿ ਚਾਰ ਸਾਲਾਂ ਤੱਕ ਭਾਜਪਾ ਨੇ ਕਾਂਗਰਸ ਵਾਂਗ ਪੰਜਾਬ ਦੀਆਂ ਮੰਗਾਂ ਨੂੰ ਅਣਗੌਲਿਆ ਕਰੀ ਰੱਖਿਆ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਵੀ ਗਿਲਾ ਕੀਤਾ ਸੀ ਕਿ ਮੀਟਿੰਗ ਕਾਫੀ ਦੇਰੀ ਨਾਲ ਹੋ ਰਹੀ ਹੈ। ਦੱਸ ਦਈਏ ਕਿ ਉਪ ਚੋਣਾਂ ਵਿਚ ਹਾਰ ਪਿੱਛੋਂ ਭਾਜਪਾ ਦੇ ਸੁਰ ਬਦਲੇ ਹੋਏ ਹਨ। ਸ਼ਾਹ ਅੱਜ ਕੱਲ੍ਹ ਉਨ੍ਹਾਂ ਆਗੂਆਂ ਨਾਲ ਮੁਲਾਕਾਤ ਕਰ ਰਹੇ ਹਨ ਜਿਨ੍ਹਾਂ ਨੂੰ ਮਹੀਨਾ-ਸਵਾ ਮਹੀਨਾ ਪਹਿਲਾਂ ਮਿਲਣਾ ਵਕਤ ਜ਼ਾਇਆ ਕਰਨ ਵਾਂਗ ਲੱਗਦਾ ਸੀ। ਹੁਣ ਇਨ੍ਹਾਂ ਸਾਰਿਆਂ ਨੂੰ ਆਪਣਿਆਂ ਵਾਂਗ ਗਲੇ ਲਾਇਆ ਜਾ ਰਿਹਾ ਹੈ। ਇਥੇ ਹੀ ਬੱਸ ਨਹੀਂ, ਹੁਣ ਨਰੇਂਦਰ ਮੋਦੀ ਦੀ ਸੁਰ ਤੇ ਸੋਚ ਵੀ ਬਦਲੀ ਹੋਈ ਹੈ। ਉਨ੍ਹਾਂ ਨੇ ਤਿੰਨ ਸਾਲਾਂ ਤੱਕ ਲਾਲ ਕ੍ਰਿਸ਼ਨ ਅਡਵਾਨੀ ਦੀ ਅਣਦੇਖੀ ਕੀਤੀ, ਪਰ ਹੁਣ 90 ਸਾਲਾ ਨੇਤਾ ਨੂੰ ਪਲੋਸਿਆ ਜਾ ਰਿਹਾ ਹੈ। ਨਾ ਸਿਰਫ ਅਡਵਾਨੀ ਸਗੋਂ ਇਕ ਹੋਰ ਬਜ਼ੁਰਗ ਪਾਰਟੀ ਆਗੂ ਡਾ. ਮੁਰਲੀ ਮਨੋਹਰ ਜੋਸ਼ੀ ਨੂੰ ਵੀ ਵਾਨਪ੍ਰਸਥੀ ਛੱਡ ਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਕਮਰਕੱਸੇ ਕਰਨ ਲਈ ਕਿਹਾ ਗਿਆ ਹੈ।

ਮੋਦੀ-ਸ਼ਾਹ ਦੇ ਇਹ ਨਵੇਂ ਪੈਂਤੜੇ ਉਤਰ ਪ੍ਰਦੇਸ਼ ਵਿਚ ਜ਼ਿਮਨੀ ਚੋਣਾਂ ਲਗਾਤਾਰ ਹਾਰਨ ਅਤੇ ਕਰਨਾਟਕ 'ਚ ਸੱਤਾ ਦੇ ਨੇੜੇ ਢੁੱਕ ਕੇ ਵੀ ਸੱਤਾ ਹਾਸਲ ਨਾ ਕਰ ਸਕਣ ਵਰਗੀਆਂ ਨਕਾਮੀਆਂ ਦਾ ਨਤੀਜਾ ਹਨ। ਇਨ੍ਹਾਂ ਨਕਾਮੀਆਂ ਨੇ ਮੋਦੀ, ਸ਼ਾਹ ਅਤੇ ਭਾਜਪਾ ਦੇ ਹੋਰਨਾਂ ਰਣਨੀਤੀਕਾਰਾਂ ਨੂੰ ਅਹਿਸਾਸ ਕਰਾ ਦਿੱਤਾ ਹੈ ਕਿ ਸਿਆਸਤ ਵਿਚ ਸਹਿਯੋਗੀ ਧਿਰਾਂ ਪ੍ਰਤੀ ਉਦਾਸੀਨਤਾ ਪੁੱਠੀ ਵੀ ਪੈ ਸਕਦੀ ਹੈ। 2014 ਤੋਂ ਪਹਿਲਾਂ ਕਾਂਗਰਸ ਉਤੇ ਦੋਸ਼ ਲੱਗਿਆ ਕਰਦੇ ਸਨ ਕਿ ਉਹ ਯੂ.ਪੀ.ਏ. ਵਿਚ ਆਪਣੀਆਂ ਭਾਈਵਾਲ ਪਾਰਟੀਆਂ ਨਾਲ ਹੈਂਕੜ ਨਾਲ ਪੇਸ਼ ਆਉਂਦੀ ਹੈ ਅਤੇ ਚੰਗੇ ਸਿਆਸੀ ਭਾਈਵਾਲ ਵਾਲੀ ਭੂਮਿਕਾ ਨਹੀਂ ਨਿਭਾਉਂਦੀ। ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਦਾ ਰੁਖ 2014 ਤੋਂ ਬਾਅਦ ਕਾਂਗਰਸ ਨਾਲੋਂ ਵੀ ਵੱਧ ਬਦਗ਼ੁਮਾਨੀ ਵਾਲਾ ਹੋ ਗਿਆ।

ਇਸੇ ਕਾਰਨ ਜਿਥੇ ਚੰਦਰਬਾਬੂ ਨਾਇਡੂ ਦੀ ਤੈਲਗੂ ਦੇਸ਼ਮ ਪਾਰਟੀ ਨੇ ਭਾਜਪਾ ਨਾਲੋਂ ਨਾਤਾ ਤੋੜਿਆ, ਉਥੇ ਸ਼ਿਵ ਸੈਨਾ ਨੇ ਵੀ ਕੇਂਦਰ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਵਿਚ ਭਾਜਪਾ ਦੀ ਭਾਈਵਾਲ ਬਣੇ ਰਹਿਣ ਦੇ ਬਾਵਜੂਦ ਚੰਦਰੀ ਸ਼ਰੀਕ ਵਾਲੇ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ। ਬਹਰਹਾਲ, ਅਮਿਤ ਸ਼ਾਹ ਦਾ 'ਸਾਥੀ ਜੋੜੋ' ਮਿਸ਼ਨ ਕਿੰਨਾ ਕੁ ਕਾਮਯਾਬ ਹੁੰਦਾ ਹੈ, ਇਹ ਤਾਂ ਭਵਿੱਖ ਦੱਸੇਗਾ, ਪਰ ਇਕ ਗੱਲ ਸਾਫ ਹੈ ਕਿ ਭਾਜਪਾ ਪ੍ਰਧਾਨ ਤੇ ਉਸ ਦੇ 'ਸਾਹਿਬ' ਨੂੰ ਇਹ ਸਬਕ ਜ਼ਰੂਰ ਮਿਲ ਗਿਆ ਹੈ ਕਿ ਉਨ੍ਹਾਂ ਦਾ 'ਮਿਸ਼ਨ 2019' ਐਨ.ਡੀ.ਏ. ਵਿਚਲੇ ਭਾਈਵਾਲਾਂ ਦੇ ਸਰਗਰਮ ਸਹਿਯੋਗ ਬਿਨਾ ਸਫਲ ਨਹੀਂ ਹੋ ਸਕੇਗਾ।

# ਪੰਚਾਇਤੀ ਚੋਣਾਂ ਕਾਰਨ ਮੁੜ ਭਖਣ ਲੱਗਾ ਸਿਆਸੀ ਪਿੜ

**ਬਠਿੰਡਾ:** ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿਚ ਮੁੜ ਸਿਆਸੀ ਪਾਰਾ ਚੜ੍ਹਨ ਦੀ ਸੰਭਾਵਨਾ ਹੈ। ਹਾਕਮ ਧਿਰ ਕਾਂਗਰਸ ਲਈ ਪੰਚਾਇਤੀ ਚੋਣਾਂ ਇਸ ਕਰ ਕੇ ਅਹਿਮ ਹਨ ਕਿਉਂਕਿ ਅਗਲੇ ਵਰ੍ਹੇ ਲੋਕ ਸਭਾ ਚੋਣਾਂ ਹਨ। ਬਹੁ-ਗਿਣਤੀ ਪੰਚਾਇਤਾਂ ਉਤੇ ਇਸ ਵੇਲੇ ਅਕਾਲੀ ਸਰਪੰਚ ਕਾਬਜ਼ ਹਨ।



ਪੰਚਾਇਤ ਵਿਭਾਗ ਨੇ ਹੁਣ ਚੋਣਾਂ ਦੀ ਤਿਆਰੀ ਲਈ ਕਮਰ ਕੱਸੀ ਹੈ। ਚੋਣਾਂ ਦੋ ਪੜਾਵਾਂ ਵਿਚ ਹੋਣੀਆਂ ਹਨ। ਸਰਪੰਚੀ ਦੇ ਚਾਹਵਾਨਾਂ ਨੇ ਪਿੰਡਾਂ ਵਿਚ ਸਰਗਰਮੀ ਵਿੱਢ ਦਿੱਤੀ ਹੈ। ਵੇਰਵਿਆਂ ਅਨੁਸਾਰ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੀ ਮਿਆਦ ਜੁਲਾਈ ਦੇ ਪਹਿਲੇ ਹਫਤੇ ਖਤਮ ਹੋ ਰਹੀ ਹੈ, ਜਦੋਂਕਿ ਪੰਚਾਇਤਾਂ ਦੀ ਮਿਆਦ ਅਗਸਤ ਦੇ ਪਹਿਲੇ ਹਫਤੇ ਤੱਕ ਦੀ ਹੈ। ਹੁਣ ਇਹ ਚੋਣਾਂ ਜੁਲਾਈ-ਅਗਸਤ ਦੀ ਥਾਂ ਅਗਸਤ-ਸਤੰਬਰ ਵਿਚ ਹੋਣ ਦੀ ਸੰਭਾਵਨਾ ਹੈ। ਪੰਜਾਬ ਭਰ ਦੇ ਜ਼ਿਲ੍ਹਿਆਂ ਵਿਚ ਪੰਚਾਇਤਾਂ ਦੀ ਵਾਰਡਬੰਦੀ ਦਾ ਕੰਮ ਅਖੀਰਲੇ ਪੜਾਅ ਉਤੇ ਹੈ, ਪਰ ਸਰਕਾਰ ਵੱਲੋਂ ਅਜੇ ਤੱਕ ਵਾਰਡਬੰਦੀ ਦਾ ਨੋਟੀਫਿਕੇਸ਼ਨ ਨਹੀਂ ਜਾਰੀ ਕੀਤਾ ਗਿਆ ਹੈ। ਪੰਜਾਬ ਭਰ ਵਿਚ ਤਕਰੀਬਨ 13 ਹਜ਼ਾਰ ਪੰਚਾਇਤਾਂ ਹਨ, ਜਦੋਂਕਿ ਬਠਿੰਡਾ ਜ਼ਿਲ੍ਹੇ ਵਿਚ 312 ਪੰਚਾਇਤਾਂ ਹਨ। ਅੱਠ ਨਵੀਆਂ ਪੰਚਾਇਤਾਂ ਬਣੀਆਂ ਹਨ, ਜਦੋਂਕਿ 312 ਵਿਚੋਂ ਛੇ ਪੰਚਾਇਤਾਂ ਦੀ ਚੋਣ ਅਜੇ 2015 ਵਿਚ ਹੀ ਹੋਈ ਸੀ, ਜਿਸ ਕਰ ਕੇ ਉਨ੍ਹਾਂ ਪਿੰਡਾਂ ਵਿਚ ਚੋਣਾਂ ਨਹੀਂ ਹੋਣਗੀਆਂ।

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਬਠਿੰਡਾ ਹਰਜਿੰਦਰ ਸਿੰਘ ਜੱਸਲ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਵਾਰਡਬੰਦੀ ਦਾ ਕੰਮ ਮੁਕੰਮਲ ਕਰ ਲਿਆ ਹੈ ਤੇ ਵੇਰਵੇ ਸਰਕਾਰ ਨੂੰ ਭੇਜ ਦਿੱਤੇ ਹਨ। ਉਨ੍ਹਾਂ ਆਖਿਆ ਕਿ ਰਾਖਵੇਂਕਰਨ ਦਾ ਕੰਮ ਅਜੇ ਬਾਕੀ ਹੈ। ਸੂਤਰ ਆਖਦੇ ਹਨ ਕਿ ਹਾਕਮ ਧਿਰ ਪੂਰੀ ਤਿਆਰੀ ਨਾਲ ਪੰਚਾਇਤੀ ਚੋਣਾਂ ਵਿਚ ਉਤਰਨਾ ਚਾਹੁੰਦੀ ਹੈ, ਜਿਸ ਕਰ ਕੇ ਚੋਣਾਂ ਵਿਚ ਦੇਰੀ ਕੀਤੀ ਜਾ ਰਹੀ ਹੈ।

# ਨਿਆਂ ਲੈਣ ਲਈ ਲੱਗੇ 13 ਸਾਲ, 20 ਹਜ਼ਾਰ ਅਰਜ਼ੀਆਂ

**ਚੰਡੀਗੜ੍ਹ:** ਜਗਰਾਉਂ ਇਲਾਕੇ ਦੇ ਇਕ ਪਿੰਡ ਰਸੂਲਪੁਰ ਦੇ ਇਕ ਵਸਨੀਕ ਨੂੰ ਹੱਤਿਆ ਦੇ ਕੇਸ ਵਿਚ ਆਪਣੀ ਬੇਗੁਨਾਹੀ ਸਿੱਧ ਕਰਨ ਅਤੇ ਉਸ ਨੂੰ ਫਸਾਉਣ ਵਾਲੇ ਪੁਲਿਸ ਕਰਮੀਆਂ ਤੇ ਉਸ ਦੇ ਕੁਝ ਰਿਸ਼ਤੇਦਾਰਾਂ ਦੀ ਗੰਢ-ਤੁੱਪ ਨੂੰ ਬੇਨਕਾਬ ਕਰਨ ਲਈ ਤਕਰੀਬਨ 20 ਹਜ਼ਾਰ ਅਰਜ਼ੀਆਂ ਲਿਖਣੀਆਂ ਪਈਆਂ ਜਿਨ੍ਹਾਂ 'ਚੋਂ ਬਹੁਤੀਆਂ ਜੇਲ੍ਹ ਵਿਚੋਂ ਲਿਖੀਆਂ ਗਈਆਂ ਸਨ।

ਹੁਣ ਤਕਰੀਬਨ 13 ਸਾਲਾਂ ਬਾਅਦ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਲਈ ਕੌਮੀ ਕਮਿਸ਼ਨ ਨੇ ਲੰਘੀ 28 ਮਈ ਨੂੰ ਸਬ-ਇੰਸਪੈਕਟਰ ਜੀ.ਐਸ. ਬੱਲ ਅਤੇ ਤਿੰਨ ਹੋਰਨਾਂ ਖਿਲਾਫ਼ ਅਗਵਾ, ਤਸ਼ੱਦਦ ਅਤੇ ਗ਼ੈਰਕਾਨੂੰਨੀ ਹਿਰਾਸਤ ਦੀਆਂ ਮਦਾਂ ਤਹਿਤ ਕੇਸ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ ਚਾਰ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਵੀ ਹੁਕਮ ਦਿੱਤਾ ਹੈ। ਪੁਲਿਸ ਤਸ਼ੱਦਦ ਕਾਰਨ ਇਕਬਾਲ ਸਿੰਘ ਸਥਾਈ ਰੂਪ ਵਿਚ ਅਪੰਗ ਹੋ ਗਿਆ ਸੀ। ਉਸ ਦੀ ਮਾਂ ਤੇ ਭਰਜਾਈ ਨੂੰ ਵੀ ਤਸ਼ੱਦਦ ਝੱਲਣਾ ਪਿਆ ਸੀ ਤੇ ਨਿਆਂ ਖਾਤਰ ਇਸ ਜੱਦੋਜਹਿਦ ਕਰ ਕੇ ਉਹ ਵਿਆਹ ਵੀ ਨਾ ਕਰਵਾ ਸਕਿਆ। ਇਕਬਾਲ ਸਿੰਘ ਨੇ ਦੱਸਿਆ ਕਿ ਉਸ ਨੂੰ 21 ਜੁਲਾਈ 2005 ਨੂੰ ਇਕ ਪੁਲਿਸ ਟੀਮ ਨੇ ਚੁੱਕਿਆ ਸੀ ਤੇ ਉਸ ਤੋਂ ਅਗਲੇ ਦਿਨ ਇਕ ਦੂਰ ਦੀ ਰਿਸ਼ਤੇਦਾਰ ਲੜਕੀ ਦੀ ਹੱਤਿਆ ਦਾ ਕੇਸ ਦਰਜ ਕੀਤਾ ਸੀ। ਉਸ ਲੜਕੀ ਨੇ ਖੁਦਕੁਸ਼ੀ ਕੀਤੀ ਸੀ ਤੇ ਮੇਰੇ ਪਰਿਵਾਰ ਨਾਲ ਇਸ ਦਾ ਕੋਈ ਲਾਗਾ ਦੇਗਾ ਨਹੀਂ ਸੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਤਿਹਾਸਕ ਰਹੀ ਕਿਮ-ਟਰੰਪ ਸਿਖਰ ਵਾਰਤਾ

**ਸਿੰਗਾਪੁਰ:** ਅਮਰੀਕੀ ਸਦਰ ਡੋਨਲਡ ਟਰੰਪ ਨਾਲ ਇਤਿਹਾਸਕ ਸਿਖਰ ਵਾਰਤਾ ਮੌਕੇ ਉਤਰੀ ਕੋਰੀਆ ਦੇ ਆਗੂ ਕਿਮ ਜੌਂਗ ਉੱਨ ਨੇ 'ਮੁਕੰਮਲ ਨਿਸ਼ਸਤਰੀਕਰਨ' ਲਈ ਕੰਮ ਕਰਨ ਦਾ ਵਾਅਦਾ ਕਰਦਿਆਂ ਵੱਟੇ ਵਿਚ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਦੀ ਮੰਗ ਕੀਤੀ ਹੈ। ਦੋਵਾਂ ਮੁਲਕਾਂ ਦੇ ਆਗੂਆਂ ਦੀ ਇਹ ਇਤਿਹਾਸਕ ਮਿਲਣੀ ਕੋਰੀਅਨ ਪ੍ਰਾਈਦੀਪ 'ਚ ਬਣੇ ਤਣਾਅ ਨੂੰ ਘਟਾਉਣ ਤੇ ਏਸ਼ੀਆ ਪ੍ਰਸ਼ਾਂਤ ਖਿੱਤੇ ਦੇ ਭੂ-ਸਿਆਸੀ ਹਾਲਾਤ ਨੂੰ ਮੁੜ ਆਕਾਰ ਦੇਣ ਦੇ ਸੁਨੇਹੇ ਨਾਲ ਖਤਮ ਹੋ ਗਈ।

ਉਂਜ ਟਰੰਪ ਨੇ ਸਾਫ ਕਰ ਦਿੱਤਾ ਕਿ ਪਰਮਾਣੂ ਤਜਰਬੇ ਕਰ ਕੇ ਉਤਰੀ ਕੋਰੀਆ ਉਤੇ ਲੱਗੀਆਂ ਪਾਬੰਦੀਆਂ ਹਾਲ ਦੀ ਘੜੀ ਆਇਦ ਰਹਿਣਗੀਆਂ। ਇਸ ਦੌਰਾਨ ਭਾਰਤ ਨੇ ਇਸ ਇਤਿਹਾਸਕ ਸਿਖਰ ਵਾਰਤਾ ਦਾ ਸਵਾਗਤ ਕਰਦਿਆਂ ਇਸ ਨੂੰ ਸਕਾਰਾਤਮਕ ਦਿਸ਼ਾ 'ਚ ਕੀਤੀ ਪੇਸ਼ਕਦਮੀ ਦੱਸਿਆ ਹੈ। ਉਧਰ, ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਅਮਰੀਕਾ ਤੇ ਉਤਰੀ ਕੋਰੀਆ ਵਿਚਾਲੇ ਹੋਏ ਕਰਾਰ ਨੂੰ 'ਅਹਿਮ ਮੀਲ ਪੱਥਰ' ਦੱਸਦਿਆਂ ਆਲਮੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਕੋਰੀਅਨ ਪ੍ਰਾਈਦੀਪ ਵਿਚ ਮੁਕੰਮਲ ਨਿਸ਼ਸਤਰੀਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਹਮਾਇਤ ਕਰਨ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਾਰ ਘੰਟਿਆਂ ਤੋਂ ਵੱਧ ਸਮਾਂ ਚੱਲੀ ਪ੍ਰਬਲ ਗੱਲਬਾਤ ਮਗਰੋਂ ਕਿਹਾ, 'ਬੀਤੇ ਦੇ ਝਗੜੇ ਝੇੜੇ ਨੂੰ ਆਉਣ ਵਾਲੇ ਕੱਲ੍ਹ ਦੀ ਜੰਗ ਨਹੀਂ ਬਣਨ ਦਿੱਤਾ ਜਾ ਸਕਦਾ।' ਅਮਰੀਕੀ ਸਦਰ ਨੇ ਗੱਲਬਾਤ ਨੂੰ 'ਇਮਾਨਦਾਰ, ਸਿੱਧੀ ਤੇ ਸਪਸ਼ਟ ਅਤੇ ਰਚਨਾਤਮਕ ਦੱਸਿਆ। ਟਰੰਪ ਨੇ ਕਿਹਾ ਕਿ ਕਿਮ ਨੇ ਕੋਰੀਅਨ ਪ੍ਰਾਇਦੀਪ ਦੇ ਨਿਸ਼ਸਤਰੀਕਰਨ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਿਆਂ ਮਿਜ਼ਾਈਲ ਇੰਜਨ ਟੈਸਟ ਸਾਈਟ ਨੂੰ ਤਬਾਹ ਕਰਨ ਦੀ ਸਹਿਮਤੀ ਵੀ ਦਿੱਤੀ ਹੈ।

ਉਤਰੀ ਕੋਰੀਆ ਦੇ ਆਗੂ ਨਾਲ ਆਪਣੀ ਪਲੇਠੀ ਮੀਟਿੰਗ ਮਗਰੋਂ ਟਰੰਪ ਨੇ ਦੱਸਿਆ ਕਿ 'ਅਸੀਂ ਦੋਵਾਂ ਮੁਲਕਾਂ ਵਿਚਾਲੇ ਨਵਾਂ ਅਧਿਆਏ ਲਿਖਣ ਲਈ ਤਿਆਰ ਹਾਂ।' ਟਰੰਪ ਨੇ ਹਾਲਾਂਕਿ ਸਾਫ ਕਰ ਦਿੱਤਾ ਕਿ ਉਤਰੀ ਕੋਰੀਆ ਉਤੇ ਲੱਗੀਆਂ ਪਾਬੰਦੀਆਂ ਜਾਰੀ ਰਹਿਣਗੀਆਂ। ਦੋਵਾਂ ਆਗੂਆਂ ਨੇ ਇਕ ਦੂਜੇ ਨਾਲ ਆਹਮੋ-ਸਾਹਮਣੀ ਮੀਟਿੰਗ ਮਗਰੋਂ ਸਾਂਝੇ ਬਿਆਨ 'ਤੇ ਸਹੀ ਪਾਈ।

# ਕੇਜਰੀਵਾਲ ਨੇ ਉਪ ਰਾਜਪਾਲ ਦੇ ਘਰ ਵਿਚ ਲਾਇਆ ਮੋਰਚਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਤਿੰਨ ਸਾਥੀ ਉਪ ਰਾਜਪਾਲ ਦੇ ਘਰ ਧਰਨੇ ਉਤੇ ਡਟੇ ਗਏ। ਕੇਜਰੀਵਾਲ ਆਪਣੇ ਸਾਥੀਆਂ ਮਨੀਸ਼ ਸਿਸੋਦੀਆ, ਸਤੇਂਦਰ ਜੈਨ ਤੇ ਗੋਪਾਲ ਰਾਏ ਸਣੇ ਉਪ ਰਾਜਪਾਲ ਦੇ ਘਰ ਹੀ ਮੋਰਚਾ ਲਾ ਕੇ ਬੈਠ ਗਏ। ਦੂਜੇ ਪਾਸੇ ਕੇਜਰੀਵਾਲ ਦੇ ਇਸ ਪੈਂਤੜੇ ਤੋਂ ਬੇ.ਜੀ.ਪੀ. ਵੀ ਹੈਰਾਨ-ਪ੍ਰੇਸ਼ਾਨ ਹੈ। ਇਸ ਲਈ ਉਪ ਰਾਜਪਾਲ ਦੇ ਘਰ ਬਾਹਰ ਦਿੱਲੀ ਦੇ ਭਾਜਪਾ ਕਾਰਕੁਨਾਂ ਨੇ ਰੋਸ ਪ੍ਰਦਰਸ਼ਨ ਵੀ ਕੀਤਾ।

ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਮੰਤਰੀ ਤਿੰਨ ਮੰਗਾਂ ਨੂੰ ਲੈ ਕੇ ਉਪ ਰਾਜਪਾਲ ਅਨਿਲ ਬੈਜਨ ਦੇ ਘਰ ਦੇ ਬਾਹਰ ਬੈਠੇ ਗਏ। ਉਨ੍ਹਾਂ ਨੇ ਆਪਣੇ ਮੰਤਰੀਆਂ ਸਣੇ ਉਪ ਰਾਜਪਾਲ ਦੇ ਦਫਤਰ ਦੇ ਵੇਟਿੰਗ ਰੂਮ ਵਿਚ ਸੌਂ ਕੇ ਰਾਤ ਕੱਟੀ। ਸੀ.ਐਮ. ਕੇਜਰੀਵਾਲ ਆਈ.ਏ.ਐਸ. ਅਧਿਕਾਰੀਆਂ ਨੂੰ ਹੜਤਾਲ ਖਤਮ ਕਰਨ ਦਾ ਨਿਰਦੇਸ਼ ਦੇਣ, ਚਾਰ ਮਹੀਨਿਆਂ ਤੋਂ ਕੰਮਕਾਜ ਠੱਪ ਕਰਕੇ ਰੱਖਣ ਵਾਲੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਤੇ ਉਨ੍ਹਾਂ ਦੀ ਸਰਕਾਰ ਦੀ 'ਡੋਰ ਸਟੈੱਪ ਡਿਲੀਵਰੀ ਆਫ ਰਾਸ਼ਨ' ਯੋਜਨਾ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਦੀਆਂ ਤਿੰਨ ਮੰਗਾਂ ਰੱਖੀਆਂ ਹਨ।

# 'ਬੇਬੀ ਕਿੱਲਰ' ਦਾ ਰੂਹ ਕੰਬਾਊ ਅੰਤ

**ਪਟਿਆਲਾ:** ਕੇਂਦਰੀ ਜੇਲ੍ਹ ਵਿਚ ਫਾਂਸੀ ਤੇ 30 ਸਾਲ ਦੀ ਕੈਦ ਭੁਗਤ ਰਹੇ ਸੀਰੀਅਲ ਬੇਬੀ ਕਿੱਲਰ ਦਰਬਾਰਾ ਸਿੰਘ ਨੂੰ ਮੌਤ ਤੋਂ ਬਾਅਦ ਆਪਣੇ ਵਾਰਸਾਂ ਹੱਥੋਂ ਅੰਤਮ ਰਸਮਾਂ ਵੀ ਨਸੀਬ ਨਹੀਂ ਹੋਈਆਂ। ਦੋਸ਼ੀ ਦੀ ਪਤਨੀ ਤੇ ਬੱਚਿਆਂ ਵੱਲੋਂ ਉਸ ਦੀ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਜੱਜ ਨੇ ਉਸ ਦਾ ਦਾਹ ਸਸਕਾਰ ਕਰਨ ਦੇ ਹੁਕਮ ਦੇ ਦਿੱਤੇ ਹਨ। ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੇ ਮੁਰਦਾਘਰ ਵਿਚ ਪਹੁੰਚੇ ਜੱਜ ਰਣਜੀਤ ਕੁਮਾਰ ਦੇ ਹੁਕਮਾਂ ਤੋਂ ਬਾਅਦ ਦੋ ਜੇਲ੍ਹ ਅਧਿਕਾਰੀਆਂ ਦੀ ਦੇਖ ਰੇਖ ਵਿਚ ਦੋਸ਼ੀ ਦਰਬਾਰਾ ਸਿੰਘ ਦਾ ਸਸਕਾਰ ਕਰ ਦਿੱਤਾ ਗਿਆ ਹੈ।

ਸੰਨ 1952 ਵਿਚ ਅੰਮ੍ਰਿਤਸਰ ਦੇ ਬਿਆਸ ਦੇ ਪਿੰਡ ਜੱਲਾਪੁਰ ਵਿਚ ਜੰਮੇ ਦਰਬਾਰਾ ਸਿੰਘ ਨੇ 1975 ਵਿਚ ਭਾਰਤੀ ਹਵਾਈ ਫੌਜ ਵਿਚ ਨੌਕਰੀ ਕੀਤੀ। ਪਠਾਨਕੋਟ ਵਿਚ ਤਾਇਨਾਤ ਦਰਬਾਰਾ ਸਿੰਘ ਨੇ ਆਪਣੇ ਮੇਜਰ ਵੀਕੇ ਸ਼ਰਮਾ ਨਾਲ ਤਕਰਾਰ ਤੋਂ ਬਾਅਦ ਹੈਂਡ ਗ੍ਰਨੇਡ ਨਾਲ ਸ਼ਰਮਾ ਦੇ ਘਰ ਉਤੇ ਹਮਲਾ ਕਰ ਦਿੱਤਾ। ਹਮਲੇ 'ਚ ਮੇਜਰ ਦੀ ਪਤਨੀ ਤੇ ਉਸ ਦਾ ਅੱਲ੍ਹੜ ਮੁੰਡਾ ਗੰਭੀਰ ਜ਼ਖ਼ਮੀ ਹੋ ਗਏ। ਨਤੀਜੇ ਵਜੋਂ ਦਰਬਾਰਾ ਸਿੰਘ ਨੂੰ ਫੌਜ ਵਿਚੋਂ ਕੱਢ ਦਿੱਤਾ ਗਿਆ। ਉਸ ਦੀਆਂ ਗਲਤ ਹਰਕਤਾਂ ਕਰਕੇ ਉਸ ਦੀ ਪਤਨੀ ਨੇ ਵੀ ਉਸ ਨੂੰ ਘਰੋਂ ਕੱਢ ਦਿੱਤਾ।

ਸਾਲ 1996 ਵਿਚ ਦਰਬਾਰਾ ਸਿੰਘ ਨੇ ਕਪੂਰਥਲਾ ਵਿਚ ਪਰਵਾਸੀ ਮਜ਼ਦੂਰ ਦੀ ਛੋਟੀ ਧੀ ਨੂੰ ਗਾਇਬ ਕਰ ਲਿਆ। ਅਗਲੇ ਸਾਲ ਉਸ ਨੂੰ ਕੁੱਲ ਤਿੰਨ ਬੱਚਿਆਂ ਨਾਲ ਬਲਾਤਕਾਰ ਤੇ ਕਤਲ ਦੇ ਮਾਮਲੇ ਵਿਚ 30 ਸਾਲ ਦੀ ਸਜ਼ਾ ਦਾ ਕਰ ਦਿੱਤੀ ਗਈ। ਉਸ ਨੂੰ ਕਪੂਰਥਲਾ ਤੋਂ ਜਲੰਧਰ ਕੇਂਦਰੀ ਜੇਲ੍ਹ ਤੇ ਫਿਰ ਲੁਧਿਆਣਾ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ। ਸਾਲ 2003 ਦੌਰਾਨ ਉਸ ਦੀ ਰਹਿਮ ਦੀ ਅਪੀਲ ਪ੍ਰਵਾਨ ਕਰ ਲਈ ਗਈ ਤੇ ਦਰਬਾਰਾ ਸਿੰਘ ਜੇਲ੍ਹ ਵਿਚੋਂ ਬਾਹਰ ਆ ਗਿਆ।

ਇਸ ਤੋਂ ਬਾਅਦ ਉਸ ਨੇ ਜਲੰਧਰ ਦੇ ਚਮੜਾ ਕੰਪਲੈਕਸ ਦੀ ਇਕ ਫੈਕਟਰੀ ਵਿਚ ਨੌਕਰੀ ਕਰ ਲਈ ਤੇ ਬਦਲੇ ਦੀ ਭਾਵਨਾ ਨਾਲ ਬੱਚਿਆਂ ਨੂੰ ਨਿਸ਼ਾਨਾ ਬਣਾਉਣ ਲੱਗਾ। ਉਸ ਨੇ ਥੋੜ੍ਹੇ ਸਮੇਂ ਵਿਚ ਹੀ ਕਪੂਰਥਲਾ ਤੇ ਜਲੰਧਰ ਵਿਚ ਕਰੀਬਨ 23 ਵਾਰਦਾਤਾਂ ਨੂੰ ਅੰਜਾਮ ਦਿੱਤਾ। ਸਾਲ 2004 ਵਿਚ ਇਸ ਬੇਬੀ ਕਿੱਲਰ ਨੂੰ ਫਾਸਟ ਟ੍ਰੈਕ ਕੋਰਟ ਨੇ 30 ਸਾਲ ਲੰਮੀ ਕੈਦ ਦੇ ਨਾਲ ਫਾਂਸੀ ਦੀ ਸਜ਼ਾ ਸੁਣਾ ਦਿੱਤੀ।

# ਸ੍ਰੀ ਹਰਿਮੰਦਰ ਸਾਹਿਬ 'ਚ ਵਾਤਾਵਰਣ ਪੱਖੀ ਲਿਫਾਫਿਆਂ ਦੀ ਮੰਗ ਵਧੀ

**ਅੰਮ੍ਰਿਤਸਰ:** ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪੋਲੀਥੀਨ ਦੇ ਲਿਫਾਫਿਆਂ ਦੀ ਵਰਤੋਂ ਨੂੰ ਬੰਦ ਕਰਨ ਅਤੇ ਇਸ ਦੀ ਥਾਂ ਮੱਕੀ ਤੇ ਆਲੂਆਂ ਤੋਂ ਬਣੇ ਵਾਤਾਵਰਨ ਪੱਖੀ ਲਿਫਾਫਿਆਂ ਦੀ ਵਰਤੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ਼ਹਿਰ ਵਿਚ ਸ਼ੁਰੂ ਹੋ ਗਈ ਹੈ। ਪਰ ਹੁਣ ਤੱਕ ਮੰਗ ਅਤੇ ਪੂਰਤੀ ਵਿਚਾਲੇ ਸੰਤੁਲਨ ਨਾ ਬਣਨ ਕਾਰਨ ਵਾਤਾਵਰਨ ਪੱਖੀ ਲਿਫਾਫਿਆਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ, ਜਿਸ ਕਾਰਨ ਪੋਲੀਥੀਨ ਲਿਫਾਫਿਆਂ ਦੀ ਵਰਤੋਂ ਵੀ ਸ਼ਹਿਰ ਵਿਚ ਨਿਰੰਤਰ ਜਾਰੀ ਹੈ। ਬੋਰਡ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਹ ਮੁਹਿੰਮ ਪਹਿਲੀ ਅਪਰੈਲ ਤੋਂ ਹਰਿਮੰਦਰ ਸਾਹਿਬ ਤੋਂ ਸ਼ੁਰੂ ਕੀਤੀ ਗਈ ਸੀ।

ਸ੍ਰੀ ਹਰਿਮੰਦਰ ਸਾਹਿਬ ਵਿਚ ਇਸ ਤੋਂ ਪਹਿਲਾਂ ਕੜਾਹ ਪ੍ਰਸਾਦਿ ਅਤੇ ਪਿੰਨੀ ਪ੍ਰਸਾਦਿ ਲੈ ਜਾਣ ਵਾਸਤੇ ਪੋਲੀਥੀਨ ਦੇ ਲਿਫਾਫੇ ਵਰਤੇ ਜਾਂਦੇ ਸਨ। ਇਸੇ ਤਰ੍ਹਾਂ ਪ੍ਰਸਾਦਿ ਵਜੋਂ ਮਿਲਦੇ ਸਿਰੋਪਾਉ ਵਾਸਤੇ ਵੀ ਇਹ ਲਿਫਾਫਾ ਵਰਤਿਆ ਜਾਂਦਾ ਸੀ। ਬੋਰਡ ਵੱਲੋਂ ਇਸ ਦੀ ਥਾਂ ਉਤੇ ਵਾਤਾਵਰਨ ਪੱਖੀ ਲਿਫਾਫੇ ਮੰਗਵਾਏ ਗਏ ਸਨ, ਜੋ ਗੁਜਰਾਤ ਦੀ ਇਕ ਕੰਪਨੀ ਵੱਲੋਂ ਬਣਾਏ ਜਾ ਰਹੇ ਹਨ।

ਇਹ ਲਿਫਾਫੇ ਪਾਣੀ ਵਿਚ ਘੁਲਣਸ਼ੀਲ ਹਨ। ਸ੍ਰੀ ਹਰਿਮੰਦਰ ਸਾਹਿਬ ਤੋਂ ਬਾਅਦ ਇਹ ਮੁਹਿੰਮ ਅੰਮ੍ਰਿਤਸਰ ਸ਼ਹਿਰ 'ਚ ਸ਼ੁਰੂ ਕੀਤੀ ਗਈ ਸੀ, ਪਰ ਸ਼ਹਿਰ ਵਿਚ ਮੰਗ ਮੁਤਾਬਕ ਵਾਤਾਵਰਨ ਪੱਖੀ ਲਿਫਾਫੇ ਨਾ ਮਿਲਣ ਕਾਰਨ ਇਸ ਪ੍ਰਤੀ ਮੁਹਿੰਮ ਨੂੰ ਹੁਣ ਤੱਕ ਪੂਰੀ ਤਰ੍ਹਾਂ ਸਫਲਤਾ ਨਹੀਂ ਮਿਲੀ ਹੈ। ਸ਼ਹਿਰ ਵਾਸਤੇ 35 ਤੋਂ 40 ਟਨ ਪ੍ਰਤੀ ਮਹੀਨਾ ਲਿਫਾਫਿਆਂ ਦੀ ਲੋੜ ਹੈ ਜਦੋਂਕਿ ਇਨ੍ਹਾਂ ਦੀ ਪੂਰਤੀ ਸਿਰਫ ਚਾਰ ਟਨ ਵਜੋਂ ਹੋ ਰਹੀ ਹੈ।

# ਸੁਖਬੀਰ ਦੇ ਬਿਜਲੀ ਸਰਪਲੱਸ ਸੂਬੇ ਵਾਲੇ ਦਾਅਵੇ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਪੰਜਾਬ ਦੇ ਬਿਜਲੀ ਮੰਤਰੀ ਗੁਰਪ੍ਰੀਤ ਕਾਂਗੜ ਨੇ ਕਿਹਾ ਹੈ ਕਿ ਬਿਜਲੀ ਸਰਪਲੱਸ ਦੀ ਗੱਲ ਸੁਖਬੀਰ ਸਿੰਘ ਬਾਦਲ ਦਾ ਸ਼ਗੂਫ਼ਾ ਸੀ। ਪੰਜਾਬ ਵਿਚ ਇਸ ਵੇਲੇ ਬਿਜਲੀ ਬਿਲਕੁਲ ਸਰਪਲੱਸ ਨਹੀਂ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਪਾਕਿਸਤਾਨ ਨੂੰ ਬਿਜਲੀ ਦੇਣ ਦੀ ਗੱਲ ਐਵੇਂ ਕਰਦੇ ਸੀ ਜਿਵੇਂ ਉਹ ਖੁਦ ਹੀ ਲਾਈਨਮੈਨ ਹੋਣ ਤੇ ਆਪ ਹੀ ਪਾਕਿਸਤਾਨ ਨੂੰ ਤਾਰਾਂ ਦੀਆਂ ਕੁੰਡੀਆਂ ਪਾ ਦੇਣਗੇ।

ਕਾਂਗੜ ਨੇ ਕਿਹਾ ਕਿ ਪੰਜਾਬ ਵਿਚ ਅਕਾਲੀਆਂ ਸਮੇਂ ਲੱਗੇ ਪ੍ਰਾਈਵੇਟ ਥਰਮਲ ਪਲਾਂਟ ਚਿੱਟੇ ਹਾਥੀ ਸਨ। ਸਰਕਾਰ ਬਿਜਲੀ ਲਏ, ਚਾਹੇ ਨਾ ਉਨ੍ਹਾਂ ਨੂੰ ਪੈਸੇ ਦੇਣੇ ਪੈਂਦੇ ਹਨ। ਇਸ ਨਾਲ ਸੂਬੇ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਜਲਦ ਪਾਵਰ ਸਬਸਿਡੀ ਦਾ ਹਿੱਸਾ ਦਿੱਤਾ ਜਾਏਗਾ। ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸਾਨਾਂ ਨੂੰ ਹਰ ਹਾਲਤ ਵਿਚ ਅੱਠ ਘੰਟੇ ਬਿਜਲੀ ਮਿਲੇਗੀ। 20 ਜੂਨ ਤੋਂ ਬਾਅਦ ਬਿਜਲੀ ਸਪਲਾਈ ਸ਼ੁਰੂ ਕਰ ਦਿੱਤੀ ਜਾਵੇਗੀ।

# ਬੇਅਦਬੀ ਕਾਂਡ ਦੀਆਂ ਤਾਰਾਂ ਡੇਰਾ ਸਿਰਸਾ ਨਾਲ ਜੁੜੀਆਂ

*(ਸਫਾ ਇਕ ਦੀ ਬਾਕੀ)*

ਮੁਲਜ਼ਮ ਚੁੱਕ ਲਏ ਹਨ ਜਾਂ ਸ਼ਨਾਖਤ ਕਰ ਲਈ।

ਫਰਵਰੀ 2017 ਦੀਆਂ ਚੋਣਾਂ ਤੋਂ ਪਹਿਲਾਂ ਮੌੜ 'ਚ ਹੋਏ ਬੰਬ ਧਮਾਕੇ ਦੀ ਜਾਂਚ ਕਰ ਰਹੀ ਪੁਲਿਸ ਟੀਮ ਨੂੰ ਪਿਛਲੇ ਵਰ੍ਹੇ ਦੇ ਅਖੀਰ ਵਿਚ ਵੀ ਬਰਗਾੜੀ ਕਾਂਡ ਦੇ ਬਹੁਤ ਸਾਰੇ ਸਬੂਤ ਲੱਭ ਗਏ ਸਨ ਤੇ ਮੌੜ ਬੰਬ ਕਾਂਡ ਦੀਆਂ ਤਾਰਾਂ ਵੀ ਡੇਰਾ ਸਿਰਸਾ ਦੇ ਅੰਦਰ ਜੁੜੀਆਂ ਹੋਣ ਬਾਰੇ ਪੁਖਤਾ ਸਬੂਤ ਵੀ ਮਿਲ ਗਏ ਸਨ, ਪਰ ਪਤਾ ਨਹੀਂ ਕਿਹੜੇ ਦਬਾਅ ਹੇਠ ਟੀਮ ਨੂੰ ਪਿੱਛੇ ਮੁੜਨ ਦੇ ਹੁਕਮ ਸੁਣਾ ਦਿੱਤੇ ਗਏ ਸਨ।

ਜਾਂਚ ਟੀਮ ਦੀ ਅਗਵਾਈ ਕਰ ਰਹੇ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਦਾ ਦਾਅਵਾ ਹੈ ਕਿ ਦੋਵਾਂ ਥਾਂਵਾਂ ਉਤੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਡੇਰਾ ਸਿਰਸਾ ਦੀ ਡੂੰਘੀ ਸਾਜ਼ਿਸ਼ ਦਾ ਹਿੱਸਾ ਸਨ। ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪਹਿਲੀ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਦੇ ਗੁਰਦੁਆਰੇ ਤੋਂ ਸਰੂਪ ਚੋਰੀ ਕਰਨ 'ਚ ਮੁੱਖ ਭੂਮਿਕਾ ਬਿੱਟੂ ਦੀ ਸੀ ਤੇ ਫਿਰ 12 ਅਕਤੂਬਰ 2015 ਨੂੰ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਤੇ ਅਗਲੇ ਦਿਨ ਪੋਸਟਰ ਲਾ ਕੇ ਹੋਰ ਵੀ ਸਬਕ ਸਿਖਾਉਣ ਪਿੱਛੇ ਵੀ ਬਿੱਟੂ ਦੀ ਹੀ ਮੁੱਖ ਭੂਮਿਕਾ ਸੀ।

ਜਾਂਚ ਟੀਮ ਨੂੰ ਪਤਾ ਲੱਗਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਅਮਲੀਜਾਮਾ ਪਹਿਨਾਉਣ 'ਚ ਭਾਵੇਂ ਬਿੱਟੂ ਤੇ ਉਸ ਦੇ ਕੁਝ ਹੋਰ ਸਾਥੀਆਂ ਨੇ ਅਹਿਮ ਭੂਮਿਕਾ ਨਿਭਾਈ। ਪੁਲਿਸ ਦਾ ਦਾਅਵਾ ਹੈ ਕਿ ਬਿੱਟੂ ਨੇ ਸਾਰਾ ਕੁਝ ਡੇਰਾ ਪ੍ਰਬੰਧਕਾਂ ਦੇ ਕਹਿਣ ਉਪਰ ਹੀ ਕੀਤਾ। ਜਾਂਚ ਮੁਤਾਬਕ ਇਸ ਸਾਜਿਸ਼ ਦੀ ਵਿਉਂਤ ਘੜਨ 'ਚ ਬਲਾਤਕਾਰ ਦੇ ਮਾਮਲੇ 'ਚ ਜੇਲ੍ਹ ਦੀ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਖਾਸ-ਮ-ਖਾਸ ਪੀ.ਏ. ਰਕੇਸ਼ ਕੁਮਾਰ ਤੋਂ ਇਲਾਵਾ ਡੇਰੇ ਦੀ ਕੌਮੀ ਕਮੇਟੀ ਦਾ ਮੈਂਬਰ ਪ੍ਰਦੀਪ ਕਲੇਰ ਕਰਨਾਲ, ਹਰਸ਼ ਕੁਮਾਰ ਧੂਰੀ, ਮਾਨਸਾ ਜ਼ਿਲ੍ਹੇ ਦੇ ਕਸਬਾ ਬਰੇਟਾ ਦਾ ਸੰਦੀਪ ਵੀ ਸ਼ਾਮਲ ਸੀ।

ਯਾਦ ਰਹ ਕਿ ਬੁਰਜ ਜਵਾਹਰ ਸਿੰਘ ਤੇ ਬਰਗਾੜੀ ਕਾਂਡ ਦੀ ਜਾਂਚ ਪਿਛਲੇ ਤਕਰੀਬਨ ਢਾਈ ਸਾਲ ਤੋਂ ਸੀ.ਬੀ.ਆਈ. ਹਵਾਲੇ ਹੈ ਪਰ ਸੀ.ਬੀ.ਆਈ. ਅਧਿਕਾਰੀਆਂ ਨੇ ਪੁਲਿਸ ਅਧਿਕਾਰੀਆਂ ਕੋਲੋਂ ਸੂਚਨਾ ਲੈਣ ਜਾਂ ਛੋਟੀ-ਮੋਟੀ ਹੋਰ ਜਾਣਕਾਰੀ ਹਾਸਲ ਕਰਨ ਤੋਂ ਇਲਾਵਾ ਇਸ ਵਕਾਰੀ ਮਾਮਲੇ ਨੂੰ ਹੱਲ ਕਰਨ ਲਈ ਕੋਈ ਬਹੁਤੀ ਸਰਗਰਮੀ ਨਹੀਂ ਕੀਤੀ।

# ਸਾਕਾ ਨੀਲਾ ਤਾਰਾ ਨਾਲ ਸਬੰਧਤ ਵਲੈਤੀ ਫਾਈਲਾਂ ਹੋਣਗੀਆਂ ਜਨਤਕ

*(ਸਫਾ ਇਕ ਦੀ ਬਾਕੀ)*

ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੀ ਇਮਦਾਦ ਦੀ ਜਾਂਚ ਪੜਤਾਲ ਕਰ ਰਿਹਾ ਹੈ। ਯਾਦ ਰਹੇ, ਸਾਲ 2014 ਵਿਚ ਯੂ.ਕੇ. ਸਰਕਾਰ ਵੱਲੋਂ ਜਨਤਕ ਕੀਤੇ ਦਸਤਾਵੇਜ਼ਾਂ ਤੋਂ ਖੁਲਾਸਾ ਹੋਇਆ ਸੀ ਕਿ ਬ੍ਰਿਟਿਸ਼ ਫੌਜ ਨੇ ਅਪਰੇਸ਼ਨ ਨੀਲਾ ਤਾਰਾ ਤੋਂ ਪਹਿਲਾਂ ਭਾਰਤੀ ਫੌਜਾਂ ਨੂੰ ਅਪਰੇਸ਼ਨ ਸਬੰਧੀ ਸਲਾਹ ਮਸ਼ਵਰਾ ਦਿੱਤਾ ਸੀ। ਇਸ ਖੁਲਾਸੇ ਮਗਰੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਇਸ ਸਾਰੇ ਮਾਮਲੇ ਉਤੇ ਨਜ਼ਰਸਾਨੀ ਦੇ ਹੁਕਮ ਦਿੱਤੇ ਸਨ।

# ਮਹਿਲਾ ਦੋਸਤ 'ਤੇ ਹਮਲੇ ਦੇ ਦੋਸ਼ 'ਚ ਅਰਮਾਨ ਕੋਹਲੀ ਗ੍ਰਿਫਤਾਰ

**ਮੁੰਬਈ:** ਬਾਲੀਵੁੱਡ ਅਦਾਕਾਰ ਅਰਮਾਨ ਕੋਹਲੀ (46) ਨੂੰ ਆਪਣੀ ਮਹਿਲਾ ਦੋਸਤ ਉਤੇ ਹਮਲੇ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। 35 ਸਾਲਾ ਮਾਡਲ ਦੱਸੀ ਜਾਂਦੀ ਇਸ ਮਹਿਲਾ ਦੋਸਤ ਨੇ 4 ਜੂਨ ਨੂੰ ਕੋਹਲੀ ਖਿਲਾਫ਼ ਸਾਂਤਾਕਰੂਜ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਮਗਰੋਂ ਅਦਾਕਾਰ ਫਰਾਰ ਹੋ ਗਿਆ ਸੀ। ਸ਼ਿਕਾਇਤਕਰਤਾ ਮੁਤਾਬਕ ਉਹ ਤੇ ਕੋਹਲੀ ਪਿਛਲੇ ਤਿੰਨ ਸਾਲ ਤੋਂ ਇਕ ਫਲੈਟ 'ਚ ਇਕੱਠਿਆਂ ਰਹਿ ਰਹੇ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਕਿਸਾਨ ਅੰਦੋਲਨ: ਨਾਕਾਮੀ ਦਾ ਸਿਹਰਾ ਇਕ-ਦੂਜੇ ਦੇ ਸਿਰ ਮੜ੍ਹਿਆ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਦਾ ਦਸ ਰੋਜ਼ਾ ਕਿਸਾਨ ਅੰਦੋਲਨ ਦਾ ਅਧਵਾਟੇ ਟੁੱਟਣਾ ਅਤੇ ਜਨਤਕ ਤੌਰ ਉਤੇ ਕਿਸਾਨ ਧਿਰਾਂ ਦਾ ਆਹਮੋ-ਸਾਹਮਣੇ ਹੋਣਾ ਪੜਚੋਲ ਦੀ ਮੰਗ ਕਰਦਾ ਹੈ। ਇਸ ਅੰਦੋਲਨ ਦੀ ਅਸਫਲਤਾ ਪਿੱਛੋਂ ਕਿਸਾਨ ਧਿਰਾਂ ਇਕ ਦੂਜੇ ਉਤੇ ਦੋਸ਼ ਮੜ੍ਹ ਰਹੀਆਂ ਹਨ।

ਪਹਿਲੀ ਤੋਂ ਛੇ ਜੂਨ ਤੱਕ ਚੱਲੀ ਕਿਸਾਨਾਂ ਦੀ ਹੜਤਾਲ ਕਾਰਨ ਪਹਿਲੇ ਤਿੰਨ ਦਿਨਾਂ ਅੰਦਰ ਹੀ ਕਈ ਥਾਈਂ ਤਣਾਅ ਅਤੇ ਟਕਰਾਅ ਵਾਲੇ ਹਾਲਾਤ ਬਣ ਗਏ, ਜਿਸ ਦਾ ਅਸਰ ਅਖੀਰ ਤੱਕ ਰਿਹਾ। ਹੜਤਾਲੀ ਕਿਸਾਨ ਧਿਰਾਂ ਵੀ ਅਜਿਹੇ ਵਰਤਾਰੇ ਨੂੰ ਮੰਦਭਾਗਾ ਮੰਨ ਰਹੀਆਂ ਹਨ, ਪਰ ਉਨ੍ਹਾਂ ਵੱਲੋਂ ਅਜਿਹੀ ਕਾਰਵਾਈ ਨੂੰ ਸ਼ਰਾਰਤੀ ਅਨਸਰਾਂ ਦੀ ਘੁਸਪੈਠ ਅਤੇ ਹੜਤਾਲ ਨੂੰ ਫੇਲ੍ਹ ਕਰਨ ਲਈ ਕੇਂਦਰ ਸਰਕਾਰ ਦੀ ਗਹਿਰੀ ਸਾਜ਼ਿਸ਼ ਦਾ ਨਾਮ ਦਿੱਤਾ ਜਾ ਰਿਹਾ ਹੈ।

ਪਟਿਆਲਾ ਦੀ 'ਆਧੁਨਿਕ ਏ.ਸੀ. ਸਬਜ਼ੀ ਮੰਡੀ' ਤਿੰਨ ਦਿਨ ਬੰਦ ਰਹੀ। ਆੜ੍ਹਤੀਆਂ ਅਤੇ ਕਿਸਾਨਾਂ ਦਰਮਿਆਨ ਇਸ ਕਦਰ ਟਕਰਾਅ ਹੋਇਆ ਕਿ ਮਾਰੂ ਹਥਿਆਰਾਂ ਨਾਲ ਲੈਸ ਦੋਵੇਂ ਧਿਰਾਂ ਇਕ-ਦੂਜੇ ਦੇ ਵਿਰੁੱਧ ਆ ਗਈਆਂ ਸਨ। ਕਿਸਾਨਾਂ ਦੇ ਰੋਹ ਕਾਰਨ ਸਹਿਕਾਰੀ ਮਿਲਕ ਪਲਾਂਟ ਹਸਨਪੁਰ ਵੀ ਤਿੰਨ ਦਿਨ ਬੰਦ ਰਿਹਾ, ਜਿਸ ਕਾਰਨ ਕਿਸਾਨਾਂ ਅਤੇ ਦੁੱਧ ਉਤਪਾਦਕਾਂ ਦਰਮਿਆਨ ਟਕਰਾਅ ਵੀ ਹੋਇਆ। ਦੁੱਧ ਉਤਪਾਦਕ ਇਥੇ ਰੋਜ਼ਾਨਾ ਸਵਾ ਲੱਖ ਲਿਟਰ ਦੁੱਧ ਪਾਉਂਦੇ ਹਨ। ਪਲਾਂਟ ਵੀ ਰੋਜ਼ਾਨਾ 35 ਹਜ਼ਾਰ ਲਿਟਰ ਦੁੱਧ ਦੀ ਸਪਲਾਈ ਕਰਦਾ ਹੈ। ਸੱਤ ਕਿਸਾਨ ਧਿਰਾਂ ਵੱਲੋਂ ਕਿਸਾਨਾਂ ਦੇ ਮੂਲ ਮੁੱਦਿਆਂ ਉਤੇ ਸਾਂਝਾ ਸੰਘਰਸ਼ ਲੜਿਆ ਜਾ ਰਿਹਾ ਹੈ। ਕਿਸਾਨ ਧਿਰਾਂ ਦਾ ਮੰਨਣਾ ਹੈ ਕਿ ਜਨਤਕ ਤਾਕਤ ਨਾਲ ਹੀ ਸਾਂਝਾ ਘੋਲ ਲੜਿਆ ਜਾ ਰਿਹਾ ਹੈ।



ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਦਾ ਕਹਿਣਾ ਹੈ ਕਿ ਦਸ ਦਿਨਾਂ ਕਿਸਾਨ ਅੰਦੋਲਨ ਦਾ ਸੱਦਾ ਦੇਣ ਵਾਲੇ ਪੰਜਾਬ ਵਿਚ ਬਿਲਕੁਲ ਫੇਲ੍ਹ ਹੋਏ ਹਨ ਅਤੇ ਆਖਰ ਜਨਤਕ ਤੌਰ ਉਤੇ ਉਨ੍ਹਾਂ ਦੀ ਜਥੇਬੰਦੀ ਨੂੰ ਵਿਰੋਧ ਵਿਚ ਬੋਲਣਾ ਪਿਆ ਕਿਉਂਕਿ ਆਮ ਕਿਸਾਨ ਉਨ੍ਹਾਂ ਉਤੇ ਵੀ ਸ਼ੱਕ ਕਰਨ ਲੱਗੇ ਸਨ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸਾਨੀ ਉਤੇ ਵੱਡੇ ਸਰਕਾਰੀ ਹੱਲੇ ਹੋਏ ਤਾਂ ਇਹ ਕਿਸਾਨ ਧਿਰਾਂ ਕਿਤੇ ਲੱਭੀਆਂ ਨਹੀਂ, ਜਦੋਂ ਵੋਟਾਂ ਵੇਲੇ ਕਿਸਾਨ ਏਕੇ ਦੀ ਲੋੜ ਪਈ ਤਾਂ ਇਹ ਧਿਰਾਂ ਗਾਇਬ ਹੋ ਗਈਆਂ। ਸਰਕਾਰੀ ਹੱਥ ਵਾਲੀਆਂ ਇਨ੍ਹਾਂ ਧਿਰਾਂ ਦੇ ਆਗੂ ਬੇਪਰਦ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਿਚਾਰਾਂ ਦੇ ਮਤਭੇਦ ਹੀ ਏਕਤਾ ਵਿਚ ਅੜਿੱਕਾ ਹਨ।

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਹਾ ਕਿ ਦਸ ਦਿਨ ਅੰਦੋਲਨ ਕਰਨ ਵਾਲੀਆਂ ਕਿਸਾਨ ਧਿਰਾਂ ਦੀਆਂ ਮੰਗਾਂ ਜਾਇਜ਼ ਸਨ ਪਰ ਘੋਲ ਦਾ ਤਰੀਕਾ ਅਤੇ ਸਮਾਂ ਗਲਤ ਸੀ, ਜਿਸ ਕਰ ਕੇ ਉਨ੍ਹਾਂ ਨੂੰ ਸਮੇਂ ਸਿਰ ਮੈਦਾਨ ਵਿਚ ਨਿੱਤਰਨਾ ਪਿਆ। ਉਨ੍ਹਾਂ ਕਿਹਾ ਕਿ ਕਿਸਾਨ ਏਕਤਾ ਸਮੇਂ ਦੀ ਲੋੜ ਹੈ ਪਰ ਸਿਆਸੀ ਦਖਲ ਕਦੇ ਇਕੱਠੇ ਨਹੀਂ ਹੋਣ ਦਿੰਦਾ। ਕੁਝ ਕਿਸਾਨ ਧਿਰਾਂ ਦੇ ਸਿਆਸੀ ਸਵਾਰਥ ਵੀ ਅੜਿੱਕਾ ਬਣੇ ਹੋਏ ਹਨ। ਉਨ੍ਹਾਂ ਆਖਿਆ ਕਿ ਸਾਂਝੇ ਘੋਲ ਦੇ ਪਿਛਲੇ ਦਿਨਾਂ ਦੌਰਾਨ ਚੰਗੇ ਨਤੀਜੇ ਨਿਕਲੇ ਹਨ ਪਰ ਜੋ ਕਿਸਾਨ ਧਿਰਾਂ ਸੱਤਾਧਾਰੀਆਂ ਦੇ ਨੇੜੇ ਹਨ, ਉਨ੍ਹਾਂ ਕਰ ਕੇ ਆਮ ਕਿਸਾਨ ਬਾਕੀ ਸਾਰੇ ਕਿਸਾਨ ਆਗੂਆਂ ਨੂੰ ਇੱਕੋ ਰੱਸੇ ਬੰਨ੍ਹਦੇ ਹਨ।

ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਸੂਬਾ ਪ੍ਰਧਾਨ ਸੁਰਜੀਤ ਸਿੰਘ ਫੂਲ ਦਾ ਵਿਚਾਰ ਸੀ ਕਿ ਸਾਂਝੇ ਮੁੱਦਿਆਂ ਉਤੇ ਵਿਸ਼ਾਲ ਸਾਂਝੇ ਘੋਲ ਉਸਰਨੇ ਚਾਹੀਦੇ ਹਨ ਅਤੇ ਇਹ ਸਮੇਂ ਦੀ ਲੋੜ ਹੈ ਪਰ ਕੁਝ ਕਿਸਾਨ ਧਿਰਾਂ ਦੀਆਂ ਉਮੀਦਾਂ ਸੰਘਰਸ਼ਾਂ ਤੋਂ ਘੱਟ ਅਤੇ ਸਿਆਸੀ ਲੀਡਰਾਂ ਤੋਂ ਵੱਧ ਹਨ। ਉਨ੍ਹਾਂ ਵਿਚਾਰਧਾਰਾ ਨੂੰ ਏਕੇ ਵਿਚ ਮੁੱਖ ਅੜਿੱਕਾ ਦੱਸਿਆ।

ਦੱਸ ਦਈਏ ਕਿ ਇਕ ਤੋਂ ਦਸ ਜੂਨ ਤੱਕ ਪਿੰਡਾਂ ਤੋਂ ਸ਼ਹਿਰਾਂ ਨੂੰ ਦੁੱਧ ਅਤੇ ਸਬਜ਼ੀਆਂ ਦੀ ਬੰਦੀ ਦੇ ਬਾਵਜੂਦ ਕੇਂਦਰ ਸਰਕਾਰ ਦੇ ਕੰਨ ਉਤੇ ਜੂੰ ਨਹੀਂ ਸਰਕੀ। ਪੰਜਾਬ ਸਣੇ ਵਿਰੋਧੀ ਧਿਰ ਨਾਲ ਸਬੰਧਤ ਸੂਬਾਈ ਸਰਕਾਰਾਂ ਨੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਰਸਮੀ ਬਿਆਨਬਾਜ਼ੀ ਵੀ ਕੀਤੀ ਸੀ, ਪਰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਨੀਤੀਗਤ ਫੈਸਲੇ ਕਿੰਨੇ ਕੁ ਕਿਸਾਨ ਪੱਖੀ ਹਨ, ਇਹ ਅਨੁਮਾਨ ਕਿਸਾਨ ਸਹਿਜੇ ਹੀ ਲਾ ਸਕਦੇ ਹਨ।

### ਜਿਨ੍ਹਾਂ ਸੂਬਿਆਂ ਵਿਚ ਸਰਕਾਰਾਂ ਹਿੱਲੀਆਂ

ਦੇਸ਼ ਦਾ ਧਿਆਨ ਖਿੱਚਣ ਲਈ ਇਸ ਤੋਂ ਪਹਿਲਾਂ ਤਿੰਨ ਵਿਲੱਖਣ ਅੰਦੋਲਨ ਹੋਏ ਹਨ। ਰਾਜਸਥਾਨ ਦੇ ਜ਼ਿਲ੍ਹੇ ਸੀਕਰ ਦਾ ਪਹਿਲੀ ਤੋਂ 10 ਸਤੰਬਰ 2017 ਤੱਕ ਚੱਲਿਆ ਅੰਦੋਲਨ, ਜੋ 14 ਜ਼ਿਲ੍ਹਿਆਂ ਤੱਕ ਫੈਲਿਆ ਅਤੇ ਸ਼ਾਂਤਮਈ ਰਹਿਣ ਦੇ ਨਾਲ ਦੀ ਨਾਲ ਇਸ ਵਿਚ ਡੀਜ਼ੇ, ਪਾਣੀ ਸਪਲਾਈ ਕਰਨ ਵਾਲੇ, ਆਰਾ ਮਸ਼ੀਨਾਂ, ਵਪਾਰੀਆਂ ਸਮੇਤ ਹਰ ਵਰਗ ਦੇ ਲੋਕਾਂ ਨੇ ਸਰਗਰਮ ਹਿੱਸੇਦਾਰੀ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਕਿਸਾਨ ਕੋਲ ਪੈਸਾ ਹੋਵੇਗਾ ਤਾਂ ਹੀ ਦੂਜੇ ਕਾਰੋਬਾਰ ਚੱਲਣਗੇ। ਔਰਤਾਂ ਇਸ ਅੰਦੋਲਨ ਦਾ ਵੱਡਾ ਹਿੱਸਾ ਸਨ। ਮਹਾਰਾਸ਼ਟਰ ਦੇ ਪੁਣਤਾਂਬਾ ਪਿੰਡ ਦੀ ਗ੍ਰਾਮ ਸਭਾ ਤੋਂ ਬਾਅਦ ਸੂਬੇ ਦੀਆਂ ਲਗਭਗ ਦੋ ਹਜ਼ਾਰ ਗ੍ਰਾਮ ਸਭਾਵਾਂ ਵੱਲੋਂ ਦੋ ਮਹੀਨੇ ਪਹਿਲਾਂ ਪਹਿਲੀ ਜੂਨ ਤੋਂ ਸ਼ਹਿਰਾਂ ਨੂੰ ਕੋਈ ਵਸਤੂ ਨਾ ਲਿਜਾਣ ਦੇ ਐਲਾਨ ਨੇ ਬਿਨਾ ਵੱਡੇ ਆਗੂਆਂ ਦੇ ਚਿਹਰਿਆਂ ਤੋਂ ਹੀ ਦੇਸ਼ ਭਰ ਦਾ ਧਿਆਨ ਖਿੱਚਣ ਵਿਚ ਕਾਮਯਾਬੀ ਹਾਸਲ ਕੀਤੀ। ਇਹ ਅੰਦੋਲਨ ਮੱਧ ਪ੍ਰਦੇਸ਼ ਤੱਕ ਫੈਲ ਗਿਆ। ਪੰਜਾਬ ਵਿਚ ਅੰਦੋਲਨ ਦੀ ਅਸਫਲਤਾ ਉਤੇ ਕਈ ਸਵਾਲ ਉਠ ਰਹੇ ਹਨ।

# ਬੈਂਕਾਂ ਦਾ ਪੈਸਾ ਮਾਰਨ 'ਚ ਕਿਸਾਨ ਆਗੂਆਂ ਦੀ ਵੀ ਝੰਡੀ

**ਚੰਡੀਗੜ੍ਹ:** ਸਿਆਸੀ ਪਾਰਟੀਆਂ ਅਤੇ ਕਿਸਾਨ ਯੂਨੀਅਨਾਂ ਦੇ ਆਗੂ ਬੈਂਕਾਂ ਦਾ ਪੈਸਾ ਮਾਰਨ ਵਿਚ ਸਭ ਤੋਂ ਅੱਗੇ ਹਨ। ਪੰਜਾਬ ਰਾਜ ਸਹਿਕਾਰੀ ਬੈਂਕ ਕੋਲੋਂ ਵੱਖ-ਵੱਖ ਕੰਮਾਂ ਲਈ ਕਰਜ਼ੇ ਲੈਣ ਵਾਲੇ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਡਿਫਾਲਟਰ ਹੋਣ ਤੋਂ ਬਾਅਦ ਵੀ ਕਰਜ਼ੇ ਮੋੜਨ ਦਾ ਨਾਂ ਨਹੀਂ ਲਿਆ। ਹੁਣ ਸਹਿਕਾਰਤਾ ਵਿਭਾਗ ਦੇ ਨਵੇਂ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਡਿਫਾਲਟਰਾਂ ਵਿਰੁਧ ਸਖਤੀ ਦੇ ਐਲਾਨ ਪਿੱਛੋਂ ਉਗਰਾਹੀ ਵਿਚ ਕਾਫੀ ਤੇਜ਼ੀ ਆਈ ਹੈ ਤੇ 295 ਕਰੋੜ ਰੁਪਏ ਦੀ ਉਗਰਾਹੀ ਹੋ ਚੁੱਕੀ ਹੈ ਪਰ ਅਜੇ ਵੀ ਡਿਫਾਲਟਰਾਂ ਵੱਲ ਕਾਫੀ ਪੈਸਾ ਖੜ੍ਹਾ ਹੈ। ਬੈਂਕ ਅਧਿਕਾਰੀਆਂ ਨੇ ਪਿਛਲੇ ਦਿਨਾਂ ਦੌਰਾਨ ਵੱਡੇ ਡਿਫਾਲਟਰਾਂ ਕੋਲੋਂ ਉਗਰਾਹੀ ਕਰ ਲਈ ਹੈ ਤੇ ਕੁਝ ਹੋਰਨਾਂ ਤੋਂ ਕਰਨ ਦੀ ਤਿਆਰੀ ਹੈ।

ਬੈਂਕ ਅਧਿਕਾਰੀਆਂ ਮੁਤਾਬਕ ਕਿਸਾਨ ਯੂਨੀਅਨਾਂ ਦੇ ਡਿਫਾਲਟਰ ਆਗੂ ਤਾਂ ਕਰਜ਼ ਮੋੜਨ ਦੇ ਸਮਰੱਥ ਕਿਸਾਨਾਂ ਨੂੰ ਵੀ ਕਿਸ਼ਤਾਂ ਭਰਨ ਤੋਂ ਰੋਕਦੇ ਹਨ। ਜਾਣਕਾਰੀ ਮੁਤਾਬਕ ਬੈਂਕ ਪ੍ਰਬੰਧਕਾਂ ਦਾ ਫੈਸਲਾ ਹੈ ਕਿ ਛੋਟੇ ਕਿਸਾਨਾਂ ਤੋਂ ਵਸੂਲੀ ਜ਼ਬਰਦਸਤੀ ਨਹੀਂ ਕੀਤੀ ਜਾਵੇਗੀ ਪਰ ਦਸ ਏਕੜ ਜਾਂ ਵੱਧ ਜ਼ਮੀਨ ਵਾਲਿਆਂ ਕੋਲੋਂ 'ਹਰ ਹਾਲ' ਕਰਜ਼ਾ ਉਗਰਾਹਿਆ ਜਾਵੇਗਾ। ਸਹਿਕਾਰਤਾ ਵਿਭਾਗ ਨੇ ਡਿਫਾਲਟਰ ਸਿਆਸੀ ਤੇ ਕਿਸਾਨ ਆਗੂਆਂ ਦੀ ਇਕ ਸੂਚੀ ਤਿਆਰ ਕੀਤੀ ਹੈ, ਪਰ ਇਸ ਵਿਚ ਕੁਝ ਖਾਮੀਆਂ ਰਹਿ ਗਈਆਂ ਹਨ। ਸੂਚੀ ਵਿਚ ਉਹ ਕਿਸਾਨ ਆਗੂ ਵੀ ਸ਼ਾਮਲ ਹਨ ਜਿਨ੍ਹਾਂ ਕੋਲ ਦੋ ਏਕੜ ਤੋਂ ਵੀ ਘੱਟ ਜ਼ਮੀਨ ਹੈ। ਬੈਂਕ ਪ੍ਰਬੰਧਕਾਂ ਮੁਤਾਬਕ ਅਜਿਹੇ ਕਿਸਾਨ ਆਗੂਆਂ ਨੂੰ ਹੋਰ ਕਰਜ਼ਾਈ ਕਿਸਾਨਾਂ ਨੂੰ ਕਰਜ਼ਾ ਮੋੜਨ ਤੋਂ ਰੋਕਣ ਕਾਰਨ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਇਹ ਆਗੂ ਬੈਂਕ ਅਧਿਕਾਰੀਆਂ ਦੇ ਕੰਮ-ਕਾਜ ਵਿਚ ਅੜਿੱਕੇ ਪਾਉਂਦੇ ਹਨ ਤੇ ਘਿਰਾਓ ਆਦਿ ਕਰਦੇ ਹਨ।

ਸੂਚੀ ਵਿਚ ਉਗਰਾਹਾਂ ਯੂਨੀਅਨ ਨਾਲ ਸਬੰਧਤ ਸੁਨਾਮ ਬਲਾਕ ਦੇ ਪਿੰਡ ਸ਼ਾਹਪੁਰ ਕਲਾਂ ਦੇ ਗੁਰਮੇਲ ਸਿੰਘ ਦਾ ਨਾਂ ਵੀ ਸ਼ਾਮਲ ਹੈ, ਜਿਸ ਕੋਲ ਅੱਠ ਏਕੜ ਤੋਂ ਵੱਧ ਜ਼ਮੀਨ ਹੈ। ਉਸ ਨੇ 13.40 ਲੱਖ ਰੁਪਏ ਕਰਜ਼ਾ ਦੇਣਾ ਹੈ। ਉਸ ਨੇ ਤਿੰਨ ਕਰਜ਼ੇ ਲਏ ਸਨ। ਇਸੇ ਤਰ੍ਹਾਂ ਕਿਸਾਨ ਯੂਨੀਅਨ ਮਾਨ ਦਾ ਮੀਆਂਪੁਰ ਪਿੰਡ ਤੋਂ ਬਲਦੇਵ ਸਿੰਘ ਹੈ, ਜਿਸ ਨੇ 2009 ਵਿਚ ਨੌਂ ਲੱਖ ਰੁਪਏ ਕਰਜ਼ਾ ਲਿਆ ਸੀ ਤੇ ਕੋਈ ਕਿਸ਼ਤ ਨਹੀਂ ਮੋੜੀ। ਉਹ 4.05 ਲੱਖ ਰੁਪਏ ਦਾ ਡਿਫਾਲਟਰ ਹੈ। ਕਿਸਾਨ ਯੂਨੀਅਨ ਡਕੌਂਦਾ ਦਾ ਬਲਬੀਰ ਸਿੰਘ ਵੀ ਡਿਫਾਲਟਰਾਂ ਵਿਚ ਸ਼ਾਮਲ ਹੈ, ਜੋ ਦਸ ਏਕੜ ਜ਼ਮੀਨ ਦਾ ਮਾਲਕ ਹੈ। ਉਸ ਨੇ ਤਿੰਨ ਸਾਲ ਪਹਿਲਾਂ ਸਾਢੇ ਚਾਰ ਲੱਖ ਦਾ ਕਰਜ਼ਾ ਲਿਆ ਸੀ, ਜੋ ਨਹੀਂ ਮੋੜਿਆ। ਬੀਕੇਯੂ ਰਾਜੇਵਾਲ ਦੇ ਆਗੂ ਗੁਰਨਾਮ ਸਿੰਘ ਨੇ ਵੀ 2014 ਵਿਚ ਲਏ ਪੰਜ ਲੱਖ ਰੁਪਏ ਕਰਜ਼ ਦੀਆਂ ਕਿਸ਼ਤਾਂ ਨਹੀਂ ਭਰੀਆਂ। ਉਹ ਨੌਂ ਏਕੜ ਜ਼ਮੀਨ ਦਾ ਮਾਲਕ ਹੈ।

ਲਹਿਰਾਗਾਗਾ ਬਲਾਕ ਦੇ ਰਾਜੇਵਾਲ ਗਰੁੱਪ ਦੇ ਆਗੂ ਬਲਵਿੰਦਰ ਸਿੰਘ ਨੇ 2013 ਵਿਚ ਦਸ ਲੱਖ ਰੁਪਏ ਕਰਜ਼ਾ ਲਿਆ ਸੀ ਤੇ ਉਹ 5.17 ਲੱਖ ਰੁਪਏ ਦਾ ਡਿਫਾਲਟਰ ਹੋ ਗਿਆ ਹੈ। ਉਸ ਕੋਲ 16 ਏਕੜ ਜ਼ਮੀਨ ਹੈ। ਕਈ ਹੋਰ ਕਿਸਾਨ ਆਗੂਆਂ ਦਾ ਵੀ ਇਹੋ ਹਾਲ ਹੈ। ਇਸ ਸੂਚੀ ਵਿਚ ਬੀ.ਕੇ.ਯੂ. ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਵੀ ਹਨ, ਜਿਨ੍ਹਾਂ ਕੋਲ ਸਿਰਫ 11 ਕਨਾਲ ਜ਼ਮੀਨ ਹੈ। ਬੈਂਕ ਦੀ ਨੀਤੀ ਮੁਤਾਬਕ ਉਹ ਛੋਟੇ ਕਿਸਾਨਾਂ ਵਿਚ ਸ਼ੁਮਾਰ ਹੈ। ਇਸ ਕਰ ਕੇ ਉਸ ਦਾ ਨਾਂ ਸੂਚੀ ਵਿਚ ਨਹੀਂ ਸੀ ਆਉਣਾ ਚਾਹੀਦਾ, ਪਰ ਕਿਸਾਨ ਆਗੂ ਹੋਣ ਕਾਰਨ ਉਸ ਦਾ ਨਾਂ ਸ਼ਾਮਲ ਕੀਤਾ ਗਿਆ ਹੈ।




### 'ਆਪ' ਵਾਲੇ ਵੀ ਪਿੱਛੇ ਨਾ ਰਹੇ

**ਚੰਡੀਗੜ੍ਹ:** ਕਰਜ਼ਾ ਨਾ ਮੋੜਨ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਦੇ ਆਗੂ ਵੀ ਕਿਸੇ ਨਾਲੋਂ ਘੱਟ ਨਹੀਂ ਹਨ। ਸਹਿਕਾਰੀ ਬੈਂਕਾਂ ਦਾ ਕਰਜ਼ਾ ਨਾ ਮੋੜਨ ਵਾਲਿਆਂ ਵਿਚ ਫਾਜ਼ਿਲਕਾ-ਅਬੋਹਰ ਖੇਤਰ ਤੋਂ 'ਆਪ' ਆਗੂ ਗੁਰਮੀਤ ਸਿੰਘ ਬਰਾੜ ਸਭ ਤੋਂ ਅੱਗੇ ਹਨ। ਉਨ੍ਹਾਂ ਵੱਖ-ਵੱਖ ਮੌਕਿਆਂ 'ਤੇ 78 ਲੱਖ ਰੁਪਏ ਦਾ ਕਰਜ਼ਾ ਲਿਆ ਤੇ ਇਹ ਹੁਣ ਵੱਧ ਕੇ ਇਕ ਕਰੋੜ ਚਾਲੀ ਲੱਖ ਤੱਕ ਅੱਪੜ ਚੁੱਕਾ ਹੈ। ਕਪੂਰਥਲਾ ਜ਼ਿਲ੍ਹੇ ਦੇ ਜਟੀਕੇ ਪਿੰਡ ਨਾਲ ਸਬੰਧਤ ਇਕ ਹੋਰ 'ਆਪ' ਆਗੂ ਅਮਰੀਕ ਸਿੰਘ ਨੇ ਸਾਲ 2006 ਵਿਚ ਸਤਾਰਾਂ ਲੱਖ ਤੋਂ ਵੱਧ ਦਾ ਕਰਜ਼ਾ ਖੇਤੀ ਕੰਮਾਂ ਲਈ ਲਿਆ ਪਰ ਮੋੜਿਆ ਨਹੀਂ ਗਿਆ। ਇਸ ਸੂਚੀ ਵਿੱਚ ਸਮਾਣਾ ਤੋਂ 'ਆਪ' ਆਗੂ ਤੇ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਦਾ ਵੀ ਨਾਂ ਹੈ। ਇਸੇ ਪਿੰਡ ਦੇ ਇਕ ਹੋਰ 'ਆਪ' ਆਗੂ ਦੇ ਰਿਸ਼ਤੇਦਾਰ ਜਰਨੈਲ ਸਿੰਘ ਨੇ ਵੀ 2009 ਵਿਚ ਗਿਆਰਾਂ ਲੱਖ ਰੁਪਏ ਕਰਜ਼ਾ ਨਹੀਂ ਮੋੜਿਆ ਜੋ ਕਿ ਹੁਣ ਵਧ ਚੁੱਕਾ ਹੈ। 'ਆਪ' ਦੇ ਮੁਹਾਲੀ ਤੋਂ ਆਗੂ ਨਰਿੰਦਰ ਸਿੰਘ ਦੀ ਪਤਨੀ ਜਸਕਿਰਨ ਕੌਰ ਸਿਰ ਵੀ ਬੈਂਕ ਦੀ ਕਰੀਬ ਚੌਦਾਂ ਲੱਖ ਦੀ ਦੇਣਦਾਰੀ ਹੈ।

### ਅੰਮ੍ਰਿਤਸਰ ਹਵਾਈ ਅੱਡੇ ਤੋਂ 38 ਲੱਖ ਦਾ ਸੋਨਾ ਬਰਾਮਦ

**ਅੰਮ੍ਰਿਤਸਰ:** ਕਸਟਮ ਵਿਭਾਗ ਨੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਲਗਭਗ 38 ਲੱਖ ਰੁਪਏ ਮੁੱਲ ਦਾ 1214 ਗਰਾਮ ਸੋਨਾ ਬਰਾਮਦ ਕੀਤਾ ਹੈ।

ਦੁਬਈ ਤੋਂ ਆਏ ਇਕ ਯਾਤਰੀ ਕੋਲੋਂ 299.5 ਗਰਾਮ ਸੋਨਾ ਬਰਾਮਦ ਹੋਇਆ ਹੈ। ਜਾਂਚ ਕਰਨ 'ਤੇ ਉਸ ਕੋਲੋਂ ਕੜੇ ਦੀ ਸ਼ਕਲ ਵਿਚ ਇਹ ਸੋਨਾ ਬਰਾਮਦ ਹੋਇਆ। ਇਕ ਹੋਰ ਯਾਤਰੀ ਕੋਲੋਂ ਸੋਨੇ ਦੇ 12 ਬਿਸਕੁਟ ਮਿਲੇ ਹਨ ਜਿਨ੍ਹਾਂ ਦਾ ਵਜ਼ਨ 914.40 ਗਰਾਮ ਹੈ।

# ਦੁਖ ਭੰਜਨੀ ਬੇਰੀ ਦੀ ਸਾਂਭ-ਸੰਭਾਲ ਲਈ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੀ ਇਤਿਹਾਸਕ ਦੁਖ ਭੰਜਨੀ ਬੇਰੀ ਦੀ ਸਾਂਭ-ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਅੱਠਸੱਠ ਤੀਰਥ ਨੇੜੇ ਢੁਕਵੇਂ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਇਥੇ ਕੁਝ ਨਵੀਨੀਕਰਨ ਕੀਤਾ ਜਾਵੇਗਾ। ਇਸ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਸ਼ੁਰੂ ਕੀਤੀ ਗਈ ਹੈ।

ਇਸ ਥਾਂ ਉਤੇ ਨਵੀਂ ਉਸਾਰੀ ਨਾਲ ਜਿਥੇ ਦੁਖ ਭੰਜਨੀ ਬੇਰੀ ਦੇ ਤਣੇ ਅਤੇ ਜੜ੍ਹਾਂ ਨੂੰ ਧੁੱਪ, ਹਵਾ, ਪਾਣੀ ਮੁਹੱਈਆ ਕਰਨ ਲਈ ਇਸ ਦਾ ਘੇਰਾ ਵਧਾਇਆ ਜਾਵੇਗਾ, ਉਥੇ ਔਰਤਾਂ ਦੇ ਇਸ਼ਨਾਨਘਰ ਦੇ ਖੇਤਰ ਵਿਚ ਵੀ ਵਾਧਾ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਬੇਰ ਬਾਬਾ ਬੁੱਢਾ ਸਾਹਿਬ ਤੇ ਲਾਚੀ ਬੇਰੀ ਦੇ ਮਿੱਟੀ ਵਾਲੇ ਘੇਰੇ ਨੂੰ ਵੀ ਵਧਾਇਆ ਗਿਆ ਸੀ ਤਾਂ ਜੋ ਇਨ੍ਹਾਂ ਬੇਰੀਆਂ ਦੀਆਂ ਜੜ੍ਹਾਂ ਨੂੰ ਲੋੜੀਂਦੀ ਧੁੱਪ, ਹਵਾ, ਪਾਣੀ ਮਿਲ ਸਕੇ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਲਗਭਗ ਦਹਾਕਾ ਪਹਿਲਾਂ ਇਨ੍ਹਾਂ ਪੁਰਾਤਨ ਤਿੰਨ ਬੇਰੀਆਂ ਦੀ ਸਾਂਭ-ਸੰਭਾਲ ਲਈ ਇਕ ਮਿਸ਼ਨ ਵਜੋਂ ਕੰਮ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਮਾਹਿਰਾਂ ਦੀ ਰਾਇ ਉਤੇ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਬੇਰੀਆਂ ਦੇ ਮਿੱਟੀ ਵਾਲੇ ਘੇਰੇ ਨੂੰ ਵਧਾਇਆ ਗਿਆ ਹੈ। ਸੰਗਤਾਂ ਦੇ ਕੜਾਹ-ਪ੍ਰਸ਼ਾਦਿ ਵਾਲੇ ਹੱਥ ਲੱਗਣ ਤੋਂ ਬਚਾਉਣ ਲਈ ਇਨ੍ਹਾਂ ਦੇ ਆਲੇ-ਦੁਆਲੇ ਸੁੰਦਰ ਜਾਲੀ ਲਾਈ ਗਈ ਹੈ। ਇਨ੍ਹਾਂ ਯਤਨਾਂ ਸਦਕਾ ਸਾਰੀਆਂ ਬੇਰੀਆਂ ਨੂੰ ਹੁਣ ਬੇਰ ਵੀ ਲੱਗ ਰਹੇ ਹਨ। ਇਨ੍ਹਾਂ ਵਿਚੋਂ ਦੁਖ ਭੰਜਨੀ ਬੇਰੀ ਦਾ ਤਣਾ ਅਤੇ ਜੜ੍ਹਾਂ ਵਾਲਾ ਹਿੱਸਾ ਇਥੇ ਅੱਠਸੱਠ ਤੀਰਥ ਵਾਲੇ ਖੇਤਰ ਵਿਚ ਉਸਾਰੀ ਅਧੀਨ ਆ ਚੁੱਕਿਆ ਹੈ। ਇਥੇ ਬਣੇ ਅਖੰਡ ਪਾਠ ਦੇ ਕਮਰੇ ਵਿਚ ਇਸ ਦਾ ਤਣਾ ਅਤੇ ਜੜ੍ਹਾਂ ਆਉਂਦੀਆਂ ਹਨ, ਜਿਨ੍ਹਾਂ ਨੂੰ ਹੱਥ ਲੱਗਣ ਤੋਂ ਬਚਾਉਣ ਲਈ ਸ਼ੀਸ਼ਾ ਲਾਇਆ ਹੋਇਆ ਹੈ। ਸ਼ੀਸ਼ਾ ਲੱਗਣ ਕਾਰਨ ਅਤੇ ਇਸ ਦੇ ਆਲੇ-ਦੁਆਲੇ ਇਮਾਰਤੀ ਉਸਾਰੀ ਹੋਣ ਕਾਰਨ ਤਣੇ ਅਤੇ ਜੜ੍ਹਾਂ ਨੂੰ ਲੋੜੀਂਦੀ ਧੁੱਪ, ਹਵਾ, ਪਾਣੀ ਨਹੀਂ ਮਿਲ ਰਿਹਾ, ਜਿਸ ਕਾਰਨ ਇਸ ਬੇਰੀ ਦਾ ਕੁਝ ਹਿੱਸਾ ਸੁੱਕ ਰਿਹਾ ਸੀ। ਮਾਹਿਰਾਂ ਵੱਲੋਂ ਇਥੇ ਵੀ ਮਿੱਟੀ ਵਾਲਾ ਘੇਰਾ ਖੁੱਲ੍ਹਾ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਪਿਛਲੇ ਵਰ੍ਹੇ ਸ਼੍ਰੋਮਣੀ ਕਮੇਟੀ ਵੱਲੋਂ ਅਖੰਡ ਪਾਠ ਵਾਲੇ ਕਮਰੇ ਇਥੋਂ ਸਾਹਮਣੇ ਵਾਲੇ ਪਾਸੇ ਬਣਾਏ ਗਏ ਹਨ ਅਤੇ ਹੁਣ ਇਥੇ ਅੱਠਸੱਠ ਤੀਰਥ ਨੇੜੇ ਕੁਝ ਉਸਾਰੀ ਵਾਲਾ ਹਿੱਸਾ ਤੋੜ ਕੇ ਤਣੇ ਅਤੇ ਜੜ੍ਹਾਂ ਨੂੰ ਬਾਹਰ ਲਿਆਂਦਾ ਜਾਵੇਗਾ, ਜਿਥੇ ਮਿੱਟੀ ਵਾਲਾ ਘੇਰਾ ਵਧਾਇਆ ਜਾਵੇਗਾ।

ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪੁਰਾਤਨ ਬੇਰੀ ਦੀ ਸਾਂਭ-ਸੰਭਾਲ ਲਈ ਆਰੰਭੇ ਯਤਨਾਂ ਤਹਿਤ ਇਥੇ ਨਵੀਨੀਕਰਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਔਰਤਾਂ ਲਈ ਬਣਾਏ ਗਏ ਇਸ਼ਨਾਨਘਰ ਦੀ ਇਮਾਰਤ ਵਿਚ ਵੀ ਵਾਧਾ ਕੀਤਾ ਜਾਵੇਗਾ। ਕਾਰ ਸੇਵਾ ਸੰਪਰਦਾ ਦੇ ਬੁਲਾਰੇ ਰਾਮ ਸਿੰਘ ਨੇ ਦੱਸਿਆ ਕਿ ਅਖੰਡ ਪਾਠ ਵਾਲੇ ਹਿੱਸੇ ਨੂੰ ਜਿਵੇਂ ਦਾ ਤਿਵੇਂ ਰੱਖ ਕੇ ਪੁਰਾਤਨ ਬੇਰੀ ਦੇ ਤਣੇ ਵਾਲੇ ਹਿੱਸੇ ਨੂੰ ਉਸਾਰੀ ਤੋਂ ਬਾਹਰ ਕੀਤਾ ਜਾਵੇਗਾ ਤਾਂ ਜੋ ਤਣੇ ਅਤੇ ਜੜ੍ਹਾਂ ਨੂੰ ਧੁੱਪ, ਹਵਾ, ਪਾਣੀ ਮਿਲ ਸਕੇ। ਇਸ ਦੀ ਕਾਰ ਸੇਵਾ ਸ਼ੁਰੂ ਹੁੰਦਿਆਂ ਹੀ ਫਰਸ਼ ਦੀ ਤੋੜ-ਭੰਨ ਸ਼ੁਰੂ ਹੋ ਗਈ ਤੇ ਸੰਗਤਾਂ ਨੇ ਟੋਕਰੀਆਂ ਰਾਹੀਂ ਮਲਬਾ ਹਟਾਉਣਾ ਸ਼ੁਰੂ ਕਰ ਦਿੱਤਾ।

# ਸ਼ਾਹੀ ਪਰੇਡ 'ਚ ਸ਼ਾਮਲ ਹੋਏ ਪਹਿਲੇ ਦਸਤਾਰਧਾਰੀ ਸਿੱਖ ਫੌਜੀ ਦੇ ਚਰਚੇ



**ਲੰਡਨ:** ਬ੍ਰਿਟੇਨ ਦੀ ਮਹਾਰਾਣੀ ਦੇ ਜਨਮ ਦਿਨ ਸਬੰਧੀ ਹੋਏ 'ਟਰੂਪਿੰਗ ਦਿ ਕਲਰ' ਸਮਾਗਮ ਵਿਚ ਫੌਜੀ (ਗਾਰਡਜ਼ਮੈਨ) ਚਰਨਪ੍ਰੀਤ ਸਿੰਘ ਲਾਲ (22) ਪਹਿਲਾ ਅਜਿਹਾ ਸੈਨਿਕ ਬਣ ਗਿਆ ਹੈ ਜਿਸ ਨੇ ਟੋਪ (ਹੈਟ) ਦੀ ਥਾਂ ਦਸਤਾਰ ਸਜਾ ਕੇ ਮਾਰਚ ਵਿਚ ਹਿੱਸਾ ਲਿਆ। ਚਰਨਪ੍ਰੀਤ ਸਿੰਘ ਸਮਾਗਮ ਦੌਰਾਨ ਹਿੱਸਾ ਲੈਣ ਵਾਲੇ ਇਕ ਹਜ਼ਾਰ ਸੈਨਿਕਾਂ ਵਿਚੋਂ ਇਕਲੌਤਾ ਦਸਤਾਰਧਾਰੀ ਰਿਹਾ।

ਉਨ੍ਹਾਂ ਕਾਲੇ ਰੰਗ ਦੀ ਦਸਤਾਰ ਸਜਾਈ ਕਿਉਂਕਿ ਹੋਰ ਫੌਜੀਆਂ ਦੇ ਟੋਪ ਦਾ ਰੰਗ ਵੀ ਕਾਲਾ ਸੀ। ਸਮਾਗਮ ਦੌਰਾਨ ਉਨ੍ਹਾਂ ਦੇ ਮਾਪੇ ਅਤੇ ਭੈਣ ਵੀ ਹਾਜ਼ਰ ਰਹੇ। ਨਵੇਂ ਵਿਆਹੇ ਸ਼ਾਹੀ ਜੋੜੇ ਪ੍ਰਿੰਸ ਹੈਰੀ ਅਤੇ ਉਸ ਦੀ ਪਤਨੀ ਮੇਗਨ ਮਰਕਲ ਵੀ ਸਮਾਗਮ 'ਚ ਮੌਜੂਦ ਸਨ। ਇਹ ਪਹਿਲੀ ਵਾਰ ਹੈ ਕਿ ਪਿਛਲੇ ਮਹੀਨੇ ਵਿਆਹ ਮਗਰੋਂ ਮੇਗਨ ਕਿਸੇ ਸਮਾਗਮ ਵਿਚ ਨਜ਼ਰ ਆਈ ਹੈ। ਚਰਨਪ੍ਰੀਤ ਸਿੰਘ ਬਚਪਨ ਵਿਚ ਹੀ ਭਾਰਤ ਤੋਂ ਇੰਗਲੈਂਡ ਆ ਗਿਆ ਸੀ ਅਤੇ ਇਥੇ ਲੈਸਟਰ 'ਚ ਰਹਿੰਦਾ ਹੈ। ਚਰਨਪ੍ਰੀਤ ਨੇ ਕਿਹਾ ਕਿ ਮਾਰਚ 'ਚ ਪੱਗ ਬੰਨ੍ਹ ਕੇ ਹਿੱਸਾ ਲੈਣ ਵਾਲਾ ਪਹਿਲਾ ਸਿੱਖ ਵਿਅਕਤੀ ਬਣਨਾ ਉਸ ਲਈ ਮਾਣ ਵਾਲੀ ਗੱਲ ਹੈ।

ਉਨ੍ਹਾਂ ਆਸ ਜਤਾਈ ਕਿ ਲੋਕ ਇਸ ਘਟਨਾਕ੍ਰਮ ਨੂੰ ਇਤਿਹਾਸ 'ਚ ਬਦਲਾਅ ਵਜੋਂ ਦੇਖਣਗੇ। ਉਨ੍ਹਾਂ ਕਿਹਾ,"ਮੈਂ ਆਸ ਕਰਦਾ ਹਾਂ ਕਿ ਮੇਰੇ ਵਾਂਗ ਹੋਰ ਲੋਕ ਨਾ ਸਿਰਫ ਸਿੱਖ ਸਗੋਂ ਹੋਰ ਧਰਮਾਂ ਅਤੇ ਵੱਖਰੇ ਪਿਛੋਕੜਾਂ ਵਾਲੇ ਲੋਕ ਫੌਜ ਵਿਚ ਸ਼ਾਮਲ ਹੋਣ ਨੂੰ ਤਰਜੀਹ ਦੇਣਗੇ।" ਮਹਾਰਾਣੀ ਐਲਿਜ਼ਾਬੈੱਥ ਦੂਜੀ ਦਾ ਅਸਲ ਜਨਮ ਦਿਨ 21 ਅਪਰੈਲ ਨੂੰ ਮਨਾਇਆ ਜਾਂਦਾ ਹੈ ਅਤੇ 'ਟਰੂਪਿੰਗ ਆਫ ਦਿ ਕਲਰ' ਸਮਾਗਮ ਜੂਨ ਦੇ ਕਿਸੇ ਵੀ ਸਨਿਚਰਵਾਰ ਨੂੰ ਮਨਾਇਆ ਜਾਂਦਾ ਹੈ।

### *33 ਪਰਵਾਸੀ ਭਾਰਤੀਆਂ ਨੂੰ ਸਨਮਾਨ*

**ਲੰਡਨ:** ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈੱਥ ਦੇ ਜਨਮ ਦਿਨ ਮੌਕੇ ਵਕਾਰੀ ਸਨਮਾਨ ਪ੍ਰਾਪਤ ਕਰਨ ਵਾਲੇ ਬਰਤਾਨਵੀ ਨਾਗਰਿਕਾਂ ਦੀ ਸੂਚੀ ਵਿਚ 33 ਪਰਵਾਸੀ ਭਾਰਤੀ ਵੀ ਸ਼ਾਮਲ ਹਨ। ਇਸ ਸੂਚੀ ਵਿਚ ਪ੍ਰਸਿੱਧ ਸਰਜਨ ਸਤਿਆਜੀਤ ਭੱਟਾਚਾਰੀਆ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਦਾ ਲੈਫਟੀਨੈਂਟ ਆਫ ਦਿ ਰੌਇਲ ਵਿਕਟੋਰੀਅਨ ਆਰਡਰ (ਐਲ.ਵੀ.ਓ.) ਨਾਲ ਸਨਮਾਨ ਹੋ ਰਿਹਾ ਹੈ। ਇਸ ਤੋਂ ਇਲਾਵਾ ਫਿਜ਼ੀਸ਼ੀਅਨ ਜਸਵਿੰਦਰ ਸਿੰਘ ਬਮਰ੍ਹਾ ਦਾ ਸੀ.ਬੀ.ਈ. ਨਾਲ ਸਨਮਾਨ ਹੋਵੇਗਾ। ਪੁਰਸਕਾਰ ਹਾਸਲ ਕਰਨ ਵਾਲਿਆਂ ਵਿਚ ਪ੍ਰਗਣ ਸਿੰਘ ਚੀਮਾ, ਅਮਨਦੀਪ ਸਿੰਘ ਮਾਦੜਾ, ਮਨੋਜ ਕੁਮਾਰ ਬਾਦਾਲੇ, ਸੋਨੀਆ ਕੁਮਾਰੀ ਦੇ ਨਾਂ ਸ਼ਾਮਲ ਹਨ।

ਦੋ ਡਾਕਟਰਾਂ ਤੋਂ ਇਲਾਵਾ ਕੁੱਲ ਗਿਆਰਾਂ ਪਰਵਾਸੀ ਭਾਰਤੀਆਂ ਨੂੰ ਓਬੀਈਜ਼ (ਆਫੀਸਰ ਆਫ ਦਿ ਮੋਸਟ ਐਗਜ਼ੇਲੈਂਟ ਆਰਡਰ ਆਫ ਬ੍ਰਿਟਿਸ਼ ਅੰਪਾਇਰ), 14 ਨੂੰ ਐਬੀਈਜ਼ (ਮੈਂਬਰਜ਼ ਆਫ ਮੋਸਟ ਐਗਜ਼ੇਲੈਂਟ ਆਰਡਰ ਆਫ ਬ੍ਰਿਟਿਸ਼ ਅੰਪਾਇਰ) ਅਤੇ ਛੇ ਨੂੰ ਬੀਈਐਮਜ਼ (ਬ੍ਰਿਟਿਸ਼ ਅੰਪਾਇਰ ਮੈਡਲ) ਦੇ ਨਾਲ ਨਿਵਾਜਿਆ ਜਾ ਰਿਹਾ ਹੈ। ਐਮਬੀਈਜ਼ ਹਾਸਲ ਕਰਨ ਵਾਲਿਆਂ ਵਿਚ ਓਪਿੰਦਰਜੀਤ ਕੌਰ ਤੱਖੜ, ਜਗਦੇਵ ਸਿੰਘ ਵਿਰਦੀ, ਸੁਨੀਲ ਰੱਤੂ ਦੇ ਨਾਂ ਸ਼ਾਮਲ ਹਨ।

## *ਓਂਟਾਰੀਓ ਚੋਣਾਂ*

# ਸਿੱਖ ਉਮੀਦਵਾਰਾਂ ਦੀ ਬੱਲੇ-ਬੱਲੇ, ਟੋਰੀ ਪਾਰਟੀ ਦੀ ਹੂੰਝਾਫੇਰ ਜਿੱਤ

**ਬਰੈਂਪਟਨ:** ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਓਂਟਾਰੀਓ ਦੀਆਂ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ (ਟੋਰੀ) ਨੇ ਲਿਬਰਲ ਪਾਰਟੀ ਦਾ ਪਿਛਲੇ 15 ਵਰ੍ਹਿਆਂ ਦਾ ਹਕੂਮਤੀ ਗੜ੍ਹ ਤੋੜਦਿਆਂ ਬਹੁਮਤ ਹਾਸਲ ਕੀਤਾ ਹੈ। ਸਾਬਕਾ ਸਿਟੀ ਕੌਂਸਲਰ ਡੱਗ ਫੋਰਡ ਸੂਬੇ ਦੇ ਅਗਲੇ ਮੁੱਖ ਮੰਤਰੀ ਹੋਣਗੇ। ਕੰਜ਼ਰਵੇਟਿਵ ਪਾਰਟੀ ਨੂੰ 76, ਐਨ.ਡੀ.ਪੀ. ਨੂੰ 40 ਤੇ 2014 'ਚ 53 ਸੀਟਾਂ ਦਾ ਬਹੁਮਤ ਲੈਣ ਵਾਲੇ ਲਿਬਰਲਾਂ ਨੂੰ ਸਿਰਫ 7 ਸੀਟਾਂ ਮਿਲੀਆਂ ਹਨ। ਪਹਿਲੀ ਵਾਰ ਗਰੀਨ ਪਾਰਟੀ ਵੀ ਇਕ ਸੀਟ ਲੈਣ ਵਿਚ ਕਾਮਯਾਬ ਰਹੀ। ਕੁਝ ਹਫਤੇ ਪਹਿਲਾਂ ਸਰਵੇਖਣਾਂ ਵਿਚ ਅੱਗੇ ਚੱਲ ਰਹੀ ਐਨ.ਡੀ.ਪੀ. ਨੂੰ ਆਸ ਤੋਂ ਉਲਟ ਹੁੰਗਾਰਾ ਮਿਲਿਆ ਤੇ ਉਸ ਨੂੰ ਮੁੱਖ ਵਿਰੋਧੀ ਧਿਰ ਵਜੋਂ ਗੁਜ਼ਾਰਾ ਕਰਨਾ ਪਵੇਗਾ। ਲਿਬਰਲ ਪਾਰਟੀ ਦੀ ਲੀਡਰ ਅਤੇ ਸਾਬਕਾ ਮੁੱਖ ਮੰਤਰੀ ਬੀਬੀ ਕੈਥਲਿਨ ਵਿਨ ਨੇ ਪਾਰਟੀ ਦੀ ਬੁਰੀ ਹਾਰ ਦੀ ਨਮੋਸ਼ੀ ਕਾਰਨ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ।

ਬਰੈਂਪਟਨ, ਮਿਸੀਸਾਗਾ ਤੇ ਮਿਲਟਨ ਦੇ ਹਲਕਿਆਂ ਵਿਚ ਤਿੰਨੋਂ ਪਾਰਟੀਆਂ ਵੱਲੋਂ ਖੜ੍ਹੇ ਡੇਢ ਦਰਜਨ ਪੰਜਾਬੀ ਉਮੀਦਵਾਰਾਂ ਵਿਚੋਂ 6 ਨੂੰ ਕਾਮਯਾਬੀ ਨਸੀਬ ਹੋਈ ਹੈ। ਟੋਰੀਆਂ ਦੇ ਹੱਕ ਵਿਚ ਚੱਲੀ ਹਨੇਰੀ ਨੇ ਬਰੈਂਪਟਨ ਵਿਚ ਲਿਬਰਲ ਪਾਰਟੀ ਦਾ ਸਫਾਇਆ ਕਰ ਦਿੱਤਾ ਹੈ, ਜਿਥੇ ਪੁਰਾਣੇ ਵਿਧਾਇਕ ਹਰਿੰਦਰ ਮੱਲ੍ਹੀ, ਵਿੱਕ ਢਿੱਲੋਂ ਤੇ ਅੰਮ੍ਰਿਤ ਮਾਂਗਟ ਬੁਰੀ ਤਰ੍ਹਾਂ ਹਾਰ ਗਏ। ਐਨ.ਡੀ.ਪੀ. ਦੇ ਕੌਮੀ ਲੀਡਰ ਜਗਮੀਤ ਸਿੰਘ ਦੇ ਭਰਾ ਗੁਰਰਤਨ ਸਿੰਘ ਤੋਂ ਇਲਾਵਾ ਟੋਰੀ ਪਾਰਟੀ ਦੇ ਪ੍ਰਭਮੀਤ ਸਰਕਾਰੀਆ, ਦੀਪਕ ਆਨੰਦ, ਅਮਰਜੋਤ ਸੰਧੂ, ਪਰਮ ਗਿੱਲ ਤੇ ਨੀਨਾ ਤਾਂਗੜੀ ਜੇਤੂ ਰਹੇ ਹਨ। ਐਨ.ਡੀ.ਪੀ. ਦੀ ਸਾਰਾ ਸਿੰਘ ਨੇ ਵੀ ਜਿੱਤ ਹਾਸਲ ਕੀਤੀ ਹੈ।

ਹਾਰਨ ਵਾਲਿਆਂ ਵਿਚ ਡਾ. ਪਰਮਿੰਦਰ ਸਿੰਘ, ਸੁਖਵੰਤ ਠੇਠੀ, ਦੀਪਕਾ ਦਮਰਲਾ, ਇੰਦਰਾ ਨਾਇਡੂ, ਰੂਬੀ ਤੂਰ (ਲਿਬਰਲ), ਰਿਪੁਦਮਨ ਢਿੱਲੋਂ, ਹਰਜੀਤ ਜਸਵਾਲ, ਸੁਦੀਪ ਵਰਮਾ (ਟੋਰੀ), ਜਗਰੂਪ ਸਿੰਘ ਤੇ ਪਰਮਜੀਤ ਗਿੱਲ (ਐਨਡੀਪੀ) ਵੀ ਸ਼ਾਮਲ ਹਨ। ਇਸ ਵਾਰ 42ਵੀਂ ਵਿਧਾਨ ਸਭਾ ਦੀਆਂ 124 ਸੀਟਾਂ ਲਈ 28 ਪਾਰਟੀਆਂ ਦੇ 825 ਉਮੀਦਵਾਰ ਖੜ੍ਹੇ ਸਨ। ਸੂਬੇ ਵਿਚ ਕੁੱਲ 98 ਲੱਖ ਵੋਟਰ ਹਨ। ਐਤਕੀਂ ਮਹਿਲਾ ਉਮੀਦਵਾਰਾਂ ਦਾ ਵੀ ਰਿਕਾਰਡ ਰਿਹਾ। ਐਨ.ਡੀ.ਪੀ. ਨੇ 69, ਲਿਬਰਲਾਂ ਨੇ 53 ਤੇ ਟੋਰੀ ਪਾਰਟੀ ਨੇ 41 ਮਹਿਲਾ ਉਮੀਦਵਾਰ ਖੜ੍ਹੇ ਕੀਤੇ ਸਨ।



# ਪਾਕਿਸਤਾਨ ਚੋਣਾਂ: ਜਮਾਤ ਉਦ ਦਾਵਾ ਉਤਾਰੇਗੀ 200 ਉਮੀਦਵਾਰ

**ਇਸਲਾਮਾਬਾਦ:** ਮੁੰਬਈ ਹਮਲੇ ਦੇ ਮਾਸਟਰਮਾਈਂਡ ਹਾਫਿਜ਼ ਸਈਦ ਦੀ 'ਜਮਾਤ ਉਦ ਦਾਵਾ' (ਜੇ.ਯੂ.ਡੀ.) 25 ਜੁਲਾਈ ਨੂੰ ਕੌਮੀ ਅਤੇ ਸੂਬਾਈ ਸੀਟਾਂ ਉਤੇ ਹੋਣ ਵਾਲੀਆਂ ਆਮ ਚੋਣਾਂ ਲਈ 200 ਉਮੀਦਵਾਰ ਮੈਦਾਨ ਵਿਚ ਉਤਾਰੇਗੀ। ਸਈਦ ਨੇ ਆਪ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਲਸ਼ਕਰ ਏ ਤਇਬਾ ਅਤਿਵਾਦੀ ਧੜੇ ਦੇ ਮੋਹਰੀ ਫਰੰਟ ਜਮਾਤ ਉਦ ਦਾਵਾ ਨੇ ਆਪਣੀ ਰਾਜਨੀਤਕ ਪਾਰਟੀ 'ਮਿਲੀ ਮੁਸਲਿਮ ਲੀਗ' (ਐਮ.ਐਮ.ਐਲ.) ਬਣਾਈ ਹੈ ਜੋ ਹਾਲੇ ਤੱਕ ਪਾਕਿਸਤਾਨ ਚੋਣ ਕਮਿਸ਼ਨ ਕੋਲ ਰਜਿਸਟਰਡ ਨਹੀਂ ਹੋਈ। ਚੋਣਾਂ ਨੇੜੇ ਆਉਂਦੇ ਦੇਖ ਗਰੁੱਪ ਨੇ ਇਕ ਗੈਰ ਸਰਗਰਮ ਰਾਜਨੀਤਕ ਪਾਰਟੀ 'ਅੱਲਾ ਹੂ ਅਕਬਰ ਤਹਿਰੀਕ' (ਏ.ਏ.ਟੀ.)ਦੇ ਨਾਂ ਉਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਜੇ.ਯੂ.ਡੀ. ਕਾਰਕੁਨਾਂ ਅਤੇ ਸਮਰਥਕਾਂ ਨੇ ਪਾਕਿ ਚੋਣ ਕਮਿਸ਼ਨ ਤੋਂ ਨਾਮਜ਼ਦਗੀ ਕਾਗਜ਼ ਹਾਸਲ ਕਰ ਲਏ ਹਨ ਅਤੇ ਉਹ ਏ.ਏ.ਟੀ. ਵੱਲੋਂ ਉਮੀਦਵਾਰ ਉਤਾਰ ਰਹੇ ਹਨ। ਮਿਲੀ ਮੁਸਲਿਮ ਲੀਗ ਦੇ ਬੁਲਾਰੇ ਅਹਿਮਦ ਨਦੀਮ ਨੇ ਦੱਸਿਆ ਕਿ ਐਮ.ਐਮ.ਐਲ. ਪ੍ਰਧਾਨ ਸੈਫੁੱਲਾ ਖਾਲਿਦ ਅਤੇ ਏ.ਏ.ਟੀ. ਚੀਫ ਅਹਿਸਾਨ ਬਾਰੀ ਏ.ਏ.ਟੀ. ਵੱਲੋਂ ਸਾਂਝੇ ਉਮੀਦਵਾਰ ਉਤਾਰਨ ਲਈ ਰਾਜ਼ੀ ਹੋ ਗਏ ਹਨ। ਸਮਝੌਤੇ ਤਹਿਤ ਐਮ.ਐਮ.ਐਲ. 200 ਤੋਂ ਵਧ ਉਮੀਦਵਾਰ ਮੈਦਾਨ ਵਿਚ ਉਤਾਰੇਗੀ।

### *ਇਮਰਾਨ ਖਾਨ ਉਤੇ 5 ਅਰਬ ਦਾ ਮਾਨਹਾਨੀ ਮੁਕੱਦਮਾ*

**ਪਿਸ਼ਾਵਰ:** ਪਾਕਿਸਤਾਨ ਤਹਿਰੀਕ-ਏ-ਇਨਸਾਫ ਮੁਖੀ ਇਮਰਾਨ ਖਾਨ ਖਿਲਾਫ ਇਕ ਸਾਬਕਾ ਵਿਧਾਇਕ ਨੇ 5 ਅਰਬ ਰੁਪਏ ਦਾ ਮਾਨਹਾਨੀ ਦਾ ਮੁਕੱਦਮਾ ਦਰਜ ਕੀਤਾ ਹੈ। ਇਸ ਸਾਲ ਹੋਈਆਂ ਚੋਣਾਂ ਦੌਰਾਨ ਸਾਬਕਾ ਵਿਧਾਇਕ ਉਤੇ ਉਨ੍ਹਾਂ ਦੀ ਪਾਰਟੀ ਨੇ ਪੈਸੇ ਲੈ ਕੇ ਵਿਕਣ ਦਾ ਦੋਸ਼ ਲਾਇਆ ਸੀ।

ਡਾਨ ਅਖਬਾਰ ਦੀ ਖਬਰ ਮੁਤਾਬਕ ਖੈਬਰ ਪਖਤੂਨਵਾ ਵਿਧਾਨ ਸਭਾ ਦੀ ਸਾਬਕਾ ਵਿਧਾਇਕਾ ਬੀਬੀ ਫੁਜ਼ੀਆ ਨੇ ਪਿਸ਼ਾਵਰ ਜ਼ਿਲਾ ਅਦਾਲਤ 'ਚ ਮਾਨਹਾਨੀ ਦਾ ਮੁਕੱਦਮਾ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਖਾਨ ਦੇ ਬੇਇੱਜ਼ਤੀ ਵਾਲੇ ਬਿਆਨ ਨੇ ਉਨ੍ਹਾਂ ਦੇ ਰਾਜਨੀਤਕ, ਸਮਾਜਵਾਦੀ ਅਤੇ ਪਰਿਵਾਰਕ ਜੀਵਨ ਨੂੰ ਬਰਬਾਦ ਕਰ ਦਿੱਤਾ ਹੈ।

# ਦੁਨੀਆਂ 'ਚ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਸੀ.ਈ.ਓ. ਬਣੇ ਨਿਕੇਸ਼ ਅਰੋੜਾ




**ਨਵੀਂ ਦਿੱਲੀ:** ਗੂਗਲ, ਸੋਫਟਬੈਂਕ ਵਰਗੀਆਂ ਵੱਡੀਆਂ ਕੰਪਨੀਆਂ 'ਚ ਕੰਮ ਕਰਨ ਵਾਲੇ ਨਿਕੇਸ਼ ਅਰੋੜਾ ਇਕਲੌਤੇ ਅਜਿਹੇ ਭਾਰਤੀ ਹਨ, ਜੋ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਤਨਖਾਹ ਲੈਣ ਵਾਲੇ ਸੀ.ਈ.ਓ. ਬਣ ਗਏ ਹਨ। ਫਿਲਹਾਲ ਨਿਕੇਸ਼ ਅਰੋੜਾ ਪਾਲੋ ਆਲਟੋ ਨੈਟਵਰਕ ਦੇ ਨਵੇਂ ਸੀ.ਈ.ਓ. ਬਣਾਏ ਗਏ ਹਨ। ਉਨ੍ਹਾਂ ਦੀ ਸਾਲਾਨਾ ਤਨਖਾਹ 12.8 ਕਰੋੜ ਡਾਲਰ (ਕਰੀਬ 857 ਕਰੋੜ ਰੁਪਏ) ਹੈ। ਨਿਕੇਸ਼ ਨੂੰ ਤਨਖਾਹ ਦੇ ਰੂਪ 'ਚ 6.7 ਕਰੋੜ ਰੁਪਏ ਮਿਲਣਗੇ। ਨਾਲ ਹੀ ਉਨ੍ਹਾਂ ਨੂੰ ਸਾਲਾਨਾ ਬੋਨਸ ਵੀ ਮਿਲੇਗਾ।

ਇਸ ਤੋਂ ਇਲਾਵਾ ਕੰਪਨੀ 'ਚ 268 ਕਰੋੜ ਰੁਪਏ ਦੇ ਸ਼ੇਅਰ ਮਿਲਣਗੇ, ਹਾਲਾਂਕਿ ਇਹ ਸ਼ੇਅਰ ਉਹ 7 ਸਾਲ ਤੱਕ ਨਹੀਂ ਵੇਚ ਸਕਣਗੇ। ਸੂਤਰਾਂ ਮੁਤਾਬਕ ਜੇਕਰ ਸ਼ੇਅਰਾਂ ਦੀ ਕੀਮਤ ਇਕ ਸਾਲ 'ਚ 300 ਫੀਸਦੀ ਵਧਦੀ ਹੈ ਤਾਂ ਸ਼ੇਅਰਾਂ ਦੀ ਕੀਮਤ 442 ਕਰੋੜ ਰੁਪਏ ਹੋ ਜਾਵੇਗੀ। ਇਸ ਤੋਂ ਇਲਾਵਾ ਨਿਕੇਸ਼ ਆਪਣੇ ਪੈਸਿਆਂ ਤੋਂ ਵੀ ਪਾਲੋ ਆਲਟੋ 'ਚ 134 ਕਰੋੜ ਰੁਪਏ ਦੇ ਸ਼ੇਅਰ ਖਰੀਦ ਸਕਦੇ ਹਨ, ਹਾਲਾਂਕਿ ਇਹ ਸ਼ੇਅਰ ਵੀ ਉਹ 7 ਸਾਲ ਤੱਕ ਨਹੀਂ ਵੇਚ ਸਕਣਗੇ।

# ਆਈ.ਐਸ.ਆਈ. ਇਕੱਠੇ ਕਰ ਰਹੀ ਹੈ 500 ਤੇ 1000 ਦੇ ਪੁਰਾਣੇ ਨੋਟ

**ਨਵੀਂ ਦਿੱਲੀ:** ਭਾਰਤ ਦੀ ਖੁਫੀਆ ਜਾਂਚ ਏਜੰਸੀਆਂ ਨੇ ਬੰਦ ਹੋ ਚੁੱਕੇ 500 ਤੇ 1000 ਰੁਪਏ ਦੇ ਨੋਟਾਂ ਦੀ ਹੋ ਰਹੀ ਲਗਾਤਾਰ ਬਰਾਮਦੀ ਦੀ ਗੁੱਥੀ ਸੁਲਝਾ ਲਈ ਹੈ। ਜਾਂਚ ਏਜੰਸੀਆਂ ਨੇ ਆਪਣੀ ਰਿਪੋਰਟ ਰਾਹੀਂ ਦੱਸਿਆ ਹੈ ਕਿ ਪਾਕਿਸਤਾਨ ਦੀ ਆਈ.ਐਸ.ਆਈ. (ਇੰਟਰ ਸਰਵਿਸਿਜ਼ ਇੰਟੈਲੀਜੈਂਸ) ਭਾਰਤ 'ਚ ਬੰਦ ਹੋਏ ਨੋਟਾਂ ਨੂੰ ਖਰੀਦ ਰਹੀ ਹੈ। ਏਜੰਸੀਆਂ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਕਾਰੋਬਾਰ ਵਿਚ ਲੱਗੇ ਵਿਅਕਤੀ ਨਿਪਾਲ ਸਰਹੱਦ ਉਤੇ ਇਨ੍ਹਾਂ ਨੋਟਾਂ ਨੂੰ ਪਹੁੰਚਾ ਰਹੇ ਹਨ ਤੇ ਉਥੋਂ ਪਾਕਿਸਤਾਨ ਦੀ ਏ.ਐਸ.ਆਈ. ਅਤੇ ਡੀ-ਕੰਪਨੀ ਕਰਾਚੀ ਤੇ ਪਿਸ਼ਾਵਰ ਵਿਚ ਲੱਗੇ ਛਾਪੇਖਾਨੇ ਤੱਕ ਪਹੁੰਚਾਉਂਦੀਆਂ ਹਨ।



ਇਨ੍ਹਾਂ ਛਾਪੇਖਾਨਿਆਂ ਵਿਚੋਂ ਹੀ ਪਾਕਿਸਤਾਨ ਦੇ ਨੋਟਾਂ ਦੀ ਛਪਾਈ ਵੀ ਹੁੰਦੀ ਹੈ, ਇਸ ਜਗ੍ਹਾ ਉਤੇ ਕੰਮ ਕਰਦੇ ਮਾਹਿਰ ਵਿਅਕਤੀ ਭਾਰਤੀ ਰਿਜ਼ਰਵ ਬੈਂਕ ਦੀ ਤਾਰ ਕੱਢ ਕੇ 500 ਤੇ 2000 ਦੇ ਜਾਅਲੀ ਨੋਟਾਂ ਵਿਚ ਲਗਾ ਦਿੰਦੇ ਹਨ ਤਾਂ ਜੋ ਨਕਲੀ ਅਤੇ ਅਸਲੀ ਨੋਟ ਦਾ ਫਰਕ ਪਤਾ ਨਾ ਚੱਲ ਸਕੇ। ਫਿਰ ਇਨ੍ਹਾਂ ਛਾਪੇਖਾਨਿਆਂ ਤੋਂ ਤਿਆਰ ਭਾਰਤੀ ਜਾਅਲੀ ਨੋਟਾਂ ਦੀ ਨਕਲ ਨੂੰ ਡੀ-ਕੰਪਨੀ ਦੀ ਮਦਦ ਰਾਹੀਂ ਦੁਬਈ ਤੇ ਬੰਗਲਾਦੇਸ਼ ਭੇਜਿਆ ਜਾਂਦਾ ਹੈ। ਜਾਂਚ ਏਜੰਸੀਆਂ ਮੁਤਾਬਕ ਵੱਖ-ਵੱਖ ਸੂਬਿਆਂ ਤੋਂ ਜਾਅਲੀ ਨੋਟਾਂ ਦੀ ਬਰਾਮਦਗੀ ਕੀਤੀ ਜਾ ਚੁੱਕੀ ਹੈ। ਇਨ੍ਹਾਂ ਮਾਮਲਿਆਂ 'ਚ ਫੜੇ ਗਏ ਤਸਕਰਾਂ ਤੋਂ ਇਨ੍ਹਾਂ ਗੱਲਾਂ ਦਾ ਖੁਲਾਸਾ ਹੋਇਆ ਹੈ ਕਿ ਪਾਕਿਸਤਾਨ ਦੇ ਸਮਗਲਰ ਇਨ੍ਹਾਂ ਤਸਕਰਾਂ ਕੋਲੋਂ ਜਾਅਲੀ ਨੋਟ ਖਰੀਦਣ ਦੇ ਬਦਲੇ ਉਨ੍ਹਾਂ ਨੂੰ ਪੈਸੇ ਦਿੰਦੇ ਹਨ।

### *ਕਰਨਾਟਕ: 8ਵੀਂ ਪਾਸ ਬਣਿਆ ਉਚੇਰੀ ਸਿੱਖਿਆ ਮੰਤਰੀ*

**ਬੰਗਲੌਰ:** ਕਰਨਾਟਕ ਦੇ ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ ਵੱਲੋਂ ਅੱਠਵੀਂ ਪਾਸ ਨੂੰ ਉਚੇਰੀ ਸਿੱਖਿਆ ਮੰਤਰਾਲਾ ਦਿੱਤੇ ਜਾਣ ਉਤੇ ਰੌਲਾ ਪੈ ਗਿਆ ਹੈ। ਮੁੱਖ ਮੰਤਰੀ ਤੋਂ ਇਸ ਸਬੰਧੀ ਸਵਾਲ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ,"ਮੈਂ ਕਿੰਨਾ ਕੁ ਪੜ੍ਹਿਆ ਹਾਂ ਪਰ ਮੈਂ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਰਿਹਾ ਹਾਂ।" ਜ਼ਿਕਰਯੋਗ ਹੈ ਕਿ ਜਨਤਾ ਦਲ (ਐਸ) ਦੇ ਜੀ.ਟੀ. ਦੇਵਗੌੜਾ ਨੂੰ ਉਚੇਰੀ ਸਿੱਖਿਆ ਦਾ ਅਹੁਦਾ ਦਿੱਤਾ ਗਿਆ ਹੈ ਅਤੇ ਕੁਮਾਰਸਵਾਮੀ ਖੁਦ ਬੀ.ਐਸ.ਸੀ. ਪਾਸ ਹਨ।

# ਜਹਾਜ਼ 'ਚ ਬੰਬ ਦਾ ਰੌਲਾ ਪਾਉਣ ਵਾਲੇ ਨੂੰ 12 ਸਾਲ ਕੈਦ

**ਮੈਲਬਰਨ:** ਆਸਟਰੇਲੀਆ ਦੀ ਸੂਬਾਈ ਅਦਾਲਤ ਨੇ ਜਹਾਜ਼ ਨੂੰ ਬੰਬ ਨਾਲ ਉਡਾ ਦੇਣ ਦਾ ਰੌਲਾ ਪਾਉਣ ਵਾਲੇ ਵਿਅਕਤੀ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸ੍ਰੀਲੰਕਾਈ ਮੂਲ ਦੇ ਇਸ ਵਿਅਕਤੀ ਨੂੰ ਇਸ ਕਾਰੇ ਲਈ ਵਿਕਟੋਰੀਆ ਦੀ ਕਚਹਿਰੀ ਵਿਚ ਸਜ਼ਾ ਸੁਣਾਈ ਗਈ। ਇਹ ਘਟਨਾ ਪਿਛਲੇ ਸਾਲ ਦੀ ਹੈ ਜਦੋਂ ਮੈਲਬਰਨ ਕੌਮਾਂਤਰੀ ਹਵਾਈ ਅੱਡੇ ਤੋਂ ਕੁਆਲਾਲੰਪੁਰ ਲਈ ਉਡੇ ਮਲੇਸ਼ੀਅਨ ਏਅਰਲਾਈਨਜ਼ ਦੇ ਜਹਾਜ਼ ਐਮ.ਐਚ. 128 ਵਿਚ ਬੰਬ ਹੋਣ ਦੀ ਅਫਵਾਹ ਕਾਰਨ ਮੋੜ ਕੇ ਵਾਪਸ ਉਤਾਰਨਾ ਪਿਆ ਸੀ।

ਵਿਦਿਆਰਥੀ ਵੀਜ਼ੇ ਉਤੇ ਮੁਲਕ ਵਿਚ ਰਹਿ ਰਿਹਾ ਸ੍ਰੀਲੰਕਾ ਵਾਸੀ ਮਨੋਦ ਮਾਰਕਸ (26 ਸਾਲ) ਜਹਾਜ਼ ਦੇ ਉਡਾਣ ਭਰਨ ਮਗਰੋਂ ਕੁਝ ਬਿਜਲਈ ਵਸਤਾਂ ਅਤੇ ਛੋਟੀਆਂ ਲਾਈਟਾਂ ਲਹਿਰਾ ਕੇ ਰੌਲਾ ਪਾਉਣ ਲੱਗਿਆ ਕਿ ਉਹ ਜਹਾਜ਼ ਨੂੰ ਬੰਬ ਨਾਲ ਉਡਾਉਣ ਲੱਗਿਆ ਹੈ। ਇਸ ਮੌਕੇ ਸਹਿਮੀਆਂ ਸਵਾਰੀਆਂ ਵਿਚੋਂ ਇਕ ਨੇ ਮਨੋਦ ਨੂੰ ਹੇਠਾਂ ਸੁੱਟ ਲਿਆ ਅਤੇ ਜਹਾਜ਼ ਮੁੜ ਹਵਾਈ ਅੱਡੇ ਉਤੇ ਉਤਾਰਨਾ ਪਿਆ ਸੀ। ਇਸ ਘਟਨਾ ਨੂੰ ਅਤਿਵਾਦੀ ਕਾਰਵਾਈ ਸਮਝਦਿਆਂ ਪੁਲਿਸ ਕਰੀਬ ਡੇਢ ਘੰਟੇ ਦੀ ਦੇਰੀ ਮਗਰੋਂ ਜਹਾਜ਼ ਵਿਚ ਦਾਖਲ ਹੋਈ।

ਪੁਲਿਸ ਨੂੰ ਬਾਅਦ ਵਿਚ ਪਤਾ ਲੱਗਿਆ ਕਿ ਮਨੋਦ ਕੋਲ ਮਹਿਜ਼ ਛੋਟੇ ਸਪੀਕਰ ਸਨ ਅਤੇ ਇਹ ਕਾਰਾ ਉਸ ਨੇ ਨਸ਼ੇ ਦੀ ਹਾਲਤ ਵਿਚ ਕੀਤਾ ਸੀ। ਕਰੀਬ ਇਕ ਸਾਲ ਮਗਰੋਂ ਇਸ ਕੇਸ ਵਿਚ ਸਥਾਨਕ ਅਦਾਲਤ ਨੇ ਮਨੋਦ ਨੂੰ 12 ਸਾਲ ਕੈਦ ਦੀ ਸਜ਼ਾ ਦਾ ਹੁਕਮ ਸੁਣਾਇਆ। ਦੋਸ਼ੀ ਮਨੋਦ ਨੌਂ ਸਾਲ ਦੀ ਕੈਦ ਕੱਟਣ ਮਗਰੋਂ ਹੀ ਪੈਰੋਲ ਲਈ ਅਰਜ਼ੀ ਲਾ ਸਕੇਗਾ।

# ਭਾਸ਼ਾ ਐਕਟ ਵੀ ਮਾਂ ਬੋਲੀ ਨੂੰ ਅਣਡਿੱਠ ਕਰਨ ਵਾਲਿਆਂ ਅੱਗੇ ਬੇਵੱਸ

**ਪਟਿਆਲਾ:** ਪੰਜਾਬੀ ਭਾਸ਼ਾ ਨੂੰ ਬਣਦਾ ਹੱਕ ਦਿਵਾਉਣ ਲਈ ਬਣਾਏ ਗਏ ਪੰਜਾਬ ਰਾਜ ਭਾਸ਼ਾ ਐਕਟ 2008 ਦੇ ਹੋਂਦ ਵਿਚ ਆਉਣ ਤੋਂ ਬਾਅਦ ਵੀ ਮਾਂ ਬੋਲੀ ਨੂੰ ਅਣਡਿੱਠ ਕਰਨ ਵਾਲੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਖਿਲਾਫ਼ ਹੁਣ ਤੱਕ ਕੋਈ ਮਿਸਾਲੀ ਕਾਰਵਾਈ ਨਹੀਂ ਹੋ ਸਕੀ, ਜਿਸ ਕਾਰਨ ਅੱਜ ਵੀ ਕਈ ਵਿਭਾਗਾਂ ਵੱਲੋਂ ਮਾਤਾ ਭਾਸ਼ਾ ਨਾਲ ਮਤਰੇਆ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੂਰੇ ਪੰਜਾਬ ਵਿਚੋਂ 2012 ਤੋਂ ਬਾਅਦ ਸਿਰਫ ਅੰਮ੍ਰਿਤਸਰ ਜਿਲ੍ਹੇ ਵਿਚੋਂ ਹੀ ਮਾਂ ਬੋਲੀ ਨਾਲ ਕੋਤਾਹੀ ਵਰਤਣ ਵਾਲੇ ਸਾਰੇ ਮਾਮਲੇ ਮਿਲੇ ਹਨ ਜਦਕਿ ਵਿਭਾਗ ਦੇ ਕਾਗਜ਼ਾਂ ਵਿਚ ਸੂਬੇ ਦੇ ਬਾਕੀ ਸਾਰੇ ਜ਼ਿਲ੍ਹਿਆਂ 'ਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਹੋ ਚੁੱਕੀ ਹੈ। ਉਕਤ ਐਕਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਭਾਸ਼ਾ ਵਿਭਾਗ ਪੰਜਾਬ ਵੱਲੋਂ ਵਿੱਢੀ ਚੈਕਿੰਗ ਮੁਹਿੰਮ 'ਚ ਪਹਿਲੇ ਹੀ ਢਾਈ ਸਾਲਾਂ ਦੌਰਾਨ 200 ਤੋਂ ਉਪਰ ਅਧਿਕਾਰੀ ਤੇ ਕਰਮਚਾਰੀ ਪੰਜਾਬੀ ਭਾਸ਼ਾ ਨਾਲ ਕੁਤਾਹੀ ਕਰਦੇ ਪਾਏ ਗਏ ਸਨ।

ਭਾਸ਼ਾ ਵਿਭਾਗ ਵੱਲੋਂ ਸ਼ੁਰੂਆਤੀ ਦੌਰ ਵਿਚ



ਵੱਖ-ਵੱਖ 3014 ਦਫਤਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਸਰਕਾਰੀ ਦਫਤਰਾਂ ਦੇ 105 ਅਧਿਕਾਰੀ ਤੇ 155 ਕਰਮਚਾਰੀ ਪੰਜਾਬੀ ਭਾਸ਼ਾ ਪ੍ਰਤੀ ਕੁਤਾਹੀ ਕਰਦੇ ਪਾਏ ਗਏ ਸਨ। ਇਸੇ ਤਰ੍ਹਾਂ ਵਿਭਾਗ ਵੱਲੋਂ 2012-13 ਦੌਰਾਨ 6 ਅਧਿਕਾਰੀ ਤੇ ਕਰਮਚਾਰੀਆਂ ਨੂੰ ਪੰਜਾਬੀ ਮਾਂ ਬੋਲੀ ਪ੍ਰਤੀ ਅਵੇਸਲੇ ਪਾਇਆ ਗਿਆ ਸੀ। ਇਹ ਸਾਰੇ ਅਧਿਕਾਰੀ ਅੰਮ੍ਰਿਤਸਰ ਜਿਲ੍ਹੇ ਨਾਲ ਸਬੰਧਤ ਸਨ। ਅਪਰੈਲ 2013 ਤੋਂ ਮਾਰਚ 2014 'ਚ ਵਿਭਾਗੀ ਪੜਤਾਲ ਦੌਰਾਨ ਇਕ ਅਧਿਕਾਰੀ ਤੇ ਇਕ ਕਰਮਚਾਰੀ ਜਦਕਿ 2014 ਤੋਂ 2015 ਤੱਕ 670 ਦਫਤਰਾਂ ਦੀ ਪੜਤਾਲ ਦੌਰਾਨ 5 ਅਧਿਕਾਰੀ ਤੇ 5 ਕਰਮਚਾਰੀ ਪੰਜਾਬੀ ਭਾਸ਼ਾ ਤੋਂ ਬੇਮੁਖ ਹੋਏ ਸਨ ਜਦਕਿ 2015-16 ਦੌਰਾਨ 581 ਦਫਤਰਾਂ ਦੀ ਪੜਤਾਲ ਦੌਰਾਨ 12 ਅਧਿਕਾਰੀ ਤੇ ਇਕ ਕਰਮਚਾਰੀ, 2016-17 ਦੀ ਪੜਤਾਲ ਦੌਰਾਨ 415 ਦਫਤਰਾਂ ਦੀ ਚੈਕਿੰਗ 'ਚ 10 ਅਧਿਕਾਰੀ ਤੇ 3 ਕਰਮਚਾਰੀ ਕੁਤਾਹੀ ਕਰਦੇ ਪਾਏ ਗਏ ਸਨ, ਜਿਨ੍ਹਾਂ ਨੂੰ ਸਿਰਫ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ ਸੀ।

ਉਕਤ ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ 2012 ਤੋਂ ਲੈ ਕੇ 2017 ਤੱਕ ਵਿਭਾਗ ਵੱਲੋਂ ਪੂਰੇ ਪੰਜਾਬ ਦੇ ਵੱਖ-ਵੱਖ ਦਫਤਰਾਂ 'ਚ ਕੀਤੀ ਅਚਨਚੇਤ ਚੈਕਿੰਗ ਦੌਰਾਨ 44 ਅਜਿਹੇ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚ ਵੱਖ-ਵੱਖ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਪੰਜਾਬੀ ਮਾਂ ਬੋਲੀ ਪ੍ਰਤੀ ਅਣਦੇਖੀ ਕੀਤੀ ਸੀ ਤੇ ਇਹ ਸਾਰੇ ਮਾਮਲੇ ਸਿਰਫ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਹਨ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਗੁਰਸ਼ਰਨ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਪੰਜਾਬੀ ਪ੍ਰਤੀ ਅਣਗਹਿਲੀ ਵਰਤਣ ਵਾਲੇ ਅਧਿਕਾਰੀ ਤੇ ਕਰਮਚਾਰੀ ਖਿਲਾਫ਼ ਲਿਖਤੀ ਤੌਰ ਉਤੇ ਭੇਜਿਆ ਜਾਂਦਾ ਹੈ।

## ਆਈ.ਆਈ.ਟੀ. ਪ੍ਰੀਖਿਆ 'ਚ ਚੰਡੀਗੜ੍ਹ ਦਾ ਪ੍ਰਣਬ ਅੱਵਲ

**ਨਵੀਂ ਦਿੱਲੀ:** ਭਾਰਤੀ ਤਕਨੀਕੀ ਸਿੱਖਿਆ ਸੰਸਥਾਵਾਂ (ਆਈ.ਆਈ.ਟੀ.) ਵੱਲੋਂ ਐਲਾਨੇ ਦਾਖਲਾ ਪ੍ਰੀਖਿਆ ਦੇ ਨਤੀਜਿਆਂ ਵਿਚ ਚੰਡੀਗੜ੍ਹ ਦੇ ਪ੍ਰਣਬ ਗੋਇਲ ਨੇ ਪੂਰੇ ਦੇਸ਼ ਵਿਚੋਂ ਪਹਿਲਾ ਰੈਂਕ ਹਾਸਲ ਕੀਤਾ ਹੈ। ਉਸ ਨੇ ਕੁੱਲ 360 ਵਿਚੋਂ 337 ਅੰਕ ਲੈ ਕੇ ਇਹ ਮਾਅਰਕਾ ਮਾਰਿਆ ਹੈ।

ਦਾਖਲਾ ਪ੍ਰੀਖਿਆ ਵਿਚ ਦੂਜਾ ਸਥਾਨ ਕੋਟਾ ਦੇ ਸਾਹਿਲ ਜੈਨ ਤੇ ਤੀਜਾ ਦਿੱਲੀ ਦੇ ਕੈਲਾਸ਼ ਗੁਪਤਾ ਨੇ ਮੱਲਿਆ ਹੈ। ਕੋਟਾ ਦੀ ਮੀਨਲ ਪਾਰੇਖ ਲੜਕੀਆਂ ਵਿਚੋਂ ਟਾਪਰ ਰਹੀ ਹੈ ਤੇ ਉਸ ਨੇ 318 ਅੰਕ ਹਾਸਲ ਕੀਤੇ ਹਨ। ਦੇਸ਼ ਭਰ ਵਿਚ 20 ਮਈ ਨੂੰ ਕਰੀਬ 1.55 ਲੱਖ ਵਿਦਿਆਰਥੀਆਂ ਨੇ ਜੇ.ਈ.ਈ. ਐਡਵਾਂਸਡ ਪ੍ਰੀਖਿਆ ਦਿੱਤੀ ਸੀ, ਜਿਸ ਵਿਚੋਂ 18,138 ਵਿਦਿਆਰਥੀ ਕੁਆਲੀਫਾਈ ਹੋਏ ਸਨ।

## ਸੈਕਸ ਸਕੈਂਡਲ: ਸਾਬਕਾ ਡੀ.ਆਈ.ਜੀ. ਸਣੇ ਪੰਜ ਨੂੰ 10-10 ਸਾਲ ਕੈਦ

**ਚੰਡੀਗੜ੍ਹ:** ਸਾਲ 2006 ਵਿਚ ਬਹੁ-ਚਰਚਿਤ ਰਹੇ ਜੰਮੂ-ਕਸ਼ਮੀਰ ਸੈਕਸ ਸਕੈਂਡਲ ਮਾਮਲੇ ਵਿਚ ਅਦਾਲਤ ਨੇ ਬੀ.ਐਸ.ਐਫ. ਦੇ ਸਾਬਕਾ ਡੀ.ਆਈ.ਜੀ., ਜੰਮੂ-ਕਸ਼ਮੀਰ ਪੁਲਿਸ ਦੇ ਸਾਬਕਾ ਡੀ.ਐਸ.ਪੀ. ਸਮੇਤ ਪੰਜ ਲੋਕਾਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸੀ.ਬੀ.ਆਈ. ਦੀ ਵਿਸ਼ੇਸ਼ ਜੱਜ ਗਗਨ ਗੀਤ ਕੌਰ ਵੱਲੋਂ ਸੁਣਾਏ ਫੈਸਲੇ ਅਨੁਸਾਰ ਸਜ਼ਾ ਪਾਉਣ ਵਾਲਿਆਂ ਵਿਚ ਡੀ.ਆਈ.ਜੀ. ਕੇ.ਸੀ. ਪਾਂਧੀ, ਡੀ.ਐਸ.ਪੀ. ਮੁਹੰਮਦ ਅਸ਼ਰਫ ਮੀਰ, ਮਸੂਰ ਅਹਿਮਦ ਉਰਫ ਮਕਸੂਦ, ਸ਼ਬੀਰ ਅਹਿਮਦ ਲੰਗੂ ਅਤੇ ਸ਼ਬੀਰ ਅਹਿਮਦ ਸ਼ਾਮਲ ਹਨ। ਜੂਨ ਨੂੰ ਦੋਸ਼ੀਆਂ ਦੇ ਬਚਾਅ ਪੱਖ ਨੇ ਉਨ੍ਹਾਂ ਦੀ ਸਜ਼ਾ ਵਿਚ ਨਰਮੀ ਵਰਤਣ ਲਈ ਅਦਾਲਤ ਨੂੰ ਅਪੀਲ ਕੀਤੀ ਸੀ।

ਡੀ.ਆਈ.ਜੀ. ਕੇ.ਸੀ. ਪਾਂਧੀ ਦੇ ਬਚਾਅ ਪੱਖ ਨੇ ਅਦਾਲਤ ਵਿਚ ਕਿਹਾ ਕਿ ਡੀ.ਆਈ.ਜੀ. ਨੇ ਬੀ.ਐਸ.ਐਫ. ਵਿਚ ਤਾਇਨਾਤ ਰਹਿ ਕੇ 40 ਦੇ ਕਰੀਬ ਅਤਿਵਾਦੀਆਂ ਨੂੰ ਖਤਮ ਕੀਤਾ ਹੈ। ਉਨ੍ਹਾਂ ਨੇ ਦੇਸ਼ ਦੀ ਸੁਰੱਖਿਆ ਲਈ ਅਤਿਵਾਦ ਦਾ ਮੁਕਾਬਲਾ ਕੀਤਾ, ਇਸ ਲਈ ਉਨ੍ਹਾਂ ਦੀ ਸਜ਼ਾ ਵਿਚ ਨਰਮੀ ਵਰਤਣੀ ਚਾਹੀਦੀ ਹੈ।

ਸਰਕਾਰੀ ਵਕੀਲ ਨੇ ਤਰਕ ਦਿੱਤਾ ਕਿ ਡੀ.ਆਈ.ਜੀ. ਅਤੇ ਡੀ.ਐਸ.ਪੀ. ਨੂੰ ਲੋਕਾਂ ਦੀ ਸੁਰੱਖਿਆ ਲਈ ਤਾਇਨਾਤ ਕੀਤਾ ਗਿਆ ਸੀ, ਇਸ ਲਈ ਉਨ੍ਹਾਂ ਨੂੰ ਪੀੜਤ ਲੜਕੀ ਦੀ ਸੁਰੱਖਿਆ ਕਰਨੀ ਚਾਹੀਦੀ ਸੀ। ਸਬੰਧਤ ਮਾਮਲਾ ਜੰਮੂ-ਕਸ਼ਮੀਰ ਪੁਲਿਸ ਨੇ ਰਣਬੀਰ ਪੈਨਲ ਕੋਡ ਦੀ ਧਾਰਾ 376 ਅਤੇ ਗ਼ੈਰ-ਕਾਨੂੰਨੀ ਮਨੁੱਖੀ ਤਸਕਰੀ 1956 ਦੀ ਧਾਰਾ 5 ਤਹਿਤ ਦਰਜ ਕੀਤਾ ਸੀ। 2006 ਵਿਚ ਸਾਹਮਣੇ ਆਏ ਇਸ ਮਾਮਲੇ 'ਚ ਪੀੜਤਾ ਨਾਲ ਤਿੰਨ ਸਾਲ ਤੱਕ ਜਬਰ ਜਨਾਹ ਕੀਤਾ ਗਿਆ ਸੀ। ਇਸ ਸਾਲ ਸੁਪਰੀਮ ਕੋਰਟ ਦੇ ਹੁਕਮਾਂ ਉਤੇ ਸਬੰਧਤ ਮਾਮਲਾ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ ਸੀ। ਸਬੰਧਤ ਮਾਮਲਾ ਇਕ ਵੀਡੀਓ ਕਲਿੱਪ ਦੇ ਮਿਲਣ ਉਤੇ ਸਾਹਮਣੇ ਆਇਆ ਸੀ। ਮਾਰਚ 2006 ਦੇ ਇਸ ਮਾਮਲੇ 'ਚ ਸ੍ਰੀਨਗਰ ਦੇ ਰਹਿਣ ਵਾਲੇ ਬਾਸ਼ਿਰ ਅਹਿਮਦ ਨੂੰ ਕਿਸੇ ਬੱਚੇ ਤੋਂ ਇਕ ਗੰਦੀ ਵੀਡੀਓ ਮਿਲੀ ਜਿਸ ਵਿਚ ਉਨ੍ਹਾਂ ਦੇ ਮੁਹੱਲੇ ਦੀ ਰਹਿਣ ਵਾਲੀ ਇਕ ਲੜਕੀ ਸੀ। ਉਨ੍ਹਾਂ ਨੇ ਕਲਿੱਪ ਸਮਾਜ ਸੁਧਾਰਕ ਕਮੇਟੀ ਨੂੰ ਦੇ ਦਿੱਤਾ ਜਿਸ ਦੇ ਬਾਅਦ ਉਸ ਵੀਡੀਓ ਦੀ ਸੀ.ਡੀ. ਬਣਾ ਕੇ ਪੁਲਿਸ ਨੂੰ ਦਿੱਤੀ ਗਈ। ਪੁਲਿਸ ਜਾਂਚ 'ਚ ਪਤਾ ਲੱਗਿਆ ਸੀ ਕਿ ਸਬੀਨਾ ਨਾਂ ਦੀ ਇਕ ਔਰਤ ਆਪਣੇ ਘਰ ਵਿਚ ਦੇਹ ਵਪਾਰ ਦਾ ਧੰਦਾ ਚਲਾ ਰਹੀ ਹੈ ਅਤੇ ਪੀੜਤਾ ਨਾਲ ਵੀ ਉਥੇ ਹੀ ਜਬਰ ਜਨਾਹ ਹੋਇਆ ਸੀ।

## ਮੋਦੀ ਰਾਜ 'ਚ ਸ਼ੀਲਾ ਦੀਕਸ਼ਤ ਸਰਕਾਰ ਚਲਾ ਕੇ ਦਿਖਾਵੇ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਦੀ ਮੰਗ ਨੂੰ ਲੈ ਕੇ 'ਆਪ' ਅਤੇ ਕਾਂਗਰਸ ਪਾਰਟੀ ਵਿਚ ਤੂੰ-ਤੂੰ, ਮੈਂ-ਮੈਂ ਰੁਕਣ ਦਾ ਨਾਂ ਨਹੀਂ ਲੈ ਰਹੀ। ਅਜੇ ਮਾਕਨ ਦੇ ਬਾਅਦ ਸ਼ੀਲਾ ਦੀਕਸ਼ਤ ਨੇ ਕਿਹਾ ਕਿ ਪੂਰਨ ਰਾਜ ਦਾ ਮੁੱਦਾ ਕੰਮ ਨਾ ਕਰਨ ਦਾ ਬਹਾਨਾ ਨਹੀਂ ਹੋਣਾ ਚਾਹੀਦਾ। ਇਸ ਉਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਸ਼ੀਲਾ ਦੀਕਸ਼ਤ ਨੂੰ ਚੁਣੌਤੀ ਦਿੰਦੇ ਹੋਏ ਟਵੀਟ ਕਰ ਕੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਰਾਜ ਵਿਚ ਸਰਕਾਰ ਚਲਾ ਕੇ ਦਿਖਾਉ।

ਉਨ੍ਹਾਂ ਲਿਖਿਆ ਕਿ ਤੁਹਾਡੇ ਸ਼ਾਸਨਕਾਲ ਸਮੇਂ ਕੇਂਦਰ 'ਚ ਵੀ ਤੁਹਾਡੀ ਸਰਕਾਰ ਸੀ ਅਤੇ ਤੁਹਾਡਾ ਖੁਦ ਦਾ ਰਾਜਪਾਲ ਸੀ। ਉਨ੍ਹਾਂ ਨੇ ਅੱਗੇ ਸ਼ੀਲਾ ਦੀਕਸ਼ਤ ਨੂੰ ਕਿਹਾ ਕਿ ਪੁਡੂਚੇਰੀ 'ਚ ਕਾਂਗਰਸ ਮੁੱਖ ਮੰਤਰੀ ਨਰਾਇਣਸਾਮੀ ਨੂੰ ਪੁੱਛ ਕੇ ਦੇਖੋ ਜਿਥੇ ਨਰਾਇਣਸਾਮੀ ਅਤੇ ਰਾਜਪਾਲ ਕਿਰਨ ਬੇਦੀ ਵਿਚਕਾਰ ਖਿੱਚੋਤਾਣੀ ਚੱਲ ਰਹੀ ਹੈ।

## ਸਮ੍ਰਿਤੀ ਇਰਾਨੀ ਨੂੰ ਇਕ ਹੋਰ ਝਟਕਾ

**ਨਵੀਂ ਦਿੱਲੀ:** ਸੂਚਨਾ ਪ੍ਰਸਾਰਨ ਮੰਤਰਾਲਾ ਖੁੱਸਣ ਤੋਂ ਬਾਅਦ ਸਮ੍ਰਿਤੀ ਇਰਾਨੀ ਨੂੰ ਇਕ ਹੋਰ



ਝਟਕਾ ਲੱਗਿਆ ਹੈ। ਉਸ ਦੀ ਨੀਤੀ ਆਯੋਗ ਦੇ ਸਪੈਸ਼ਲ ਇਨਵਾਈਟੀ ਮੈਂਬਰ ਦੇ ਅਹੁਦੇ ਤੋਂ ਵੀ ਛੁੱਟੀ ਕਰ ਦਿੱਤੀ ਗਈ ਹੈ। ਉਸ ਦੀ ਜਗ੍ਹਾ ਹੁਣ ਇਸ ਅਹੁਦੇ ਲਈ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੂੰ ਸਪੈਸ਼ਲ ਇਨਵਾਈਟੀ ਮੈਂਬਰ ਬਣਾਇਆ ਗਿਆ ਹੈ। ਦੱਸਣਯੋਗ ਹੈ ਕਿ ਇਰਾਨੀ ਮਨੁੱਖੀ ਸੰਸਥਾ ਵਿਕਾਸ ਮੰਤਰੀ ਬਣਨ ਸਮੇਂ ਤੋਂ ਹੀ ਨੀਤੀ ਆਯੋਗ ਦੀ ਮੈਂਬਰ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕਹਿਣ ਉਤੇ ਹੀ ਨੀਤੀ ਆਯੋਗ ਦਾ ਪੁਨਰ ਗਠਨ ਕੀਤਾ ਗਿਆ ਸੀ।


ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ

ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।

ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।

In person : Ajanta Grocers and Carryout
3227 South Blvd, Auburn Hills, MI

Call: 248-260-7425 (Bal)
519-564-2515 (Preeti)

24-25


## 'ਆਪ' ਵੱਲੋਂ ਵੀ ਕਾਂਗਰਸ ਨਾਲ ਗੱਠਜੋੜ ਤੋਂ ਇਨਕਾਰ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਪਾਰਟੀ 2019 ਦੀਆਂ ਲੋਕ ਸਭਾ ਚੋਣਾਂ ਆਪਣੇ ਦਮ ਉਤੇ ਲੜੇਗੀ। ਉਨ੍ਹਾਂ ਨਾਲ ਹੀ ਸਪੱਸ਼ਟ ਕੀਤਾ ਕਿ 'ਆਪ' ਦਾ ਕਾਂਗਰਸ ਨਾਲ ਕੋਈ ਗੱਠਜੋੜ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਪਾਰਟੀ ਦੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਨੇ ਵੀ ਟਵੀਟ ਕਰ ਕੇ ਕਾਂਗਰਸ ਨਾਲ ਗੱਠਜੋੜ ਵਿਚ ਪਾਰਟੀ ਦੀ ਰੁਚੀ ਤੋਂ ਇਨਕਾਰ ਕਰ ਦਿੱਤਾ ਸੀ।

ਭਗਵੰਤ ਮਾਨ ਦਾ ਇਹ ਬਿਆਨ ਕਾਂਗਰਸ ਦੀ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਵੱਲੋਂ ਸੂਬੇ ਵਿਚ 'ਆਪ' ਨਾਲ ਗੱਠਜੋੜ ਦੀਆਂ ਖਬਰਾਂ ਦਾ ਖੰਡਨ ਕਰਨ ਤੋਂ ਬਾਅਦ ਆਇਆ ਹੈ। ਮਾਨ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਵੋਟ ਬੈਂਕ ਕਾਫੀ ਤਕੜਾ ਹੈ ਅਤੇ ਸੂਬੇ ਵਿਚ ਪਾਰਟੀ ਵਿਰੋਧੀ ਧਿਰ ਦੀ ਚੰਗੀ ਭੂਮਿਕਾ ਨਿਭਾਅ ਰਹੀ ਹੈ, ਤਾਂ ਇਹ ਕਦੇ ਨਹੀਂ ਹੋਵੇਗਾ ਕਿ ਪਾਰਟੀ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੇ।

ਜ਼ਿਕਰਯੋਗ ਹੈ ਕਿ ਲੋਕ ਸਭਾ ਦੇ ਪਿਛਲੇ ਇਜਲਾਸ ਦੌਰਾਨ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਤੇ ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀਆਂ ਕੁਝ ਚੋਣਵੀਆਂ ਮੁਲਾਕਾਤਾਂ ਨੇ ਦੋਵਾਂ ਪਾਰਟੀਆਂ ਦੀਆਂ ਵਧਦੀਆਂ ਨਜ਼ਦੀਕੀਆਂ ਦੀਆਂ ਖਬਰਾਂ ਨੂੰ ਹਵਾ ਦਿੱਤੀ ਸੀ। ਇਸ ਤੋਂ ਪਹਿਲਾਂ ਆਪ ਦੇ ਸੀਨੀਅਰ ਨੇਤਾ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਬੀ.ਜੇ.ਪੀ. ਨੂੰ ਹਰਾਉਣ ਲਈ ਕਾਂਗਰਸ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨਾਲ ਗੱਠਜੋੜ ਨੂੰ ਜਾਇਜ਼ ਠਹਿਰਾਇਆ ਸੀ।

## ਨਸ਼ੇੜੀ ਨੇ ਮਾਂ ਅਤੇ ਭੈਣ ਨੂੰ ਕਹੀ ਨਾਲ ਵੱਢਿਆ

**ਫਿਰੋਜ਼ਪੁਰ:** ਜਲਾਲਾਬਾਦ ਹਲਕੇ ਵਿਚ ਪੈਂਦੇ ਪਿੰਡ ਬੂਰ ਵਾਲਾ ਵਿਚ ਇਕ ਨਸ਼ੇੜੀ ਪੁੱਤਰ ਨੇ ਆਪਣੀ ਮਾਂ ਅਤੇ ਭੈਣ ਨੂੰ ਕਹੀ ਨਾਲ ਵੱਢ ਦਿੱਤਾ। ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਮੁਤਾਬਕ ਪਿੰਡ ਵਿਚ ਰਹਿੰਦੀ ਛਿੰਦੋ (48) ਅਤੇ ਉਸ ਦੀ ਧੀ ਸੀਮਾ ਰਾਣੀ (19) ਦਾ ਕਤਲ ਛਿੰਦੋ ਦੇ ਛੋਟੇ ਪੁੱਤਰ ਮਨਜੀਤ ਸਿੰਘ (17-18) ਨੇ ਕਰ ਦਿੱਤਾ। ਪਿੰਡ ਦੇ ਕੁਝ ਲੋਕਾਂ ਅਨੁਸਾਰ ਮਨਜੀਤ ਨਸ਼ੇ ਕਰਨ ਦਾ ਆਦੀ ਹੈ ਅਤੇ ਕੁਝ ਉਸ ਨੂੰ ਮਾਨਸਿਕ ਰੋਗੀ ਵੀ ਦੱਸ ਰਹੇ ਹਨ।


ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਅਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

23-25



ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ 'ਤੇ ਕੰਮ ਕਰਨ ਲਈ ਚੰਗੇ ਅਤੇ ਮਿਹਨਤੀ ਵਰਕਰਾਂ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਫੋਨ: 330-396-1572
ਜਾਂ 440-381-7633

23-24

# ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੀ ਜੰਗ-ਏ-ਆਜ਼ਾਦੀ ਯਾਦਗਾਰ



**ਚੰਡੀਗੜ੍ਹ:** ਜਲੰਧਰ ਨੇੜੇ ਕਰਤਾਰਪੁਰ ਵਿਖੇ ਬਣੀ ਜੰਗ-ਏ-ਆਜ਼ਾਦੀ ਯਾਦਗਾਰ ਨੂੰ ਸੈਲਾਨੀਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਯਾਦਗਾਰ ਨਾ ਸਿਰਫ ਪੰਜਾਬ ਦੇ ਸਭਿਆਚਾਰਕ ਅਤੇ ਸਿਖਿਆਤਮਕ ਧੁਰੇ ਵਜੋਂ ਉਭਰ ਕੇ ਸਾਹਮਣੇ ਆ ਰਹੀ ਹੈ ਸਗੋਂ ਨੌਜਵਾਨ ਪੀੜ੍ਹੀ ਨੂੰ ਆਪਣੇ ਸ਼ਾਨਦਾਰ ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ ਬਾਰੇ ਵੀ ਬਾਖੂਬੀ ਜਾਗਰੂਕ ਕਰ ਰਹੀ ਹੈ। ਇਸ ਯਾਦਗਾਰ ਦੇ 2 ਪੜਾਅ ਲੋਕ ਅਰਪਣ ਕੀਤੇ ਜਾ ਚੁੱਕੇ ਹਨ, ਜਿਸ ਦੇ ਦੂਜੇ ਪੜਾਅ ਦਾ ਉਦਘਾਟਨ ਮਾਰਚ 2018 ਵਿਚ ਕੀਤਾ ਗਿਆ ਸੀ।

ਇਹ ਯਾਦਗਾਰ ਕੁਝ ਕੁ ਮਹੀਨਿਆਂ 'ਚ ਹੀ ਸੈਲਾਨੀਆਂ ਦੀ ਪਹਿਲੀ ਪਸੰਦ ਬਣ ਕੇ ਉਭਰੀ ਹੈ ਅਤੇ ਇੰਨੇ ਥੋੜ੍ਹੇ ਸਮੇਂ ਵਿਚ ਹੀ ਇਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ 3,50,000 ਤੋਂ ਟੱਪ ਚੁੱਕੀ ਹੈ। ਜਿਵੇਂ ਹੀ ਸੈਲਾਨੀ ਇਸ ਯਾਦਗਾਰ ਦੇ ਅੰਦਰ ਦਾਖਲ ਹੁੰਦੇ ਹਨ ਤਾਂ ਉਨ੍ਹਾਂ ਨੂੰ ਇੰਜ ਲੱਗਦਾ ਹੈ ਕਿ ਜਿਵੇਂ ਉਹ ਬੀਤੇ ਯੁੱਗ 'ਚ ਆ ਗਏ ਹੋਣ। ਪ੍ਰਵੇਸ਼ ਦੁਆਰ ਉਤੇ ਹੀ ਇਸ ਯਾਦਗਾਰ ਦਾ ਇਕ ਮਾਡਲ ਰੱਖਿਆ ਗਿਆ ਹੈ ਜੋ ਕਿ ਇਸ ਸਥਾਨ ਬਾਰੇ ਸੈਲਾਨੀਆਂ ਨੂੰ ਮੁੱਢਲੀ ਝਾਤ ਪਾਉਂਦਾ ਹੈ। ਇਸ ਤੋਂ ਇਲਾਵਾ ਇਸ ਸਥਾਨ ਉਤੇ ਆਜ਼ਾਦੀ ਅੰਦੋਲਨ ਦੀਆਂ ਉਘੀਆਂ ਹਸਤੀਆਂ ਦੀਆਂ ਤਸਵੀਰਾਂ ਕਲਾਤਮਕ ਢੰਗ ਨਾਲ ਚਿਤਰਿਤ ਕੀਤੀਆਂ ਗਈਆਂ ਹਨ। ਇਸ ਤੋਂ ਬਾਅਦ ਇਕ ਮਿਨਾਰ ਆਉਂਦੀ ਹੈ ਜਿਥੇ ਆਜ਼ਾਦੀ ਦੀ ਲੜਾਈ 'ਚ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੀ ਯਾਦ ਵਿਚ ਇਕ ਨਾ ਬੁੱਝਣ ਵਾਲੀ ਜੋਤ ਜਗਾਈ ਗਈ ਹੈ। ਇਸ ਤੋਂ ਬਾਅਦ ਗੈਲਰੀਆਂ ਆਉਂਦੀਆਂ ਹਨ ਜਿਥੇ ਕਿ 3ਡੀ ਤਕਨੀਕ ਰਾਹੀਂ ਇਕ 15 ਮਿੰਟ ਦੀ ਐਨੀਮੇਸ਼ਨ ਫਿਲਮ ਦਿਖਾਈ ਜਾਂਦੀ ਹੈ ਜਿਸ 'ਚ ਦੇਸ਼ ਦੀ ਆਜ਼ਾਦੀ ਦੇ ਵੱਖੋ-ਵੱਖ ਪੜਾਵਾਂ ਦੌਰਾਨ ਪੰਜਾਬੀਆਂ ਵੱਲੋਂ ਪਾਏ ਗਏ ਇਤਿਹਾਸਕ ਯੋਗਦਾਨ ਨੂੰ ਬਾਖੂਬੀ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ ਸਗੋਂ ਇਸ ਸਥਾਨ ਉਤੇ ਆਜ਼ਾਦੀ ਸੰਘਰਸ਼ ਦੌਰਾਨ ਵਾਪਰਨ ਵਾਲੀਆਂ ਮਹੱਤਵਪੂਰਨ ਘਟਨਾਵਾਂ ਨੂੰ ਕਲਾ ਚਿੱਤਰਾਂ ਰਾਹੀਂ ਕ੍ਰਮਵਾਰ ਲੜੀ 'ਚ ਸੁਚੱਜੇ ਢੰਗ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ।

ਇਸ ਉਪਰੰਤ ਸੈਲਾਨੀਆਂ ਦੀ ਨਜ਼ਰ ਇਕ ਯਾਦਗਾਰੀ ਸਥਾਨ ਉਤੇ ਪੈਂਦੀ ਹੈ ਜਿਸ ਨੂੰ 4 ਫੁੱਲਾਂ ਦੀਆਂ ਪੱਖੜੀਆਂ ਦੇ ਰੂਪ 'ਚ ਦਰਸਾਇਆ ਗਿਆ ਹੈ ਅਤੇ ਇਸ ਦੀ ਬਨਾਵਟ ਲਈ ਪ੍ਰੇਰਨਾ ਪੰਜਾਬ ਦੀ ਫੁਲਕਾਰੀ ਕਲਾ ਤੋਂ ਲਈ ਗਈ ਹੈ। ਇਸ ਦਾ ਮਕਸਦ ਆਜ਼ਾਦੀ ਦੇ ਪਰਵਾਨਿਆਂ ਦੀ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਹੈ। ਇਸ ਤੋਂ ਇਲਾਵਾ ਭਾਰਤੀ ਫਿਲਮ ਜਗਤ ਦੇ ਸਿਰਮੌਰ ਫਿਲਮਕਾਰ ਸ੍ਰੀ ਸ਼ਿਆਮ ਬੈਨੇਗਲ ਦੁਆਰਾ ਨਿਰਦੇਸ਼ਿਤ ਆਜ਼ਾਦੀ ਦੇ ਅੰਦੋਲਨ 'ਚ ਪੰਜਾਬ ਦੀ ਮੋਹਰੀ ਭੂਮਿਕਾ ਅਤੇ ਕੁਰਬਾਨੀ ਨੂੰ ਰੂਪਮਾਨ ਕਰਦੀ ਇਕ ਫਿਲਮ ਵੀ ਸਮੇਂ-ਸਮੇਂ ਉਤੇ ਵਿਖਾਈ ਜਾਂਦੀ ਹੈ ਤਾਂ ਜੋ ਅਜੋਕੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ ਮਿਲ ਸਕੇ। ਇਸ ਸਥਾਨ ਉਤੇ ਸਮਾਜਿਕ ਤੇ ਸਭਿਆਚਾਰਕ ਸਮਾਗਮ ਕਰਾਉਣ ਲਈ ਇਕ ਐਮ.ਫੀ. ਥਿਏਟਰ ਵੀ ਬਣਿਆ ਹੋਇਆ ਹੈ ਅਤੇ 150 ਸੀਟਾਂ ਦੀ ਸਮਰੱਥਾ ਵਾਲਾ ਇਕ ਸੈਮੀਨਾਰ ਹਾਲ, ਇਕ ਲਾਇਬ੍ਰੇਰੀ, ਇਕ ਆਡੀਟੋਰੀਅਮ ਤੇ ਇਕ ਫੂਡ ਕੋਰਟ ਵੀ ਇਸ ਸਥਾਨ ਉਤੇ ਬਣਾਏ ਗਏ ਹਨ।

ਯਾਦਗਾਰ ਦਾ ਇਕ ਅਹਿਮ ਪੱਖ 45 ਮਿੰਟਾਂ ਦਾ ਇਕ ਲੇਜ਼ਰ ਸ਼ੋਅ ਹੈ ਜੋ ਕਿ ਆਜ਼ਾਦੀ ਦੇ ਸੰਘਰਸ਼ ਅਤੇ ਫਿਰ ਬਟਵਾਰੇ ਦੌਰਾਨ ਹੋਈਆਂ ਘਟਨਾਵਾਂ ਨੂੰ ਲੇਜ਼ਰ, 3 ਡੀ ਪ੍ਰੋਜੈਕਸ਼ਨ ਅਤੇ ਵਾਟਰ ਕਰਟਨ ਪ੍ਰੋਜੈਕਸ਼ਨ ਤਕਨੀਕ ਰਾਹੀਂ ਦਰਸਾਉਂਦਾ ਹੈ। ਇਸੇ ਸਥਾਨ ਉਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਪ੍ਰਤੀ ਯੋਗਦਾਨ ਨੂੰ ਵੀ ਬੜੇ ਬਾਖੂਬੀ ਢੰਗ ਨਾਲ ਦਿਖਾਇਆ ਜਾਂਦਾ ਹੈ। ਇਹ ਯਾਦਗਾਰ ਹਫਤੇ ਦੇ 7 ਦਿਨ ਸਵੇਰੇ 11:00 ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ।

## ਹੋਂਦ ਚਿੱਲੜ ਵਿਚ 75 ਨਵੇਂ ਕੇਸ ਆਏ ਸਾਹਮਣੇ

**ਕੁਰੂਕਸ਼ੇਤਰ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦੋ ਨਵੰਬਰ 1984 ਨੂੰ ਗੁਰੂਗ੍ਰਾਮ ਪਟੌਦੀ ਵਿਖੇ ਕਤਲ ਕੀਤੇ ਗਏ 47 ਸਿੱਖਾਂ ਤੇ ਉਨ੍ਹਾਂ ਦੇ 297 ਘਰਾਂ ਨੂੰ ਬੁਰੀ ਤਰ੍ਹਾਂ ਸਾੜ ਫੂਕ ਕੇ ਸਭ ਕੁਝ ਤਬਾਹ ਕਰ ਦਿੱਤਾ ਗਿਆ ਸੀ। ਇਸ ਸਬੰਧੀ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਨੇ ਗੁਰਦੁਆਰਾ ਸਿੰਘ ਸਭਾ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰੂਗ੍ਰਾਮ ਵਿਚ ਕਾਨੂੰਨੀ ਮਾਹਿਰਾਂ ਦੀ ਰਾਏ ਨਾਲ ਪੀੜਤ ਪਰਿਵਾਰਾਂ ਲਈ ਰਾਹਤ ਕੈਂਪ ਲਾਇਆ।

ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਟੀ.ਪੀ. ਗਰਗ ਕਮਿਸ਼ਨ ਵੱਲੋਂ ਪੀੜਤ ਪਰਿਵਾਰਾਂ ਲਈ ਹਰਿਆਣਾ ਸਰਕਾਰ ਨੂੰ ਰਾਸ਼ੀ ਜਾਰੀ ਕਰਨ ਦਾ ਫਰਮਾਨ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ 34 ਸਾਲਾਂ ਬਾਅਦ ਆਏ ਇਸ ਫੈਸਲੇ ਤੋਂ ਪੀੜਤ ਕਾਫੀ ਨਿਰਾਸ਼ ਹਨ। ਦਿੱਤਾ ਗਿਆ ਮੁਆਵਜ਼ਾ ਊਠ ਦੇ ਮੂੰਹ 'ਚ ਜੀਰਾ ਦੇਣ ਬਰਾਬਰ ਹੈ। ਉਨ੍ਹਾਂ ਕਿਹਾ ਕਿ ਹਰਿਆਣਾ 'ਚ 75 ਪੀੜਤ ਪਰਿਵਾਰ ਕਿਸੇ ਕਾਰਨ ਟੀ.ਪੀ. ਗਰਗ ਕਮਿਸ਼ਨ ਦੇ ਕੋਲ ਦਾਇਰ ਕਰਨ ਤੋਂ ਵਾਂਝੇ ਰਹਿ ਗਏ ਸੀ। ਹਰਿਆਣਾ ਸਰਕਾਰ ਉਨ੍ਹਾਂ ਨਵੇਂ ਆਏ ਕੇਸਾਂ ਲਈ ਦੁਬਾਰਾ ਕਮਿਸ਼ਨ ਬਣਾ ਕੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਵੇ। ਪੀੜਤ ਪਰਿਵਾਰਾਂ ਦੇ ਸੰਤੋਖ ਸਿੰਘ ਸਾਹਨੀ ਤੇ ਗੁਰਜੀਤ ਸਿੰਘ ਪਟੌਦੀ ਨੇ ਦੱਸਿਆ ਕਿ 1984 'ਚ ਵਾਪਰੇ ਭੋਪਾਲ ਗੈਸ ਕਾਂਡ ਦੌਰਾਨ ਪੀੜਤਾਂ ਨੂੰ ਕਰੋੜਾਂ ਦੀ ਰਕਮ ਵੰਡ ਦਿੱਤੀ ਗਈ, ਪਰ ਸਾਨੂੰ 3 ਦਹਾਕੇ ਬੀਤਣ ਦੇ ਬਾਵਜੂਦ ਵੀ ਬਣਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਰਾਹਤ ਕੈਂਪ ਸਮੇਂ ਦਿੱਲੀ ਗੁਰੂਗ੍ਰਾਮ ਪਟੌਦੀ ਦੇ 55 ਦੇ ਕਰੀਬ ਪੀੜਤ ਪਰਿਵਾਰ ਆਪਣੀ ਦਰਦ ਭਰੀ ਦਾਸਤਾਂ ਲੈ ਕੇ ਪੁੱਜੇ ਤੇ ਹਾਈ ਕੋਰਟ ਦੇ ਸੀਨੀਅਰ ਵਕੀਲ ਗਗਨਦੀਪ ਸਿੰਘ ਨੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ।

### ਸਪੇਨ ਕੈਬਨਿਟ 'ਚ ਵੱਡੀ ਗਿਣਤੀ ਮਹਿਲਾ ਮੰਤਰੀਆਂ ਦੀ

**ਮੈਡਰਿਡ:** ਸਪੇਨ ਦੇ ਮੰਤਰੀ ਮੰਡਲ ਨੂੰ ਸਹੁੰ ਚੁਕਾਈ ਗਈ ਜਿਸ ਵਿਚ ਦੇਸ਼ ਅਤੇ ਯੂਰਪ ਦੇ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਮਹਿਲਾ ਮੰਤਰੀ ਸ਼ਾਮਲ ਹਨ।

ਪੇਡਰੋ ਸੰਚੇਜ ਦੀ ਅਗਵਾਈ ਵਾਲੀ ਸੋਸ਼ਲਿਸਟ ਪਾਰਟੀ ਦੀ ਨਵੀਂ ਸਰਕਾਰ ਵਿਚ 11 ਮਹਿਲਾ ਮੰਤਰੀਆਂ ਨੂੰ ਥਾਂ ਦਿੱਤੀ ਗਈ ਹੈ। ਇਨ੍ਹਾਂ ਕੋਲ ਰਾਸ਼ਟਰੀ ਅਰਥਵਿਵਸਥਾ, ਵਿੱਤ ਅਤੇ ਰੱਖਿਆ ਜਿਹੇ ਵੱਡੇ ਵਿਭਾਗ ਹੋਣਗੇ। ਸਪੇਨ ਦੀ ਨਵੀਂ ਸਰਕਾਰ ਵਿਚ ਛੇ ਪੁਰਸ਼ਾਂ ਨੂੰ ਵੀ ਮੰਤਰੀ ਬਣਾਇਆ ਗਿਆ ਹੈ।

## ਆਰ. ਐਸ. ਐਸ. ਸਮਾਗਮ 'ਚ ਸ਼੍ਰੋਮਣੀ ਕਮੇਟੀ ਮੈਂਬਰ ਦੀ ਹਾਜ਼ਰੀ 'ਤੇ ਵਿਵਾਦ

**ਕਰਤਾਰਪੁਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਚ ਆਰ.ਐਸ.ਐਸ. ਦਾ ਸਮਾਗਮ ਹੋਣ ਕਾਰਨ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਕੂਲ ਵਿਚ ਪਹਿਲੀ ਜੂਨ ਤੋਂ ਛੁੱਟੀਆਂ ਹੋਣ ਕਾਰਨ ਕੈਂਪ ਲਾਉਣ ਦੀ ਮਨਜ਼ੂਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਕਾਹਲੋਂ ਵੱਲੋਂ ਦਿੱਤੀ ਗਈ ਹੈ।

ਆਰ.ਐਸ.ਐਸ. ਦੀ ਸ਼ਾਖਾ ਆਰੀਆ ਵੀਰ ਦਲ ਦੇ ਇਸ ਸਮਾਗਮ ਵਿਚ ਜਥੇਦਾਰ ਰਣਜੀਤ ਸਿੰਘ ਖੁਦ ਵੀ ਹਾਜ਼ਰ ਹੋਏ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੁੱਖ ਸੇਵਾਦਾਰ ਸੁਖਜੀਤ ਸਿੰਘ ਖੋਸਾ ਨੇ ਇਸ ਸਮਾਗਮ ਕਰਨ ਦੀ ਇਜਾਜ਼ਤ ਦੇਣ ਅਤੇ ਭਾਈ ਰਣਜੀਤ ਸਿੰਘ ਦੇ ਖੁਦ ਹਾਜ਼ਰ ਹੋਣ ਦੀ ਨਿਖੇਧੀ ਕਰਦਿਆਂ ਹੋਰ ਜਥੇਬੰਦੀਆਂ ਨਾਲ ਮਿਲ ਕੇ ਘਿਰਾਉ ਕਰਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਕਰਤਾਰਪੁਰ ਦੇ ਆਰੀਆ ਸਮਾਜੀ ਸੰਸਥਾ ਗੁਰੂ ਵਿਰਜਾਨੰਦ ਸਮਾਰਕ ਵਿਚ ਸੱਤ ਰੋਜ਼ਾ ਕੈਂਪ ਲਗਾ ਕੇ 250 ਬੱਚਿਆਂ ਨੂੰ ਆਤਮ-ਰੱਖਿਆ ਲਈ ਜੂਡੋ, ਕਰਾਟੇ, ਕਿਰਪਾਨ ਚਲਾਉਣ ਤੇ ਨੇਜੇ ਚਲਾਉਣ ਦੀ ਸਿਖਲਾਈ ਦੇਣ ਦੇ ਨਾਲ ਹਿੰਦੂ ਸੰਸਕ੍ਰਿਤੀ ਤੇ ਸੰਸਕ੍ਰਿਤ ਭਾਸ਼ਾ ਦਾ ਗਿਆਨ ਦੇ ਕੇ ਜਾਗਰੂਕ ਕੀਤਾ ਗਿਆ ਸੀ। ਸਕੂਲ ਦਾ ਪ੍ਰਬੰਧ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਕੰਟਰੋਲ ਵਿਚ ਹੈ ਅਤੇ ਭਾਈ ਰਣਜੀਤ ਸਿੰਘ ਕਾਹਲੋਂ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਹਨ।



ਆਰ.ਐਸ.ਐਸ. ਦੇ ਲਗਾਏ ਗਏ ਕੈਂਪ ਸਬੰਧੀ ਸਕੂਲ ਦੇ ਪ੍ਰਿੰਸੀਪਲ ਡਾ. ਕਾਲਾ ਸਿੰਘ ਨੇ ਦੱਸਿਆ ਕਿ ਕੈਂਪ ਦੇ ਸਮਾਪਤੀ ਸਮਾਰੋਹ ਦੇ ਸਮਾਗਮ ਇਥੇ ਕਰਨ ਲਈ ਪ੍ਰਬੰਧਕਾਂ ਵੱਲੋਂ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਕਾਹਲੋਂ ਕੋਲੋਂ ਇਜਾਜ਼ਤ ਲਈ ਸੀ। ਕਮੇਟੀ ਦੇ ਪ੍ਰਧਾਨ ਤੇ ਮੈਂਬਰ ਐਸ.ਜੀ.ਪੀ.ਸੀ. ਰਣਜੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਆਰ.ਐਸ.ਐਸ. ਦੇ ਇਸ ਆਰੀਆ ਵੀਰ ਦਲ ਦੇ ਬੱਚਿਆਂ ਨੇ ਸਿਰਫ ਯੋਗਾ ਤੇ ਹੋਰ ਧਾਰਮਿਕ ਸਮਾਗਮ ਹੀ ਕੀਤਾ ਸੀ। ਇਥੇ ਹੋਰ ਕੋਈ ਕਿਸੇ ਵੀ ਵਿਅਕਤੀ ਨੇ ਕਿਸੇ ਕਿਸਮ ਦਾ ਭਾਸ਼ਣ ਨਹੀਂ ਦਿੱਤਾ। ਉਹ ਤਾਂ ਸਿਰਫ ਸਮਾਗਮ ਦੇ ਸਮਾਪਤੀ ਸਮਾਰੋਹ ਹੋਣ ਕਰ ਕੇ ਆਪਣੀ ਹਾਜ਼ਰੀ ਲਵਾਉਣ ਪੁੱਜੇ ਸਨ।

ਸਿੱਖ ਤਾਲਮੇਲ ਕਮੇਟੀ ਦੇ ਪ੍ਰਧਾਨ ਤਜਿੰਦਰ ਸਿੰਘ ਪਰਦੇਸੀ, ਹਰਪਾਲ ਸਿੰਘ ਚੱਢਾ, ਗੁਰਜੀਤ ਸਿੰਘ ਸਤਨਾਮੀਆ ਨੇ ਕਿਹਾ ਕਿ ਮੈਂਬਰ ਐਸ.ਜੀ.ਪੀ.ਸੀ. ਵੱਲੋਂ ਅਜਿਹੇ ਸਮਾਗਮ ਕਰਵਾਉਣ ਕਾਰਨ ਸਿੱਖੀ ਦੇ ਵੱਕਾਰ ਨੂੰ ਢਾਅ ਲੱਗੀ ਹੈ। ਉਨ੍ਹਾਂ ਮੰਗ ਕੀਤੀ ਕਿ ਜਥੇਦਾਰ ਕਾਹਲੋਂ ਨੂੰ ਅਕਾਲ ਤਖਤ ਵਿਖੇ ਤਲਬ ਕੀਤਾ ਜਾਵੇ।

# ਲੋੜ ਹੈ ਅੱਜ ਪ੍ਰਣਬ ਮੁਖਰਜੀ ਦੇ ਵਿਚਾਰਾਂ 'ਤੇ ਅਮਲ ਕਰਨ ਦੀ

ਮੁਹੰਮਦ ਅੱਬਾਸ ਧਾਲੀਵਾਲ
ਮਲੇਰਕੋਟਲਾ
ਫੋਨ: 91-98552-59650

ਪਿਛਲੇ ਕਈ ਦਿਨਾਂ ਤੋਂ ਜੋ ਖਬਰ ਮੀਡੀਆ 'ਚ ਬਹਿਸ ਦਾ ਵਿਸ਼ਾ ਬਣੀ ਹੋਈ ਹੈ, ਉਹ ਹੈ, ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਵਲੋਂ ਆਰ. ਐਸ. ਐਸ. ਦੇ ਨਾਗਪੁਰ ਸਮਾਗਮ ਵਿਚ ਸ਼ਾਮਲ ਹੋਣਾ। ਦੇਸ਼ ਦੀਆਂ ਕਈ ਸਿਆਸੀ ਪਾਰਟੀਆਂ ਪ੍ਰਣਬ ਮੁਖਰਜੀ ਦੇ ਇਸ ਫੈਸਲੇ ਤੋਂ ਇਕ ਤਰ੍ਹਾਂ ਨਾਲ ਦੁਖੀ ਤੇ ਅਚੰਭਿਤ ਹੋਈਆਂ ਅਨੁਭਵ ਕਰ ਰਹੀਆਂ ਹਨ। ਪ੍ਰਣਬ ਦਾ ਆਰ. ਐਸ. ਐਸ. ਦੇ ਸਮਾਗਮ ਵਿਚ ਸ਼ਾਮਲ ਹੋਣ ਦਾ ਫੈਸਲਾ ਕੁਝ ਪਾਰਟੀਆਂ ਨੂੰ ਤਾਂ ਬਿਲਕੁਲ ਵੀ ਹਜ਼ਮ ਨਹੀਂ ਹੋ ਰਿਹਾ।

ਇੱਕ ਅਣ-ਸੁਲਝੀ ਬੁਝਾਰਤ ਬਣਿਆ ਸਾਬਕਾ ਰਾਸ਼ਟਰਪਤੀ ਦਾ ਇਹ ਫੈਸਲਾ ਅੰਦਰੋਗਤੀ ਪਹਿਲੀ ਨਜ਼ਰੇ ਸਭਨਾਂ ਨੂੰ ਅੰਤਰ ਆਤਮਾ ਦੀ ਵਿਚਾਰਧਾਰਾ ਦੇ ਉਲਟ ਜਾਪਦਾ ਹੈ। ਇਹੋ ਕਾਰਨ ਹੈ ਕਿ ਸਿਆਸੀ ਦਲਾਂ ਦੇ ਨਾਲ ਨਾਲ ਆਮ ਜਨਤਾ ਵਿਚ ਵੀ ਇਸ ਸੱਦੇ ਨੂੰ ਪ੍ਰਣਬ ਦੇ ਪ੍ਰਵਾਨ ਕਰਨ 'ਤੇ ਕਈ ਪ੍ਰਕਾਰ ਦੀ ਖੁੰਡ-ਚਰਚਾ ਦਾ ਬਾਜ਼ਾਰ ਗਰਮ ਰਿਹਾ।

ਲੇਕਿਨ ਪ੍ਰਣਬ ਮੁਖਰਜੀ ਹਮੇਸ਼ਾਂ ਦੀ ਤਰ੍ਹਾਂ ਆਪਣੇ ਫੈਸਲੇ 'ਤੇ ਅਟਲ ਰਹੇ ਅਰਥਾਤ ਉਨ੍ਹਾਂ ਨਾਗਪੁਰ ਵਿਖੇ ਨਾ ਸਿਰਫ ਆਰ. ਐਸ. ਐਸ. ਦੇ ਸਮਾਗਮ ਵਿਚ ਸ਼ਿਰਕਤ ਕੀਤੀ ਸਗੋਂ ਸੰਘ ਸੇਵਕਾਂ ਨੂੰ ਸੰਬੋਧਨ ਕਰਦਿਆਂ ਆਪਣੇ ਵਡਮੁੱਲੇ ਵਿਚਾਰਾਂ ਰਾਹੀਂ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਅਤੇ ਆਤਮਾ ਦੇ ਪ੍ਰਤੱਖ ਦਰਸ਼ਨ ਵੀ ਕਰਵਾਏ।

ਬਾਗ ਵਿਚ ਖਿੜੇ ਵੱਖ ਵੱਖ ਕਿਸਮ ਦੇ ਫੁੱਲ ਅਪਣੀਆਂ ਵੱਖੋ-ਵੱਖਰੀਆਂ ਖੁਸ਼ਬੂਆਂ ਬਿਖੇਰਦੇ ਹਨ, ਇਹ ਸੰਭਵ ਨਹੀਂ ਹੈ ਕਿ ਗੁਲਾਬ ਦਾ ਫੁੱਲ ਇੱਕ ਦਿਨ ਲਈ ਗੇਂਦੇ ਦੀ ਬਗੀਚੀ ਵਿਚ ਜਾ ਕੇ ਆਪਣੀ ਖੁਸ਼ਬੂ ਜਾਂ ਸ਼ਨਾਖਤ ਬਦਲ ਦੇਵੇ। ਸਗੋਂ ਗੁਲਾਬ ਦੇ ਫੁੱਲ 'ਚੋਂ ਗੇਂਦੇ ਦੀ ਬਗੀਚੀ ਵਿਚ ਜਾ ਕੇ ਵੀ ਮਹਿਕ ਹਮੇਸ਼ਾ ਗੁਲਾਬ ਦੀ ਹੀ ਆਵੇਗੀ।

ਇਸੇ ਤਰ੍ਹਾਂ ਪ੍ਰਣਬ ਮੁਖਰਜੀ ਨੇ ਆਪਣੀ ਤਕਰੀਰ ਦੌਰਾਨ ਦੇਸ਼ ਵਿਚ ਵਸਦੇ ਵੱਖ ਵੱਖ ਸੱਤ ਵੱਡੇ ਧਰਮਾਂ ਦੇ ਪੈਰੋਕਾਰਾਂ ਦੇ ਪਿਆਰ ਭਰੇ ਰਿਸ਼ਤਿਆਂ ਦਾ ਵਿਖਿਆਨ ਕਰਦਿਆਂ ਦੇਸ਼ ਦੇ ਸੰਵਿਧਾਨ ਦੇ ਹਵਾਲੇ ਨਾਲ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡਾ ਸੰਵਿਧਾਨ ਅਨੇਕਤਾ ਨੂੰ ਪ੍ਰਵਾਨ ਕਰਦਾ ਹੈ। ਨਾਲ ਹੀ ਉਨ੍ਹਾਂ ਅਸਲ ਰਾਸ਼ਟਰਵਾਦ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਕਿ ਰਾਸ਼ਟਰ, ਰਾਸ਼ਟਰਵਾਦ, ਦੇਸ਼ ਭਗਤੀ-ਇਹ ਸਭ ਸਿਧਾਂਤ ਆਪਸ ਵਿਚ ਜੁੜੇ ਹੋਏ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਸਾਡਾ ਰਾਸ਼ਟਰਵਾਦ ਕਿਸੇ ਖੇਤਰ, ਭਾਸ਼ਾ ਜਾਂ ਧਰਮ ਨਾਲ ਬੰਨ੍ਹਿਆ ਹੋਇਆ ਨਹੀਂ ਹੈ, ਦਰਅਸਲ ਸਾਡੇ ਰਾਸ਼ਟਰਵਾਦ ਦਾ ਪ੍ਰਵਾਹ ਸੰਵਿਧਾਨ ਵਿਚੋਂ ਹੁੰਦਾ ਹੈ ਤੇ ਦੇਸ਼ ਦੀ ਆਤਮਾ ਵੰਨ-ਸੁਵੰਨਤਾ ਸਹਿਨਸ਼ੀਲਤਾ ਵਿਚ ਵਸਦੀ ਹੈ। ਸਾਡੇ ਲਈ ਜਮਹੂਰੀਅਤ ਹੀ ਸਭ ਤੋਂ ਅਹਿਮ ਰਾਹ ਦਸੇਰਾ ਹੈ। ਨਫਰਤ, ਅਸਹਿਨਸ਼ੀਲਤਾ ਸਿਰਫ ਤੋੜਨ ਦਾ ਕੰਮ ਕਰਦੀ ਹੈ, ਜੋੜਨ ਦਾ ਨਹੀਂ!

ਪ੍ਰਣਬ ਮੁਖਰਜੀ ਨੇ ਰਾਸ਼ਟਰੀਆ ਸੋਇਮ ਸੇਵਕ ਸੰਘ ਦੇ ਗੜ੍ਹ ਭਾਵ ਨਾਗਪੁਰ ਦੇ ਸਮਾਗਮ ਵਿਚ ਜਿਸ ਬਿੰਦਾਸ ਅਤੇ ਦਬੰਗ ਅੰਦਾਜ਼ ਵਿਚ ਭਾਰਤ ਦੇ ਇਕ ਰੰਗ, ਇਕ ਭਾਸ਼ਾ, ਇੱਕ ਧਰਮ ਵਾਲੇ ਦੇਸ਼ ਦੀ ਹੋਛੀ ਅਤੇ ਥੋਥੀ ਸੋਚ ਵਾਲੀ ਥਿਊਰੀ ਤੋਂ ਇਨਕਾਰ ਕੀਤਾ, ਉਹ ਯਕੀਨਨ ਦੇਸ਼ ਦੇ ਅਮਨ ਪਸੰਦ ਅਤੇ ਭਾਈਚਾਰਕ ਸਾਂਝ ਅਤੇ ਸਾਂਝੀਵਾਲਤਾ ਦਾ ਪੈਗਾਮ ਦੇਣ ਵਾਲੇ ਲੋਕਾਂ ਲਈ ਇਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਦੇ ਇਨ੍ਹਾਂ ਸਮੇਂ ਦੀ ਲੋੜ ਅਨੁਸਾਰ ਪ੍ਰਗਟਾਏ ਵਿਚਾਰਾਂ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਘੱਟ ਹੈ। ਬਿਨਾ ਸ਼ੱਕ ਉਕਤ ਵਿਚਾਰਾਂ ਦੀ ਪੇਸ਼ਕਾਰੀ ਲਈ ਪ੍ਰਣਬ ਮੁਖਰਜੀ ਮੁਬਾਰਕਬਾਦ ਦੇ ਹੱਕਦਾਰ ਹਨ।

ਵੇਖਿਆ ਜਾਵੇ ਤਾਂ ਦੇਸ਼ ਦੇ ਲੋਕਾਂ ਨੇ ਫਿਰਕਾਪ੍ਰਸਤੀ ਅਤੇ ਨਫਰਤ ਦੀਆਂ ਹਨੇਰੀਆਂ ਵਿਚਕਾਰ ਹੁਣ ਤੱਕ ਬਹੁਤ ਸਾਰੇ ਤਸੀਹੇ ਅਤੇ ਥਪੇੜੇ ਬਰਦਾਸ਼ਤ ਕੀਤੇ ਹਨ ਅਤੇ ਕਿੰਨਾ ਹੀ ਜਾਨੀ ਤੇ ਮਾਲੀ ਨੁਕਸਾਨ ਸਹਿਨ ਕੀਤਾ ਹੈ। ਫਿਰਕੂ ਦੰਗਿਆਂ ਦੀ ਲਪੇਟ ਵਿਚ ਕਿੰਨੀਆਂ ਮਾਂਵਾਂ ਨੇ ਆਪਣੇ ਲਾਲ, ਕਿੰਨੀਆਂ ਹੀ ਭੈਣਾਂ ਨੇ ਆਪਣੇ ਭਰਾ ਤੇ ਕਿੰਨੀਆਂ ਹੀ ਔਰਤਾਂ ਨੇ ਆਪਣੇ ਸੁਹਾਗ ਗੁਆਏ ਹਨ ਅਤੇ ਕਿੰਨੇ ਹੀ ਬੱਚੇ ਬੇਸਹਾਰਾ ਤੇ ਯਤੀਮ ਹੋਏ ਹਨ। ਫਿਰਕੂ ਨਫਰਤ ਦੇ ਜ਼ਖ਼ਮ ਅੱਜ ਵੀ ਮਨੁੱਖਤਾ ਦੇ ਜਿਸਮ 'ਤੇ ਅੱਲੇ ਹਨ। ਇਹ ਜ਼ਖ਼ਮ ਨਾਸੂਰ ਨਾ ਬਣ ਜਾਣ, ਇਸ ਲਈ ਇਨ੍ਹਾਂ ਨੂੰ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ ਜਿਹੇ ਮਲ੍ਹਮ ਦੀ ਬੇਹੱਦ ਲੋੜ ਹੈ।


ਦਰਅਸਲ ਸਾਬਕਾ ਰਾਸ਼ਟਰਪਤੀ ਦੇ ਨਾਗਪੁਰ ਵਿਚਲੇ ਉਕਤ ਭਾਸ਼ਣ 'ਤੇ ਅੱਜ ਸਾਰੇ ਦੇਸ਼ ਵਾਸੀਆਂ ਨੂੰ ਹੀ ਵਿਚਾਰ ਕਰਨ ਦੀ ਲੋੜ ਹੈ। ਇਹ ਭਾਸ਼ਣ ਸਾਨੂੰ ਪ੍ਰੇਰਿਤ ਕਰਦਾ ਹੈ ਕਿ ਸਾਡਾ ਦੇਸ਼ ਅਸਲ ਵਿਚ ਇੱਕ ਬਹੁਤ ਵੱਡਾ ਬਾਗ ਹੈ, ਜਿਸ ਵਿਚ ਹਿੰਦੂ, ਮੁਸਲਿਮ, ਸਿੱਖ, ਈਸਾਈ, ਪਾਰਸੀ, ਜੈਨੀ, ਬੋਧੀ ਜਿਹੇ ਵੱਖ ਵੱਖ ਧਰਮਾਂ ਰੂਪੀ ਕਿਸਮ ਦੇ ਫੁੱਲ ਅਪਣੇ ਆਪਣੀਆਂ ਖੁਸ਼ਬੂਆਂ ਬਿਖੇਰ ਰਹੇ ਹਨ। ਕਿਸੇ ਵੀ ਬਾਗ ਦੀ ਖੂਬਸੂਰਤੀ ਦਾ ਰਾਜ਼ ਹਮੇਸ਼ਾ ਉਸ ਵਿਚ ਖਿੜੇ ਵੰਨ-ਸੁਵੰਨੇ ਫੁੱਲਾਂ ਦੀ ਤਰੋ-ਤਾਜ਼ਗੀ ਵਿਚ ਛੁਪਿਆ ਹੁੰਦਾ ਹੈ। ਬਾਗ ਦੇ ਫੁੱਲਾਂ ਨੂੰ ਜੇ ਕੋਈ ਨਫਰਤ ਦਾ ਕੀੜਾ ਲਗਦਾ ਹੈ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਇਸ ਨਾਲ ਕਿਸੇ ਇੱਕ ਕਿਸਮ ਦੇ ਫੁੱਲ ਨੂੰ ਖਤਰਾ ਪੈਦਾ ਹੋਵੇਗਾ। ਸਗੋਂ ਜੇ ਬਾਗ ਦਾ ਮਾਲੀ ਇਸ ਨਫਰਤ ਦੇ ਕੀੜੇ ਦਾ ਸਮੇਂ ਸਿਰ ਇਲਾਜ ਨਹੀਂ ਕਰਦਾ ਤਾਂ ਇਸ ਦਾ ਖਤਰਾ ਸਮੁੱਚੇ ਬਾਗ ਦੀ ਹੋਂਦ ਨੂੰ ਹੀ ਹੋ ਸਕਦਾ ਹੈ। ਇਸ ਲਈ ਬਾਗ ਦੇ ਮਾਲੀ ਦਾ ਫਰਜ਼ ਬਣਦਾ ਹੈ ਕਿ ਉਹ ਸਮੇਂ ਸਿਰ ਇਸ ਨਫਰਤ ਦੇ ਕੀੜੇ ਦਾ ਪੱਕਾ ਇਲਾਜ ਕਰੇ ਤਾਂ ਕਿ ਸਮੁੱਚੇ ਬਾਗ ਦੇ ਵਜੂਦ 'ਤੇ ਕੋਈ ਮਾੜਾ ਅਸਰ ਨਾ ਪਵੇ ਅਤੇ ਸਭ ਤਰ੍ਹਾਂ ਦੇ ਫੁੱਲ ਆਪਣੀ ਖੁਸ਼ਬੂ ਫਿਜ਼ਾ ਵਿਚ ਬਿਖੇਰ ਕੇ ਬਾਗ ਦੇ ਵਾਤਾਵਰਣ ਨੂੰ ਸ਼ੁੱਧ ਤੇ ਸਾਫ ਰੱਖਣ ਵਿਚ ਆਪਣੀ ਸਾਕਾਰਾਤਮਕ ਭੂਮਿਕਾ ਨਿਭਾ ਸਕਣ। ਯਕੀਨਨ ਇਸੇ ਵਿਚ ਸਭ ਤਰ੍ਹਾਂ ਦੇ ਫੁੱਲਾਂ ਅਤੇ ਸਮੁੱਚੇ ਬਾਗ ਦੀ ਬਿਹਤਰੀ ਤੇ ਤਰੱਕੀ ਦਾ ਰਾਜ਼ ਛੁਪਿਆ ਹੋਇਆ ਹੈ!

ਕਿਸੇ ਸ਼ਾਇਰ ਦੇ ਇਸ ਸ਼ਿਅਰ ਨਾਲ ਆਪਣੀ ਗੱਲ ਨਿਬੇੜਾਂਗਾ:

ਬਕ ਗਿਆ ਹੂੰ,
ਜਨੂੰ ਮੇਂ ਕਿਆ ਕਿਆ ਕੁੱਛ,
ਕੁੱਛ ਨਾ ਸਮਝੇ, ਖੁਦਾ ਕਰੇ ਕੋਈ!

# ਅਜੋਕੇ ਵਰਤਾਰਿਆਂ ਨਾਲ ਨਿੱਘਰਦੇ ਜਾ ਰਹੇ ਹਾਲਾਤ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਅਸੀਂ ਹਮੇਸ਼ਾ ਇੱਕ ਸੁਲਝੇ ਹੋਏ ਆਗੂ ਮੰਨਿਆ ਹੈ। ਰਾਜਸੀ ਪੱਖ ਤੋਂ ਉਸ ਦੀਆਂ ਕਈ ਗੱਲਾਂ ਨਾਲ ਸਹਿਮਤ ਨਾ ਹੋਣ ਦੇ ਬਾਵਜੂਦ ਮੰਨਣਾ ਪੈਂਦਾ ਹੈ ਕਿ ਗੱਲ ਵੀ ਸਿਰ ਨਾਲ ਸੋਚਣ ਪਿਛੋਂ ਕਰਦਾ ਹੈ ਤੇ ਨੁਕਤੇ ਵੀ ਏਨੇ ਠੋਸ ਉਠਾਉਂਦਾ ਹੈ ਕਿ ਕੋਈ ਛੇਤੀ ਕੀਤੇ ਕੱਟਣ ਦੀ ਹਿੰਮਤ ਨਹੀਂ ਕਰ ਸਕਦਾ। ਅਜਿਹਾ ਸਿਆਣਾ ਬੰਦਾ ਇਸ ਵਾਰੀ ਇੱਕ ਅਣਸੁਖਾਵੇਂ ਵਿਵਾਦ 'ਚ ਉਲਝ ਗਿਆ ਹੈ। ਉਹ ਆਰ. ਐਸ. ਐਸ. ਦੇ ਸੱਦੇ 'ਤੇ ਨਾਗਪੁਰ ਵਿਚ ਉਨ੍ਹਾਂ ਦੇ ਮੁੱਖ ਦਫਤਰ ਵਿਚ ਇੱਕ ਸਮਾਗਮ ਵਿਚ ਪਹੁੰਚ ਗਿਆ। ਇਹ ਇੱਕ ਵੱਡੀ ਛਾਲ ਮਾਰਨ ਵਾਲਾ ਕੰਮ ਸੀ ਕਿ ਜਿਨ੍ਹਾਂ ਵਿਰੁਧ ਸਾਰੀ ਉਮਰ ਸੋਚ ਦਾ ਸੰਘਰਸ਼ ਕਰਦਾ ਰਿਹਾ, ਉਨ੍ਹਾਂ ਦੀ ਸੱਥ ਵਿਚ ਆਪਣੀ ਗੱਲ ਕਹਿਣ ਵਾਸਤੇ ਬੰਦਾ ਬੇਝਿਜਕ ਹੋ ਕੇ ਤੁਰ ਪਿਆ, ਪਰ ਜਿਨ੍ਹਾਂ ਦੇ ਕੋਲ ਗਿਆ ਸੀ, ਉਹ ਲੋਕ ਨਾ ਕਿਸੇ ਦੀ ਹਿੰਮਤ ਦੇ ਕਾਇਲ ਹੋਣ ਵਾਲੇ ਹਨ ਅਤੇ ਨਾ ਆਪੇ ਸੱਦੇ ਹੋਏ ਕਿਸੇ ਮਹਿਮਾਨ ਦਾ ਲਿਹਾਜ਼ ਰੱਖਣ ਵਾਲੇ।

ਪ੍ਰਣਬ ਮੁਖਰਜੀ ਦੇ ਜਾਣ ਤੋਂ ਪਹਿਲਾਂ ਉਸ ਦੇ ਪੁਰਾਣੇ ਕਾਂਗਰਸੀ ਸਾਥੀਆਂ ਨੇ ਵੀ ਕਿਹਾ ਕਿ ਜਾਣਾ ਨਹੀਂ ਚਾਹੀਦਾ ਤੇ ਸਕੀ ਧੀ ਨੇ ਵੀ ਕਿਹਾ ਕਿ ਉਥੇ ਜਾਣ ਨਾਲ ਕਈ ਵਿਵਾਦ ਛਿੜਨਗੇ, ਨਾ ਜਾਓ ਤਾਂ ਚੰਗਾ ਹੈ। ਪ੍ਰਣਬ ਰੁਕਣ ਦੀ ਥਾਂ ਇਹ ਕਹਿ ਕੇ ਤੁਰ ਗਿਆ ਕਿ ਇਸ ਬਾਰੇ ਜੋ ਕਹਿਣਾ ਹੈ, ਉਥੇ ਜਾ ਕੇ ਕਹਾਂਗਾ, ਤੇ ਕੀਤਾ ਵੀ ਏਦਾਂ ਹੀ। ਭਾਰਤ ਦੇ ਸਾਰੇ ਟੀ. ਵੀ. ਚੈਨਲਾਂ ਉਤੇ ਨਾਲੋ-ਨਾਲ ਪੇਸ਼ ਹੋਏ ਭਾਸ਼ਣ ਵਿਚ ਉਸ ਨੇ ਜਿਹੜਾ ਕੁਝ ਆਖਿਆ, ਇਤਿਹਾਸ ਦੇ ਸਾਰੇ ਪੱਖਾਂ ਬਾਰੇ ਜਿਸ ਤਰ੍ਹਾਂ ਖੁੱਲ੍ਹ ਕੇ ਗੱਲ ਕੀਤੀ, ਉਸ ਤੋਂ ਵੱਧ ਕੀਤੇ ਜਾਣ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ।

ਉਸ ਦਾ ਭਾਸ਼ਣ ਸੁਣਨ ਪਿਛੋਂ ਸ਼ਾਇਦ ਸੰਘ ਪਰਿਵਾਰ ਦਾ ਮੁਖੀ ਸੋਚਦਾ ਹੋਵੇਗਾ ਕਿ ਅਜਿਹੇ ਬੰਦੇ ਨੂੰ ਨਾ ਸੱਦਦੇ ਤਾਂ ਚੰਗਾ ਹੋਣਾ ਸੀ। ਇੱਕ ਭੁੱਲ ਉਹ ਖੁਦ ਕਰ ਗਿਆ। ਅੱਜ ਤੱਕ ਉਥੇ ਆਏ ਹਰ ਖਾਸ ਬੰਦੇ ਦੇ ਭਾਸ਼ਣ ਪਿਛੋਂ ਸੰਘ ਪਰਿਵਾਰ ਦਾ ਮੁਖੀ ਬੋਲਦਾ ਹੁੰਦਾ ਸੀ ਤੇ ਕੋਈ ਊਨੀ-ਇੱਕੀ ਹੋਈ ਹੁੰਦੀ ਤਾਂ ਇਸ ਬਹਾਨੇ ਪੋਚਾ ਮਾਰਨ ਦਾ ਮੌਕਾ ਲੈ ਲੈਂਦਾ ਸੀ। ਇਸ ਵਾਰੀ ਬਾਅਦ 'ਚ ਧੰਨਵਾਦ ਕਰਨ ਦੀ ਥਾਂ ਉਸ ਨੇ ਸਵਾਗਤ ਕੀਤਾ ਤੇ ਇਹ ਵੀ ਕਹਿ ਦਿੱਤਾ ਕਿ ਸਾਡੇ ਕੋਲ ਪ੍ਰਣਬ ਮੁਖਰਜੀ ਦੇ ਆਉਣ ਦਾ ਕਈ ਲੋਕਾਂ ਨੇ ਬੇਲੋੜਾ ਵਿਰੋਧ ਕੀਤਾ ਹੈ, ਇਥੇ ਆਉਣ ਪਿਛੋਂ ਵੀ ਪ੍ਰਣਬ ਮੁਖਰਜੀ ਨੇ ਪ੍ਰਣਬ ਮੁਖਰਜੀ ਰਹਿਣਾ ਹੈ ਤੇ ਸੰਘ ਨੇ ਸੰਘ ਹੀ ਰਹਿਣਾ ਹੈ। ਜੇ ਦੋਵਾਂ ਨੇ ਆਪੋ ਆਪਣੀ ਪਹਿਲੀ ਪੁਜੀਸ਼ਨ ਵਿਚ ਹੀ ਰਹਿਣਾ ਹੈ ਤਾਂ ਫਿਰ ਇਹ ਖੇਚਲ ਕਰਨ ਦੀ ਲੋੜ ਕੀ ਸੀ?



ਬਹੁਤ ਸਿਆਣਾ ਸਮਝਿਆ ਜਾਂਦਾ ਪ੍ਰਣਬ ਮੁਖਰਜੀ ਜਿਸ ਗੱਲ 'ਤੇ ਉਲਝ ਗਿਆ, ਉਹ ਆਰ. ਐਸ. ਐਸ. ਦੇ ਸਮਾਗਮ ਪਿਛੋਂ ਸਾਹਮਣੇ ਆਈ ਹੈ। ਉਸ ਦੀ ਇੱਕ ਫੋਟੋ ਅਗਲੀ ਸਵੇਰ ਤੱਕ ਸੋਸ਼ਲ ਮੀਡੀਆ ਵਿਚ ਆ ਗਈ ਤੇ ਇਸ ਬਾਰੇ ਹੋਰਨਾਂ ਤੋਂ ਪਹਿਲਾਂ ਪ੍ਰਣਬ ਮੁਖਰਜੀ ਦੀ ਧੀ ਸ਼ਰਮਿਸ਼ਠਾ ਮੁਖਰਜੀ ਨੇ ਹੀ ਟਿਪਣੀ ਕਰ ਦਿੱਤੀ ਕਿ ਭਾਜਪਾ ਦਾ 'ਡਰਟੀ ਟ੍ਰਿਕਸ ਡਿਪਾਰਟਮੈਂਟ' ਬੜੇ ਨੀਵੇਂ ਪੱਧਰ ਨੂੰ ਪਹੁੰਚ ਗਿਆ ਹੈ। ਸੰਘ ਪਰਿਵਾਰ ਦਾ ਮੁਖੀ ਕਹਿੰਦਾ ਹੈ, ਇਹ ਕੰਮ ਸਾਡੇ ਕਿਸੇ ਬੰਦੇ ਨੇ ਨਹੀਂ ਕੀਤਾ। ਇਹ ਵੀ ਸੁਣਿਆ ਹੈ ਕਿ ਉਸ ਨੇ ਇਸ ਹਰਕਤ ਨੂੰ ਸੰਘ ਦੇ ਖਿਲਾਫ ਸਾਜ਼ਿਸ਼ ਕਿਹਾ ਹੈ। ਉਸ ਦੀ ਟਿਪਣੀ ਦੇ ਪੱਖ ਜਾਂ ਵਿਰੋਧ ਵਿਚ ਕੁਝ ਕਹਿਣ ਦੀ ਥਾਂ ਕਰਨ ਵਾਲਾ ਕੰਮ ਕੇਂਦਰ ਸਰਕਾਰ ਦਾ ਹੈ। ਉਹ ਸੰਘ ਪਰਿਵਾਰ ਦੇ ਨੇੜ ਵਾਲੀ ਹੈ ਤੇ ਇਹ ਜਾਂਚ ਕਰਵਾ ਸਕਦੀ ਹੈ ਕਿ ਫੋਟੋ ਵਿਚ ਕੱਟ-ਵੱਢ ਕਰ ਕੇ ਪ੍ਰਣਬ ਮੁਖਰਜੀ ਦੇ ਸਿਰ 'ਤੇ ਆਰ. ਐਸ. ਐਸ. ਦੀ ਟੋਪੀ ਫਲਾਣੇ ਕੰਪਿਊਟਰ ਤੋਂ ਪਾਈ ਗਈ ਹੈ। ਕੁਝ ਟੀ. ਵੀ. ਚੈਨਲ ਅੱਜ ਕੱਲ੍ਹ 'ਵਾਇਰਲ ਸੱਚ' ਦਾ ਪ੍ਰੋਗਰਾਮ ਚਲਾਉਂਦੇ ਹਨ ਤੇ ਇਹ ਗੱਲ ਹਰ ਕੋਈ ਜਾਣਦਾ ਹੈ ਕਿ ਏਦਾਂ ਦੀਆਂ ਘਾਤਤਾਂ ਨੂੰ ਸਾਈਬਰ ਕਰਾਈਮ ਵਿਰੁਧ ਚੌਕਸੀ ਲਈ ਬਣਿਆ ਸੈਲ ਫੋਲਣ ਲੱਗ ਜਾਵੇ ਤਾਂ ਇਸ ਦਾ ਖੁਰਾ ਲੱਭ ਸਕਦਾ ਹੈ।

ਉਂਜ ਪ੍ਰਣਬ ਮੁਖਰਜੀ ਦੀ ਫੋਟੋ ਨਾਲ ਛੇੜ-ਛਾੜ ਦਾ ਮਾਮਲਾ ਇਕੱਲਾ ਤਾਂ ਨਹੀਂ। ਹਾਲੇ ਕੁਝ ਦਿਨ ਹੋਏ, ਇੱਕ ਬੜੇ ਸੀਨੀਅਰ ਵਕੀਲ ਨੇ ਸਾਨੂੰ ਇੱਕ ਵੀਡੀਓ ਕਲਿਪ ਭੇਜ ਦਿੱਤੀ, ਜਿਸ ਵਿਚ ਰਾਜਸਥਾਨ ਦਾ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ, ਜੋ ਸੀਨੀਅਰ ਕਾਂਗਰਸੀ ਆਗੂ ਹੈ, ਇਹ ਕਹਿੰਦਾ ਪਿਆ ਸੀ, "ਇਹ ਡੈਮ ਬਣਾਈ ਜਾਂਦੇ ਨੇ, ਡੈਮ ਬਣਾ ਕੇ ਜਦੋਂ ਬਿਜਲੀ ਕੱਢ ਲਈ ਤਾਂ ਖੇਤਾਂ ਵਿਚ ਫਸਲ ਦੇ ਪੱਲੇ ਕੀ ਪਵੇਗਾ?" ਉਸ ਸੀਨੀਅਰ ਵਕੀਲ ਨੂੰ ਗੁੱਸਾ ਚੜ੍ਹਿਆ ਸੀ ਕਿ ਕਾਂਗਰਸ ਦੇ ਇਸ ਸੀਨੀਅਰ ਲੀਡਰ ਨੂੰ ਇਹ ਕੀ ਹੋ ਗਿਆ ਹੈ? ਅਸੀਂ ਦੱਸਿਆ ਕਿ ਇਹ ਲਫਜ਼ ਕਾਂਗਰਸ ਆਗੂਆਂ ਵੱਲੋਂ ਪਿਛਲੇ ਹਫਤੇ ਕੀਤੀ ਗਈ ਇੱਕ ਪ੍ਰੈਸ ਕਾਨਫਰੰਸ ਦੇ ਹਨ, ਜਿੱਥੇ ਕਿਹਾ ਕੁਝ ਹੋਰ ਸੀ ਤੇ ਇਸ ਦੇ ਕੁਝ ਲਫਜ਼ ਸ਼ੁਰੂ ਤੋਂ ਕੱਟ ਕੇ ਬਾਕੀ ਇਸ ਤਰ੍ਹਾਂ ਪੇਸ਼ ਕੀਤੇ ਗਏ ਹਨ ਕਿ ਅਸ਼ੋਕ ਗਹਿਲੋਤ ਦਾ ਕਿਹਾ ਜਾਪਦਾ ਹੈ।

ਉਸੇ ਸ਼ਾਮ ਨੂੰ ਏ. ਬੀ. ਪੀ. ਨਿਊਜ਼ ਦੇ ਵਾਇਰਲ ਸੱਚ ਪ੍ਰੋਗਰਾਮ ਨੇ ਉਹ ਵੀਡੀਓ ਕਲਿੱਪ ਵਿਖਾ ਕੇ ਫਿਰ ਉਹ ਪਿਛਲੇ ਹਫਤੇ ਦੀ ਪ੍ਰੈਸ ਕਾਨਫਰੰਸ ਤੇ ਉਸ ਵਿਚ ਬੋਲਦਾ ਅਸ਼ੋਕ ਗਹਿਲੋਤ ਸੁਣਾ ਦਿੱਤਾ, ਜਿੱਥੇ ਉਹ ਕਹਿ ਰਿਹਾ ਸੀ ਕਿ ਜਦੋਂ ਸਾਡੀ ਸਰਕਾਰ ਨੇ ਡੈਮ ਬਣਵਾਏ ਸੀ, ਜਨ ਸੰਘ ਵਾਲੇ ਇਹ ਕਹਿੰਦੇ ਸਨ ਕਿ ਬਿਜਲੀ ਕੱਢ ਲਈ ਹੈ, ਖੇਤ ਵਿਚ ਫਸਲ ਦੇ ਪੱਲੇ ਕੀ ਪਵੇਗਾ? ਇਸ ਦੇ ਸ਼ੁਰੂ ਤੇ ਅੰਤ ਵਾਲੇ ਲਫਜ਼ ਕੱਢ ਕੇ ਬਾਕੀ ਸਾਰਾ ਕੁਝ ਏਦਾਂ ਪੇਸ਼ ਕੀਤਾ ਗਿਆ ਸੀ ਕਿ ਅਸ਼ੋਕ ਗਹਿਲੋਤ ਦਾ ਕਿਹਾ ਸਮਝਿਆ ਜਾ ਸਕਦਾ ਸੀ। ਅਜਿਹੀਆਂ ਕਈ ਗੱਲਾਂ ਪਹਿਲਾਂ ਵੀ ਹੋਈਆਂ ਸਨ।

ਦਿੱਲੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨ੍ਹਈਆ ਕੁਮਾਰ ਨੂੰ ਫਸਾਉਣ ਵਾਸਤੇ ਵੀ ਇੱਕ ਵੀਡੀਓ ਇਸੇ ਤਰ੍ਹਾਂ ਪਰੋਸਣ ਦਾ ਕੰਮ ਹੋਇਆ ਸੀ ਤੇ ਬਾਅਦ ਵਿਚ ਉਹ ਸਾਬਤ ਨਹੀਂ ਸੀ ਕੀਤੀ ਜਾ ਸਕਦੀ, ਇਸ ਕਰ ਕੇ ਅਜੇ ਤੱਕ ਕਨ੍ਹਈਆ ਵਾਲੇ ਉਸ ਮਾਮਲੇ ਵਿਚ ਅਦਾਲਤੀ ਕਾਰਵਾਈ ਕਿਸੇ ਪਾਸੇ ਅੱਗੇ ਨਹੀਂ ਤੋਰੀ ਗਈ, ਉਥੇ ਹੀ ਰੁਕੀ ਹੋਈ ਹੈ।

ਅਸ਼ੋਕ ਗਹਿਲੋਤ ਨੂੰ ਛੱਡ ਕੇ ਫਿਰ ਉਸੇ ਗੱਲ ਵੱਲ ਆਈਏ ਤਾਂ ਇਹ ਦੱਸਿਆ ਜਾ ਰਿਹਾ ਹੈ ਕਿ ਨਾਗਪੁਰ ਦੇ ਇਸੇ ਕੇਂਦਰ ਵਿਚ ਲਾਲ ਬਹਾਦਰ ਸ਼ਾਸਤਰੀ ਵੀ ਆਏ ਸਨ, ਫਲਾਣਾ-ਫਲਾਣਾ ਹੋਰ ਵੀ ਆਏ ਸਨ, ਪਰ ਉਨ੍ਹਾਂ ਨੇ ਉਥੇ ਆਣ ਕੇ ਆਖਿਆ ਕੀ ਸੀ, ਇਹ ਨਹੀਂ ਦੱਸਿਆ ਜਾ ਰਿਹਾ। ਦੱਸਿਆ ਜਾਵੇਗਾ ਤਾਂ ਸੱਚ ਹੋਣਾ ਯਕੀਨੀ ਨਹੀਂ। ਅਸੀਂ ਉਸ ਦੌਰ ਵਿਚੋਂ ਲੰਘ ਰਹੇ ਹਾਂ, ਜਿੱਥੇ ਅਰਥਾਂ ਦੇ ਅਨਰਥ ਕਰਨ ਅਤੇ ਇਤਿਹਾਸ ਨੂੰ ਆਪਣੀ ਮਰਜ਼ੀ ਮੁਤਾਬਕ ਤੋੜ-ਭੰਨ ਕੇ ਪੇਸ਼ ਕਰਨ ਦੇ ਸਾਰੇ ਕੰਮ ਹੋ ਰਹੇ ਹਨ। ਇੱਕ ਜਣਾ ਕਹਿੰਦਾ ਹੈ ਕਿ ਭਗਵਾਨ ਸ਼ਿਵ ਦੇ ਵਕਤ ਭਾਰਤ ਵਿਚ ਪਲਾਸਟਿਕ ਸਰਜਰੀ ਕਰਨ ਵਾਲੇ ਡਾਕਟਰ ਮੌਜੂਦ ਸਨ, ਜਿਨ੍ਹਾਂ ਨੇ ਹਾਥੀ ਦਾ ਸਿਰ ਗਣੇਸ਼ ਭਗਵਾਨ ਨੂੰ ਲਾਇਆ ਸੀ। ਦੂਜਾ ਕਹਿੰਦਾ ਹੈ ਕਿ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਮਹਾਂਭਾਰਤ ਦੇ ਦੌਰ ਵਿਚ ਸਾਡੇ ਦੇਸ਼ ਵਿਚ ਵਾਟਸ-ਐਪ ਵੀਡੀਓ ਕਾਨਫਰੰਸ ਵਰਗਾ ਸਿਸਟਮ ਮੌਜੂਦ ਸੀ, ਜਿਸ ਨਾਲ ਮਹਿਲ ਵਿਚ ਬੈਠੇ ਧ੍ਰਿਤਰਾਸ਼ਟਰ ਨੂੰ ਉਸ ਦਾ ਸੇਵਕ ਸੰਜੇ ਕੌਰਵ-ਪਾਂਡਵ ਜੰਗ ਵਾਲਾ ਸਾਰਾ ਹਾਲ ਕ੍ਰਿਕਟ ਦੀ ਕੁਮੈਂਟਰੀ ਵਾਂਗ ਨਾਲੋ-ਨਾਲ ਦੱਸੀ ਜਾਂਦਾ ਸੀ।

ਪਿਛਲੇ ਹਫਤੇ ਹੋਰ ਕਮਾਲ ਹੋ ਗਈ। ਭਾਜਪਾ ਦੇ ਇੱਕ ਲੀਡਰ ਨੇ ਕਹਿ ਦਿੱਤਾ ਕਿ ਨਾਰਦ ਮੁਨੀ ਇਸ ਦੁਨੀਆਂ ਦਾ ਸਭ ਤੋਂ ਪਹਿਲਾ ਪੱਤਰਕਾਰ ਸੀ। ਅਸੀਂ ਲੋਕ ਬਚਪਨ ਤੋਂ ਲੈ ਕੇ ਇਹ ਸੁਣਦੇ ਸਾਂ ਕਿ ਨਾਰਦ ਮੁਨੀ ਅਸਲ ਵਿਚ ਰਿਸ਼ੀ ਦੇ ਰੂਪ ਵਿਚ ਲਾਉਣ-ਬੁਝਾਉਣ ਦਾ ਕੰਮ ਕਰਦਾ ਸੀ। ਫਿਲਮਾਂ ਵਿਚ ਵੀ ਅਸੀਂ ਉਸ ਦਾ ਇਹੋ ਅਕਸ ਪੇਸ਼ ਹੁੰਦਾ ਵੇਖਿਆ ਸੀ। ਸਮਾਜ ਵਿਚ ਹਰ ਲਾਉਣ-ਬੁਝਾਉਣ ਵਾਲੇ ਨੂੰ ਲੋਕ ਨਾਰਦ ਮੁਨੀ ਕਹਿ ਕੇ ਮਜ਼ਾਕ ਉਡਾਇਆ ਕਰਦੇ ਸਨ। ਭਾਜਪਾ ਆਗੂਆਂ ਨੇ ਜੇ ਨਾਰਦ ਨੂੰ ਦੁਨੀਆਂ ਦਾ ਪਹਿਲਾ ਪੱਤਰਕਾਰ ਬਣਾ ਧਰਿਆ ਹੈ ਤਾਂ ਇਹ ਪਤਾ ਨਹੀਂ ਲੱਗ ਰਿਹਾ ਕਿ ਇਸ ਨਾਲ ਨਾਰਦ ਦਾ ਮਾਣ ਵਧਿਆ ਹੈ ਜਾਂ ਪੱਤਰਕਾਰਾਂ ਦਾ ਜਲੂਸ ਨਿਕਲਿਆ ਹੈ? ਮੈਨੂੰ ਲੱਗਦਾ ਹੈ ਕਿ ਇਸ ਨਵੇਂ ਦੌਰ ਵਿਚ ਪ੍ਰਣਬ ਮੁਖਰਜੀ ਤੋਂ ਲੈ ਕੇ ਛੋਟੇ-ਮੋਟੇ ਪੱਤਰਕਾਰਾਂ ਤੱਕ ਸਭ ਨਾਲ ਜਿੱਦਾਂ ਦਾ ਮਜ਼ਾਕ ਹੋ ਰਿਹਾ ਹੈ, ਉਸ ਦੇ ਬਾਅਦ ਇਹ ਸਮਝ ਨਹੀਂ ਆਉਂਦਾ ਕਿ ਸਾਨੂੰ ਹੱਸਣਾ ਚਾਹੀਦਾ ਹੈ ਕਿ ਰੋਣਾ!

# ਮਨੁੱਖੀ ਵਿਕਾਸ ਬਨਾਮ ਸਾਮਰਾਜੀ ਵਿਕਾਸ

***ਪਿਛਲੀਆਂ ਕੁਝ ਸਦੀਆਂ ਵਿਚ ਸਨਅਤੀ ਵਿਕਾਸ ਨੇ ਕਹਿਣ ਨੂੰ, ਆਦਮੀ ਨੂੰ ਬਹੁਤ ਕੁਝ ਦਿੱਤਾ ਹੈ ਪਰ ਇਸ ਖਾਤਰ ਮਨੁੱਖ ਨੂੰ ਬੜੀ ਵੱਡੀ ਕੀਮਤ ਵੀ ਚੁਕਾਉਣੀ ਪੈ ਰਹੀ ਹੈ। ਸਭ ਤੋਂ ਵੱਡੀ, ਉਸ ਦੀ ਮਾਨਸਿਕ ਸ਼ਾਂਤੀ ਕਿਧਰੇ ਗਵਾਚ ਗਈ ਹੈ। ਇਸ ਵਿਕਾਸ ਨੇ ਕੁਦਰਤ ਦੇ ਤਵਾਜ਼ਨ ਵਿਚ ਵੀ ਬਹੁਤ ਵੱਡਾ ਵਿਗਾੜ ਪੈਦਾ ਕੀਤਾ ਹੈ। ਇਨ੍ਹਾਂ ਹਾਲਾਤ ਵਿਚ ਇਹ ਡਰ ਜਾਹਰ ਕਰਨਾ ਕਿ ਇਹ ਵਿਕਾਸ ਮਨੁੱਖ ਨੂੰ ਤਬਾਹੀ ਦੇ ਕੰਢੇ ਲਿਜਾ ਖੜ੍ਹਾ ਕਰ ਸਕਦਾ ਹੈ, ਬਿਲਕੁਲ ਜਾਇਜ਼ ਹੈ। ਇਹੋ ਕੁਝ ਚਿੰਤਾ ਦੇ ਵਿਸ਼ੇ ਹਨ, ਜਿਨ੍ਹਾਂ 'ਤੇ ਆਪਣੇ ਇਸ ਲੇਖ ਵਿਚ ਬੁੱਧੀਜੀਵੀ ਗੁਰਬਚਨ ਸਿੰਘ ਨੇ ਨਜ਼ਰਸਾਨੀ ਕੀਤੀ ਹੈ। -ਸੰਪਾਦਕ***

ਸਾਇੰਸਦਾਨ ਇਸ ਭਵਿੱਖਵਾਣੀ ਬਾਰੇ ਇਕ ਮੱਤ ਹਨ ਕਿ ਜੇ ਮੌਜੂਦਾ ਤਰਜ਼ 'ਤੇ ਹੋ ਰਹੇ ਸਨਅਤੀ ਵਿਕਾਸ ਦਾ ਬਦਲਵਾਂ ਸਰੂਪ ਨਾ ਲੱਭਿਆ ਗਿਆ ਤਾਂ ਧਰਤੀ 'ਤੇ ਲੱਖਾਂ ਸਾਲ ਤੋਂ ਰਹਿ ਰਹੀ ਆਦਮ ਜਾਤੀ ਦੀ ਉਮਰ ਕੋਈ ਬਹੁਤੀ ਲੰਮੀ ਨਹੀਂ। ਪਲੀਤ ਹੋ ਰਹੇ ਵਾਤਾਵਰਣ ਤੇ ਧਰਤੀ ਉਤੇ ਵਧ ਰਹੀ ਤਪਸ਼ ਕਾਰਨ ਹਜ਼ਾਰਾਂ ਸਾਲਾਂ ਤੋਂ ਚੱਲੇ ਆਉਂਦੇ ਬਰਫੀਲੇ ਗਲੇਸ਼ੀਅਰਾਂ ਦੇ ਪਿਘਲਣ ਤੇ ਇਸ ਨਾਲ ਸਮੁੰਦਰ 'ਚ ਵਧ ਰਹੇ ਪਾਣੀ ਕਰਕੇ ਇਹ ਖਤਰਾ ਪੈਦਾ ਹੋਇਆ ਹੈ। ਜਿਸ ਕੁਦਰਤ ਬਾਰੇ ਕਿਹਾ ਜਾਂਦਾ ਹੈ, ਇਹ ਨਿੱਤ ਨਵੀਂ ਹੈ ਤੇ ਆਪਣੇ ਆਪ ਨੂੰ ਲਗਾਤਾਰ ਨਵਿਆਉਂਦੀ ਰਹਿੰਦੀ ਹੈ, ਕੀ ਕਾਰਨ ਹੈ ਕਿ ਅੱਜ ਓਹੀ ਕੁਦਰਤ ਧਰਤੀ ਉਤੇ ਵਧ ਰਹੀ ਇਸ ਤਪਸ਼ ਨੂੰ ਕਾਬੂ ਵਿਚ ਨਹੀਂ ਰੱਖ ਸਕਦੀ?

ਗੁਰਬਚਨ ਸਿੰਘ ਜਲੰਧਰ
ਫੋਨ: 91-98156-98451

ਦੁਨੀਆਂ ਭਰ ਦੇ ਸਾਇੰਸਦਾਨ ਇਸ ਧਾਰਨਾ ਨਾਲ ਸਹਿਮਤ ਹਨ ਕਿ ਇਹ ਤਪਸ਼ ਪਿਛਲੀਆਂ ਤਿੰਨ ਸਦੀਆਂ ਤੋਂ ਮੌਜੂਦਾ ਤਰਜ ਦੇ ਹੋ ਰਹੇ ਸਨਅਤੀ ਵਿਕਾਸ ਕਾਰਨ ਵਧੀ ਹੈ। ਇਹ ਸਨਅਤੀ ਵਿਕਾਸ 17ਵੀਂ-18ਵੀਂ ਸਦੀ 'ਚ ਸਰਮਾਏਦਾਰੀ ਦੇ ਉਭਾਰ ਨਾਲ ਸ਼ੁਰੂ ਹੋਇਆ ਸੀ, ਜੋ ਅੱਜ ਸਾਮਰਾਜੀ-ਸਰਮਾਏਦਾਰੀ ਦੇ ਰੂਪ 'ਚ ਵਸੀਹ ਰੂਪ ਧਾਰ ਗਿਆ ਹੈ, ਜਿਸ ਨੇ ਸੰਸਾਰ ਦਾ ਆਰਥਕ, ਸਿਆਸੀ ਤੇ ਸਮਾਜੀ ਢਾਂਚਾ ਮੁੱਢੋਂ ਹੀ ਬਦਲ ਕੇ ਰੱਖ ਦਿੱਤਾ ਹੈ। ਸਮਾਜੀ ਢਾਂਚੇ ਦੇ ਇਸ ਝੰਜੋੜੇ ਦਾ ਮਨੁੱਖੀ ਮਨ ਤੇ ਮਨੁੱਖੀ ਜਜ਼ਬਿਆਂ ਉਤੇ ਕੀ ਅਸਰ ਪਿਆ ਹੈ, ਇਹ ਇਕ ਵੱਖਰੀ ਲਿਖਤ ਦਾ ਮਸਲਾ ਹੈ। ਪਰ ਇਥੇ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਕਿਉਂ ਤੇ ਕਿਵੇਂ ਵਾਪਰਿਆ?

ਇਸ ਦਾ ਜੁਆਬ ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ਼ ਨੇ 'ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ' ਵਿਚ ਦਿੱਤਾ ਹੈ। ਮਾਰਕਸ-ਏਂਗਲਜ਼ ਕਿਉਂਕਿ ਜਾਗੀਰਦਾਰੀ ਦੇ ਟੁੱਟਣ ਤੇ ਸਰਮਾਏਦਾਰੀ ਪ੍ਰਬੰਧ ਦੀ ਚੜ੍ਹਤ ਦੇ ਦੌਰ ਦੇ ਫਿਲਾਸਫਰ ਸਨ, ਉਨ੍ਹਾਂ ਨੇ ਸਰਮਾਏਦਾਰੀ ਪ੍ਰਬੰਧ ਦੀਆਂ ਸਭ ਅਲਾਮਤਾਂ ਵੇਖ ਲਈਆਂ ਸਨ। ਇਸੇ ਲਈ ਉਨ੍ਹਾਂ ਕਮਿਊਨਿਸਟ ਇਨਕਲਾਬ ਦਾ ਸੱਦਾ ਦਿੰਦਿਆਂ ਭਵਿੱਖਵਾਣੀ ਕੀਤੀ ਸੀ ਕਿ ਜਾਂ ਤਾਂ ਕਿਰਤੀ ਜਮਾਤ ਆਪਣੀ ਜਥੇਬੰਦ ਤਾਕਤ ਨਾਲ ਇਨਕਲਾਬ ਰਾਹੀਂ ਸਿਆਸੀ ਸ਼ਕਤੀ 'ਤੇ ਕਬਜ਼ਾ ਕਰਕੇ ਕਮਿਊਨਿਸਟ ਸਮਾਜ ਦੀ ਸਿਰਜਣਾ ਵੱਲ ਅੱਗੇ ਵਧੇਗੀ ਤੇ ਜਾਂ ਸਮੁੱਚੀ ਆਦਮ ਜਾਤੀ ਜਾਂਗਲੀ ਵਹਿਸ਼ਤ ਦਾ ਸ਼ਿਕਾਰ ਹੋ ਜਾਵੇਗੀ। ਪਲੀਤ ਹੋ ਰਿਹਾ ਵਾਤਾਵਰਣ ਤੇ ਵਧਦੀ ਤਪਸ਼ ਸਾਮਰਾਜੀ ਸਰਮਾਏਦਾਰੀ ਦੀ ਇਸੇ ਵਹਿਸ਼ਤ ਦੀ ਅਲਾਮਤ ਹੈ।

1848 'ਚ ਜਾਰੀ 'ਕਮਿਊਨਿਸਟ ਮੈਨੀਫੈਸਟੋ' ਵਿਚ ਦਰਜ ਹੈ, ਪੈਦਾਵਾਰੀ ਦੇ ਢੰਗਾਂ ਵਿਚ ਬੜੇ ਤਿੱਖੇ ਸੁਧਾਰ ਕਰਕੇ ਅਤੇ ਆਵਾਜਾਈ ਦੀਆਂ ਵਧੀਆਂ ਸਹੂਲਤਾਂ ਕਾਰਨ ਸਰਮਾਏਦਾਰੀ ਨੇ ਸਭ ਤੋਂ ਵੱਧ ਜਾਂਗਲੀ ਕੌਮਾਂ ਨੂੰ ਆਪਣੇ ਘੇਰੇ 'ਚ ਲੈ ਆਂਦਾ ਹੈ। ਵਸਤਾਂ ਦੀਆਂ ਸਸਤੀਆਂ ਕੀਮਤਾਂ ਨੂੰ ਤੋਪਖਾਨੇ ਦੇ ਤੌਰ 'ਤੇ ਵਰਤ ਕੇ, ਸਾਰੀਆਂ ਚੀਨੀ ਕੰਧਾਂ ਟੱਪ ਲਈਆਂ ਹਨ, ਜਿਸ ਨਾਲ ਇਸ ਨੇ ਵਿਦੇਸ਼ੀਆਂ ਪ੍ਰਤੀ ਘੋਰ ਨਫਰਤ ਰੱਖਦੇ ਜਾਂਗਲੀਆਂ ਨੂੰ ਵੀ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ। ਇਸ ਨੇ ਖਾਤਮੇ ਦੀ ਪੀੜਾ ਸਹਿ ਰਹੀਆਂ ਸਭ ਕੌਮਾਂ ਨੂੰ ਪੈਦਾਵਾਰੀ ਦਾ ਪੂੰਜੀਵਾਦੀ ਢੰਗ, ਜਿਸ ਨੂੰ ਇਹ ਸਭਿਅਤਾ ਕਹਿੰਦੀ ਹੈ, ਅਪਨਾਉਣ ਲਈ ਮਜਬੂਰ ਕਰ ਦਿੱਤਾ ਹੈ। ਸੰਖੇਪ ਵਿਚ ਇਸ ਨੇ ਆਪਣਾ ਹੀ ਕਲਪਿਆ ਇਕ ਸੰਸਾਰ ਸਿਰਜ ਲਿਆ ਹੈ।

'ਕਮਿਊਨਿਸਟ ਮੈਨੀਫੈਸਟੋ' ਦੀ ਧਾਰਨਾ ਕਿ 'ਸਰਮਾਏਦਾਰੀ ਨੇ ਆਪਣਾ ਹੀ ਕਲਪਿਆ ਇਕ ਸੰਸਾਰ ਸਿਰਜ ਲਿਆ ਹੈ' ਅਜੋਕੇ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਨੂੰ ਸਮਝਣ ਦੀ ਕੁੰਜੀ ਹੈ। ਇਸ ਧਾਰਨਾ ਅਨੁਸਾਰ ਸਰਮਾਏਦਾਰੀ ਕੁਦਰਤੀ ਤੇ ਸਮਾਜੀ ਹਕੀਕਤ ਤੋਂ ਟੁੱਟੇ ਇਕ ਕਲਪਿਤ ਸੰਸਾਰ ਦੀ ਸਿਰਜਣਾ ਕਰਦੀ ਹੈ, ਜੋ ਮਨੁੱਖ ਨੂੰ ਕੁਦਰਤੀ ਤੇ ਸਮਾਜੀ ਹਕੀਕਤ ਨਾਲੋਂ ਤੋੜ ਦਿੰਦਾ ਹੈ। ਅੱਜ ਇਹੀ ਕਲਪਿਤ ਸੰਸਾਰ ਇਕ ਭਿਆਨਕ ਰੂਪ ਧਾਰ ਗਿਆ ਹੈ, ਜਿਸ ਨੇ ਨਾ ਸਿਰਫ ਮਨੁੱਖ ਜਾਤੀ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਹੈ ਸਗੋਂ ਮਨੁੱਖੀ, ਸਮਾਜੀ ਅਤੇ ਪਰਿਵਾਰਕ ਰਿਸ਼ਤੇ ਤਬਾਹ ਕਰ ਦਿੱਤੇ ਹਨ। ਅੱਜ ਮਨੁੱਖੀ ਸਮਾਜ ਇਨ੍ਹਾਂ ਤਬਾਹ ਹੋਏ ਰਿਸ਼ਤਿਆਂ ਦੀ ਪੀੜ ਹੰਢਾ ਰਿਹਾ ਹੈ ਤੇ ਅਜੋਕਾ ਬੇਲੋੜਾ ਸਨਅਤੀਕਰਨ ਇਸੇ ਸਾਮਰਾਜੀ ਕਲਪਨਾ ਦੀ ਦੇਣ ਹੈ।

ਅਜੋਕੇ 'ਵਿਕਾਸ' ਨੂੰ ਸਿਰਫ ਇਉਂ ਹੀ ਸਮਝਿਆ ਜਾ ਸਕਦਾ ਹੈ। ਵੱਡੇ-ਵੱਡੇ ਸ਼ਹਿਰਾਂ ਦਾ ਹੋ ਰਿਹਾ ਪਸਾਰ, ਬਣ ਰਹੇ ਆਲੀਸ਼ਾਨ ਪੰਜ ਤਾਰਾ ਹੋਟਲ, ਵੱਡੇ-ਵੱਡੇ ਮਾਲ, ਇਨ੍ਹਾਂ 'ਚ ਦੁਨੀਆਂ ਭਰ ਦੇ ਸਮਾਨ ਨਾਲ ਭਰੇ ਹੱਟ, ਨਵੇਂ-ਨਵੇਂ ਫੈਸ਼ਨਾਂ ਦੇ ਰੰਗ ਬਿਰੰਗੇ ਮਹਿੰਗੇ ਤੋਂ ਮਹਿੰਗੇ ਕੱਪੜੇ, ਸ਼ਹਿਰਾਂ ਦੀਆਂ ਸੜਕਾਂ ਤੇ ਬਜ਼ਾਰਾਂ 'ਚ ਲੋਕਾਂ ਦੀਆਂ ਭੀੜਾਂ, ਪੱਛਮੀ ਦੇਸ਼ਾਂ ਵਾਂਗ ਸ਼ਹਿਰਾਂ ਵਿਚ ਨਾਈਟ ਕਲੱਬ, ਉਥੇ ਰਾਤ ਭਰ ਹੁੰਦੇ ਭੜਕੀਲੇ ਡਾਂਸ, ਥਾਂ-ਥਾਂ ਖੁੱਲ੍ਹੀਆਂ ਅੰਗਰੇਜ਼ੀ ਤੇ ਦੇਸੀ ਸ਼ਰਾਬ ਦੀਆਂ ਦੁਕਾਨਾਂ, ਵੱਡੇ ਸ਼ਹਿਰਾਂ ਵਿਚ ਮਹਿੰਗੀ ਤੋਂ ਮਹਿੰਗੀ ਪੱਛਮੀ ਸ਼ਰਾਬ ਦੀ ਪ੍ਰਾਪਤੀ, ਇਨ੍ਹਾਂ ਦੁਕਾਨਾਂ ਵਿਚ ਲੋਕਾਂ ਦੇ ਹਜੂਮ, ਨਵੇਂ ਬਣੇ ਮਲਟੀਪਲੈਕਸਨੁਮਾ ਸਿਨੇਮਿਆਂ 'ਚ ਲੱਗਦੀਆਂ ਨਵੀਆਂ ਕਾਮੁਕ ਦ੍ਰਿਸ਼ਾਂ ਨਾਲ ਲਬਰੇਜ਼ ਫਿਲਮਾਂ, ਲੋਕਾਂ ਦੇ ਇਲਾਜ ਲਈ ਬਹੁ ਮੰਜ਼ਲਾ ਆਲੀਸ਼ਾਨ ਹੋਟਲਾਂ ਵਰਗੇ ਹਸਪਤਾਲ, ਮਹਿੰਗੀਆਂ ਤੋਂ ਮਹਿੰਗੀਆਂ ਕਾਰਾਂ, ਕਾਰ ਕੰਪਨੀਆਂ ਦੇ ਨਵੇਂ ਮਾਡਲਾਂ ਦੀ ਹੋੜ, ਸ਼ਹਿਰਾਂ ਦੇ ਬਾਹਰਵਾਰ ਬਣੇ ਸ਼ਾਹੀ ਮਹੱਲਾਂ ਨੂੰ ਮਾਤ ਪਾਉਂਦੇ ਮੈਰਿਜ ਪੈਲੇਸ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ; ਸ਼ਹਿਰਾਂ ਦੇ ਅੰਦਰ ਤੇ ਬਾਹਰ-ਬਾਰ ਚਮਚਮ ਕਰਦੀਆਂ ਬਿਜਲੀਆਂ। ਇਹ ਸਭ ਕਹਿਣ ਨੂੰ ਇਕ ਬੜਾ ਦਿਲਖਿਚ, ਖੂਬਸੂਰਤ ਨਜ਼ਾਰਾ ਪੇਸ਼ ਕਰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਮਨ ਅਸ਼-ਅਸ਼ ਕਰ ਉਠਦਾ ਹੈ ਕਿ ਸਭ ਪਾਸੇ ਬੱਲੇ-ਬੱਲੇ ਹੈ।

ਪਰ ਇਹ ਸਾਰਾ ਕੁਝ ਹੁੰਦਿਆਂ-ਸੁੰਦਿਆਂ ਵੀ ਅਰਬਾਂ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ। ਅਰਬਾਂ ਲੋਕਾਂ ਕੋਲ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਵੀ ਸਾਧਨ ਨਹੀਂ। ਇਸ ਤੋਂ ਬਿਨਾ ਮਨੁੱਖ ਅੰਦਰੋਂ ਮਨੁੱਖ ਮਰ ਰਿਹਾ ਹੈ। ਮਨੁੱਖੀ ਰਿਸ਼ਤੇ ਮਰ ਰਹੇ ਹਨ, ਪਰਿਵਾਰ ਟੁੱਟ ਰਹੇ ਹਨ, ਨੌਜਵਾਨ ਨਸ਼ੇੜੀ ਬਣ ਰਹੇ ਹਨ, ਕੁੜੀਆਂ ਸ਼ੌਕੀਆ ਵੇਸਵਾਵਾਂ ਬਣ ਰਹੀਆਂ ਹਨ ਤੇ ਇਸ ਦੇ ਨਾਲ ਹੀ ਇਹ ਸਾਰਾ ਕੁਝ ਦਿੱਸ ਰਿਹਾ 'ਵਿਕਾਸ' ਨਾ ਸਿਰਫ ਕੁਦਰਤੀ ਵਸੀਲਿਆਂ ਦਾ ਉਜਾੜਾ ਹੈ, ਸਗੋਂ ਇਹ ਸਭ ਵੱਡੀ ਬਹੁਗਿਣਤੀ ਗਰੀਬ ਲੋਕਾਂ ਦੀ ਕੀਮਤ 'ਤੇ ਹੋ ਰਿਹਾ ਹੈ, ਜੋ ਚੌਗਿਰਦੇ, ਧਰਤੀ, ਪਾਣੀ, ਹਵਾ ਨੂੰ ਜ਼ਹਿਰੀ ਬਣਾ ਰਿਹਾ ਹੈ। ਹਾਲਤ ਇਥੋਂ ਤੱਕ ਪਹੁੰਚ ਗਈ ਹੈ ਕਿ ਇਸ 'ਵਿਕਾਸ' ਕਾਰਨ ਧਰਤੀ ਉਤੇ ਵਧੀ ਤਪਸ਼ ਨੇ ਸਮੁੱਚੀ ਮਨੁੱਖ ਜਾਤੀ ਦੀ ਹੋਂਦ ਨੂੰ ਹੀ ਖਤਰੇ ਦੇ ਮੂੰਹ ਲਿਆ ਖੜ੍ਹਾ ਕੀਤਾ ਹੈ।

ਇਸ ਸਾਮਰਾਜੀ ਵਿਕਾਸ ਮਾਡਲ ਨੇ ਮਨੁੱਖ ਜਾਤੀ ਨੂੰ ਕੁਦਰਤ ਨਾਲੋਂ ਤੋੜ ਦਿੱਤਾ ਹੈ। ਮਨੁੱਖੀ ਮਨ ਨੂੰ ਮਨੁੱਖੀ ਤਨ ਨਾਲੋਂ ਤੋੜ ਦਿੱਤਾ ਹੈ ਅਤੇ ਮਨੁੱਖੀ ਚੇਤਨਾ ਨੂੰ ਉਸ ਦੀ ਇਤਿਹਾਸਕ ਅਨੁਭਵੀ ਚੇਤਨਾ ਤੋਂ ਤੋੜ ਦਿੱਤਾ ਹੈ। ਉਹ ਕੁਦਰਤੀ ਨੇਮਾਂ ਵਿਚ ਜਿਉਣ ਦੀ ਥਾਂ ਆਪਣੀ ਕਲਪਨਾ ਵਿਚ ਜਿਉਂਦਾ ਕੁਦਰਤ ਨੂੰ ਆਪਣੇ ਅਨੁਸਾਰ ਢਾਲਣਾ ਚਾਹੁੰਦਾ ਹੈ। ਇਹੀ ਅਜੋਕੇ ਮਨੁੱਖ ਦੀ ਤ੍ਰਾਸਦੀ ਹੈ। ਅਜੋਕਾ ਮਨੁੱਖ ਹਕੀਕਤ ਵਿਚ ਜਿਉਣ ਦੀ ਥਾਂ ਨਿਰੰਤਰ ਕਲਪਨਾ ਵਿਚ ਜੀਅ ਰਿਹਾ ਹੈ।

ਸਾਮਰਾਜੀ ਚਕਾਚੌਂਧ ਅਤੇ ਖਪਤਕਾਰੀ ਦੇ ਪ੍ਰਚਾਰ ਨੇ ਉਸ ਦੀ ਚੇਤਨਾ ਨੂੰ ਇਸ ਹੱਦ ਤੱਕ ਭ੍ਰਿਸ਼ਟ ਕਰ ਦਿੱਤਾ ਹੈ ਕਿ ਉਹ ਆਪਣੀ ਸਰੀਰਕ ਸਮਰੱਥਾ ਨੂੰ ਭੁੱਲ ਕੇ ਆਪਣੀਆਂ ਇੰਦ੍ਰਿਆਵੀ ਇੱਛਾਵਾਂ ਨੂੰ ਪੂਰਾ ਕਰਨਾ ਲੋਚਦਾ ਹੈ, ਜੋ ਹਕੀਕਤ ਵਿਚ ਅਸੰਭਵ ਹੈ। ਅਸੰਭਵ ਨੂੰ ਸੰਭਵ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਉਹ ਨਿਰੰਤਰ ਤਣਾਅ ਦਾ ਸ਼ਿਕਾਰ ਰਹਿੰਦਾ ਹੈ। ਇਹੀ ਕਾਰਨ ਹੈ ਕਿ ਅੱਜ ਬਹੁਤ ਸਾਰੇ ਮਨੋਵਿਗਿਆਨੀ ਇਹ ਦਾਅਵੇ ਕਰ ਰਹੇ ਹਨ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਹੀ ਦੁਨੀਆਂ ਭਰ ਵਿਚ ਵੱਸਦੇ 90 ਫੀਸਦੀ ਲੋਕ ਤਣਾਅ ਦਾ ਸ਼ਿਕਾਰ ਹੋ ਜਾਣਗੇ। ਇਸ ਤਰ੍ਹਾਂ ਕਲਪਿਤ ਜ਼ਿੰਦਗੀ ਜਿਉਣ ਦੀ ਧੁੱਸ ਵਿਚ ਉਸ ਨੇ ਆਪਣੀ ਸਿਹਤ ਨੂੰ ਵੀ ਦਾਅ ਉਤੇ ਲਾ ਦਿੱਤਾ ਹੈ।

ਆਪਣੀ ਇਤਿਹਾਸਕ ਚੇਤਨਾ ਅਤੇ ਕੁਦਰਤੀ ਸਹਿਜ ਵਿਕਾਸ ਤੋਂ ਟੁੱਟਾ ਮਨੁੱਖ ਆਪਣੀ ਮੂਰਖਤਾ ਨੂੰ ਆਪਣੀ ਸਿਆਣਪ ਸਮਝ ਰਿਹਾ ਹੈ। ਇਸ ਮੂਰਖਤਾ ਦਾ ਪ੍ਰਗਟ ਰੂਪ ਇਹ ਹੈ ਕਿ ਕੁਦਰਤ ਵੱਲੋਂ ਮਨੁੱਖ ਨੂੰ ਮਿਲੀ ਨੀਂਦ ਦੀ ਦਾਤ ਵੀ ਅੱਜ ਇਕ ਦੁਰਲੱਭ ਵਸਤੂ ਬਣਦੀ ਜਾ ਰਹੀ ਹੈ।

ਜੋ ਸਭਿਅਤਾ ਜਾਂ ਸਭਿਆਚਾਰਕ ਵਿਕਾਸ ਅੱਜ ਅਸੀਂ ਵੇਖ ਰਹੇ ਹਾਂ, ਇਹ ਮਨੁੱਖ ਦਾ ਕੁਦਰਤੀ ਵਿਕਾਸ ਨਹੀਂ ਹੈ, ਸਗੋਂ ਜਿਸ ਨੂੰ ਸਾਮਰਾਜੀ ਸਭਿਅਤਾ ਕਹਿੰਦੀ ਹੈ, ਪਰ ਜਿਹਤੀ ਸਭਿਅਤਾ ਹੈ ਨਹੀਂ, ਉਸ ਨੂੰ ਸੰਸਾਰ ਭਰ ਦੇ ਲੋਕਾਂ ਨੂੰ ਅਪਨਾਉਣ ਲਈ ਸਰਮਾਏਦਾਰੀ ਨੇ ਮਜਬੂਰ ਕਰ ਦਿੱਤਾ ਹੈ। ਜਿਸ ਨੇ ਸਾਰੇ ਮਨੁੱਖੀ, ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਨੂੰ ਸਿਰਫ ਪੈਸੇ ਦੇ ਰਿਸ਼ਤੇ ਤੱਕ ਸੀਮਤ ਕਰ ਦਿੱਤਾ ਹੈ। ਇਸ ਕਲਪਿਤ ਸਰਮਾਏਦਾਰੀ ਸਭਿਅਤਾ ਤੇ ਕਲਪਿਤ ਖਪਤਕਾਰੀ ਸਭਿਆਚਾਰ ਨੇ ਸਾਮਰਾਜੀ ਦੌਰ ਵਿਚ ਆ ਕੇ ਹੋਰ ਵੀ ਵਸੀਹ ਰੂਪ ਅਖਤਿਆਰ ਕਰ ਲਿਆ ਹੈ ਅਤੇ ਸਮੁੱਚੀ ਮਨੁੱਖਤਾ ਨੂੰ ਹੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਜਿੰਨਾ ਚਿਰ ਸਾਮਰਾਜੀ ਸਰਮਾਏਦਾਰੀ ਦੇ ਇਸ ਕਲਪਿਤ ਸੰਸਾਰ ਨੂੰ ਨਹੀਂ ਸਮਝਿਆ ਜਾਂਦਾ ਤੇ ਇਸ ਦੇ ਮੋਹ ਨੂੰ ਨਹੀਂ ਤਿਆਗਿਆ ਜਾਂਦਾ, ਓਨਾ ਚਿਰ ਧਰਤੀ ਉਤੇ ਵਧ ਰਹੀ ਇਸ ਤਪਸ਼ ਦਾ ਕੋਈ ਹੱਲ ਨਹੀਂ ਲੱਭਿਆ ਜਾ ਸਕਦਾ। ਮਨੁੱਖ ਜਾਤੀ ਦੀ ਤ੍ਰਾਸਦੀ ਇਹ ਹੈ ਕਿ ਉਹ ਹਾਕਮ ਵਰਗ ਦੇ ਭਾਰੂ ਗੁੰਮਰਾਹਕੁੰਨ ਪ੍ਰਚਾਰ ਅਧੀਨ ਸਾਮਰਾਜੀ ਕਲਪਨਾ ਨੂੰ ਮਨੁੱਖੀ 'ਵਿਕਾਸ' ਸਮਝ ਰਹੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 16 ਜੂਨ 2018

# ਪੰਜਾਬ ਤੋਂ ਟਰੰਪ ਤੱਕ

ਇਸ ਹਫਤੇ ਤਿੰਨ ਖਬਰਾਂ ਨੇ ਪੂਰਾ ਗਾਹ ਪਾਈ ਰੱਖਿਆ ਹੈ। ਪਹਿਲੀ ਖਬਰ ਪੰਜਾਬ ਨਾਲ ਜੁੜੇ ਬੇਅਦਬੀ ਕੇਸ ਨਾਲ ਸਬੰਧਤ ਹੈ, ਦੂਜੀ ਦਾ ਸਬੰਧ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਾਨ ਤੋਂ ਮਾਰਨ ਦੀ ਸਾਜ਼ਿਸ਼ ਨਾਲ ਹੈ ਅਤੇ ਤੀਜੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਉਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੌਂਗ-ਉਨ ਵਿਚਕਾਰ ਹੋਈ ਮੁਲਾਕਾਤ ਨਾਲ ਵਾਬਸਤਾ ਹੈ। ਬੇਅਦਬੀ ਕਾਂਡ ਦੀਆਂ ਪਰਤਾਂ ਜਿਸ ਤਰ੍ਹਾਂ ਹੁਣ ਖੁੱਲ੍ਹ ਰਹੀਆਂ ਹਨ ਅਤੇ ਪੁਲਿਸ ਵੱਲੋਂ ਜੋ ਦਾਅਵੇ ਕੀਤੇ ਜਾ ਰਹੇ ਹਨ, ਉਸ ਨਾਲ ਸਾਰੀ ਕਹਾਣੀ ਡੇਰਾ ਪ੍ਰੇਮੀਆਂ ਵੱਲ ਮੁੜਦੀ ਜਾਪਦੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਇਹ ਦਾਅਵਾ ਕਰ ਕੇ ਇਕ ਵਾਰ ਫਿਰ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ ਹੈ ਕਿ ਇਹ 'ਪ੍ਰਾਪਤੀ' ਉਨ੍ਹਾਂ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਹਾਸਲ ਕੀਤੀ ਹੈ ਪਰ ਇਸ ਮਸਲੇ ਉਤੇ ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਦੀ ਸਿਆਸੀ ਸਰਗਰਮੀ ਸਾਹਮਣੇ ਆਈ ਹੈ, ਉਸ ਤੋਂ ਭਲੀ-ਭਾਂਤ ਜਾਹਰ ਹੋ ਗਿਆ ਹੈ ਕਿ ਇਹ ਮਸਲਾ ਉਸੇ ਵੇਲੇ ਨਜਿਠਿਆ ਜਾ ਸਕਦਾ ਸੀ ਅਤੇ ਹਾਲਾਤ ਨੂੰ ਵੀ ਕਾਬੂ ਹੇਠ ਰੱਖਿਆ ਜਾ ਸਕਦਾ ਸੀ, ਪਰ ਉਸ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਹਾਲਾਤ ਸੰਭਾਲਣ ਲਈ ਕੋਈ ਚਾਰਾਜੋਈ ਨਹੀਂ ਕੀਤੀ। ਇਸ ਨਾ-ਅਹਿਲੀਅਤ ਦਾ ਮੁੱਖ ਕਾਰਨ ਇਹ ਸੀ ਕਿ ਬਾਦਲ ਦਲ ਦਾ ਨਿਸ਼ਾਨਾ ਡੇਰੇ ਵਾਲੀਆਂ ਵੋਟਾਂ ਪੱਕੀਆਂ ਕਰਨਾ ਸੀ। ਉਸ ਵੇਲੇ ਪੁਲਿਸ ਜਾਂਚ ਉਤੇ ਸਿਆਸੀ ਦਬਾਅ ਪਾ ਕੇ ਜਾਂਚ ਨੂੰ ਲੀਹੋਂ ਲਾਹ ਦਿੱਤਾ ਗਿਆ। ਹੁਣ ਵੀ ਇਸ ਮਾਮਲੇ 'ਤੇ ਇਹੀ ਸਿਆਸਤ ਖੇਡੀ ਜਾ ਰਹੀ ਹੈ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਅੱਖ ਅਗਲੇ ਸਾਲ ਆ ਰਹੀਆਂ ਲੋਕ ਸਭਾ ਚੋਣਾਂ ਉਤੇ ਹੈ। ਇਸੇ ਕਰ ਕੇ ਹੁਣ ਉਹੀ ਪੁਲਿਸ ਉਸੇ ਤਰ੍ਹਾਂ ਦੇ ਸਿਆਸੀ ਦਬਾਅ ਹੇਠ ਨਿੱਤ ਨਵੀਆਂ ਖਬਰਾਂ ਨਸ਼ਰ ਕਰ ਰਹੀ ਹੈ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਪੁਲਿਸ ਚੁੱਪ-ਚੁਪੀਤੇ ਆਪਣਾ ਕੰਮ ਕਰੀ ਜਾਂਦੀ ਅਤੇ ਮੁਲਜ਼ਮਾਂ ਨੂੰ ਸਜ਼ਾ ਦਿਵਾਉਂਦੀ। ਦੁਨੀਆਂ ਦੇ ਬਥੇਰੇ ਮੁਲਕ ਅਜਿਹੇ ਹਨ ਜਿਥੇ ਪੁਲਿਸ ਮੁਢਲੀ ਕਾਰਵਾਈ ਦੌਰਾਨ ਗ੍ਰਿਫਤਾਰ ਕੀਤੇ ਜਾਂ ਜਿਨ੍ਹਾਂ ਖਿਲਾਫ ਜਾਂਚ ਚੱਲ ਰਹੀ ਹੁੰਦੀ ਹੈ, ਉਦੋਂ ਨਾ ਤਾਂ ਉਨ੍ਹਾਂ ਦੇ ਨਾਂ ਨਸ਼ਰ ਕਰਦੀ ਹੈ ਅਤੇ ਨਾ ਹੀ ਉਸ ਭਾਈਚਾਰੇ ਬਾਰੇ ਕੋਈ ਤਫਸੀਲ ਦਿੱਤੀ ਜਾਂਦੀ ਹੈ ਜਿਸ ਨਾਲ ਸਬੰਧਤ ਮੁਲਜ਼ਮ ਹੁੰਦਾ ਹੈ। ਅਜਿਹਾ ਇਸ ਕਰ ਕੇ ਕੀਤਾ ਜਾਂਦਾ ਹੈ ਤਾਂ ਕਿ ਸਬੰਧਤ ਭਾਈਚਾਰੇ ਬਾਰੇ ਸਮਾਜ ਵਿਚ ਕੋਈ ਗਲਤ ਸੁਨੇਹਾ ਨਾ ਜਾਵੇ ਪਰ ਇਥੇ ਤਾਂ ਜਾਂਚ ਕਰ ਅਤੇ ਕਰਵਾ ਰਹੇ ਸ਼ਖਸਾਂ ਦਾ ਮੁੱਖ ਨਿਸ਼ਾਨਾ ਨਿਰੋਲ ਸਿਆਸਤ ਹੀ ਹੈ, ਇਸ ਲਈ ਅਜਿਹੀ ਇਹਤਿਆਤ ਵਰਤੀ ਹੀ ਨਹੀਂ ਜਾਂਦੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਾਲੇ ਮਾਮਲੇ ਵਿਚ ਤਾਂ ਹੋਰ ਵੀ ਹੱਦ ਕੀਤੀ ਗਈ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਜੇ ਪ੍ਰਧਾਨ ਮੰਤਰੀ ਨੂੰ ਜਾਨੋਂ ਮਾਰਨ ਦੀ ਕਿਸੇ ਸਾਜ਼ਿਸ਼ ਦਾ ਪਤਾ ਲੱਗਾ ਹੈ ਤਾਂ ਇਸ ਬਾਰੇ ਡੂੰਘੀ ਜਾਂਚ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਪ੍ਰਧਾਨ ਮੰਤਰੀ ਦੀ ਸੁਰੱਖਿਆ ਬਾਰੇ ਪੂਰੀ ਛਾਣ-ਬੀਣ ਕਰ ਕੇ ਇਹ ਹੋਰ ਵਧਾਈ ਜਾਣੀ ਚਾਹੀਦੀ ਹੈ ਪਰ ਨਹੀਂ, ਇਥੇ ਵੀ ਮਸਲਾ ਸਿਆਸਤ ਦਾ ਹੀ ਹੈ। ਐਸ ਵੇਲੇ ਸਮੁੱਚੇ ਭਾਰਤ ਅੰਦਰ ਪ੍ਰਧਾਨ ਮੰਤਰੀ ਮੋਦੀ ਦੀ ਲੋਕਪ੍ਰਿਯਤਾ ਦਾ ਗਰਾਫ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਅਗਲੇ ਸਾਲ ਲੋਕ ਸਭਾ ਚੋਣਾਂ ਹੋਣੀਆਂ ਹਨ। ਇਸੇ ਕਰ ਕੇ ਹੁਣ ਪ੍ਰਧਾਨ ਮੰਤਰੀ ਦੀ ਜਾਨ ਨੂੰ ਖਤਰੇ ਦਾ ਮਾਮਲਾ ਉਭਾਰ ਕੇ ਹਮਦਰਦੀ ਬਟੋਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਾਲ ਹੀ ਇਸ ਮਾਮਲੇ ਨੂੰ ਮਾਓਵਾਦੀਆਂ ਨਾਲ ਜੋੜ ਦਿੱਤਾ ਗਿਆ ਹੈ। ਇਸੇ ਹਫਤੇ ਭੀਮਾ-ਕੋਰੇਗਾਓਂ ਵਾਲੇ ਕੇਸ ਵਿਚ ਵੀ ਮਾਓਵਾਦੀਆਂ ਦਾ ਨਾਂ ਜੋੜਿਆ ਜਾ ਚੁਕਾ ਹੈ। ਇਸ ਦਾ ਮੁੱਖ ਮਕਸਦ ਉਸ ਕੇਸ ਵਿਚ ਸ਼ਾਮਲ ਹਿੰਦੂਤਵੀ ਲੀਡਰਾਂ ਪ੍ਰਤੀ ਨਰਮੀ ਵਰਤਣਾ ਹੀ ਹੈ। ਜਾਹਰ ਹੈ ਕਿ ਹਿੰਦੂਤਵੀ ਤਾਕਤਾਂ ਇਕ ਤੀਰ ਨਾਲ ਕਈ-ਕਈ ਨਿਸ਼ਾਨੇ ਲਾ ਰਹੀਆਂ ਹਨ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਅਜਿਹੀਆਂ ਹੋਰ ਬਥੇਰੀਆਂ ਸਰਗਰਮੀਆਂ ਵੀ ਆਉਣ ਵਾਲੇ ਸਮੇਂ ਵਿਚ ਸਾਹਮਣੇ ਆਉਣ ਵਾਲੀਆਂ ਹਨ ਜਿਨ੍ਹਾਂ ਦਾ ਮੁੱਖ ਮਕਸਦ ਮੋਦੀ ਅਤੇ ਭਾਜਪਾ ਦੇ ਹੱਕ ਵਿਚ ਮਾਹੌਲ ਬਣਾਉਣ ਦਾ ਹੋਵੇਗਾ। ਸਪਸ਼ਟ ਹੈ ਕਿ ਹਿੰਦੂਤਵੀ ਤਾਕਤਾਂ ਕਿਸੇ ਵੀ ਸੂਰਤ ਵਿਚ ਅਗਲੀਆਂ ਲੋਕ ਸਭਾ ਚੋਣਾਂ ਹਾਰਨਾ ਨਹੀਂ ਚਾਹੁੰਦੀਆਂ। ਅਸਲ ਵਿਚ ਮੁਲਕ ਅੰਦਰ ਘੱਟ ਗਿਣਤੀਆਂ ਤੋਂ ਬਾਅਦ ਹਿੰਦੂਤਵੀ ਤਾਕਤਾਂ ਦਾ ਮੁੱਖ ਨਿਸ਼ਾਨਾ ਮਾਓਵਾਦੀ (ਕਮਿਊਨਿਸਟ) ਹੀ ਹਨ ਜਿਹੜੇ ਗਿਣਤੀ ਵਿਚ ਘੱਟ ਹੋਣ ਦੇ ਬਾਵਜੂਦ ਮੋਦੀ ਸਰਕਾਰ ਨੂੰ ਖਤਰਾ ਜਾਪ ਰਹੇ ਹਨ, ਕਿਉਂਕਿ ਸਿਰੇ ਦੇ ਯਤਨਾਂ ਦੇ ਬਾਵਜੂਦ ਇਹ ਮਾਓਵਾਦੀਆਂ ਦੀ ਤਾਕਤ ਨੂੰ ਤੋੜ ਨਹੀਂ ਸਕੇ ਹਨ।

ਤੀਜਾ ਮਸਲਾ ਕੁਝ ਸਾਹ ਅਤੇ ਤਸੱਲੀ ਦਿਵਾਉਣ ਵਾਲਾ ਹੈ। ਅਮਰੀਕਾ ਦੇ ਰਾਸ਼ਟਰਪਤੀ ਬਣਦਿਆਂ ਸਾਰ ਡੋਨਲਡ ਟਰੰਪ ਨੇ ਉਤਰੀ ਕੋਰੀਆ ਬਾਰੇ ਜੋ ਰੁਖ ਅਪਨਾਇਆ ਸੀ, ਉਸ ਬਾਰੇ ਸਮੁੱਚਾ ਸੰਸਾਰ ਫਿਕਰਮੰਦ ਸੀ। ਉਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੌਂਗ-ਉਨ ਨੇ ਵੀ 'ਇੱਟ ਦਾ ਜਵਾਬ ਪੱਥਰ' ਦੇਣ ਦਾ ਯਤਨ ਕੀਤਾ। ਗੱਲ ਇੰਨੀ ਜ਼ਿਆਦਾ ਵਧ ਗਈ ਕਿ ਸਿਆਸੀ ਵਿਸ਼ਲੇਸ਼ਕਾਂ ਨੇ ਜੰਗ ਲੱਗਣ ਦੇ ਖਦਸ਼ੇ ਜਾਹਰ ਕਰ ਦਿੱਤੇ ਸਨ ਪਰ ਸਿੰਗਾਪੁਰ ਵਿਚ ਦੋਹਾਂ ਲੀਡਰਾਂ ਵਿਚਕਾਰ ਹੋਈ ਗੱਲਬਾਤ ਦੀਆਂ ਮੁਢਲੀਆਂ ਰਿਪੋਰਟਾਂ ਹਾਂਪੱਖੀ ਹੀ ਆਈਆਂ ਹਨ। ਇਸ ਮਾਮਲੇ ਵਿਚ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇਅ-ਇਨ ਅਤੇ ਚੀਨ ਦੇ ਲੀਡਰਾਂ ਵੱਲੋਂ ਪਾਇਆ ਯੋਗਦਾਨ ਵੀ ਰੰਗ ਲਿਆਇਆ ਹੈ। ਇਕ ਪੜਾਅ 'ਤੇ ਤਾਂ ਇਸ ਮੁਲਾਕਾਤ ਦੇ ਹੋਣ ਜਾਂ ਨਾ ਹੋਣ ਬਾਰੇ ਵੀ ਡਰ ਪੈਦਾ ਹੋ ਗਿਆ ਸੀ ਪਰ ਆਖਰਕਾਰ ਇਹ ਮੁਲਾਕਾਤ ਸੰਭਵ ਹੋ ਗਈ ਅਤੇ ਹੁਣ ਮੁਲਾਕਾਤ ਦੇ ਅੰਤ ਉਤੇ ਦੋਹਾਂ ਆਗੂਆਂ ਵੱਲੋਂ 18 ਪੰਨਿਆਂ ਦਾ ਜਿਹੜਾ ਦਸਤਾਵੇਜ਼ ਜਾਰੀ ਕੀਤਾ ਗਿਆ ਹੈ, ਉਸ ਵਿਚ ਅਮਰੀਕੀ ਰਾਸ਼ਟਰਪਤੀ ਨੇ ਸਮੁੱਚੇ ਕੋਰੀਅਨ ਪ੍ਰਾਇਦੀਪ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਾਅਦਾ ਕੀਤਾ ਹੈ ਅਤੇ ਉਤਰੀ ਕੋਰੀਆ ਦੇ ਰਾਸ਼ਟਰਪਤੀ ਨੇ ਪ੍ਰਾਇਦੀਪ ਵਿਚੋਂ ਪਰਮਾਣੂ ਹਥਿਆਰਾਂ ਦਾ ਖਾਤਮਾ ਕਰਨ ਪ੍ਰਤੀ ਵਚਨਬੱਧਤਾ ਪ੍ਰਗਟਾਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੈਸਾ ਖੋਟਾ ਆਪਨਾ !

ਸਿੱਧੇ ਸਾਦੇ ਰਾਹ ਤਾਂਈਂ ਛੱਡ ਕੇ ਅਜੋਕਾ ਸਿੱਖ, ਡਿੱਗਣੇ ਲਈ ਡੇਰਿਆਂ ਦੇ ਖੂਹ ਨੂੰ ਜਾਵੇ ਨੱਸਿਆ।
ਚੰਗੇ-ਮਾੜੇ ਦਿਨਾਂ ਦੀ ਵਿਚਾਰ ਭੋਂਦੂ ਕਰੀ ਜਾਵੇ, ਪੁੰਨਿਆ ਤੇ ਮੱਸਿਆ ਦੀ ਪਾ ਲਈ ਐ ਸਮੱਸਿਆ।
ਸਹਿਜ ਸਬਰ ਤੇ ਸੰਤੋਖ ਕੱਢ ਜ਼ਿੰਦਗੀ 'ਚੋਂ, ਵਹਿਮ ਤੇ ਕਰਮ-ਕਾਂਡ ਨਾਲ ਇਹਨੂੰ ਕੱਸਿਆ।
ਜਿਹੜੀਆਂ ਅਲਾਮਤਾਂ ਤੋਂ ਦੂਰ ਰਹਿਣਾ ਆਖਿਆ ਸੀ, ਉਨ੍ਹਾਂ ਹੀ ਬਿਮਾਰੀਆਂ ਦੇ ਵਿਚ ਪਿਆ ਧੱਸਿਆ।
ਪੈਸਾ ਖੋਟਾ ਆਪਨਾ ਤੇ ਦੋਸ਼ ਦੇਈਏ ਬਾਣੀਏ ਨੂੰ, ਆਪੇ ਨੂੰ ਸੁਧਾਰਨਾ ਨਹੀਂ ਸਾਨੂੰ ਕਿਨੇ ਦੱਸਿਆ।
ਇਕ ਦਾ ਪੁਜਾਰੀ ਪੰਥ ਸਾਜਿਆ ਸੀ ਗੁਰੂ ਜੀ ਨੇ, ਸੈਂਕੜੇ ਪੁਜਾਰੀਆਂ ਦੇ ਜਾਲ ਵਿਚ ਫੱਸਿਆ!

# ਪੰਜਾਬ ਦੀ ਤੰਦਰੁਸਤੀ ਲਈ ਲੋਕ ਲਹਿਰ ਬਣਨੀ ਚਾਹੀਦੀ

**ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿੱਢੇ 'ਮਿਸ਼ਨ ਤੰਦਰੁਸਤ ਪੰਜਾਬ' ਦਾ ਸਿਆਸੀ ਪ੍ਰਸੰਗ ਭਾਵੇਂ ਕੁਝ ਵੀ ਹੋਵੇ ਪਰ ਅੱਜ ਬੁਰੀ ਤਰ੍ਹਾਂ ਬਿਮਾਰ ਹੋਏ ਪੰਜਾਬ ਨੂੰ ਅਜਿਹੇ ਮਿਸ਼ਨਾਂ ਦੀ ਸਖਤ ਲੋੜ ਹੈ। ਇਨ੍ਹਾਂ ਮਿਸ਼ਨਾਂ ਦੀ ਕਾਮਯਾਬੀ ਇਸ ਤੱਥ ਉਤੇ ਨਿਰਭਰ ਕਰਦੀ ਹੈ ਕਿ ਪੰਜਾਬ ਦੀ ਲੀਡਰਸ਼ਿਪ ਕਿੰਨੀ ਦਿਆਨਤਦਾਰੀ ਨਾਲ ਇਹ ਕਾਰਜ ਨੇਪਰੇ ਚਾੜ੍ਹਨ ਲਈ ਤਰੱਦਦ ਕਰਦੀ ਹੈ। ਕੁਝ ਇਸ ਤਰ੍ਹਾਂ ਦੀਆਂ ਗੱਲਾਂ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਕੀਤੀਆਂ ਹਨ। -ਸੰਪਾਦਕ**

ਅੱਜ ਕੱਲ੍ਹ ਸਿਆਸਤ/ਮੀਡੀਆ ਦਾ ਸਮੁੱਚਾ ਧਿਆਨ ਲੋਕ-ਕੇਂਦਰਿਤ ਮਸਲਿਆਂ (ਜਿਵੇਂ ਲਾਲ ਫੀਤਾਸ਼ਾਹੀ, ਸੇਵਾਵਾਂ ਮੁਹੱਈਆ ਕਰਵਾਉਣਾ, ਰਾਜ ਪ੍ਰਬੰਧ, ਵਾਤਾਵਰਨ, ਸਿਹਤ, ਸਾਫ ਹਵਾ, ਸ਼ੁੱਧ ਤੇ ਸੁਰੱਖਿਅਤ ਪਾਣੀ, ਰਸਾਇਣ-ਮੁਕਤ ਖੁਰਾਕ ਆਦਿ) ਵੱਲ ਹੈ। ਪੰਜਾਬ ਵਿਚ ਨਿਤ ਦਿਨ ਦੇ ਸਿਆਸੀ ਕਲੇਸ਼ ਤੋਂ ਇਹ ਮੋੜਾ ਸਵਾਗਤਯੋਗ ਹੈ। ਇਹ ਵੀ ਧਿਆਨ ਖਿੱਚਣ ਵਾਲਾ ਮਸਲਾ ਹੈ ਕਿ 'ਮਿਸ਼ਨ ਤੰਦਰੁਸਤ ਪੰਜਾਬ' ਬਾਰੇ ਐਲਾਨ ਉਸ ਸਿਆਸੀ ਲੀਡਰਸ਼ਿਪ ਵੱਲੋਂ ਆਇਆ ਹੈ ਜਿਹੜੀ ਅਗਲੀਆਂ ਚੋਣਾਂ ਤੋਂ ਪਾਰ ਜਾ ਕੇ ਕਦੀ-ਕਦਾਈਂ ਹੀ ਸੋਚਦੀ ਹੈ।

ਪੰਜਾਬ ਨੂੰ ਛੱਡ ਕੇ ਭਾਰਤ ਵਿਚ ਕਿਸੇ ਵੀ ਹੋਰ ਸਰਕਾਰ ਨੇ ਲਾਲ ਫੀਤਾਸ਼ਾਹੀ ਦੀ ਸਮੱਸਿਆ ਨਾਲ ਨਜਿੱਠਣ ਲਈ ਕਾਨੂੰਨ ਬਣਾਉਣ ਬਾਰੇ ਕਿਉਂ ਨਹੀਂ ਸੋਚਿਆ? ਉਂਜ, ਜਿਨ੍ਹਾਂ ਮੀਡੀਆ ਰਿਪੋਰਟਾਂ ਵਿਚ ਦਾਅਵੇ ਕੀਤੇ ਗਏ ਹਨ ਕਿ ਪੰਜਾਬ ਲਾਲ

ਨਿਰਮਲ ਸੰਧੂ

ਫੀਤਾਸ਼ਾਹੀ (ਅਫਸਰਸ਼ਾਹੀ) ਬਾਰੇ ਕਾਨੂੰਨ ਦਾ ਖਰੜਾ ਤਿਆਰ ਕਰਨ ਵਾਲਾ ਪਹਿਲਾ ਸੂਬਾ ਬਣ ਜਾਵੇਗਾ, ਉਨ੍ਹਾਂ ਨੂੰ ਘੋਖਣ ਤੋਂ ਇੰਜ ਜਾਪਦਾ ਹੈ ਜਿਵੇਂ ਕਾਂਗਰਸ ਸਰਕਾਰ, 2011 ਵਾਲੇ ਪੁਰਾਣੇ 'ਰਾਈਟ ਟੂ ਸਰਵਿਸਿਜ਼ ਐਕਟ' (ਸੇਵਾ ਅਧਿਕਾਰ ਐਕਟ) ਨੂੰ ਹੀ ਮੁੜ ਲਿਆ ਰਹੀ ਹੈ। ਇਹ ਐਕਟ ਅਕਾਲੀ-ਭਾਜਪਾ ਗੱਠਜੋੜ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਕੁਝ ਕੁ ਚੰਗੇਰੇ ਕੰਮਾਂ ਵਿਚੋਂ ਇਕ ਸੀ।

ਤਜਵੀਜ਼ਸ਼ੁਦਾ ਕਾਨੂੰਨ ਦਾ ਟੀਚਾ ਲੋਕਾਂ ਨੂੰ ਸਮਾਂਬੱਧ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸ ਅੰਦਰ ਉਨ੍ਹਾਂ ਮੁਲਾਜ਼ਮਾਂ ਨੂੰ ਸਜ਼ਾ ਦੇਣ ਦਾ ਪ੍ਰਬੰਧ ਵੀ ਰੱਖਿਆ ਗਿਆ ਹੈ ਜਿਹੜੇ ਵੱਢੀ ਲੈਣ ਦੀ ਤਾਕ ਵਿਚ ਫਾਈਲਾਂ ਦੱਬੀ ਰੱਖਦੇ ਹਨ। ਜੇ ਤਾਂ ਇਹ ਪੁਰਾਣੇ ਕਾਨੂੰਨ ਦਾ ਹੀ ਨਵਾਂ ਰੂਪ ਹੈ, ਫਿਰ ਤਾਂ ਸਰਕਾਰ ਸਿਰੇ ਦੀ ਚੁਸਤ ਤੇ ਚਲਾਕ ਬਣ ਰਹੀ ਹੈ। ਜ਼ਰਾ ਸੋਚੋ, ਇਹ ਉਹੀ ਸਰਕਾਰ ਹੈ ਜਿਸ ਨੇ ਲੋਕਾਂ ਨੂੰ ਇਕੋ ਛੱਤ ਹੇਠ ਆਸਾਨੀ ਨਾਲ 67 ਸੇਵਾਵਾਂ ਦੇ ਰਹੇ 2147 'ਸੇਵਾ ਕੇਂਦਰਾਂ' ਵਿਚੋਂ 1647 ਇਹ ਕਹਿ ਕੇ ਬੰਦ ਕਰ ਦਿੱਤੇ ਕਿ 'ਵਿੱਤੀ ਪੱਖ ਤੋਂ ਲਾਭਕਾਰੀ ਨਹੀਂ' ਸਨ। ਯਾਦ ਰਹੇ ਕਿ ਜਦੋਂ ਇਹ ਸੇਵਾ ਕੇਂਦਰ ਸ਼ੁਰੂ ਕੀਤੇ ਗਏ ਸਨ ਤਾਂ ਇਨ੍ਹਾਂ ਦਾ ਮਕਸਦ ਲਾਭ ਕਮਾਉਣਾ ਕਤਈ ਨਹੀਂ ਸੀ।

ਕਿਸੇ ਸਿਸਟਮ ਅੰਦਰ ਰਚੀ-ਵਸੀ ਲਾਲ ਫੀਤਾਸ਼ਾਹੀ ਨੂੰ ਇਕੱਲਾ ਕਾਨੂੰਨ ਹੀ ਖਤਮ ਨਹੀਂ ਕਰ ਸਕੇਗਾ; ਖਾਸ ਕਰ ਉਦੋਂ, ਜਦੋਂ ਉਚ ਪੱਧਰ 'ਤੇ ਕੀਤੇ ਜਾਂਦੇ ਫੈਸਲੇ ਆਮ ਕਰ ਕੇ ਸਿਆਸਤ ਦੇ ਦਬਾਅ ਹੇਠ ਕੀਤੇ ਜਾਂਦੇ ਹੋਣ। ਇਥੇ ਸਿਆਸੀ ਹਿਤ ਸਰਕਾਰ ਦੇ ਲਾਗੂ ਹੋਏ ਨੇਮਾਂ 'ਤੇ ਅਸਰਅੰਦਾਜ਼ ਹੁੰਦੇ ਹਨ। ਮੁੱਖ ਮੰਤਰੀ ਨੇ ਨਸ਼ਿਆਂ ਦੇ ਅਹਿਮ ਮਾਮਲੇ ਵਿਚ ਸ਼ੱਕੀ 'ਵੱਡੇ ਸ਼ਿਕਾਰ' ਖਿਲਾਫ ਕਾਰਵਾਈ ਨੂੰ ਆਪਣੀ ਸਹੂਲਤ ਮੁਤਾਬਿਕ ਹਾਈ ਕੋਰਟ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਇਸ ਮਸਲੇ ਬਾਰੇ ਆਪੇ ਬਣਾਈ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਉਤੇ ਕਾਰਵਾਈ ਲਟਕਾਉਣ ਲਈ ਹਾਈ ਕੋਰਟ ਦਾ ਸਹਾਰਾ ਲੈ ਲਿਆ, ਹਾਲਾਂਕਿ ਅਦਾਲਤ ਨੇ ਇਸ ਕੇਸ ਵਿਚ ਕਾਰਵਾਈ ਉਤੇ ਕੋਈ ਰੋਕ (ਸਟੇਅ) ਵੀ ਨਹੀਂ ਸੀ ਲਾਈ।

ਇਸ ਤਰ੍ਹਾਂ ਦੀਆਂ ਹੋਰ ਬਥੇਰੀਆਂ ਮਿਸਾਲਾਂ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਜਾਣਬੁਝ ਕੇ ਕਾਰਵਾਈ ਨਹੀਂ ਕੀਤੀ ਜਾਂਦੀ ਪਰ ਫਿਲਹਾਲ ਇਥੇ ਇਹ ਨੁਕਤਾ ਮੁੱਖ ਮੁੱਦਾ ਨਹੀਂ। ਮੁੱਖ ਨੁਕਤਾ ਇਹ ਹੈ: ਜੇ ਉਪਰਲੀ ਲੀਡਰਸ਼ਿਪ ਕਾਨੂੰਨ ਦਾ ਸਤਿਕਾਰ ਨਹੀਂ ਕਰਦੀ ਅਤੇ ਆਪਣੇ ਚਹੇਤਿਆਂ ਨੂੰ ਬਚਾਉਂਦੀ ਫਿਰਦੀ ਹੈ, ਫਿਰ ਇਹ ਕਿਸ ਆਧਾਰ 'ਤੇ ਇਹ ਆਸ ਕਰ ਰਹੀ ਹੈ ਕਿ ਤਜਵੀਜ਼ਸ਼ੁਦਾ ਪੰਜਾਬ ਲਾਲ ਫੀਤਾਸ਼ਾਹੀ-ਵਿਰੋਧੀ ਐਕਟ ਜਾਂ ਵਾਤਾਵਰਨ ਦੀ ਸੁਰੱਖਿਆ ਬਾਰੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਮੁਲਾਜ਼ਮ ਅਨੁਸ਼ਾਸਨ ਵਿਚ ਰਹਿਣਗੇ?

ਅਸੀਂ ਇਸ ਸਾਲ ਦੇ ਸ਼ੁਰੂ ਵਿਚ ਸੁਝਾਅ ਦਿੱਤਾ ਸੀ ਕਿ ਜ਼ਮੀਨ ਦੀ ਮਾੜੀ ਸਿਹਤ, ਹਵਾ ਤੇ ਪਾਣੀ ਦੀ ਗੁਣਵੱਤਾ ਵਿਚ ਲਗਾਤਾਰ ਆ ਰਹੀ ਗਿਰਾਵਟ, ਸਿੱਖਿਆ ਤੇ ਸਿਹਤ ਸੇਵਾਵਾਂ ਵਿਚ ਅਣਗਹਿਲੀ ਵਰਗੇ ਮੁੱਖ ਲੋਕ ਮਸਲਿਆਂ ਨਾਲ ਨਜਿੱਠਣ ਲਈ, ਬਜਟ ਰਾਹੀਂ ਫੰਡ ਮੁਹੱਈਆ ਕਰਵਾਉਣ ਵਾਲਾ ਪੁਰਾਣਾ ਢੰਗ-ਤਰੀਕਾ ਹੁਣ ਛੱਡ ਦੇਣਾ ਚਾਹੀਦਾ ਹੈ ਅਤੇ ਫੰਡਾਂ ਦੀ ਵੰਡ ਬਾਰੇ ਕੋਈ ਨਵੀਂ ਲੀਹ ਪਾਉਣੀ ਚਾਹੀਦੀ ਹੈ ਪਰ ਸਰਕਾਰ ਨੇ 'ਲਕੀਰ ਦੀ ਫਕੀਰ' ਮੁਤਾਬਿਕ ਕਾਂਗਰਸ ਦੇ ਸਿਆਸੀ ਏਜੰਡੇ ਮੁਤਾਬਿਕ ਹੀ ਫੈਸਲੇ ਕਰਨੇ ਆਰੰਭ ਕੀਤੇ ਅਤੇ ਇਹ ਕਰਜ਼ਾ ਮੁਆਫੀ ਤੇ ਬਿਜਲੀ ਸਬਸਿਡੀ ਵਾਲੇ ਰਾਹ ਪੈ ਗਈ। ਸਿੱਟੇ ਵਜੋਂ ਬਜਟ ਬਾਰੇ ਮਰਜ਼ੀ ਮੁਤਾਬਿਕ ਕੰਮ ਕਰਨ ਦੀਆਂ ਸੀਮਾਵਾਂ ਬਣ ਗਈਆਂ। ਹੁਣ 'ਮਿਸ਼ਨ ਤੰਦਰੁਸਤ ਪੰਜਾਬ' ਨਾਲ ਇਹ ਇਕ ਵਾਰ ਤਾਂ ਨਾਜ਼ੁਕ ਤੇ ਫੈਸਲਾਕੁਨ ਮੁੱਦੇ ਵੱਲ ਮੁੜੀ ਹੈ।

'ਤੰਦਰੁਸਤ ਪੰਜਾਬ' ਦਾ ਮਤਲਬ ਪੰਜਾਬ ਨੂੰ 'ਮੁਲਕ ਦਾ ਸਭ ਤੋਂ ਸਿਹਤਮੰਦ ਸੂਬਾ' ਬਣਾਉਣਾ ਹੈ ਅਤੇ ਇਹ ਗੱਲ ਸ਼ਲਾਘਾਯੋਗ ਹੈ। ਉਂਜ, ਜੇ ਇਸ ਨੂੰ ਸਿਰਫ ਸਰਕਾਰ ਉਤੇ ਹੀ ਛੱਡ ਦਿੱਤਾ ਜਾਂਦਾ ਹੈ ਤਾਂ ਇਸ ਦੀ ਕਾਮਯਾਬੀ ਸ਼ੱਕੀ ਹੈ। ਐਨਆਰਆਈ ਭਾਈਚਾਰੇ ਦੀ ਲੋਕ ਭਲਾਈ ਵਾਲੀ ਪਹੁੰਚ, ਲੋਕਾਂ ਤੋਂ ਸਹਿਯੋਗ ਅਤੇ ਭਾਈਚਾਰਕ ਯਤਨਾਂ ਵਿਚ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਦਿਖਾਇਆ ਕਾਰ ਸੇਵਾ ਵਰਗਾ ਜਜ਼ਬਾ, ਇਸ ਸਰਕਾਰੀ ਪਹਿਲਕਦਮੀ ਲਈ ਸੋਨੇ 'ਤੇ ਸੁਹਾਗਾ ਬਣਨਾ ਚਾਹੀਦਾ ਹੈ ਤਾਂ ਕਿ ਪੰਜਾਬ ਸਿਹਤਮੰਦ ਬਣ ਸਕੇ।

ਇਹ ਭਾਵੇਂ ਕਾਂਗਰਸ ਦੀ ਸਰਕਾਰ ਹੋਵੇ ਜਾਂ ਅਕਾਲੀ-ਭਾਜਪਾ ਗੱਠਜੋੜ ਵਾਲੀ ਸਰਕਾਰ, ਰਾਜਭਾਗ ਚਲਾ ਰਹੇ ਸਿਆਸਤਦਾਨਾਂ ਨੇ ਦਰਿਆਵਾਂ ਦੀ ਸਫਾਈ, ਨਹਿਰੀ ਪਟੜੀਆਂ ਦੀ ਮੁਰੰਮਤ ਅਤੇ ਮੀਂਹ ਜਾਂ ਧਰਤੀ ਹੇਠਲੇ ਪਾਣੀ ਦੀ ਸਾਂਭ-ਸੰਭਾਲ ਲਈ ਕੁਝ ਨਹੀਂ ਕੀਤਾ। ਦੂਜੇ ਬੰਨੇ ਸਿਆਸੀ ਲਾਹੇ ਲਈ ਇਹ ਲੋਕ, ਸਤਲੁਜ-ਯਮੁਨਾ ਲਿੰਕ ਨਹਿਰ ਪਿੱਛੇ ਲੜਾਈ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਸਭ ਨੂੰ ਪਤਾ ਹੈ ਕਿ ਫਲ ਪਕਾਉਣ ਲਈ ਰਸਾਇਣ ਵਰਤੇ ਜਾਂਦੇ ਹਨ; ਦੁੱਧ ਅਤੇ ਸਬਜ਼ੀਆਂ ਵਿਚ ਕਿੰਨੇ ਰਸਾਇਣ ਘੁਲੇ ਹੋਏ ਹਨ ਪਰ ਕਦੀ ਕਿਸੇ ਨੇ ਕੋਈ ਜਾਂਚ ਨਹੀਂ ਕਰਵਾਈ।

ਚੰਗਾ ਪ੍ਰਸ਼ਾਸਨ ਯਕੀਨੀ ਬਣਾਉਣ ਅਤੇ ਭ੍ਰਿਸ਼ਟਾਚਾਰ ਤੇ ਹੋਰ ਦੁਰਾਚਾਰ ਰੋਕਣ ਲਈ ਕਾਨੂੰਨ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਰਾਖੀ ਲਈ ਸੰਸਥਾਵਾਂ ਵੀ ਹਨ ਪਰ ਸਿਆਸੀ ਦਖਲ ਨੇ ਇਨ੍ਹਾਂ ਨੂੰ ਬੇਅਸਰ ਬਣਾ ਦਿੱਤਾ ਹੈ। ਪਿਛਲੀ ਅਕਾਲੀ ਸਰਕਾਰ ਨੇ ਪ੍ਰਦੂਸ਼ਣ ਰੋਕੂ ਬੋਰਡ ਨੂੰ ਕੰਮ ਹੀ ਨਹੀਂ ਕਰਨ ਦਿੱਤਾ ਅਤੇ ਸਨਅਤਕਾਰਾਂ ਦੀ ਸ਼ਿਕਾਇਤ 'ਤੇ ਬੋਰਡ ਦੇ ਤਤਕਾਲੀ ਮੁਖੀ ਆਈ.ਏ.ਐਸ. ਅਫਸਰ ਕਾਹਨ ਸਿੰਘ ਪੰਨੂ ਦੀ ਬਦਲੀ ਕਰ ਦਿੱਤੀ ਜਿਸ ਨੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਸਨਅਤਾਂ ਉਤੇ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕੀਤੀ ਸੀ। ਇਸ ਪੱਖ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਭੱਲ ਬਣੀ ਹੈ ਕਿ ਉਹ ਪੰਨੂ ਨੂੰ ਵਾਪਸ ਬੋਰਡ ਵਿਚ ਲੈ ਕੇ ਆਏ। ਬੋਰਡ ਨੇ ਹਾਲ ਹੀ ਵਿਚ ਬਿਆਸ ਵਿਚ ਸੀਰਾ ਛੱਡੇ ਜਾਣ ਲਈ ਜ਼ਿੰਮੇਵਾਰ ਚੱਢਾ ਸ਼ੂਗਰ ਮਿੱਲ ਨੂੰ 5 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ ਪਰ ਮੁੱਖ ਮੰਤਰੀ ਨੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਹੋਰ ਮਿੱਲਾਂ ਉਤੇ ਨੇਮ ਲਾਗੂ ਕਰਨ ਵੇਲੇ ਨਿਰਪੱਖਤਾ ਨਹੀਂ ਦਿਖਾਈ ਜਿਨ੍ਹਾਂ ਵਿਚ ਰਾਣਾ ਸ਼ੂਗਰ ਮਿੱਲ ਸ਼ਾਮਿਲ ਹੈ। ਟੀ.ਵੀ. ਚੈਨਲਾਂ ਵਿਚ ਬਾਕਾਇਦਾ ਦਿਖਾਇਆ ਗਿਆ ਕਿ ਇਹ ਮਿੱਲ ਕਿਸ ਤਰ੍ਹਾਂ ਪ੍ਰਦੂਸ਼ਿਤ ਪਾਣੀ ਨਾਲੇ ਵਿਚ ਸੁੱਟ ਰਹੀ ਹੈ।

ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਵੇਂ ਹੀ ਵਾਤਾਵਰਨ ਵਿਰੋਧੀ ਅਤੇ ਲੋਕ-ਲੁਭਾਊ ਨੀਤੀਆਂ 'ਤੇ ਚੱਲਦੇ ਰਹੇ ਹਨ, ਮਸਲਨ ਝੋਨੇ ਦੀ ਸੁਖਾਲੀ ਕਾਸ਼ਤ ਲਈ ਮੁਫਤ ਬਿਜਲੀ ਦਿੱਤੀ ਗਈ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਲਈ ਰਾਹ ਖੁੱਲ੍ਹ ਗਿਆ। ਮੀਂਹ ਵਾਲੇ ਪਾਣੀ ਦੀ ਸਾਂਭ-ਸੰਭਾਲ ਜਾਂ ਸੂਬੇ ਦੇ ਜਲ ਸਰੋਤਾਂ ਦੇ ਅਸਰਦਾਰ ਪ੍ਰਬੰਧ ਕਦੀ ਸਰਕਾਰੀ ਤਰਜੀਹ ਹੀ ਨਹੀਂ ਰਹੇ। ਹਵਾ ਪ੍ਰਦੂਸ਼ਣ ਉਤੇ ਵੀ ਕੋਈ ਕੰਟਰੋਲ ਨਹੀਂ ਰੱਖਿਆ ਗਿਆ। ਬਤੌਰ ਮੁੱਖ ਮੰਤਰੀ, ਦੋਹਾਂ ਆਗੂਆਂ ਨੇ ਹੀ ਪਰਾਲੀ ਸਾੜਨ ਦੇ ਮਾਮਲੇ ਵਿਚ ਕਾਨੂੰਨ ਦਾ ਮਜ਼ਾਕ ਉਡਾਇਆ। ਦੋਹਾਂ ਨੇ ਹੀ ਸ਼ਹਿਰ ਪੱਧਰ ਉਤੇ ਵੀ, ਤੇ ਸੂਬਾ ਪੱਧਰ ਉਤੇ ਵੀ, ਸਰਕਾਰੀ ਟਰਾਂਸਪੋਰਟ ਦੀ ਮਜ਼ਬੂਤੀ ਦੇ ਮਾਮਲੇ ਵਿਚ ਲਾਪ੍ਰਵਾਹੀ ਵਰਤੀ ਜਿਸ ਕਾਰਨ ਵੱਧ ਤੋਂ ਵੱਧ ਲੋਕ ਆਪੋ-ਆਪਣੀਆਂ ਕਾਰਾਂ 'ਤੇ ਨਿਰਭਰ ਹੋ ਗਏ। ਇਸ ਦਾ ਸਿੱਟਾ ਸੜਕਾਂ ਉਤੇ ਭੀੜ-ਭੜੱਕਾ, ਟਰੈਫਿਕ ਜਾਮ, ਹਾਦਸਿਆਂ ਤੇ ਹਵਾ ਪ੍ਰਦੂਸ਼ਣ ਵਿਚ ਨਿਕਲਿਆ।

ਇਤਫਾਕ ਹੀ ਸਮਝੋ ਕਿ ਸ਼ਹਿਰੀ ਵਿਕਾਸ ਦਾ ਅਸਰ ਲੋਕਾਂ ਦੀ ਸਿਹਤ ਉਤੇ ਪੈਂਦਾ ਹੈ। ਕਾਨੂੰਨ ਲਾਗੂ ਕਰਨ ਵਿਚ ਕੋਤਾਹੀ ਤੇ ਲਾਪ੍ਰਵਾਹੀ ਕਾਰਨ ਗ਼ੈਰ ਮਨਜ਼ੂਰਸ਼ੁਦਾ ਹਾਊਸਿੰਗ ਕਾਲੋਨੀਆਂ ਖੁੰਭਾਂ ਵਾਂਗ ਉਗ ਆਈਆਂ। ਡਿਵੈਲਪਰਾਂ ਵੱਲੋਂ ਇਨ੍ਹਾਂ ਕਾਲੋਨੀਆਂ 'ਚ ਜਲ ਸਪਲਾਈ, ਸੀਵਰੇਜ ਤੇ ਸੜਕਾਂ ਦੀਆਂ ਸਹੂਲਤਾਂ ਮਨਮਰਜ਼ੀ ਨਾਲ ਹੀ ਦਿੱਤੀਆਂ ਜਾਂਦੀਆਂ ਹਨ। ਵਿਕਾਸ ਦੇ ਇਸ ਮਾਡਲ 'ਚ ਸਭ ਵਸੀਲੇ ਫਲਾਈਓਵਰ ਬਣਾਉਣ ਤੇ ਸੜਕਾਂ ਚੌੜੀਆਂ ਕਰਨ ਵਾਲੇ ਪਾਸੇ ਮੋੜ ਦਿੱਤੇ ਗਏ। ਸਾਈਕਲ ਸਵਾਰਾਂ ਤੇ ਪੈਦਲ ਚੱਲਣ ਵਾਲਿਆਂ ਨੂੰ ਉਨ੍ਹਾਂ ਦੇ ਹਾਲ ਉਤੇ ਹੀ ਛੱਡ ਦਿੱਤਾ ਗਿਆ।

ਸਮਾਰਟ ਸਿਟੀ ਦੀ ਤਜਵੀਜ਼ ਅਤੇ ਇਸ ਦੇ ਨਾਲ ਹੀ ਕੇਂਦਰੀ ਪੈਸਾ ਆਉਂਦਾ ਦੇਖ ਕੇ ਕੋਈ ਵੀ ਮਾੜਾ ਮੋਟਾ ਜਾਗਰੂਕ ਅਤੇ ਜ਼ਿੰਮੇਵਾਰ ਲੀਡਰ ਬਾਗ਼ੋ-ਬਾਗ਼ ਹੋ ਜਾਂਦਾ ਪਰ ਪੰਜਾਬ ਦੇ ਸਿਆਸਤਦਾਨਾਂ ਨੇ ਆਪਣੇ ਸ਼ਹਿਰਾਂ ਨੂੰ ਗੰਦਗੀ ਤੋਂ ਨਿਜਾਤ ਦਿਵਾਉਣ ਅਤੇ ਇਨ੍ਹਾਂ ਨੂੰ ਵਧੇਰੇ ਰਹਿਣਯੋਗ ਬਣਾਉਣ ਲਈ ਆਪਣੇ ਹਿੱਸੇ ਦੇ ਫੰਡ ਜੁਟਾਉਣ ਖਾਤਿਰ ਅਣਉਪਜਾਊ ਜਾਂ ਨਿੱਜੀ ਖਰਚੇ ਘਟਾਏ ਹੀ ਨਹੀਂ।

ਵਾਤਾਵਰਨ ਬਾਰੇ ਪਿਆ ਘੜਮੱਸ ਦੂਰ ਕਰਨ ਲਈ ਪੰਜਾਬ ਹੀ ਕਿਉਂ, ਮੁਲਕ ਨੂੰ ਪਾਕਿਸਤਾਨ ਦੇ ਚੀਫ ਜਸਟਿਸ ਮੀਆਂ ਸਾਕਿਬ ਨਿਸਾਰ ਵਾਰਗੇ ਜਿਉੜੇ ਦੀ ਲੋੜ ਹੈ। ਉਹ ਵਧੇਰੇ ਕਰ ਕੇ ਤਾਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਯੋਗ ਠਹਿਰਾਉਣ ਵਾਲੇ ਮਾਮਲੇ 'ਤੇ ਹੀ ਜਾਣੇ ਜਾਂਦੇ ਹਨ, ਪਰ ਉਨ੍ਹਾਂ 'ਸਾਫ ਹਵਾ-ਪਾਣੀ ਅਤੇ ਸ਼ੁੱਧ ਦੁੱਧ' ਲਈ ਜਹਾਦ ਛੇੜਿਆ ਅਤੇ ਇਕੱਲੇ ਇਸ ਸਾਲ ਦੌਰਾਨ 30 ਕੇਸਾਂ ਵਿਚ ਆਪੇ ਕਾਰਵਾਈ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਸਿਹਤ ਅਤੇ ਸਿੱਖਿਆ ਵਿਚ ਸੁਧਾਰ ਨਾ ਕੀਤਾ ਤਾਂ ਉਹ ਲਾਹੌਰ ਮੈਟਰੋ ਬੰਦ ਕਰਵਾ ਦੇਣਗੇ। ਇਧਰ, ਸਾਡੇ ਪੰਜਾਬ ਵਿਚ ਮੁੱਖ ਮੰਤਰੀ ਵੱਲੋਂ ਬੁੱਢੇ ਨਾਲੇ ਵਿਚ ਪ੍ਰਦੂਸ਼ਿਤ ਪਾਣੀ ਰੋਕਣ ਬਾਰੇ ਹਾਈ ਕੋਰਟ ਦੇ ਹੁਕਮਾਂ ਦੀ ਅਵੱਗਿਆ ਕੀਤੀ ਜਾਂਦੀ ਹੈ, ਤੇ ਉਨ੍ਹਾਂ ਖਿਲਾਫ ਅਦਾਲਤੀ ਮਾਨਹਾਨੀ ਦਾ ਕੋਈ ਕੇਸ ਵੀ ਨਹੀਂ ਬਣਿਆ।

ਪਿਛਲੇ ਮਹੀਨੇ ਕਸੌਲੀ ਵਿਚ ਨਾਜਾਇਜ਼ ਕਬਜ਼ੇ ਛੁਡਾਉਣ ਦੀ ਨਿਗਰਾਨੀ ਕਰ ਰਹੀ ਮਹਿਲਾ ਅਫਸਰ ਦੇ ਕਤਲ ਤੋਂ ਬਾਅਦ ਭਾਰਤੀ ਸੁਪਰੀਮ ਕੋਰਟ ਨੇ ਜ਼ਿੰਮੇਵਾਰੀ ਤੈਅ ਕਰਨ ਦੀ ਮਿਸਾਲ ਕਾਇਮ ਕੀਤੀ। ਅਦਾਲਤ ਨੇ ਉਨ੍ਹਾਂ ਅਫਸਰਾਂ ਦੇ ਨਾਂ ਤਲਬ ਕੀਤੇ ਜਿਨ੍ਹਾਂ ਦੇ ਕਾਰਜਕਾਲ ਦੌਰਾਨ ਗ਼ੈਰ ਕਾਨੂੰਨੀ ਉਸਾਰੀਆਂ ਹੋਈਆਂ ਸਨ। ਜੇ ਕੈਪਟਨ ਅਮਰਿੰਦਰ ਸਿੰਘ, ਬਾਦਲ ਨਾਲੋਂ ਰਤਾ ਕੁ ਚੰਗੀ ਵਿਰਾਸਤ ਪਿੱਛੇ ਛੱਡਣਾ ਚਾਹੁੰਦੇ ਹਨ ਤਾਂ ਉਹ ਸੁਪਰੀਮ ਕੋਰਟ ਦਾ ਮੈਨੇਜਮੈਂਟ ਫਾਰਮੂਲਾ ਅਪਣਾ ਸਕਦੇ ਹਨ ਅਤੇ ਆਪਣੇ ਮੰਤਰੀਆਂ ਤੇ ਅਫਸਰਾਂ ਨੂੰ ਉਨ੍ਹਾਂ ਦੇ ਅਧੀਨ ਹੁੰਦੇ ਗਲਤ ਕੰਮਾਂ ਲਈ ਜਵਾਬਦੇਹ ਬਣਾ ਸਕਦੇ ਹਨ; ਇਹ ਭਾਵੇਂ ਲਾਲ ਫੀਤਾਸ਼ਾਹੀ ਦਾ ਮਾਮਲਾ ਹੋਵੇ ਜਾਂ ਜਲ/ਹਵਾ ਪ੍ਰਦੂਸ਼ਣ, ਨਜਾਇਜ਼ ਕਬਜ਼ਿਆਂ, ਗ਼ੈਰ ਮਨਜ਼ੂਰਸ਼ੁਦਾ ਉਸਾਰੀਆਂ ਜਾਂ ਨਸ਼ਿਆਂ ਦਾ ਹੋਵੇ।

# ਅਗਾਂਹਵਧੂ ਸੋਚ ਵਾਲੇ ਬੁੱਧੀਜੀਵੀ ਨਿਸ਼ਾਨੇ 'ਤੇ

ਬੂਟਾ ਸਿੰਘ
ਫੋਨ: 91-94634-4342

ਛੇ ਜੂਨ ਨੂੰ ਨਾਗਪੁਰ, ਦਿੱਲੀ ਅਤੇ ਮੁੰਬਈ ਤੋਂ ਪੰਜ ਜਮਹੂਰੀ ਸ਼ਖਸੀਅਤਾਂ ਦੀ ਯੂ.ਏ.ਪੀ.ਏ. (ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਤਹਿਤ ਗ੍ਰਿਫਤਾਰੀ ਮਾਮੂਲੀ ਮਾਮਲਾ ਨਾ ਹੋ ਕੇ ਭਾਰਤੀ ਸਟੇਟ ਦੇ ਗੈਰਜਮਹੂਰੀ ਦਸਤੂਰ ਦੀ ਨਮੂਨੇ ਦੀ ਮਿਸਾਲ ਹੈ। ਅਗਾਂਹਵਧੂ ਸੋਚ ਵਾਲੇ ਸਿਰਕੱਢ ਕਾਰਕੁਨਾਂ ਦੇ ਦਮਨ ਰਾਹੀਂ ਸਥਾਪਤੀ ਮੁਲਕ ਦੇ ਅਵਾਮ, ਖਾਸ ਕਰ ਕੇ ਬੌਧਿਕ ਹਲਕਿਆਂ ਨੂੰ ਖਾਸ ਸੰਦੇਸ਼ ਦੇਣਾ ਚਾਹੁੰਦੀ ਹੈ। ਪੂਣੇ ਤੋਂ ਅੰਬੇਡਕਰਵਾਦੀ ਚਿੰਤਕ ਸੁਧੀਰ ਢਾਵਲੇ 'ਵਿਦਰੋਹੀ' ਪਰਚੇ ਦੇ ਸੰਪਾਦਕ ਤੇ ਸੰਵੇਦਨਸ਼ੀਲ ਦਲਿਤ ਕਾਰਕੁਨ ਹਨ। ਨਾਗਪੁਰ ਤੋਂ ਐਡਵੋਕੇਟ ਸੁਰਿੰਦਰ ਗਾਡਲਿੰਗ ਲੋਕਪੱਖੀ ਵਕੀਲ ਹਨ ਜੋ ਲੋਕਪੱਖੀ ਵਕੀਲਾਂ ਦੀ ਸੰਸਥਾ ਆਈ.ਏ.ਪੀ.ਐਲ. ਦੇ ਜਨਰਲ ਸਕੱਤਰ ਹਨ ਅਤੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਸਮੇਤ ਸਿਆਸੀ ਕੈਦੀਆਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵੀ ਕਰ ਰਹੇ ਹਨ। ਔਰਤ ਕਾਰਕੁਨ ਪ੍ਰੋਫੈਸਰ ਸ਼ੋਮਾ ਸੇਨ ਨਾਗਪੁਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਵਿਭਾਗ ਦੀ ਮੁਖੀ ਹੈ ਜਿਸ ਦਾ ਔਰਤਾਂ ਉਪਰ ਜਿਨਸੀ ਹਿੰਸਾ ਸਮੇਤ ਹਰ ਸਮਾਜੀ ਤੇ ਰਾਜਕੀ ਬੇਇਨਸਾਫੀ ਵਿਰੁਧ ਆਵਾਜ਼ ਉਠਾਉਣ ਵਿਚ ਚੋਖਾ ਯੋਗਦਾਨ ਹੈ। ਦਿੱਲੀ ਯੂਨੀਵਰਸਿਟੀ ਤੋਂ ਪ੍ਰੋਫੈਸਰ ਰੋਨਾ ਵਿਲਸਨ ਮਾਰਕਸਵਾਦੀ ਚਿੰਤਕ ਤੇ ਸਿਆਸੀ ਕੈਦੀਆਂ ਲਈ ਰਿਹਾਈ ਲਈ ਕਮੇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਹਨ। ਮਹੇਸ਼ ਰਾਵਤ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਪ੍ਰਧਾਨ ਮੰਤਰੀ ਪੇਂਡੂ ਵਿਕਾਸ (ਪੀ.ਐਮ.ਆਰ.ਡੀ.) ਦੇ ਸਾਬਕਾ ਫੈਲੋ ਅਤੇ ਭਾਰਤ ਜਨ ਅੰਦੋਲਨ ਨਾਲ ਜੁੜੇ ਉਜਾੜਾ ਵਿਰੋਧੀ ਕਾਰਕੁਨ ਹਨ।

ਇਨ੍ਹਾਂ ਦੇ ਘਰਾਂ ਵਿਚ ਛਾਪੇ ਮਾਰਨ ਅਤੇ ਗ੍ਰਿਫਤਾਰ ਕਰਨ ਸਮੇਂ ਇਹ ਦਾਅਵਾ ਕੀਤਾ ਗਿਆ ਕਿ ਪਿਛਲੇ ਸਾਲ 31 ਦਸੰਬਰ ਨੂੰ ਦਲਿਤਾਂ ਵਲੋਂ ਮਹਾਰਾਸ਼ਟਰ ਵਿਚ ਜੋ ਭੀਮਾ-ਕੋਰੇਗਾਓਂ ਸ਼ਤਾਬਦੀ ਮਨਾਈ ਗਈ ਸੀ, ਉਸ ਪਿਛੇ ਇਨ੍ਹਾਂ ਕਥਿਤ ਸ਼ਹਿਰੀ ਮਾਓਵਾਦੀਆਂ ਦਾ ਹੱਥ ਸੀ ਅਤੇ ਉਸ ਲਈ ਫੰਡ ਮਾਓਵਾਦੀ ਪਾਰਟੀ ਨੇ ਦਿੱਤੇ ਸਨ। ਅੱਠ ਜਨਵਰੀ ਨੂੰ ਐਫ.ਆਈ.ਆਰ. ਮੂਲ ਰੂਪ ਵਿਚ ਆਈ.ਪੀ.ਸੀ. ਦੀਆਂ ਧਾਰਾਵਾਂ 153 (ਏ), 505(1) (ਬੀ), 117 ਅਤੇ 34 ਤਹਿਤ ਦਰਜ ਕੀਤੀ ਗਈ ਸੀ ਜਿਸ ਵਿਚ ਸਿਰਫ ਢਾਵਲੇ ਅਤੇ ਕਬੀਰ ਕਲਾ ਮੰਚ ਦੇ ਕਲਾਕਾਰਾਂ ਦੇ ਨਾਂ ਸ਼ਾਮਲ ਸਨ; ਲੇਕਿਨ ਮਾਰਚ 2018 ਵਿਚ ਇਸ ਨੂੰ ਮੁਜਰਮਾਨਾ ਸਾਜ਼ਿਸ਼ ਵਿਚ ਬਦਲ ਦਿੱਤਾ ਗਿਆ ਅਤੇ ਉਪਰੋਕਤ ਚਾਰ ਹੋਰ ਜਣਿਆਂ ਨੂੰ ਕੇਸ ਵਿਚ ਸ਼ਾਮਲ ਕਰ ਲਿਆ ਗਿਆ। ਇਸ ਵਿਚ ਯੂ.ਏ.ਪੀ.ਏ. ਦੇ ਸੈਕਸ਼ਨ ਲਗਾ ਦਿੱਤੇ ਗਏ ਜਿਸ ਤਹਿਤ ਗ੍ਰਿਫਤਾਰ ਸ਼ਖਸ ਨੂੰ ਬਿਨਾਂ ਜ਼ਮਾਨਤ ਅਣਮਿਥੇ ਸਮੇਂ ਲਈ ਜੇਲ੍ਹ ਵਿਚ ਡੱਕਿਆ ਜਾ ਸਕਦਾ ਹੈ। ਹੁਣ ਇਹ ਦੇਖ ਕੇ ਕਿ ਇਸ ਝੂਠੀ ਕਹਾਣੀ ਉਪਰ ਕੋਈ ਵਿਸ਼ਵਾਸ ਨਹੀਂ ਕਰ ਰਿਹਾ, ਇਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹੱਤਿਆ ਕਰਨ ਦੀ ਮਾਓਵਾਦੀ ਸਾਜ਼ਿਸ਼ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦਾ ਆਧਾਰ ਇਕ ਕਥਿਤ ਈ-ਮੇਲ ਨੂੰ ਬਣਾਇਆ ਗਿਆ ਹੈ ਜਿਸ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਰੋਨਾ ਵਿਲਸਨ ਦੇ ਲੈਪਟਾਪ ਵਿਚੋਂ ਮਿਲੀ ਹੈ। ਉਧਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਸ ਨੂੰ ਵੀ ਮਾਓਵਾਦੀਆਂ ਵਲੋਂ ਗੜ੍ਹਚਿਰੌਲੀ ਮੁਕਾਬਲੇ ਦਾ ਬਦਲਾ ਲੈਣ ਲਈ ਦੋ ਧਮਕੀ ਪੱਤਰ ਭੇਜੇ ਗਏ ਹਨ। ਇਹ ਕੇਸ ਐਨ ਉਸੇ ਤਰਜ਼ 'ਤੇ ਬਣਾਇਆ ਗਿਆ ਹੈ, ਜਿਵੇਂ ਪਹਿਲਾਂ ਦਿੱਲੀ ਯੂਨੀਵਰਸਿਟੀ ਦੇ 90 ਫੀਸਦੀ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਖਿਲਾਫ ਮਹਾਰਾਸ਼ਟਰ ਦੇ ਥਾਣੇ ਵਿਚ ਐਫ.ਆਈ.ਆਰ. ਲਿਖੀ ਗਈ। ਚੋਰੀ ਦਾ ਸਮਾਨ ਬਰਾਮਦ ਕਰਨ ਲਈ ਪ੍ਰੋਫੈਸਰ ਦੇ ਘਰ ਦੀ ਤਲਾਸ਼ੀ ਦੇ ਬਹਾਨੇ ਉਸ ਦਾ ਕੰਪਿਊਟਰ ਅਤੇ ਡੇਟਾ ਸਟੋਰੇਜ ਡਿਵਾਈਸ ਕਬਜ਼ੇ ਵਿਚ ਲਏ ਗਏ। ਫਿਰ ਉਨ੍ਹਾਂ ਵਿਚੋਂ ਮਾਓਵਾਦੀ ਸੰਪਰਕਾਂ ਦੇ ਸਬੂਤ ਮਿਲਣ ਦਾ ਦਾਅਵਾ ਕਰ ਕੇ ਉਸ ਉਪਰ ਗੈਰਕਾਨੂੰਨੀ ਕਾਰਵਾਈਆਂ ਦਾ ਯੋਜਨਾਘਾੜਾ, ਮਾਓਵਾਦੀ ਹੋਣ ਦਾ ਠੱਪਾ ਲਾ ਕੇ ਮੁਕੱਦਮਾ ਚਲਾਇਆ ਗਿਆ ਅਤੇ ਛੇ ਕਾਰਕੁਨਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਭੇਜਿਆ ਗਿਆ। ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਸੁਧੀਰ ਢਾਵਲੇ ਅਤੇ ਮਹੇਸ਼ ਰਾਵਤ ਉਪਰ ਮਾਓਵਾਦੀ ਹੋਣ ਦਾ ਇਲਜ਼ਾਮ ਮਹਾਰਾਸ਼ਟਰ ਪੁਲਿਸ ਵਲੋਂ ਪਹਿਲੀ ਵਾਰ ਨਹੀਂ ਲਗਾਇਆ ਗਿਆ। ਸੁਧੀਰ ਇਸੇ ਤਰ੍ਹਾਂ ਦੇ ਫਰਜ਼ੀ ਕੇਸਾਂ ਵਿਚ 40 ਮਹੀਨੇ ਜੇਲ੍ਹ ਵਿਚ ਰਹਿ ਕੇ ਬਰੀ ਹੋ ਚੁੱਕਾ ਹੈ। ਮਹੇਸ਼ ਨੂੰ ਉਸ ਮਾਮਲੇ ਵਿਚ ਮੁੱਖ ਮੁਲਜ਼ਮ ਰੱਖਿਆ ਗਿਆ ਸੀ ਜਿਸ ਵਿਚ ਪ੍ਰੋ. ਸਾਈਬਾਬਾ ਸਮੇਤ ਛੇ ਕਾਰਕੁਨਾਂ ਨੂੰ ਪਿਛਲੇ ਸਾਲ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਮਹੇਸ਼ ਵੀ ਅਦਾਲਤ ਵਲੋਂ ਬਰੀ ਹੋ ਚੁੱਕਾ ਹੈ।

ਭੀਮਾ-ਕੋਰੇਗਾਓਂ ਯੁੱਧ ਦੀ ਦੂਜੀ ਸ਼ਤਾਬਦੀ ਦੇ ਮੌਕੇ ਦਲਿਤਾਂ ਅਤੇ ਉਚ ਜਾਤੀ, ਹਿੰਦੂਤਵ ਹਜੂਮ ਦਰਮਿਆਨ ਹੋਏ ਟਕਰਾਅ ਪਿੱਛੇ 'ਮਾਓਵਾਦੀ ਲਿੰਕ' ਖੋਜੇ ਜਾਣ ਪਿੱਛੇ ਮਾਜਰਾ ਕੀ ਹੈ, ਜਦਕਿ ਇਹ ਸ਼ਤਾਬਦੀ ਸਮਾਰੋਹ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਪੀ.ਬੀ. ਸਾਵੰਤ ਦੀ ਪ੍ਰਧਾਨਗੀ ਹੇਠ 260 ਦੇ ਕਰੀਬ ਅਵਾਮੀ ਜਥੇਬੰਦੀਆਂ ਦੇ ਸਾਂਝੇ ਮੰਚ ਵਲੋਂ ਮਨਾਇਆ ਗਿਆ ਸੀ ਅਤੇ ਇਸ ਵਿਚ ਐਡਵੋਕੇਟ ਪ੍ਰਕਾਸ਼ ਅੰਬੇਡਕਰ ਤੇ ਸੇਵਾਮੁਕਤ ਜਸਟਿਸ ਕੋਲਸੇ ਪਾਟਿਲ ਵਰਗੀਆਂ ਉਘੀਆਂ ਸਿਆਸੀ ਹਸਤੀਆਂ ਸ਼ਾਮਲ ਸਨ? ਇਸ ਪਿੱਛੇ ਮੁੱਖ ਵਜ੍ਹਾ ਹੈ, ਉਸ ਦਿਨ ਵਾਪਰੀ ਹਿੰਸਾ ਲਈ ਜ਼ਿੰਮੇਵਾਰ ਦੋ ਸਿਰਕੱਢ ਭਗਵੇਂ ਕਾਰਕੁਨਾਂ ਸੰਭਾਜੀ ਭੀਡੇ ਅਤੇ ਮਿਲਿੰਦ ਏਕਬੋਟੇ ਦੀ ਗ੍ਰਿਫਤਾਰੀ ਦੀ ਲਗਾਤਾਰ ਉਠ ਰਹੀ ਮੰਗ ਨੂੰ ਦਬਾਉਣਾ, ਜਿਨ੍ਹਾਂ ਵਲੋਂ 'ਹਿੰਦੂ ਗੌਰਵ' ਦੇ ਨਾਂ ਹੇਠ ਉਚ ਜਾਤੀ ਹਜੂਮਾਂ ਨੂੰ ਬਾਕਾਇਦਾ ਲਾਮਬੰਦ ਕੀਤਾ ਗਿਆ ਅਤੇ ਫਿਰ ਭਗਵੇਂ ਝੰਡਿਆਂ ਵਾਲੇ ਉਸ ਹਜੂਮ ਵਲੋਂ ਸਮਾਰੋਹ ਵਿਚ ਸ਼ਾਮਲ ਹੋਣ ਜਾ ਰਹੇ ਦਲਿਤਾਂ ਉਪਰ ਹਮਲਾ ਕਰ ਕੇ ਹਿੰਸਾ ਨੂੰ ਅੰਜਾਮ ਦਿੱਤਾ ਗਿਆ। ਕੇਂਦਰ ਅਤੇ ਬਹੁਤ ਸਾਰੇ ਸੂਬਿਆਂ ਵਿਚ ਸੱਤਾਧਾਰੀ ਹਿੰਦੂਤਵੀ ਤਾਕਤਾਂ, ਜਿਨ੍ਹਾਂ ਨੂੰ ਸ਼ਤਾਬਦੀ ਦੇ ਪ੍ਰਬੰਧਕਾਂ ਵਲੋਂ ਨਵੇਂ ਪੇਸ਼ਵਾਈ ਹੁਕਮਰਾਨ ਕਰਾਰ ਦਿੱਤਾ ਗਿਆ, ਇਹ ਨਹੀਂ ਚਾਹੁੰਦੀਆਂ ਕਿ ਉਨ੍ਹਾਂ ਦੇ ਅਹਿਮ ਆਗੂਆਂ ਦੀ ਗ੍ਰਿਫਤਾਰੀ ਹੋਵੇ ਅਤੇ ਉਨ੍ਹਾਂ ਉਪਰ ਕਾਨੂੰਨੀ ਕਾਰਵਾਈ ਹੋਵੇ; ਕਿਉਂਕਿ ਇਸ ਤਰ੍ਹਾਂ ਦੇ ਬੁਨਿਆਦੀ ਕਾਰਕੁਨ ਹੀ ਹਨ ਜਿਨ੍ਹਾਂ ਵਲੋਂ ਜ਼ਮੀਨੀ ਪੱਧਰ 'ਤੇ ਫਿਰਕੂ ਉਚ ਜਾਤੀ ਪਾਲਾਬੰਦੀ ਕਰ ਕੇ 2019 ਵਿਚ ਹੋਣ ਵਾਲੀਆਂ ਚੋਣਾਂ ਵਿਚ ਭਾਜਪਾ ਲਈ ਪੱਕਾ ਵੋਟ ਬੈਂਕ ਯਕੀਨੀ ਬਣਾਉਣਾ ਹੈ। ਮਾਮਲੇ ਨੂੰ ਸੇਵਾ ਮੁਕਤ ਜਸਟਿਸ ਜੇ.ਐਨ. ਪਟੇਲ ਦੀ ਅਗਵਾਈ ਹੇਠ ਕੀਤੀ ਜਾ ਰਹੀ ਅਦਾਲਤੀ ਜਾਂਚ ਉਪਰ ਛੱਡਣ ਦੀ ਬਜਾਏ ਅਸਲ ਹਿੰਦੂਤਵ ਦੀ ਦਹਿਸ਼ਤੀ ਸਾਜ਼ਿਸ਼ ਤੋਂ ਮੁਲਕ ਦਾ ਧਿਆਨ ਹਟਾਉਣ ਲਈ 'ਮਾਓਵਾਦੀ ਲਿੰਕ' ਦੀ ਕਹਾਣੀ ਪ੍ਰਚਾਰੀ ਗਈ ਹੈ ਅਤੇ ਇਸ ਜ਼ਰੀਏ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਦਾਲਤੀ ਜਾਂਚ ਅੱਗੇ ਨਾ ਵਧ ਸਕੇ ਅਤੇ ਹਿੰਦੂਤਵ ਤੱਤਾਂ ਵਲੋਂ ਭੜਕਾਈ ਗਈ ਹਿੰਸਾ ਤੇ ਰਾਜਕੀ ਹਿੰਸਾ ਦੇ ਪੀੜਤ ਗ਼ਰੀਬ ਦੱਬੇ-ਕੁਚਲੇ ਲੋਕ ਦਹਿਸ਼ਤਜ਼ਦਾ ਹੋ ਕੇ ਗਵਾਹੀਆਂ ਦੇਣ ਤੋਂ ਕਿਨਾਰਾ ਕਰ ਜਾਣ। ਹੁਣ ਇਸ ਮਾਮਲੇ ਨੂੰ ਮੋਦੀ ਦੀ ਹੱਤਿਆ ਦੀ ਮਾਓਵਾਦੀ ਸਾਜ਼ਿਸ਼ ਦਾ ਸਨਸਨੀਖੇਜ਼ ਰੂਪ ਦਿੱਤਾ ਜਾਣਾ ਅਗਲੀਆਂ ਚੋਣਾਂ ਵਿਚ ਹਮਦਰਦੀ ਬਟੋਰਨ ਲਈ ਭਾਜਪਾ ਦਾ ਨਵਾਂ ਚੋਣ ਦਾਅਪੇਚ ਹੈ। ਗੁਜਰਾਤ ਦੇ ਸਮੇਂ ਤੋਂ ਹੀ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮੋਦੀ ਦਾ ਜਲੌਅ ਫਿੱਕਾ ਪੈਣ ਲਗਦਾ ਹੈ, ਉਸ ਦੀ ਹੱਤਿਆ ਦੀ ਸਾਜ਼ਿਸ਼ ਦਾ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ। ਹਾਲੀਆ ਪ੍ਰਚਾਰ ਕਾਰਕੁਨਾਂ ਦੀ ਗ੍ਰਿਫਤਾਰੀ ਨੂੰ ਵਾਜਬੀਅਤ ਮੁਹੱਈਆ ਕਰਨ ਦਾ ਯਤਨ ਵੀ ਹੈ ਅਤੇ ਆਪਣੀ ਸਿਆਸੀ ਸ਼ਰੀਕ ਕਾਂਗਰਸ ਨੂੰ ਇਸ ਮਾਮਲੇ ਨਾਲ ਜੋੜ ਕੇ ਨਿਸ਼ਾਨਾ ਬਣਾਉਣ ਦਾ ਸਿਆਸੀ ਹਥਿਆਰ ਵੀ।

ਦੂਜੀ ਮੁੱਖ ਵਜ੍ਹਾ ਹੈ, ਮੁਲਕ ਵਿਚ ਹੁਕਮਰਾਨ ਜਮਾਤ ਵਲੋਂ ਸਰਬਸੰਮਤੀ ਨਾਲ ਲਾਗੂ ਕੀਤੇ ਕਾਰਪੋਰੇਟ ਹਿਤੈਸ਼ੀ 'ਵਿਕਾਸ' ਮਾਡਲ ਦੀ ਤਬਾਹਕੁਨ ਭੂਮਿਕਾ ਉਪਰ ਬਾਦਲੀਲ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ, ਚਿੰਤਕਾਂ ਅਤੇ ਜਮਹੂਰੀ ਕਾਰਕੁਨਾਂ ਨੂੰ ਦਹਿਸ਼ਤਜ਼ਦਾ ਕਰ ਕੇ ਚੁੱਪ ਕਰਾਉਣਾ। ਇਹ ਜਾਗਰੂਕ ਹਿੱਸੇ ਹੀ ਹਨ ਜੋ ਕਾਰਪੋਰੇਟ ਪ੍ਰੋਜੈਕਟਾਂ ਨਾਲ ਉਜੜ ਰਹੇ ਅਤੇ ਤਬਾਹ ਹੋ ਰਹੇ ਅਵਾਮ ਲਈ ਹਾਅ ਦਾ ਨਾਅਰਾ ਮਾਰਨ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ ਅਤੇ ਆਦਿਵਾਸੀਆਂ, ਦਲਿਤਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੀ ਆਪਣੀ ਹੋਂਦ ਬਚਾਉਣ ਦੀ ਲੜਾਈ ਦੇ ਹੱਕ ਵਿਚ ਲੋਕ ਰਾਇ ਪੈਦਾ ਕਰਦੇ ਹਨ। ਹਾਲ ਹੀ ਵਿਚ 40 ਤੋਂ ਉਪਰ ਜਮਹੂਰੀ ਅਧਿਕਾਰ ਕਾਰਕੁਨਾਂ ਦੀ ਟੀਮ ਵਲੋਂ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਖੇਤਰ ਵਿਚ ਬਣਾਏ ਜਾ ਰਹੇ ਪੁਲਿਸ ਮੁਕਾਬਲਿਆਂ ਦੇ ਤੱਥਾਂ ਦੀ ਛਾਣਬੀਣ ਕਰ ਕੇ ਮੁਕਾਬਲਿਆਂ ਦੀ ਰਾਜਕੀ ਨੀਤੀ ਅਤੇ ਅਖੌਤੀ ਵਿਕਾਸ ਪ੍ਰੋਜੈਕਟਾਂ ਦੇ ਦੁਵੱਲੇ ਰਿਸ਼ਤੇ ਉਪਰ ਜੋ ਵਿਸਤਾਰਤ ਤੱਥ ਖੋਜ ਰਿਪੋਰਟ ਤਿਆਰ ਕੀਤੀ ਗਈ ਹੈ, ਉਹ ਹੁਕਮਰਾਨ ਜਮਾਤ ਵਲੋਂ ਘੜੀ 'ਅੰਦਰੂਨੀ ਸੁਰੱਖਿਆ ਨੂੰ ਖਤਰਾ' ਦੀ ਮਿੱਥ ਉਪਰ ਗੰਭੀਰ ਸਵਾਲ ਉਠਾਉਂਦੀ ਹੈ। ਐਸੀ ਚੁਣੌਤੀ ਨਾਲ ਨਜਿੱਠਣ ਲਈ ਹੁਕਮਰਾਨਾਂ ਕੋਲ ਕਿਸੇ ਵੀ ਸੰਸਥਾ/ਜਥੇਬੰਦੀ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਪਾਬੰਦੀਸ਼ੁਦਾ ਸੂਚੀ ਵਿਚ ਸ਼ਾਮਲ ਕਰ ਦੇਣ ਦਾ ਅਜ਼ਮਾਇਆ ਹੋਇਆ ਤਾਨਾਸ਼ਾਹ ਤਰੀਕਾ ਹੈ। ਇਹ ਠੱਪਾ ਐਸਾ ਬ੍ਰਹਮ ਅਸਤਰ ਹੈ ਜਿਸ ਨਾਲ ਕਿਸੇ ਵੀ ਸਰਕਾਰ ਵਿਰੋਧੀ ਜਥੇਬੰਦ ਸਰਗਰਮੀ ਨੂੰ ਸਹਿਜੇ ਹੀ ਚਿੱਤ ਕੀਤਾ ਸਕਦਾ ਹੈ ਅਤੇ ਨਾਲ ਹੀ ਇਸ ਦੇ ਬਹਾਨੇ ਮਹਿਜ਼ ਵਿਚਾਰਾਂ ਦੇ ਆਧਾਰ 'ਤੇ ਕਿਸੇ ਵੀ ਆਲੋਚਕ ਦਾ ਸਬੰਧ ਪਾਬੰਦੀਸ਼ੁਦਾ ਜਥੇਬੰਦੀ ਜਾਂ ਸੰਸਥਾ ਨਾਲ ਜੋੜ ਕੇ ਉਸ ਦੀ ਜ਼ੁਬਾਨਬੰਦੀ ਕੀਤੀ ਜਾ ਸਕਦੀ ਹੈ।

ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਵਿਚ ਪੇਸ਼ ਕੀਤੇ ਹਲਫਨਾਮੇ ਵਿਚ ਮਨੁੱਖੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਸਮੇਤ 128 ਜਮਹੂਰੀ ਜਥੇਬੰਦੀਆਂ ਨੂੰ ਮਾਓਵਾਦੀਆਂ ਦੀਆਂ ਫਰੰਟ ਜਥੇਬੰਦੀਆਂ ਕਰਾਰ ਦੇ ਕੇ 'ਸ਼ਹਿਰੀ ਸਿਧਾਂਤਕਾਰਾਂ' ਨੂੰ ਜੰਗਲ ਦੇ ਛਾਪਾਮਾਰਾਂ ਤੋਂ ਵੀ ਵਧੇਰੇ ਖਤਰਨਾਕ ਕਰਾਰ ਦਿੱਤਾ ਸੀ। ਭਾਜਪਾ ਸਰਕਾਰ ਉਸੇ ਬੁਨਿਆਦੀ ਨੀਤੀ ਨੂੰ ਹੋਰ ਵਿਕਸਤ ਕਰ ਕੇ ਹੋਰ ਵੀ ਬੇਕਿਰਕੀ ਨਾਲ ਅਮਲ ਵਿਚ ਲਿਆ ਰਹੀ ਹੈ। ਭਾਜਪਾ ਦੇ ਰਾਜ ਵਿਚ ਬੌਧਿਕ ਹਲਕਿਆਂ ਦੀ ਜ਼ੁਬਾਨਬੰਦੀ ਵਿਚ ਬੇਤਹਾਸ਼ਾ ਤੇਜ਼ੀ ਸਪਸ਼ਟ ਦੇਖੀ ਜਾ ਸਕਦੀ ਹੈ। ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਪੁਲਿਸ ਅਤੇ ਹੋਰ ਰਾਜਕੀ ਏਜੰਸੀਆਂ ਆਏ ਸਾਲ ਬੇਸ਼ੁਮਾਰ ਲੋਕਾਂ ਨੂੰ ਫਰਜ਼ੀ ਮਾਮਲਿਆਂ ਤਹਿਤ ਜੇਲ੍ਹਾਂ ਵਿਚ ਸੁੱਟਦੀਆਂ ਹਨ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਆਖਿਰਕਾਰ ਅਦਾਲਤਾਂ ਵਿਚ ਬਰੀ ਹੋ ਜਾਂਦੇ ਹਨ; ਲੇਕਿਨ ਪੁਲਿਸ ਤੇ ਹੋਰ ਏਜੰਸੀਆਂ ਦੀ ਇਨ੍ਹਾਂ ਲਾਕਾਨੂੰਨੀਆਂ ਲਈ ਜਵਾਬਦੇਹੀ ਕੋਈ ਨਹੀਂ ਜਿਨ੍ਹਾਂ ਦੇ ਕਾਰਨ ਬੇਕਸੂਰ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ।

ਮੁੱਖਧਾਰਾ ਕਹਾਉਣ ਵਾਲੀਆਂ ਪਾਰਟੀਆਂ ਹਿੰਸਾ ਅਤੇ ਦਹਿਸ਼ਤਵਾਦ ਵਿਰੁਧ ਆਏ ਦਿਨ ਬਿਆਨਬਾਜ਼ੀ ਕਰਦੀਆਂ ਹਨ ਜਦਕਿ ਮੁਲਕ ਦੇ ਅਵਾਮ ਨੂੰ ਦਬਾਉਣ ਲਈ ਇਹ ਖੁਦ ਹਿੰਸਾ ਅਤੇ ਰਾਜਕੀ ਦਹਿਸ਼ਤਵਾਦ ਦਾ ਸਭ ਤੋਂ ਵੱਧ ਸਹਾਰਾ ਲੈਂਦੀਆਂ ਹਨ। ਕਾਂਗਰਸੀ ਅਤੇ ਭਗਵੇਂ ਆਗੂ ਖੁਦ ਰਾਜਧਾਨੀ ਦਿੱਲੀ ਅਤੇ ਗੁਜਰਾਤ ਵਿਚ ਹਜ਼ਾਰਾਂ ਸਿੱਖ ਤੇ ਮੁਸਲਿਮ ਫਿਰਕਿਆਂ ਦੇ ਲੋਕਾਂ ਦੀਆਂ ਸਮੂਹਿਕ ਹੱਤਿਆਵਾਂ ਵਿਚ ਸ਼ਾਮਲ ਰਹੇ ਹਨ। ਇਨ੍ਹਾਂ ਪਾਰਟੀਆਂ ਦੀਆਂ ਨੀਤੀਆਂ ਸਮਾਜੀ ਤੇ ਸਿਆਸੀ ਬੇਚੈਨੀ ਪੈਦਾ ਕਰਨ ਲਈ ਜ਼ਿੰਮੇਵਾਰ ਰਹੀਆਂ ਹਨ। ਲੇਕਿਨ ਐਸੀ ਬੇਚੈਨੀ ਪ੍ਰਤੀ ਇਨ੍ਹਾਂ ਦਾ ਹੁੰਗਾਰਾ ਕੀ ਹੈ? ਅਕਸਰ ਹੀ ਇਸ ਬੇਚੈਨੀ ਨੂੰ 'ਅਮਨ-ਕਾਨੂੰਨ' ਦਾ ਮਸਲਾ ਬਣਾ ਕੇ ਰਾਜ ਮਸ਼ੀਨਰੀ ਦੀ ਹਿੰਸਕ ਤਾਕਤ ਨਾਲ ਦਬਾਉਣਾ ਅਤੇ ਮਨੁੱਖੀ ਹੱਕਾਂ ਨੂੰ ਰਾਜਕੀ ਹਥਿਆਰਬੰਦ ਤਾਕਤਾਂ ਦੇ ਬੂਟਾਂ ਹੇਠ ਮਸਲ ਦੇਣਾ। ਮੁੱਖਧਾਰਾ ਪਾਰਟੀਆਂ ਜਦੋਂ ਵੀ ਅਤੇ ਜਿਥੇ ਵੀ ਸੱਤਾਧਾਰੀ ਹੋਣ ਉਥੇ ਇਨ੍ਹਾਂ ਨੂੰ ਆਪਣੇ ਹੀ ਲੋਕਾਂ ਵਿਰੁਧ ਅਣਐਲਾਨੀ ਜੰਗ ਛੇੜਨ ਤੋਂ ਵੀ ਕੋਈ ਝਿਜਕ ਨਹੀਂ। ਸਲਵਾ ਜੁਡਮ, ਓਪਰੇਸ਼ਨ ਗ੍ਰੀਨ ਹੰਟ ਅਤੇ ਪਿਛਲੇ ਦਿਨੀਂ ਤੂਤੀਕੋਰੀਨ ਵਿਚ ਵੇਦਾਂਤ ਕਾਰਪੋਰੇਟ ਸਮੂਹ ਦੀਆਂ ਬੇਨਿਯਮੀਆਂ ਅਤੇ ਮਨਮਾਨੀਆਂ ਵਿਰੁਧ ਪੁਰਅਮਨ ਰੋਸ ਪ੍ਰਗਟਾ ਰਹੇ ਲੋਕਾਂ ਦੀਆਂ ਪੁਲਿਸ ਵਲੋਂ ਕੀਤੀਆਂ ਹੱਤਿਆਵਾਂ ਕੁਝ ਚਰਚਿਤ ਮਿਸਾਲਾਂ ਹਨ। ਲੇਕਿਨ ਸਰਕਾਰਾਂ ਦੀ ਨਜ਼ਰ ਵਿਚ ਕਾਰਪੋਰੇਟ ਸਮੂਹ ਹਿੰਸਕ ਅਤੇ ਕਾਨੂੰਨ ਨੂੰ ਹੱਥ ਲੈਣ ਵਾਲੇ ਨਹੀਂ ਜਿਨ੍ਹਾਂ ਦੇ 'ਵਿਕਾਸ' ਪ੍ਰੋਜੈਕਟਾਂ ਨੇ ਗ਼ਰੀਬ ਲੋਕਾਂ ਤੋਂ ਪੌਣਪਾਣੀ ਦੀ ਕੁਦਰਤੀ ਨਿਆਮਤ ਵੀ ਖੋਹ ਲਈ ਹੈ ਅਤੇ ਉਨ੍ਹਾਂ ਦੇ ਗੁਜ਼ਾਰੇ ਦੇ ਰਵਾਇਤੀ ਵਸੀਲੇ ਵੀ। ਲੇਕਿਨ ਇਸ 'ਤੇ ਸਵਾਲ ਉਠਾਉਣਾ ਜੁਰਮ ਹੈ ਜਿਸ ਦਾ ਮੁੱਲ ਜ਼ਮੀਰ ਦੀ ਆਵਾਜ਼ ਸੁਣਨ ਵਾਲੇ ਸੰਵੇਦਨਸ਼ੀਲ ਤੇ ਜਾਗਰੂਕ ਹਿੱਸਿਆਂ ਨੂੰ ਰਾਜ ਦੇ ਦਮਨ ਦਾ ਸ਼ਿਕਾਰ ਹੋ ਕੇ ਚੁਕਾਉਣਾ ਪੈਂਦਾ ਹੈ।

ਹਾਲੀਆ ਗ੍ਰਿਫਤਾਰੀਆਂ ਇਕ ਤਰ੍ਹਾਂ ਨਾਲ ਭਾਰਤੀ ਸਟੇਟ ਵਲੋਂ ਆਪਣੀ ਹੀ ਨਾਗਰਿਕਾਂ ਵਿਰੁਧ ਛੇੜੀ ਜੰਗ ਹੈ ਜਿਸ ਦੇ ਵਜੂਦ ਸਮੋਏ ਖਤਰਿਆਂ ਬਾਰੇ ਹਰ ਜਮਹੂਰੀਅਤਪਸੰਦ ਨਾਗਰਿਕ ਨੂੰ ਸੁਚੇਤ ਵੀ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਰੋਕਣ ਦੀ ਸਮੂਹਿਕ ਚਾਰਾਜੋਈ ਵੀ ਕਰਨੀ ਚਾਹੀਦੀ ਹੈ।

# ਕਿਸਾਨ ਨੀਤੀ: ਪਰਨਾਲਾ ਉਥੇ ਦਾ ਉਥੇ

ਹਮੀਰ ਸਿੰਘ
ਫੋਨ: 91-82888-35707

ਪੰਜਾਬ ਰਾਜ ਕਿਸਾਨ ਕਮਿਸ਼ਨ ਵੱਲੋਂ ਦੂਜੀ ਵਾਰ ਪੰਜਾਬ ਰਾਜ ਕਿਸਾਨ ਨੀਤੀ ਦਾ ਖਰੜਾ ਲੋਕਾਂ ਦੀ ਵਿਚਾਰ ਚਰਚਾ ਲਈ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2013 ਵਿਚ ਖਰੜਾ ਬਣਿਆ ਸੀ ਤੇ ਉਹ ਮੰਤਰੀ ਮੰਡਲ ਦੀ ਮੀਟਿੰਗ ਤੱਕ ਵੀ ਨਹੀਂ ਪਹੁੰਚ ਸਕਿਆ। ਪੰਜਾਬ ਰਾਜ ਕਿਸਾਨ ਅਤੇ ਖੇਤ ਕਾਮੇ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਮਿਲ ਜਾਣ ਪਿਛੋਂ ਇਕ ਵਾਰ ਮੁੜ ਕਿਸਾਨ ਨੀਤੀ ਦੀਆਂ ਤਜਵੀਜ਼ ਤਿਆਰ ਕੀਤੀ ਹੈ। ਜੇ ਇਹ ਸਰਕਾਰ ਵੱਲੋਂ ਮੰਨ ਲਈਆਂ ਜਾਂਦੀਆਂ ਹਨ ਤਾਂ ਸੂਬੇ ਨੂੰ 70 ਸਾਲਾਂ 'ਚ ਪਹਿਲੀ ਵਾਰ ਕੋਈ ਕਿਸਾਨ ਨੀਤੀ ਨਸੀਬ ਹੋ ਜਾਵੇਗੀ। ਕਮਿਸ਼ਨ ਨੇ ਇਸ ਨੂੰ ਅਮਲਯੋਗ ਨੀਤੀ ਦਾ ਨਾਂ ਦਿੱਤਾ ਹੈ ਕਿਉਂਕਿ ਵਿੱਤੀ ਸੰਕਟ ਦਾ ਸ਼ਿਕਾਰ ਸਰਕਾਰ ਕੋਲ ਪੈਸਾ ਨਹੀਂ ਹੈ, ਇਸ ਲਈ ਅਜਿਹੀਆਂ ਤਜਵੀਜ਼ਾਂ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ 'ਨਾ ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ', ਭਾਵ ਸਰਕਾਰ ਨੂੰ ਵਾਧੂ ਖਰਚ ਕਰਨ ਦੀ ਲੋੜ ਨਹੀਂ ਪਵੇਗੀ।

ਕਿਸਾਨ ਨੀਤੀ ਵਿਚ ਕਿਸਾਨ ਦੀ ਪਰਿਭਾਸ਼ਾ ਵਿਚ ਜ਼ਮੀਨ ਮਾਲਕ, ਵਟਾਈਦਾਰ, ਕਿਰਾਏਦਾਰ, ਖੇਤੀ ਖੇਤਰ ਵਿਚ ਕੰਮ ਕਰਨ ਵਾਲੇ ਦਿਹਾੜੀਦਾਰ ਸਭ ਨੂੰ ਸ਼ਾਮਲ ਕੀਤਾ ਗਿਆ ਹੈ। ਨੀਤੀ ਵਿਚ ਧਿਆਨ ਛੋਟੇ, ਸੀਮਾਂਤ ਕਿਸਾਨ ਅਤੇ ਖੇਤ ਮਜ਼ਦੂਰਾਂ ਉਤੇ ਕੇਂਦਰਿਤ ਕੀਤਾ ਗਿਆ ਹੈ। ਇਸ ਲਈ ਚਲਵੇਂ ਰੂਪ ਵਿਚ ਹੀ ਸਹੀ; ਸਿਹਤ, ਸਿਖਿਆ ਅਤੇ ਹੋਰ ਮੁੱਦੇ ਛੋਹੇ ਗਏ ਹਨ।

ਕੁਦਰਤੀ ਸਰੋਤਾਂ ਦੀ ਸੰਭਾਲ ਦੇ ਮੱਦੇਨਜ਼ਰ ਹਰ ਪਿੰਡ ਦੀ ਸਾਂਝੀ ਜ਼ਮੀਨ ਉਤੇ ਘੱਟੋ-ਘੱਟ ਇਕ ਹੈਕਟੇਅਰ ਵਿਚ ਜੈਵਿਕ ਵੰਨ-ਸੁਵੰਨਤਾ ਖੇਤਰ ਐਲਾਨਣ, ਸਾਂਝੀ ਜ਼ਮੀਨ ਉਤੇ ਝੋਨੇ ਦੀ ਫਸਲ ਲਗਾਉਣ 'ਤੇ ਰੋਕ ਲਗਾਉਣ ਅਤੇ ਸਾਂਝੀ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਰੁਝਾਨ ਵਿਕਸਤ ਕਰਨ ਦਾ ਵਾਅਦਾ ਕੀਤਾ ਗਿਆ ਹੈ। ਔਰਤਾਂ ਨੂੰ ਇਕੋ ਜਿਹੇ ਕੰਮ ਲਈ ਬਰਾਬਰ ਵੇਤਨ ਦਿਵਾਉਣ ਅਤੇ ਫੀਲਡ ਸਟਾਫ ਵਿਚ ਘੱਟੋ-ਘੱਟ ਇਕ ਤਿਹਾਈ ਲੜਕੀਆਂ ਨੂੰ ਸ਼ਾਮਿਲ ਕਰ ਕੇ ਲਿੰਗਕ ਬਰਾਬਰੀ ਦੀ ਧਾਰਨਾ ਨੂੰ ਵੀ ਨੋਟ ਕੀਤਾ ਗਿਆ ਹੈ। ਸਮਾਜਿਕ ਖਰਚੇ ਘਟਾਉਣ ਲਈ ਸਮਾਜਿਕ ਸਮਾਗਮਾਂ ਉਤੇ ਮਹਿਮਾਨ ਕੰਟਰੋਲ ਆਰਡਰ ਲਾਗੂ ਕਰਵਾਉਣ ਦੀ ਤਜਵੀਜ਼ ਵੀ ਰੱਖੀ ਗਈ ਹੈ। ਨਕਲੀ ਬੀਜਾਂ ਅਤੇ ਖਾਦ ਨੂੰ ਰੋਕਣ ਲਈ ਕਾਨੂੰਨ ਬਣਾਉਣ, ਟੇਲਾਂ ਉਤੇ ਪਾਣੀ ਨਾ ਪਹੁੰਚਣ ਅਤੇ ਪਿੱਛੇ ਚੋਰੀ ਲਈ ਸਬੰਧਿਤ ਵਿਅਕਤੀ ਨਾਲ ਅਧਿਕਾਰੀ ਨੂੰ ਵੀ ਜ਼ਿੰਮੇਵਾਰ ਬਣਾਏ ਜਾਣ ਦਾ ਪ੍ਰਸਤਾਵ ਹੈ। ਬਹੁਤ ਸਾਰੀਆਂ ਹਾਂ-ਪੱਖੀ ਸਿਫਾਰਿਸ਼ਾਂ ਦੇ ਬਾਵਜੂਦ ਕਿਸਾਨ ਨੀਤੀ ਕਿਸਾਨੀ ਸੰਕਟ ਦੇ ਵਿਆਪਕ ਦ੍ਰਿਸ਼ਟੀਕੋਣ ਅਤੇ ਸਰਕਾਰੀ ਤੰਤਰ ਨੂੰ ਇਸ ਪਾਸੇ ਵਿੱਤੀ, ਬੌਧਿਕ ਅਤੇ ਪ੍ਰਸ਼ਾਸਨਿਕ ਵਸੀਲੇ ਜੁਟਾਉਣ ਲਈ ਪ੍ਰੇਰਿਤ ਕਰਨ ਦੀ ਭਾਵਨਾ ਤੋਂ ਸੱਖਣੀ ਨਜ਼ਰ ਆਉਂਦੀ ਹੈ।

ਖੇਤੀ ਨੀਤੀ ਦੇ ਖਰੜੇ ਵਿਚ ਡਬਲਿਊ. ਟੀ. ਓ. (ਕੌਮਾਂਤਰੀ ਟਰੇਡ ਸੰਸਥਾ) ਸਣੇ ਕੌਮਾਂਤਰੀ ਵਪਾਰ ਅਤੇ ਹੋਰ ਨਿਯਮਾਂ ਅਤੇ ਕੇਂਦਰੀ ਨੀਤੀਆਂ ਵਿਚ ਕੋਈ ਅਧਿਕਾਰ ਨਾ ਹੋਣ ਦੇ ਨੁਕਤੇ ਨੂੰ ਨੋਟ ਕਰ ਕੇ ਛੱਡ ਦਿੱਤਾ ਗਿਆ ਹੈ। ਅਸਲ ਵਿਚ ਸੰਸਾਰ ਪੱਧਰ ਉਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੇ ਲਾਗੂ ਕਾਰਪੋਰੇਟ ਵਿਕਾਸ ਮਾਡਲ ਨੇ ਵਾਤਾਵਰਨਕ ਅਤੇ ਗ਼ਰੀਬ-ਅਮੀਰ ਦੇ ਆਰਥਿਕ ਪਾੜੇ ਦਾ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਭਾਰਤ ਵਿਚ 2017 ਦੌਰਾਨ ਹੀ ਕੁੱਲ ਆਮਦਨ ਦਾ 73 ਫੀਸਦੀ ਹਿੱਸਾ ਇਕ ਫੀਸਦੀ ਘਰਾਣਿਆਂ ਕੋਲ ਚਲਾ ਗਿਆ ਹੈ। ਖੇਤੀ ਖੇਤਰ ਉਤੇ ਨਿਰਭਰ ਲੋਕ ਇਸ ਤੋਂ ਵੀ ਬੁਰੀ ਹਾਲਤ ਵਿਚ ਹਨ। ਸਮੁੱਚੇ ਵਿਕਾਸ ਦੇ ਮਾਡਲ ਦੀ ਅਸਲੀਅਤ ਜਾਣ ਕੇ ਇਸ ਦਾ ਬਦਲ ਸੋਚੇ ਬਿਨਾਂ ਇਕੱਲੀ ਖੇਤੀ ਨੂੰ ਸੁਧਾਰਨ ਦਾ ਤਰੀਕਾ ਆਪਣੇ-ਆਪ ਵਿਚ ਕਾਮਯਾਬ ਹੋਣਾ ਮੁਮਕਿਨ ਨਹੀਂ ਹੈ। ਪਿਛਲੇ ਦਿਨੀਂ ਪੰਜਾਬ ਦਾ ਦੌਰਾ ਕਰ ਕੇ ਗਏ ਪੱਤਰਕਾਰ ਪੀ. ਸਾਈਨਾਥ ਦਾ ਕਹਿਣਾ ਹੈ ਕਿ ਇਹ ਖੇਤੀ ਅਤੇ ਕਿਸਾਨੀ ਦਾ ਸੰਕਟ ਨਹੀਂ ਬਲਕਿ ਸਭਿਅਤਾ ਦਾ ਸੰਕਟ ਹੈ। ਸਮਾਜ ਵਿਚੋਂ ਦਿਆਲਤਾ, ਹਮਦਰਦੀ, ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਸਮਾਜਿਕ ਸੂਝ ਅਤੇ ਭਾਵਨਾ ਖਤਮ ਹੋ ਕੇ ਕੇਵਲ ਮੁਨਾਫ਼ੇ ਦੀ ਹਵਸ ਅਤੇ ਨਿੱਜੀਵਾਦ ਭਾਰੂ ਹੋ ਚੁੱਕਾ ਹੈ। ਅਜਿਹੀ ਹਾਲਤ ਵਿਚ ਕੇਵਲ ਪ੍ਰਸ਼ਾਸਨਿਕ ਕਦਮ ਬਹੁਤਾ ਕੁਝ ਨਹੀਂ ਕਰ ਸਕਦੇ ਪਰ ਇਸੇ ਪ੍ਰਬੰਧ ਵਿਚ ਰਹਿੰਦੇ ਵੀ ਕਈ ਕਦਮ ਉਠਾਏ ਜਾ ਸਕਦੇ ਹਨ, ਜਿਸ ਵਿਚ ਡਬਲਿਊ.ਟੀ.ਓ. ਦੀਆਂ ਨੀਤੀਆਂ ਹੋਣ ਜਾਂ ਕੇਂਦਰ ਸਰਕਾਰ ਦੀਆਂ ਖੇਤੀ ਇਨਪੁਟ ਨਾਲ ਸਬੰਧਿਤ ਨੀਤੀਆਂ, ਇਨ੍ਹਾਂ ਬਾਰੇ ਫੈਸਲਾ ਕਰਨ ਵਿਚ ਸੂਬਿਆਂ ਦਾ ਹਿੱਸਾ ਵਧਾਉਣ ਦੀ ਗੱਲ ਕਰਨੀ ਪਵੇਗੀ। ਇਸੇ ਕਰ ਕੇ ਬਹੁਤ ਸਾਰੇ ਸੂਬਿਆਂ ਵੱਲੋਂ ਵਿਸ਼ੇਸ਼ ਰਾਜ ਦੇ ਦਰਜੇ ਦੀ ਮੰਗ ਮੁੜ ਉਠਣ ਲੱਗੀ ਹੈ। ਪੰਜਾਬ ਤਾਂ ਬਹੁਤ ਪਹਿਲਾਂ ਤੋਂ ਇਹ ਮੰਗ ਉਠਾਉਂਦਾ ਰਿਹਾ ਹੈ ਪਰ ਹੁਣ ਸਿਆਸਤਦਾਨਾਂ ਅਤੇ ਅਰਥ ਸ਼ਾਸਤਰੀਆਂ ਦੇ ਵੱਡੇ ਗਰੁੱਪ ਨੇ ਇਹ ਮੰਗ ਛੱਡ ਦਿੱਤੀ ਹੋਈ ਹੈ।

ਪੰਜਾਬ ਦੀਆਂ ਮੁੱਖ ਤੌਰ 'ਤੇ ਦੋ ਫਸਲਾਂ ਝੋਨਾ ਤੇ ਕਣਕ, ਕੇਂਦਰ ਸਰਕਾਰ ਦੇ ਅਨਾਜ ਭੰਡਾਰ ਕਰ ਕੇ ਖਰੀਦੀ ਜਾਂਦੀ ਹੈ। ਜੇ ਸੂਬੇ ਨੂੰ ਕਣਕ ਤੇ ਝੋਨੇ ਦੇ ਚੱਕਰ 'ਚੋਂ ਕੱਢਣਾ ਹੈ ਤਾਂ ਕੇਂਦਰ ਪੱਧਰ 'ਤੇ ਵੀ ਨੀਤੀਗਤ ਤਬਦੀਲੀ ਦੀ ਲੋੜ ਹੈ। ਤਜਵੀਜ਼ਸ਼ੁਦਾ ਨੀਤੀ ਇਸ ਦਾਅਵੇ ਨੂੰ ਛੱਡ ਕੇ ਖੁਦ ਹੀ ਮੰਡੀ ਤਲਾਸ਼ਣ ਦਾ ਨੁਸਖਾ ਪੇਸ਼ ਕਰਦੀ ਹੈ।

ਕਮਿਸ਼ਨ ਦੇ ਚੇਅਰਮੈਨ ਅਜੈਵੀਰ ਜਾਖੜ ਕਹਿੰਦੇ ਹਨ ਕਿ ਇਹ ਮਾਲੀਆ ਨਿਊਟਰਲ ਨੀਤੀ ਹੈ, ਭਾਵ ਸਰਕਾਰ ਨੂੰ ਕੋਈ ਪੈਸਾ ਖਰਚ ਨਹੀਂ ਕਰਨਾ ਪੈਣਾ। ਨੀਤੀ ਦੇ ਖਰੜੇ 'ਚ ਆਮਦਨ ਟੈਕਸ ਭਰਨ ਵਾਲੇ ਕਿਸਾਨਾਂ ਤੋਂ ਬਿਜਲੀ ਸਬਸਿਡੀ ਵਾਪਸ ਲੈਣਾ ਤੇ 10 ਏਕੜ ਵਾਲੇ ਕਿਸਾਨਾਂ 'ਤੇ 100 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਬਿਲ ਵਸੂਲੀ ਕਰ ਕੇ ਇਸ ਦਾ ਲਾਭ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਦਿੱਤਾ ਜਾਵੇਗਾ। ਕਣਕ-ਝੋਨੇ ਦੀ ਖਰੀਦ ਸਮੇਂ ਆੜ੍ਹਤੀਆਂ ਨੂੰ ਮਿਲਦੇ ਕਮਿਸ਼ਨ ਉਤੇ 20% ਸੈੱਸ ਲਗਾਉਣ ਦੀ ਤਜਵੀਜ਼ ਹੈ। ਇਸ ਨਾਲ ਦੁੱਧ ਅਤੇ ਸਮਰਥਨ ਮੁੱਲ ਤੋਂ ਬਿਨਾਂ ਵਿਕ ਰਹੀਆਂ ਫ਼ਸਲਾਂ ਦਾ ਮਾਰਕਿਟ ਮੁੱਲ ਵਿਚੋਂ ਪੈਂਦੇ ਘਾਟੇ ਦੀ ਭਰਪਾਈ ਕਰਨ ਦੀ ਤਜਵੀਜ਼ ਹੈ।

ਮਗਨਰੇਗਾ ਕਾਨੂੰਨ ਤਹਿਤ ਘੱਟੋ ਘੱਟ 100 ਦਿਨ ਦਾ ਕੰਮ ਦੇਣਾ ਤਾਂ ਸੰਵਿਧਾਨਕ ਗਾਰੰਟੀ ਹੈ, ਜੇ ਕੰਮ 11 ਦਿਨ ਮਿਲਿਆ ਹੈ ਤਾਂ ਕੇਵਲ ਖੇਤੀ ਨੀਤੀ ਕਿਵੇਂ 100 ਦਿਨ ਯਕੀਨੀ ਦਿਵਾ ਦੇਵੇਗੀ। ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਆਪਣੇ ਖੇਤ ਵਿਚ ਕੰਮ ਕਰ ਕੇ ਦਿਹਾੜੀ ਦਵਾਉਣ ਵਾਲੇ ਪਾਸੇ ਖੇਤੀ ਨੀਤੀ ਖਾਮੋਸ਼ ਹੈ। ਪੰਚਾਇਤੀ ਰਾਜ ਕਾਨੂੰਨ 1994 ਮੁਤਾਬਕ ਜੂਨ ਤੇ ਦਸੰਬਰ ਮਹੀਨੇ 'ਚ ਗ੍ਰਾਮ ਸਭਾਵਾਂ ਦੇ ਅਜਲਾਸ ਨਾ ਬੁਲਾਉਣ ਵਾਲਾ ਸਰਪੰਚ ਖੁਦ ਮੁਅੱਤਲ ਹੋ ਜਾਂਦਾ ਹੈ। ਅਜਲਾਸ ਵੀ ਨਹੀਂ ਹੁੰਦੇ ਤੇ ਮੁਅੱਤਲੀ ਵੀ ਨਹੀਂ, ਅਜਿਹੀ ਪ੍ਰਸ਼ਾਸਨਿਕ ਸਾਜ਼ਿਸ਼ ਨੀਤੀ ਵਿਚ ਲਿਖ ਦੇਣ ਨਾਲ ਹੀ ਕਿਵੇਂ ਟੁੱਟ ਜਾਵੇਗੀ? ਸਮੁੱਚੇ ਦ੍ਰਿਸ਼ਟੀਕੋਣ ਤੇ ਵੱਡੇ ਨੀਤੀਗਤ ਫੈਸਲਿਆਂ ਦੀ ਅਣਹੋਂਦ ਤਾਂ ਪਹਿਲਾਂ ਹੀ ਰੜਕ ਰਹੀ ਹੈ। ਪ੍ਰਸ਼ਾਸਨਿਕ ਖੇਤਰ ਦੀ ਦੇਖੀਏ ਤਾਂ ਸੰਸਥਾਵਾਂ ਪੂਰੀ ਤਰ੍ਹਾਂ ਬਿਖਰਦੀਆਂ ਜਾ ਰਹੀਆਂ ਹਨ। ਸਮੂਹਿਕ ਸਮੱਸਿਆ ਨੂੰ ਨਿੱਜੀ ਤਰੀਕਿਆਂ ਨਾਲ ਹੱਲ ਕਰਨ ਦਾ ਰੁਝਾਨ ਮਨੁੱਖ ਦੀ ਸਮੂਹਿਕ ਪ੍ਰੇਰਨਾ ਜਗਾਉਣ ਦੇ ਰਾਹ 'ਚ ਵੱਡਾ ਰੋੜਾ ਹੈ। ਉਹੀ ਅਧਿਕਾਰੀ, ਉਹੀ ਯੋਗਤਾ ਤੇ ਸਿਆਸੀ ਇੱਛਾ ਸ਼ਕਤੀ ਦੀ ਹੁਣ ਤੱਕ ਹੋ ਰਿਹਾ ਪ੍ਰਗਟਾਵਾ ਤਬਦੀਲੀ ਲਈ ਕਿੰਨਾ ਕੁ ਤਿਆਰ ਹੈ, ਇਸ ਤੋਂ ਪ੍ਰਸ਼ਾਸਨਿਕ ਸੁਧਾਰ ਦਾ ਵੀ ਅਨੁਮਾਨ ਲਾਉਣਾ ਮੁਸ਼ਕਿਲ ਕੰਮ ਨਹੀਂ। ਫਿਰ ਵੀ ਨਾ ਨਾਲੋਂ ਕਿਸਾਨ ਨੀਤੀ ਦਾ ਹੋਣਾ ਬਿਹਤਰ ਹੀ ਹੋਵੇਗਾ।

# ਹੈਪੀ ਹੈਪੀ ਫਾਦਰ'ਜ਼ ਡੇਅ!

ਫਾਦਰ'ਜ਼ ਡੇਅ ਦਾ ਬਹੁਤ ਪਿਆਰਾ ਦਿਨ ਆ ਗਿਆ ਹੈ। ਆਓ, ਅਸੀਂ ਵੀ ਸਾਰੇ ਆਪੋ ਆਪਣੇ ਸਤਿਕਾਰਯੋਗ ਪਿਤਾ ਜੀ, ਬਾਪੂ ਜੀ, ਭਾਪਾ ਜੀ ਅਤੇ ਡੈਡੀ ਜੀ ਨੂੰ ਇਸ ਸੋਹਣੇ ਦਿਨ ਦੀਆਂ ਵਧਾਈਆਂ ਦੇਈਏ, ਪਿਆਰ ਵੀ ਕਰੀਏ, ਸਤਿਕਾਰ ਵੀ ਕਰੀਏ ਅਤੇ ਉਨ੍ਹਾਂ ਦੀ ਤੰਦਰੁਸਤੀ ਅਤੇ ਨਰੋਈ ਜ਼ਿੰਦਗੀ ਲਈ ਅਰਦਾਸ ਵੀ ਕਰੀਏ। ਗੁਰਬਾਣੀ ਵਿਚ ਸਤਿਗੁਰੂ ਜੀ ਜਿਥੇ ਧਰਤੀ ਨੂੰ ਮਾਤਾ ਆਖ ਕੇ ਮੁਖਾਤਿਬ ਹੁੰਦੇ ਹਨ, ਉਥੇ ਪਾਣੀ ਨੂੰ ਪਿਤਾ ਆਖ ਕੇ ਸਤਿਕਾਰ ਦਿੰਦੇ ਹਨ।



ਸਾਡੀ ਜ਼ਿੰਦਗੀ ਵਿਚ ਧਰਤੀ ਅਤੇ ਪਾਣੀ-ਦੋਹਾਂ ਦਾ ਹੀ ਅਹਿਮ ਅਸਥਾਨ ਹੈ, ਅਸੀਂ ਦੋਹਾਂ ਬਿਨਾ ਹੀ ਅਧੂਰੇ ਹਾਂ, ਪਰ ਅੱਜ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਦੇ ਸਮੇਂ ਵਿਚ ਧਰਤੀ ਤੇ ਪਾਣੀ ਦੋਹਾਂ ਦਾ ਹੀ ਹਾਲ ਬਦ ਤੋਂ ਬਦਤਰ ਹੈ, ਅਤੇ ਸਾਰਾ ਜਗਤ ਇਸ ਵਿਸ਼ੇ 'ਤੇ ਬਹੁਤ ਚਿੰਤਾਤੁਰ ਵੀ ਹੈ। ਦੂਜੇ ਪਾਸੇ ਸਾਡੇ ਜਨਮ ਦਾਤਾ ਸਾਡੇ ਪਿਤਾ ਤੇ ਮਾਤਾ ਹਨ, ਜਿਨ੍ਹਾਂ ਸਦਕਾ ਅਸੀਂ ਇਸ ਸੰਸਾਰ ਵਿਚ ਖੁਸ਼ੀਆਂ ਭਰੇ ਜੀਵਨ ਜੀ ਰਹੇ ਹਾਂ, ਹਾਲਾਤ ਉਨ੍ਹਾਂ ਦੇ ਵੀ ਚੰਗੇ ਨਹੀਂ, ਬਹੁਤ ਬਹੁਤ ਮਾੜੇ ਅਤੇ ਤਰਸ ਯੋਗ ਹਨ। ਕਿਉਂ? ਇਸ ਦਾ ਜਵਾਬ ਤਾਂ ਸਾਡੇ ਕੋਲ ਹੈ ਪਰ ਅਸੀਂ ਕਦੀ ਮੰਨਣ ਨੂੰ ਤਿਆਰ ਨਹੀਂ ਹੋਵਾਂਗੇ। ਉਹ ਮਾਂ-ਬਾਪ, ਜਿਨ੍ਹਾਂ ਨੇ ਜ਼ਿੰਦਗੀ ਦਾ ਹਰ ਦੁਖ ਆਪ ਸਹਿ ਕੇ ਹਰ ਖੁਸ਼ੀ ਸਾਡੀ ਝੋਲੀ ਵਿਚ ਪਾਈ, ਉਹ ਸਾਡਾ ਬਾਪੂ ਜਿਸ ਬਗੈਰ ਸਾਡਾ ਜੀਵਨ ਹੀ ਨਹੀਂ ਹੈ, ਉਹ ਬਾਪੂ ਜਿਸ ਨੇ ਵੱਡੇ ਵੱਡੇ ਜਫਰ ਜਾਲ ਕੇ, ਮਿਹਨਤ ਮਜਦੂਰੀਆਂ ਕਰ ਕਰ ਕੇ ਸਾਡੇ ਲਈ ਹਰ ਸੁਖ ਖਰੀਦਿਆ, ਉਹ ਬਾਪੂ ਜੋ ਬੋਲਦਾ ਬਹੁਤ ਘੱਟ ਅਤੇ ਸੋਚਾਂ ਦੇ ਸਮੁੰਦਰ ਵਿਚ ਦਿਨ ਰਾਤ ਹਰ ਵੇਲੇ ਹੀ ਡੁਬਿਆ ਰਹਿੰਦਾ ਕਿ ਮੇਰੇ ਬੱਚੇ ਵੀ ਚੰਗੀ ਰੋਟੀ ਖਾਣ ਤੇ ਚੰਗੇ ਕਪੜੇ ਪਾਉਣ, ਉਹ ਬਾਪੂ ਜੋ ਕਦੀ ਹੱਸਦਾ ਨਹੀਂ ਅਤੇ ਫਿਕਰਾਂ ਵਿਚ ਰਹਿਦਾ ਹੈ ਕਿ ਮੇਰੇ ਬੱਚੇ ਵੀ ਪੜ੍ਹ-ਲਿਖ ਕੇ ਡਾਕਟਰ, ਇੰਜੀਨੀਅਰ ਬਣਨ ਅਤੇ ਮੇਰਾ ਸਿਰ ਉਚਾ ਕਰਨ, ਮੇਰੀ ਮਿਹਨਤ ਥਾਂਏ ਪਵੇ ਅਤੇ ਮੇਰਾ ਪਰਿਵਾਰ ਵੀ ਸਮਾਜ ਵਿਚ ਜਾਣਿਆ ਜਾਵੇ।

ਇਹ ਸੁਪਨਾ ਹਰ ਬਾਪੂ ਦਾ ਹੈ ਅਤੇ ਇਸ ਸੁਪਨੇ ਨੂੰ ਪੂਰਿਆਂ ਕਰਨ ਲਈ ਹਰ ਬਾਪੂ ਨਾ ਹਾੜ ਦੇਖਦਾ ਹੈ ਤੇ ਨਾ ਸਿਆਲ। ਬਾਪੂ ਅਚਾਰ ਨਾਲ ਰੁੱਖੀ ਰੋਟੀ ਖਾ ਕੇ ਵੀ ਸੰਤੁਸ਼ਟ ਹੁੰਦਾ ਹੈ ਕਿ ਮੇਰੇ ਬੱਚੇ ਮੇਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦਿਨ ਰਾਤ ਇਕ ਕਰ ਰਹੇ ਹਨ, ਬਾਪੂ ਨੂੰ ਥਕਾਵਟ ਤਾਂ ਹੁੰਦੀ ਹੈ ਪਰ ਉਹ ਥਕਾਵਟ ਜਤਾਉਂਦਾ ਨਹੀਂ। ਬਾਪੂ ਦਾ ਵੀ ਕਦੀ ਚੰਗੇ ਕਪੜੇ ਪਾਉਣ ਨੂੰ ਦਿਲ ਕਰਦਾ ਹੈ ਪਰ ਉਹ ਜਦ ਪੁੱਤਰ ਨੂੰ ਚੰਗੇ ਕਪੜੇ ਪਾ ਸਕੂਲ-ਕਾਲਜ ਜਾਂਦੇ ਨੂੰ ਵੇਖਦਾ ਹੈ ਤਾਂ ਸੋਚਦਾ ਹੈ ਕਿ ਉਹ ਸਮਾਂ ਨੇੜੇ ਆ ਰਿਹਾ ਹੈ ਜਦ ਮੇਰੇ ਸੁਪਨੇ ਮੇਰੇ ਅਰਮਾਨ ਸਾਕਾਰ ਹੋਣਗੇ। ਉਹ ਸੁਤੇ ਸਿਧ ਹੀ ਝੂਮ ਉਠਦਾ ਹੈ ਅਤੇ ਕਦੀ ਕਦੀ ਆਪੇ ਮੁਸਕਰਾ ਵੀ ਪੈਂਦਾ ਹੈ ਕਿ ਹੁਣ ਪੁੱਤਰ ਡਿਗਰੀ ਲੈ ਕੇ ਚੰਗੀ ਜਾਬ 'ਤੇ ਲੱਗਣ ਵਾਲਾ ਹੈ ਤੇ ਫਿਰ ਬਸ ਮੌਜਾਂ ਹੀ ਮੌਜਾਂ। ਵਾਹ! ਮਨ ਹੀ ਮਨ ਇਹ ਕੈਸੀ ਚਿਤਵਨ ਸੀ ਬਾਪੂ ਦੀ। ਕਿਸੇ ਅਗੰਮੀ ਖੁਸ਼ੀ ਦਾ ਇਹ ਕੈਸਾ ਅਹਿਸਾਸ ਸੀ ਜਿਸ ਨੂੰ ਸੋਚ ਕੇ ਬਾਪੂ ਗਦ ਗਦ ਹੋ ਜਾਂਦਾ ਸੀ।




ਕਈ ਵਾਰ ਬਾਪੂ ਨੂੰ ਇਵੇਂ ਵੇਖ ਕੇ ਜਦ ਮਾਂ ਕੋਈ ਸਵਾਲ ਕਰਦੀ ਤਾਂ ਬਾਪੂ ਚੌੜਾ ਹੋ ਆਖਦਾ ਭਾਗਾਂ ਵਾਲੀਏ ਹੁਣ ਦੁੱਖਾਂ ਭਰੇ ਦਿਨ ਮੁੱਕ ਚੱਲੇ ਨੇ, ਬਸ ਸ਼ੇਰ ਪੁੱਤ ਨੂੰ ਜਰਾ ਵੱਡੀ ਕੁਰਸੀ 'ਤੇ ਬੈਠ ਲੈਣ ਦੇਹ, ਤੇਰੇ-ਮੇਰੇ ਸਾਰੇ ਗਿਲੇ ਸ਼ਿਕਵੇ ਤੇ ਔਖੇ ਦਿਨ ਕਿਤੇ ਦੂਰ ਉਡ ਪੁਡ ਜਾਣੇ ਨੇ। ਆਪਣਾ ਪੁੱਤ ਬਹੁਤ ਚੰਗਾ ਈ, ਵੇਖੀਂ ਇਹਨੇ ਸਾਨੂੰ ਕਦੀ ਡੱਕਾ ਨਹੀਂਓਂ ਤੋੜਨ ਦੇਣਾ ਤੇ ਹੁਣ ਬੱਸ ਆਰਾਮ ਹੀ ਆਰਾਮ ਹੈ।

ਕਈ ਸੁਪਨੇ ਪੂਰੇ ਹੋ ਜਾਂਦੇ ਨੇ ਅਤੇ ਕਈ ਇਕ ਸੁਪਨਾ ਹੀ ਬਣ ਕੇ ਰਹਿ ਜਾਂਦੇ ਨੇ। ਅੱਜ ਦਾ ਸਮਾਂ ਬਾਪੂਆਂ ਦੇ ਟੁੱਟੇ ਹੋਏ ਸੁਪਨਿਆਂ ਦਾ ਸਮਾਂ ਬਣ ਗਿਆ ਲਗਦਾ ਹੈ। ਬਿਲਕੁਲ ਇਵੇਂ ਹੀ ਹੋ ਰਿਹਾ ਹੈ। ਸਾਰੇ ਤਾਂ ਨਹੀਂ ਪਰ ਬਹੁਤੇ ਬਾਪੂਆਂ ਦੇ ਹਾਲਾਤ ਇਸੇ ਤਰ੍ਹਾਂ ਦੇ ਮਿਲਦੇ-ਜੁਲਦੇ ਹਨ। ਬੁਢਾਪੇ ਦੀਆਂ ਪੀੜਾਂ, ਇਕੱਲ ਅਤੇ ਮਾਨਸਿਕ ਚਿੰਤਾਵਾਂ ਦੇ ਨਾਲ ਨਾਲ ਪਨਪਦੀਆਂ ਬੀਮਾਰੀਆਂ ਬੁਢਾਪੇ ਨੂੰ ਹੋਰ ਭਿਆਨਕ ਅਤੇ ਡਰਾਵਣਾ ਬਣਾ ਰਹੀਆਂ ਹਨ। ਜਿਨ੍ਹਾਂ ਬੱਚਿਆਂ ਲਈ ਬਾਪੂ ਨੇ ਭੁੱਖੇ ਰਹਿ ਰਹਿ ਮਿਹਨਤਾਂ ਕੀਤੀਆਂ ਸਨ, ਜਦ ਉਨ੍ਹਾਂ ਹੀ ਬੱਚਿਆਂ ਨੇ ਉਚੀਆਂ ਪਰਵਾਜ਼ਾਂ ਭਰੀਆਂ ਤਾਂ ਬਾਪੂ ਜੀ ਤਾਂ ਕਿਤੇ ਨਜ਼ਰ ਅੰਦਾਜ਼ ਹੀ ਹੋ ਗਏ, ਵਿਸਰ ਹੀ ਗਏ। ਬੱਚਿਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਬਾਪੂ ਤੇ ਮਾਂ ਮਨਫੀ ਹੋ ਗਏ। ਬੱਸ ਇਥੇ ਆ ਕੇ ਹੀ ਸਾਰੀ ਕਹਾਣੀ ਵਿਗੜ ਗਈ ਹੈ। ਉਹ ਬਾਪੂ ਨਾਲ ਕੀਤੀਆਂ ਤੋਤਲੀਆਂ ਗੱਲਾਂ ਅਤੇ ਲਾਡ ਪਿਆਰ ਦੇ ਵਾਅਦੇ ਬਾਪੂ ਨੂੰ ਤਾਂ ਚੰਗੀ ਤਰ੍ਹਾਂ ਯਾਦ ਹਨ ਪਰ ਬੱਚੇ ਭੁਲ ਬੈਠੇ ਹਨ। ਕੋਸ਼ਿਸ਼ ਕਰ ਰਹੀ ਹਾਂ, ਕੁਝ ਯਾਦ ਕੀਤਾ ਜਾਵੇ ਅਤੇ ਜ਼ਿੰਦਗੀ ਵਿਚ ਲਾਗੂ ਵੀ ਕੀਤਾ ਜਾਵੇ। ਵਿਚਾਰ ਹੀ ਬਦਲਨੇ ਹਨ।

ਆਓ, ਅੱਜ ਫਾਦਰ'ਜ਼ ਡੇਅ ਵੀ ਮਨਾਈਏ ਅਤੇ ਆਪਣੇ ਖੁਦ ਦੇ ਅੰਦਰੀਂ ਵੜ ਵਿਚਾਰਾਂ ਵੀ ਕਰੀਏ ਕਿ ਅਸੀਂ ਕਿਵੇਂ ਤੇ ਕਦੋਂ ਦੇ ਗਲਤ ਹੋ ਚੁਕੇ ਹਾਂ ਅਤੇ ਇਹ ਕਿਉਂ ਹੋ ਰਿਹਾ ਹੈ? ਬੇਸ਼ੱਕ ਕਈ ਬਾਪੂ ਸਖਤ ਅਤੇ ਕੁੜੱਤਣ ਭਰੇ ਸੁਭਾਅ ਦੇ ਹੋ ਸਕਦੇ ਹਨ ਪਰ ਇਸ ਦਾ ਮਤਲਬ ਇਹ ਤਾਂ ਬਿਲਕੁਲ ਹੀ ਨਹੀਂ ਕਿ ਅਸੀਂ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚੋਂ ਹੀ ਬਾਹਰ ਕੱਢ ਧਰੀਏ! ਉਨ੍ਹਾਂ ਨੂੰ ਪਿਆਰ ਨਾਲ ਸਮਝਿਆ ਜਾ ਸਕਦਾ ਹੈ, ਉਹ ਜ਼ਰੂਰ ਸਮਝਣਗੇ। ਉਨ੍ਹਾਂ ਨੂੰ ਆਪਣੇ ਬੱਚਿਆਂ ਤੋਂ ਦੂਰ ਨਾ ਕਰੀਏ ਬਲਕਿ ਬੱਚਿਆਂ ਨਾਲ ਖੇਡਣ ਦੇਈਏ। ਬੱਚਿਆਂ ਦੀ ਜ਼ਿੰਮੇਦਾਰੀ ਵੀ ਉਨ੍ਹਾਂ ਨੂੰ ਦੇਈਏ। ਕਦੀ ਘਰ ਵਿਚ ਉਨ੍ਹਾਂ ਦੀ ਸਲਾਹ ਵੀ ਲਈਏ ਤਾਂ ਕਿ ਉਹ ਆਪਣੇ ਆਪ ਨੂੰ ਸਾਡੇ ਨਾਲੋਂ ਟੁਟੇ ਹੋਏ ਨਾ ਸਮਝ ਬੈਠਣ। ਬੱਸ ਥੋੜ੍ਹਾ ਜਿਹਾ ਪਿਆਰ, ਥੋੜ੍ਹਾ ਜਿਹਾ ਸਤਿਕਾਰ ਦੇ ਕੇ ਦੇਖਣਾ, ਘਰ ਵਿਚ ਤੇ ਜੀਵਨ ਵਿਚ ਵੀ ਬਹਾਰ ਆ ਜਾਵੇਗੀ। ਯਾਦ ਕਰਨ ਦੀ ਕੋਸ਼ਿਸ਼ ਵੀ ਕਰਿਆ ਕਰੀਏ ਕਿ ਇਹ ਉਹੀਓ ਬਾਪੂ ਹੈ, ਜਿਸ ਦੀ ਮਿਹਨਤ ਮੁਸ਼ੱਕਤ ਸਦਕਾ ਅੱਜ ਸਾਡੀ ਹੋਂਦ ਹੈ।

ਯਾਦ ਕਰੀਏ, ਅਸੀਂ ਨਿੱਕੇ ਹੁੰਦੇ ਕਈ ਵਾਰੀ ਬਾਪੂ ਦੇ ਗਲ ਲੱਗ ਕੇ ਆਖਿਆ ਕਰਦੇ ਸਾਂ, "ਬਾਪੂ ਜੀ ਮੈਨੂੰ ਵੱਡਾ ਹੋ ਲੈਣ ਦਿਓ, ਮੈਂ ਤੁਹਾਨੂੰ ਕੋਈ ਕੰਮ ਨਹੀਂ ਕਰਨ ਦੇਣਾ। ਤੁਸੀਂ ਬੈਠ ਕੇ ਸੁਖ ਲੈਣਾ, ਕੰਮ ਮੈਂ ਕਰਿਆ ਕਰੂੰ", ਤਾਂ ਬਾਪੂ ਨੇ ਖੁਸ਼ ਹੋ ਸਾਨੂੰ ਗਲ ਨਾਲ ਲਾ ਕੇ ਆਖਣਾ, "ਮੇਰਾ ਸ਼ੇਰ ਪੁੱਤਰ।" ਅਤੇ ਜਜ਼ਬਾਤੀ ਜਿਹਾ ਹੋ ਸੋਚਣਾ ਕਿ ਆਉਣ ਵਾਲਾ ਸਮਾਂ ਕਿੰਨੇ ਸੁੱਖ ਤੇ ਕਿੰਨੀਆਂ ਖੁਸ਼ੀਆਂ ਨਾਲ ਲੈ ਕੇ ਆ ਰਿਹਾ ਹੈ। ਹੁਣ ਕੋਈ ਫਿਕਰ ਨਹੀਂ, ਕੋਈ ਪਰਵਾਹ ਨਹੀਂ, ਬਸ ਅਨੰਦ ਹੀ ਅਨੰਦ ਹੋਵੇਗਾ। ਕਦੀ ਸਮਾਂ ਮਿਲਣ 'ਤੇ ਸਾਡੀ ਮਾਂ ਕੋਲ ਬੈਠ ਬਾਪੂ ਨੇ ਹੁਬ ਕੇ ਗੱਲ ਕਰਨੀ, "ਲੈ ਕਰਮਾਂ ਵਾਲੀਏ, ਆਪਾਂ ਜਿੰਨੇ ਹੱਡ ਰੋਲਣੇ ਸੀ, ਰੋਲ ਲਏ। ਆਪਣਾ ਸ਼ੇਰ ਪੁੱਤਰ ਪੜ੍ਹ ਲਿਖ ਕੇ ਜਵਾਨ ਹੋ ਚੱਲਿਆ ਈ, ਹੁਣ ਨਾ ਝੂਰਿਆ ਕਰ। ਆਪਣਾ ਪੁੱਤਰ ਤਾਂ ਸਰਵਣ ਪੁੱਤਰ ਏ। ਅੱਜ ਪਿਆ ਮੈਨੂੰ ਆਖਦਾ ਸੀ, ਬਾਪੂ ਹੁਣ ਮੈਂ ਤੁਹਾਨੂੰ ਬਹੁਤ ਸੁਖ ਦੇਣੇ ਨੇ...।" ਮਾਂ ਵੀ ਹੱਥ ਜੋੜ ਰੱਬ ਦਾ ਸ਼ੁਕਰ ਕਰਦੀ ਕਿ ਹੁਣ ਮੇਰੇ ਆਦਮੀ ਨੂੰ ਵੀ ਚਾਰ ਦਿਨ ਸੁਖ ਦੇ ਮਿਲਣਗੇ, ਪਰ ਪਤਾ ਹੀ ਨਹੀਂ ਲੱਗਾ, ਕੈਸੀਆਂ ਬੇਰੁਖੀਆਂ ਹਵਾਵਾਂ ਚੱਲੀਆਂ, ਪੱਛਮ ਨੇ ਪੂਰਬ ਨੂੰ ਸਬੂਤਾ ਹੀ ਨਿਗਲ ਲਿਆ। ਵੱਡੀਆਂ ਪੜ੍ਹਾਈਆਂ, ਵੱਡੇ ਅਹੁਦੇ, ਵੱਡੇ ਰੁਤਬੇ, ਵੱਡੀਆਂ ਸੁਸਾਇਟੀਆਂ ਅਤੇ ਵੱਡੀ ਰਹਿਣੀ-ਬਹਿਣੀ ਨੇ ਸਾਡਾ ਸਾਰਾ ਕੁਝ ਹੀ ਤਹਿਸ-ਨਹਿਸ ਕਰ ਕੇ ਰੱਖ ਦਿਤਾ। ਸੁਖੀ ਵੱਸਦੇ ਪਰਿਵਾਰਾਂ ਦੇ ਟੋਟੇ ਟੋਟੇ ਹੋ ਗਏ, ਜਿਸ ਦੀ ਸਭ ਤੋਂ ਵੱਧ ਮਾਰ ਬਜ਼ੁਰਗ ਮਾਪਿਆਂ ਨੂੰ ਹੀ ਪਈ। ਉਹ ਵਿਚਾਰੇ ਸਭ ਕੁਝ ਹੋਣ ਦੇ ਬਾਵਜੂਦ ਨਾ ਘਰ ਦੇ ਰਹੇ, ਨਾ ਘਾਟ ਦੇ।

ਵਧਦੀ ਵਧਦੀ ਇਹ ਬੀਮਾਰੀ ਹੁਣ ਲਾਇਲਾਜ ਹੋ ਗਈ ਹੈ ਅਤੇ ਸਾਡੇ ਹਥੋਂ ਨਿਕਲ ਚੁਕੀ ਹੈ। ਨਵੇਂ ਜ਼ਮਾਨੇ ਦੇ ਪੜ੍ਹੇ-ਲਿਖੇ ਜੋੜੇ ਵਾਧੂ ਭਾਰ, ਵਾਧੂ ਜ਼ਿੰਮੇਦਾਰੀਆਂ ਚੁੱਕਣ ਨੂੰ ਤਿਆਰ ਨਹੀਂ। ਮਾਪੇ ਕਿੱਥੇ ਜਾਣ? ਸਾਡੇ ਸਮਾਜ ਨੇ ਇਸ ਦਾ ਹੱਲ ਕੱਢਿਆ ਹੈ, ਥਾਂ ਥਾਂ ਬਜ਼ੁਰਗ ਹਾਊਸ ਬਣ ਗਏ ਹਨ। ਬੁੱਢੇ, ਬੀਮਾਰ, ਲਾਚਾਰ ਮਾਪੇ ਉਨ੍ਹਾਂ ਨਰਕ ਵਰਗੇ ਥਾਂਵਾਂ 'ਤੇ ਆਪਣੇ ਆਖਰੀ ਦਿਨ ਗੁਜ਼ਾਰ ਰਹੇ ਹਨ। ਹੇ ਰੱਬ ਜੀ! ਇਹ ਕੀ ਹੋ ਗਿਆ ਇਨਸਾਨ ਨੂੰ! ਪਰ ਮੈਂ ਤਾਂ ਅਜੇ ਵੀ ਬੇਉਮੀਦ ਨਹੀਂ ਹਾਂ। ਸੋਚਦੀ ਹਾਂ, ਉਹ ਸਮੇਂ ਫਿਰ ਪਰਤਣਗੇ ਅਤੇ ਸਾਡੇ ਪਰਿਵਾਰ ਇਕੱਠੇ ਹੋਣਗੇ। ਅਸੀਂ ਆਪਣੇ ਬੱਚਿਆਂ ਨੂੰ ਅਤੇ ਸਾਡੇ ਬੱਚੇ ਸਾਨੂੰ ਬਹੁਤ ਪਿਆਰ ਦੇਣਗੇ।

ਸਾਲ ਮਗਰੋਂ ਬਾਪੂ ਜੀ ਦਾ ਇਕ ਦਿਨ ਹੋਣਾ ਜਾਂ ਮਨਾਉਣਾ ਬਹੁਤ ਪਿਆਰੀ ਤੇ ਮਾਣਮੱਤੀ ਗੱਲ ਹੈ ਪਰ ਬਾਪੂ ਜੀ ਨੂੰ ਆਪਣੇ ਹੀ ਬਣਾਏ ਘਰ ਵਿਚ ਤਾਂ ਸਦਾ ਹੀ ਮਾਣ ਮਿਲਣਾ ਚਾਹੀਦਾ ਹੈ।

ਮੈਂ ਆਪਣੀ ਗੱਲ ਵੀ ਤੁਹਾਡੇ ਨਾਲ ਅੱਜ ਸਾਂਝੀ ਕਰਾਂਗੀ। ਅੱਜ ਮੈਂ ਜ਼ਿੰਦਗੀ ਵਿਚ ਜੋ ਵੀ ਹਾਂ, ਆਪਣੇ ਪਿਤਾ ਜੀ ਦੇ ਸਦਕਾ ਹਾਂ। ਉਨ੍ਹਾਂ ਦੀ ਦਿੱਤੀ ਸਿਖਿਆ ਸਦਕਾ ਹਾਂ, ਉਨ੍ਹਾਂ ਦੇ ਦਿੱਤੇ ਉਚੇ ਵਿਚਾਰਾਂ ਸਦਕਾ ਹਾਂ। ਜਦ ਵੀ ਗੁਰੂ ਦਰਬਾਰ ਵਿਚ ਕੀਰਤਨ ਕਰਨ ਬੈਠਦੀ ਹਾਂ ਤਾਂ ਸੋਚਦੀ ਹਾਂ, ਪਿਤਾ ਜੀ ਨੇ ਸਾਰੀ ਉਮਰ ਗੁਰੂ ਲੇਖੇ ਲਾਈ ਅਤੇ ਮੈਨੂੰ ਵੀ ਗੁਰੂ ਮਾਰਗ 'ਤੇ ਤੁਰਨ ਲਈ ਤਿਆਰ ਕੀਤਾ, ਵਰਨਾ ਮੈਂ ਅੱਜ ਕਿਤੇ ਵੀ ਨਾ ਹੁੰਦੀ। ਇਸ ਲਈ ਬੇਨਤੀ ਕਰਦੀ ਹਾਂ ਆਪਣੇ ਮਾਪਿਆਂ ਦਾ ਬਹੁਤ ਸਤਿਕਾਰ ਕਰੀਏ। ਉਹ ਮਹਿੰਗੇ ਕਪੜਿਆਂ ਜਾਂ ਮਹਿੰਗੀਆਂ ਚੀਜ਼ਾਂ ਦੇ ਨਹੀਂ, ਸਾਡੇ ਪਿਆਰ ਦੇ ਭੁਖੇ ਹਨ, ਸਿਰਫ ਪਿਆਰ ਦੇ। ਆਓ, ਥੋੜ੍ਹਾ ਜਿਹਾ ਚੰਗਾ ਸੋਚਣ ਦੀ ਕੋਸ਼ਿਸ਼ ਕਰੀਏ। ਜ਼ਿੰਦਗੀ ਬਹੁਤ ਛੋਟੀ ਜਿਹੀ ਹੈ, ਬਾਪੂ ਹਰ ਵੇਲੇ ਸਾਡਾ ਰਾਹ ਵੇਖਦਾ ਹੈ। ਘਰੋਂ ਕੰਮ 'ਤੇ ਜਾਣ ਲੱਗਿਆਂ ਅਤੇ ਕੰਮ ਤੋਂ ਘਰੇ ਆ ਕੇ ਦੱਸ ਮਿੰਟ ਬਾਪੂ ਕੋਲ ਬਹਿ ਉਨ੍ਹਾਂ ਨੂੰ ਖੁਸ਼ੀ ਦੇਣ ਦੀ ਕੋਸ਼ਿਸ਼ ਕਰੀਏ। ਕਰਕੇ ਵੇਖੀਏ ਤਾਂ ਸਹੀ ਬਦਲਾਓ ਜਰੂਰ ਮਹਿਸੂਸ ਹੋਵੇਗਾ। ਬਾਪੂ ਜੀ ਦੇ ਬੁਝੇ ਹੋਏ ਚਿਹਰੇ 'ਤੇ ਖਿੜਾਓ ਦਿਸੇਗਾ। ਬੱਸ ਇਹ ਹੀ ਹੋਵੇਗਾ ਫਾਦਰ'ਜ਼ ਡੇਅ ਦਾ ਸਭ ਤੋਂ ਵਧੀਆ ਤੇ ਅਨਮੋਲ ਗਿਫਟ ਬਾਪੂ ਜੀ ਲਈ। ਉਨ੍ਹਾਂ ਦੇ ਗਲ ਨਾਲ ਲੱਗ ਕੇ ਉਨ੍ਹਾਂ ਨੂੰ ਪਿਆਰ ਦੇਣਾ ਅਤੇ ਪਿਆਰ ਲੈਣਾ।

ਹੈਪੀ ਹੈਪੀ ਫਾਦਰ'ਜ਼ ਡੇਅ! ਸਭ ਦੇ ਬਾਪੂ ਜੀ ਸਦਾ ਤੰਦਰੁਸਤ ਅਤੇ ਖੁਸ਼ ਰਹਿਣ।

## ਬਾਪੂ ਨੂੰ ਯਾਦ ਕਰਦਿਆਂ

ਮਾਂ ਨੇ ਜੰਮਣ ਪੀੜਾਂ ਜਰੀਆਂ,
ਬਾਪੂ ਬਹੁਤ ਮਿਹਨਤਾਂ ਕਰੀਆਂ।
ਦੇਣ ਉਨ੍ਹਾਂ ਦੀ ਇਹ ਜ਼ਿੰਦਗਾਨੀ,
ਇਸ ਤੋਂ ਵੱਡੀ ਨਹੀਂ ਕੁਰਬਾਨੀ।

ਬਾਪੂ ਦੀਆਂ ਲੱਤਾਂ ਵਿਚ ਖੜ੍ਹ ਕੇ,
ਹੂਟੇ ਲਏ ਸੁਹਾਗੇ ਚੜ੍ਹ ਕੇ।
ਬੜੀ ਹੀ ਲੱਜ਼ਤ ਆਉਂਦੀ ਸੀ,
ਰਾਈਡਾਂ ਰੀਸ ਕਰਨਗੀਆਂ ਕੀ?

ਆਪਣੇ ਮੋਢੇ ਉਤੇ ਬਿਠਾ ਕੇ,
ਘੋਲ ਦਿਖਾਉਂਦਾ ਛਿੰਜ ਵਿਚ ਜਾ ਕੇ।
ਜਲੇਬੀਆਂ ਤੇ ਪਤੌੜ ਖੁਆਉਣੇ,
ਲੈ ਕੇ ਦੇਣੇ ਫਿਰ ਖਿਡਾਉਣੇ।

ਦੋਧੀਆਂ ਛੱਲੀਆਂ ਭੁੰਨ ਖੁਆਉਂਦਾ,
ਛਿੱਲ ਕੇ ਗੰਨੇ ਸੀ ਚੁਪਾਉਂਦਾ।
ਗਿਰੀਆਂ ਵਾਲਾ ਗੁੜ ਸੁਆਦੀ,
ਕੈਂਡੀਆਂ ਟਾਫੀਆਂ ਉਸ ਤੋਂ ਫਾਡੀ।

ਕਦੇ ਕਦੇ ਉਹ ਪੈਗ ਸੀ ਲਾਉਂਦਾ,
ਮੂੰਹ ਉਹਦੇ 'ਤੇ ਖੇੜਾ ਆਉਂਦਾ।
ਪੈਗ ਲਾ ਮਾਰਦਾ ਸੀ ਖੰਗੂਰਾ,
ਨਸ਼ਾ ਉਹਨੂੰ ਚੜ੍ਹ ਜਾਂਦਾ ਦੂਹਰਾ।

ਸਾਨੂੰ ਸੀ ਫਿਰ ਲਾਡ ਲਡਾਉਂਦਾ,
ਘੁੱਟ ਘੁੱਟ ਸਾਨੂੰ ਜੱਫੀਆਂ ਪਾਉਂਦਾ।
ਸੁਪਨੇ ਉਹਦੇ ਜੋ ਰਹੇ ਅਧੂਰੇ,
ਕਰਨਾ ਪੁੱਤ ਰਾਹੀਂ ਚਾਹੁੰਦਾ ਪੂਰੇ।

ਖੂਬ ਪੜ੍ਹਾ ਕੇ ਮਾਣ ਸੀ ਕਰਦਾ,
ਹਰ ਗੱਲ ਸੀ ਹਾਸੇ ਵਿਚ ਜਰਦਾ।
ਕੋਈ ਜੇ ਉਹਨੂੰ ਅਨਪੜ੍ਹ ਕਹਿੰਦਾ,
ਮੁੱਛਾਂ ਨੂੰ ਵੱਟ ਦੇ ਕੇ ਕਹਿੰਦਾ।

ਮੈਨੂੰ ਕਿਵੇਂ ਕੋਈ ਅਨਪੜ੍ਹ ਆਖੂ,
ਮੈਂ ਤਾਂ ਹਾਂ ਪੜ੍ਹਿਆਂ ਦਾ ਬਾਪੂ।
ਬਾਪੂ ਬਾਪੂ ਹੀ ਹੈ ਹੁੰਦਾ,
ਬਾਪੂ ਸਾਡੇ ਵਿਚ ਜਿਉਂਦਾ।

*-ਹਰਜੀਤ ਬੇਦੀ*
*ਫੋਨ: 905-794-8871*

ਦਰਦ-ਏ-ਦਿਲ

# ਜਮੀਨਾਂ ਬਨਾਮ ਰੁਲਦੇ ਮਾਪੇ

ਘਰਾਂ ਦੀ ਸ਼ਾਨ ਸਮਝੇ ਜਾਂਦੇ ਬਜ਼ੁਰਗਾਂ ਨੂੰ ਜਦੋਂ ਰੋਟੀ ਲਈ ਮੁਥਾਜ ਹੋਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਵੀ ਸਮਝ ਨਹੀਂ ਪੈਂਦੀ ਕਿ ਬੀਤੇ ਸਮੇਂ ਵਿਚ ਕੀਤੀਆਂ ਕਮਾਈਆਂ ਕਿਹੜੇ ਖੂਹ ਖਾਤੇ ਚਲੀਆਂ ਗਈਆਂ।

ਕਿਸੇ ਸਮੇਂ ਸੱਤ ਪੁੱਤਰਾਂ ਨੂੰ ਜਨਮ ਦੇਣ ਵਾਲੀ ਮਾਂ ਨੂੰ ਲੋਕ ਵੱਧ ਸਨਮਾਨ ਦੀਆਂ ਨਜ਼ਰਾਂ ਨਾਲ ਦੇਖਦੇ ਸਨ ਪਰ ਅਜੋਕੇ ਪਦਾਰਥਵਾਦੀ ਦੌਰ ਵਿਚ ਜਮੀਨਾਂ ਦੇ ਲਾਲਚ ਵੱਸ ਹੋਣ ਕਾਰਨ ਉਹ ਮਾਂ-ਪਿਓ ਸ਼ਾਇਦ ਸੁੱਖ ਦੀ ਰੋਟੀ ਖਾ ਲਵੇ, ਜਿਸ ਦਾ ਇੱਕ ਹੀ ਪੁੱਤਰ ਹੈ। ਦੋ ਥਾਂ ਜਮੀਨ ਦੀ ਵੰਡ

**ਜਗਦੀਪ ਸਿੰਘ**
**ਫੋਨ: 91-99882-67279**

ਵਿਚ ਮਾਂ-ਪਿਓ ਦੀ ਰੋਟੀ ਨੂੰ ਵੀ ਵੰਡ ਲਿਆ ਜਾਂਦਾ ਹੈ।

ਜਿਉਂ ਜਿਉਂ ਲੋਕਾਂ ਵਿਚ ਮੀਡੀਏ ਦਾ ਪ੍ਰਭਾਵ ਅਤੇ ਪੜ੍ਹਾਈ ਕਾਰਨ ਖੁਦਮੁਖਤਿਆਰੀ ਆਈ ਹੈ, ਤਿਵੇਂ ਤਿਵੇਂ ਪਰਿਵਾਰ ਟੁੱਟਣੇ ਸ਼ੁਰੂ ਹੋਏ। ਇਸ ਉਧੇੜ ਬੁਣ ਵਿਚ ਸਭ ਤੋਂ ਵੱਧ ਨੁਕਸਾਨ ਮਾਂ-ਪਿਓ ਨੂੰ ਹੀ ਝੱਲਣਾ ਪਿਆ। ਬੀਤੇ ਸਮੇਂ ਵਾਂਗ ਹੁਣ ਵੀ ਜੱਟ ਜਿਮੀਂਦਾਰ ਪਰਿਵਾਰਾਂ ਵਿਚ ਵਿਆਹੁਣ ਸਮੇਂ ਜਮੀਨੀ ਕਿੱਲਿਆਂ ਦੀ ਗਿਣਤੀ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਸੱਸ-ਸਹੁਰੇ ਤੋਂ ਬਾਅਦ ਨਵ ਵਿਆਹੀ ਦੀ ਘਰ ਵਿਚ ਚੌਧਰ ਹੋ ਜਾਂਦੀ ਹੈ ਅਤੇ ਆਪਣੇ ਮੁੰਡਿਆਂ ਲਈ ਵੀ ਉਹ ਹਿੱਕ ਠੋਕ ਕੇ ਦਾਜ ਮੰਗਦੀ ਹੈ ਕਿ ਮੁੰਡੇ ਨੂੰ ਐਨੀ ਜਮੀਨ ਆਉਂਦੀ ਹੈ, ਮੈਂ ਮਾੜੇ ਘਰ ਦਾ ਰਿਸਤਾ ਕਿਉਂ ਲਵਾਂ।

ਪਰ ਸਮੇਂ ਦੀ ਚਾਲ ਦਾ ਉਦੋਂ ਪਤਾ ਨਹੀਂ ਲੱਗਦਾ ਜਦੋਂ ਨਵੀਆਂ ਆਈਆਂ ਨੂੰਹਾਂ ਵੰਡ-ਵੰਡਈਏ ਦੀ ਜ਼ਿੱਦ ਕਰਦੀਆਂ ਹਨ, ਤੇ



ਜੋ ਜਮੀਨ ਕਾਰਨ ਉਹ ਦਾਜ ਲੈ ਕੇ ਆਈਆਂ ਉਸ 'ਤੇ ਹੱਕ ਮੰਗਦੀਆਂ ਹਨ। ਲੈ ਦੇ ਕੇ ਮਾਤਾ-ਪਿਤਾ ਕੋਲ ਜਾਂ ਤਾਂ ਕੁਝ ਹਿੱਸਾ ਬਚ ਜਾਂਦਾ ਹੈ। ਕਦੇ ਉਹ ਵੀ ਨਹੀਂ ਬਚਦਾ।

ਜਮੀਨ ਦੀ ਵੰਡ ਸਮੇਂ ਜਮੀਨ ਦੇ ਨਾਲ ਨਾਲ ਉਨ੍ਹਾਂ ਨੂੰ ਵੀ ਮਹੀਨਾ ਮਹੀਨਾ ਵੰਡ ਲਿਆ ਜਾਂਦਾ ਹੈ। ਪਤਾ ਹੀ ਨਹੀਂ ਲੱਗਦਾ ਜਿਸ ਘਰ ਵਿਚ ਉਨ੍ਹਾਂ ਦੀ ਚੌਧਰ ਸੀ, ਅੱਜ ਉਥੇ ਰੋਟੀ ਲਈ ਮੁਥਾਜ ਹੋਣਾ ਪਵੇਗਾ ਹੈ। ਇਹ ਇੱਕ ਘਰ ਦੀ ਕਹਾਣੀ ਨਹੀਂ, ਘਰ ਘਰ ਦੀ ਕਹਾਣੀ ਹੈ। ਮਾਂ-ਪਿਓ ਫਿਰ ਵੀ ਲੋਕਾਂ ਕੋਲ ਆਪਣੇ ਨੂੰਹ ਪੁੱਤ ਦੀ ਲੱਜ ਪਾਲਦੇ ਹਨ।

ਸਭ ਤੋਂ ਵੱਧ ਔਖਾ ਉਦੋਂ ਹੁੰਦਾ ਹੈ, ਜਦੋਂ ਦੋਹਾਂ ਜੀਆਂ ਵਿਚੋਂ ਇੱਕ ਜਹਾਨ ਤੋਂ ਰੁਖਸਤ ਹੋ ਜਾਂਦਾ ਹੈ। ਜੇ ਪਤਨੀ ਪਹਿਲਾਂ ਚਲੀ ਜਾਵੇ ਤਾਂ ਸਮਾਂ ਕੁਝ ਸੌਖਾ ਲੰਘ ਜਾਂਦਾ ਹੈ ਕਿਉਂਕਿ ਮਰਦ ਪ੍ਰਧਾਨ ਸਮਾਜ ਵਿਚ ਕੁਝ ਨਾ ਕੁਝ ਹਿੱਸਾ ਬੰਦੇ ਦੇ ਨਾਂ ਹੁੰਦਾ ਹੀ ਹੈ। ਜੇ ਪਤੀ ਪਹਿਲਾਂ ਚਲਾ ਜਾਵੇ ਤਾਂ ਜਮੀਨ ਦੀ ਵੰਡੀ ਫਿਰ ਪੈ ਜਾਂਦੀ ਹੈ ਤੇ ਲਾਡਾਂ ਨਾਲ ਪਾਲੇ ਪੁੱਤ ਕਹਿੰਦੇ ਨੇ, ਬੁੜ੍ਹੀ ਨੇ ਜਮੀਨ ਤੋਂ ਕੀ ਕਰਵਾਉਣਾ? ਮਹੀਨਾ-ਮਹੀਨਾ ਕਰ ਲਵੋ।

ਆਪਣਾ ਹੀ ਖੂਨ ਚਿੱਟਾ ਹੋ ਜਾਵੇ ਤਾਂ ਬੰਦਾ ਕੀ ਕਰੇ! ਉਹ ਇਹ ਨਹੀਂ ਸੋਚਦੇ ਕਿ ਜੋ ਕੁਝ ਕੋਲ ਹੈ, ਜਿਸ ਦੇ ਸਿਰ 'ਤੇ ਰੋਟੀ ਖਾ ਰਹੇ ਨੇ, ਉਹ ਵੀ ਤਾਂ ਉਨ੍ਹਾਂ ਦਾ ਹੀ ਸੀ। ਤੀਲਾ ਤੀਲਾ ਕਰਕੇ ਜੋੜਿਆ ਘਰ ਤੇ ਲੀਰਾਂ ਪਾ ਪਾ ਹੰਢਾਈ ਜਵਾਨੀ, ਜਵਾਨੀ 'ਚ ਜੋ ਕੁਝ ਬੁਢਾਪੇ ਲਈ, ਬੱਚਿਆਂ ਲਈ ਸੁੱਖ ਸਾਧਨ ਇਕੱਠੇ ਕਰੇ ਹੁੰਦੇ ਨੇ, ਉਸ 'ਤੇ ਹੀ ਹੱਕ ਨਹੀਂ ਰਹਿੰਦਾ। ਇਸ ਲਈ ਕੁਝ ਹੱਦ ਤੱਕ ਦਾਜ ਵੀ ਜ਼ਿੰਮੇਵਾਰ ਹੈ। ਜੋ ਜਮੀਨ ਜਾਇਦਾਦ ਕਰਕੇ ਦਾਜ ਲਿਆ ਹੁੰਦਾ ਹੈ, ਉਸ 'ਤੇ ਫਿਰ ਨੂੰਹ ਹੱਕ ਜਤਾਵੇਗੀ ਹੀ! ਪਹਿਲਾਂ ਦਾਜ ਦੇ ਲਈ ਪੁੱਤ ਵੇਚ ਦਿੱਤੇ ਜਾਂਦੇ ਨੇ, ਬਾਅਦ ਵਿਚ ਜਮੀਨਾਂ ਵੱਟੇ ਮਾਂ-ਪਿਓ ਦਾ ਮੁੱਲ ਪੈ ਜਾਂਦਾ ਹੈ।

ਗੁਰੂ ਘਰ ਦੇ ਡਾਲੀ ਵਾਲੇ ਨੂੰ ਸੁੱਚੇ ਹੱਥੀਂ ਰੋਟੀ ਫੜ੍ਹਾਉਣੀ ਤੇ ਲੰਗਰਾਂ ਵਿਚ ਜਾ ਕੇ ਸੇਵਾ ਕਰਨੀ, ਪਰ ਘਰ ਮਾਂ-ਪਿਓ ਨੂੰ ਪਾਣੀ ਵੀ ਨਾ ਪੁੱਛਣਾ, ਇਹ ਕਿਹਾ ਧਰਮ? ਉਤੋਂ ਬਹਾਨੇ ਕਿ ਜਮੀਨ ਸਾਰੇ ਭਰਾਵਾਂ ਵਿਚ ਬਰਾਬਰ ਵੰਡੀ ਗਈ ਹੈ ਤਾਂ ਰੋਟੀ ਟੁੱਕ ਵੀ ਬਰਾਬਰ ਵੰਡਿਆ ਗਿਆ ਹੈ। ਪਰ ਉਹ ਭੁੱਲ ਜਾਂਦੇ ਨੇ ਕਿ ਬੁਢਾਪਾ ਇੱਕ ਦਿਨ ਉਨ੍ਹਾਂ 'ਤੇ ਵੀ ਆਵੇਗਾ। ਮਾਂ-ਪਿਓ ਨਾਲੋਂ ਘਰ ਦੇ ਪਾਲਤੂ ਕੁੱਤਿਆਂ ਦੀ ਕਦਰ ਵਧ ਜਾਂਦੀ ਹੈ, ਦਰਵਾਜੇ ਵਿਚਲਾ ਮੰਜਾ ਕਿਸੇ ਖੂੰਜੇ ਵਿਚ ਚਲਾ ਜਾਂਦਾ ਹੈ। ਬੁਢਾਪੇ ਵੇਲੇ ਮਾਂ-ਪਿਓ ਨੂੰ ਜਮੀਨ ਨਾਲੋਂ ਵੱਧ ਪੋਤੇ-ਪੋਤੀਆਂ ਨਾਲ ਲਗਾਓ ਹੁੰਦਾ ਹੈ, ਪਰ ਜਮੀਨ ਹੀ ਪਾੜਾ ਬਣਾ ਕੇ ਰੱਖਦੀ ਹੈ। ਮਰਨ ਪਿਛੋਂ ਜਲੇਬੀਆਂ ਦੇ ਲੰਗਰ ਲਾਏ ਜਾਂਦੇ ਨੇ ਤੇ ਸ਼ਰੀਕੇ ਕਬੀਲੇ ਵਿਚ ਟੌਹਰ ਬਣਾਈ ਜਾਂਦੀ ਹੈ। ਜਲੇਬੀਆਂ ਦੇ ਲੰਗਰ ਲਾਉਣ ਨਾਲੋਂ ਜਿਹੜਾ ਪਿੱਛੇ ਬਚ ਗਿਆ, ਉਸ ਨੂੰ ਹੀ ਸੁੱਖ ਦੀ ਰੋਟੀ ਨਸੀਬ ਕਰ ਦੇਵੋ!

ਹੁਣ ਦੇ ਸਮੇਂ ਵਿਚ ਮਾਂ-ਪਿਓ ਨੂੰ ਵੀ ਲੋੜ ਹੈ ਕਿ ਨਵੀਂ ਪੀੜ੍ਹੀ ਨੂੰ ਲਾਲਚ ਤੋਂ ਬਿਨਾ ਸਮਾਜਕ ਕਦਰਾਂ-ਕੀਮਤਾਂ ਸਿਖਾਈਏ, ਤੇ ਨੂੰਹਾਂ-ਪੁੱਤਾਂ ਨੂੰ ਵੀ ਸਮਝਣਾ ਪਵੇਗਾ ਕਿ ਉਨ੍ਹਾਂ ਦੀ ਮੌਜੂਦਾ ਐਸ ਦੀ ਜ਼ਿੰਦਗੀ ਤਾਂ ਹੀ ਹੈ ਜੇ ਕਿਸੇ ਨੇ ਜਵਾਨੀ ਵੇਲੇ ਹੱਡ ਗਾਲੇ ਸੀ।

ਖੇਡ ਜਗਤ

# ਕੋਲੰਬੀਆ ਦੇ ਦੋ ਐਸਕੋਬਾਰ


ਕੋਲੰਬੀਆ ਦੱਖਣੀ ਅਮਰੀਕਾ ਦਾ ਕਰੀਬ 5 ਕਰੋੜ ਦੀ ਵਸੋਂ ਵਾਲਾ ਦੇਸ਼ ਹੈ, ਜਿਸ ਦਾ ਨਾਂ ਕ੍ਰਿਸਟੋਫਰ ਕੋਲੰਬਸ ਦੇ ਨਾਂ 'ਤੇ ਪਿਆ ਹੈ। ਇਸ ਦੇ ਇਕ ਪਾਸੇ ਸਮੁੰਦਰ ਹੈ ਅਤੇ ਅੰਦਰ ਜੰਗਲ-ਪਹਾੜਾਂ ਦੇ ਨਾਲ ਖੇਤੀ ਵਾਲੀ ਜ਼ਮੀਨ ਹੈ। ਲਾਸ ਕੈਫੇਟੀਅਰਸ (LOS CAFETEROS) ਮਤਲਬ ਕੌਫੀ ਦੇ ਉਤਪਾਦਨ ਲਈ ਜਾਣਿਆ ਜਾਂਦਾ ਦੇਸ਼। ਪਿਛਲੇ ਕਈ ਦਹਾਕਿਆਂ ਤੋਂ ਕੋਕੀਨ ਉਤਪਾਦਨ ਅਤੇ ਇਸ ਦੀ ਤਸਕਰੀ ਕਰ ਕੇ ਵੀ ਚਰਚਾ ਵਿਚ ਹੈ। ਕੋਲੰਬੀਆ ਬਾਕੀ ਦੱਖਣੀ ਅਮਰੀਕਾ ਦੇ ਦੇਸ਼ਾਂ ਵਾਂਗ ਫੁੱਟਬਾਲ ਦੀ ਖੇਡ ਲਈ ਵੀ ਮਸ਼ਹੂਰ ਹੈ। ਜਦੋਂ ਕਦੀ ਵੀ ਕੋਲੰਬੀਆ ਦੀ ਕੋਕੀਨ ਅਤੇ ਫੁੱਟਬਾਲ ਬਾਰੇ ਚਰਚਾ ਹੋਏ ਤਾਂ ਐਸਕੋਬਾਰ ਦਾ ਜ਼ਿਕਰ ਵੀ ਜ਼ਰੂਰ ਹੁੰਦਾ ਹੈ। ਅਸਲ

ਪਰਦੀਪ ਸੈਨ ਹੋਜੇ
ਫੋਨ: 408-540-4547

ਵਿਚ ਇਹ ਦੋ ਵਿਆਕਤੀਆਂ ਦੇ ਨਾਂ ਹਨ-ਪਾਬਲੋ ਐਸਕੋਬਾਰ ਅਤੇ ਆਂਦਰੇਸ ਐਸਕੋਬਾਰ। ਇਹ ਦੋਵੇਂ ਆਪੋ-ਆਪਣੇ ਪੇਸ਼ੇ ਵਿਚ ਮਸ਼ਹੂਰ ਸਨ। ਇਕ ਸਾਲ ਦੇ ਅੰਦਰ ਦੋਹਾਂ ਨੂੰ ਮੈਡਲੇਨ ਸ਼ਹਿਰ ਵਿਚ ਗੋਲੀਆਂ ਨਾਲ ਮਾਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਚਾਹੁਣ ਵਾਲੇ ਲੱਖਾਂ ਹੀ ਲੋਕ, ਉਨ੍ਹਾਂ ਦੇ ਮਾਤਮ ਵਿਚ ਹੰਝੂ ਭਰੀਆਂ ਅੱਖਾਂ ਨਾਲ ਸ਼ਾਮਿਲ ਹੋਏ। ਅੱਜ ਵੀ ਦੋਹਾਂ ਨੂੰ ਯਾਦ ਕੀਤਾ ਜਾਂਦਾ ਹੈ ਪਰ ਵਜ੍ਹਾ ਅਲੱਗ-ਅਲੱਗ ਹੈ।

ਪਾਬਲੋ ਐਸਕੋਬਾਰ ਦਾ ਜਨਮ ਪਹਿਲੀ ਦਸੰਬਰ 1949 ਨੂੰ ਮੈਡਲੇਨ ਸ਼ਹਿਰ ਦੇ ਨੇੜੇ ਇਕ ਗਰੀਬ ਪਰਿਵਾਰ 'ਚ ਹੋਇਆ। ਗਰੀਬੀ ਨਾਲ ਘੁਲਦਾ ਉਹ ਛੋਟੀ ਉਮਰੇ ਹੀ ਗਲਤ ਧੰਦਿਆਂ ਵਿਚ ਪੈ ਗਿਆ। ਪਹਿਲਾਂ ਉਸ ਨੇ ਗੈਰ-ਕਾਨੂੰਨੀ ਢੰਗ ਨਾਲ ਸਿਗਰਟਾਂ ਵੇਚਣ ਦਾ ਧੰਦਾ ਕੀਤਾ ਅਤੇ ਫੇਰ ਕਾਰਾਂ ਚੋਰੀ ਕਰਕੇ ਪੈਸੇ ਕਮਾਉਣ ਲੱਗਾ। ਉਸ ਨੇ ਅਮੀਰ ਲੋਕਾਂ ਨੂੰ ਅਗਵਾ ਕਰ ਕੇ ਉਨ੍ਹਾਂ ਤੋਂ ਫਿਰੌਤੀ ਲੈਣੀ ਸ਼ੁਰੂ ਕਰ ਦਿੱਤੀ। ਗਲਤ ਧੰਦਿਆਂ ਦਾ ਰਸਤਾ ਉਸ ਨੂੰ ਕੋਕੀਨ ਦੀ ਤਸਕਰੀ ਵਲ ਲੈ ਗਿਆ। ਸ਼ੁਰੂ ਵਿਚ ਉਹ ਇਕ ਛੋਟੇ ਪੱਧਰ ਦਾ ਤਸਕਰ ਸੀ ਪਰ 1975 ਦੇ ਕਰੀਬ ਉਸ ਨੇ ਅਮਰੀਕਾ ਨੂੰ ਕੋਕੀਨ ਭੇਜਣ ਦਾ ਰਸਤਾ ਲੱਭ ਲਿਆ। ਉਹ ਹਰ ਮਹੀਨੇ 70-80 ਟਨ ਕੋਕੀਨ ਭੇਜਣ ਲੱਗਾ, ਜਿਸ ਦੀ ਕੀਮਤ ਸਾਲ ਭਰ ਵਿਚ ਕਰੀਬ 29 ਬਿਲੀਅਨ ਡਾਲਰ ਬਣਦੀ ਸੀ।

ਜਦੋਂ ਅਮਰੀਕਾ ਦੇ ਦਬਾਅ ਹੇਠ ਕੋਲੰਬੀਆ ਪੁਲਿਸ ਨੇ ਉਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਾਬਲੋ ਗੁੱਸੇ ਵਿਚ ਪਾਗਲ ਹੋ ਗਿਆ। ਉਸ ਨੇ 500 ਪੁਲਿਸ ਮੁਲਾਜ਼ਮ, ਬਾਰਾਂ ਸੁਪਰੀਮ



ਪਾਬਲੋ ਐਸਕੋਬਾਰ

ਕੋਰਟ ਦੇ ਜੱਜ ਅਤੇ ਕਈ ਸਿਆਸੀ ਨੇਤਾ ਮਰਵਾ ਦਿੱਤੇ। ਇਕ ਹਵਾਈ ਜਹਾਜ ਨੂੰ ਅਸਮਾਨ ਵਿਚ ਹੀ ਉਡਾ ਦਿੱਤਾ, ਜਿਸ ਵਿਚ 107 ਲੋਕ ਸਫਰ ਕਰ ਰਹੇ ਸਨ, ਪਰ ਗਰੀਬ ਲੋਕਾਂ ਦਾ ਪਾਬਲੋ ਮਸੀਹਾ ਵੀ ਸੀ। ਉਸ ਨੇ ਉਨ੍ਹਾਂ ਲਈ ਸਕੂਲ, ਹਸਪਤਾਲ, ਚਰਚ ਅਤੇ ਫੁੱਟਬਾਲ ਖੇਡਣ ਲਈ ਸਟੇਡੀਅਮ ਬਣਵਾਏ। ਇਹ ਲੋਕ ਉਸ ਦੇ ਇਸ ਉਪਕਾਰ ਬਦਲੇ ਪੁਲਿਸ ਤੋਂ ਬਚਣ 'ਚ ਉਸ ਦੀ ਮਦਦ ਕਰਦੇ।

ਪਾਬਲੋ ਫੁੱਟਬਾਲ ਦੀ ਖੇਡ ਦਾ ਸ਼ੌਕੀਨ ਸੀ, ਕਈ ਵਾਰ ਉਹ ਮੈਚ ਵੇਖਣ ਵੀ ਜਾਂਦਾ ਅਤੇ ਖਿਡਾਰੀਆਂ ਦੀ ਮਾਲੀ ਮਦਦ ਵੀ ਕਰਦਾ। ਅੰਤ ਵਿਚ ਹਰ ਅਪਰਾਧੀ ਦੀ ਤਰ੍ਹਾਂ ਪਾਬਲੋ ਦਾ ਹਸ਼ਰ ਵੀ ਮਾੜਾ ਹੀ ਹੋਇਆ। ਅਮਰੀਕਾ ਦੀ ਮਦਦ ਨਾਲ ਕੋਲੰਬੀਆ ਦੀ ਪੁਲਿਸ ਜਦੋਂ ਉਸ ਦੇ ਪੂਰੀ ਤਰ੍ਹਾਂ ਪਿਛੇ ਪੈ ਗਈ ਤਾਂ ਪਾਬਲੋ ਨੂੰ ਲੁਕਣ ਲਈ ਕੋਈ ਥਾਂ ਨਹੀਂ ਮਿਲੀ। ਉਸ ਨੂੰ 2 ਦਸੰਬਰ 1993 ਨੂੰ ਨੰਗੇ ਪੈਰੀਂ ਛੱਤ ਉਪਰ ਭੱਜਦੇ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ, ਪਰ ਉਸ ਦੇ ਅੰਤਿਮ ਸੰਸਕਾਰ ਮੌਕੇ ਲੱਖਾਂ ਲੋਕ ਉਸ ਨੂੰ ਅਲਵਿਦਾ ਆਖਣ ਆਏ।

ਆਂਦਰੇਸ ਐਸਕੋਬਾਰ ਦਾ ਜਨਮ 13 ਮਾਰਚ 1967 ਨੂੰ ਮੈਡਲੇਨ ਸ਼ਹਿਰ ਵਿਚ ਇਕ ਮੱਧਵਰਗੀ ਪਰਿਵਾਰ ਵਿਚ ਹੋਇਆ। ਉਸ ਦਾ ਪਿਤਾ ਇਕ ਬੈਂਕ ਕਰਮਚਾਰੀ ਸੀ। ਆਪਣੇ ਸਕੂਲ ਤੇ ਕਾਲਜ ਦੀ ਪੜ੍ਹਾਈ ਦੇ ਨਾਲ ਨਾਲ ਆਂਦਰੇਸ ਫੁੱਟਬਾਲ ਵੀ ਵਧੀਆ ਖੇਡਦਾ ਸੀ। ਉਸ ਨੇ ਆਪਣੇ ਹੀ ਸ਼ਹਿਰ ਦੀ ਪੇਸ਼ਾਵਰ ਕਲੱਬ ਅਟਲੈਟਿਕੋ ਨੈਸ਼ਨਲ (Atletico National) ਲਈ ਖੇਡਣਾ ਸ਼ੁਰੂ ਕੀਤਾ। ਕੁਝ ਸਮਾਂ ਉਹ ਸਵਿਟਜ਼ਰਲੈਂਡ ਦੀ ਕਲੱਬ ਯੰਗ ਬੁਆਇਜ਼ (Young Boys) ਲਈ ਵੀ ਖੇਡਿਆ।

ਆਂਦਰੇਸ ਆਪਣੇ ਦੇਸ਼ ਕੋਲੰਬੀਆ ਲਈ 51 ਵਾਰ ਖੇਡਿਆ। ਉਹ 1990 'ਚ ਫਰਾਂਸ ਵਿਚ ਹੋਏ ਵਿਸ਼ਵ ਕੱਪ ਦੀ ਟੀਮ ਦਾ ਵੀ ਮੈਂਬਰ ਸੀ। ਆਂਦਰੇਸ ਆਪਣੀ ਸਾਫ-ਸੁਥਰੀ ਖੇਡ ਲਈ ਜਾਣਿਆ ਜਾਂਦਾ ਸੀ, ਇਸੇ ਕਰ ਕੇ ਉਸ ਨੂੰ ਜੈਂਟਲਮੈਨ (THE GENTLEMAN) ਦੇ ਨਾਂ ਨਾਲ ਬੁਲਾਇਆ ਜਾਂਦਾ। ਆਂਦਰੇਸ ਦੀ ਮੰਗਣੀ ਆਪਣੀ ਪ੍ਰੇਮਿਕਾ ਡਾ. ਪਾਮੇਲਾ ਕੇਸਕੋਰਡੋ ਨਾਲ ਹੋਈ ਪਰ ਉਨ੍ਹਾਂ ਨੇ ਵਿਆਹ 1994 ਦੇ ਵਿਸ਼ਵ ਕੱਪ ਤੋਂ ਬਾਅਦ ਕਰਨ ਦੀ ਯੋਜਨਾ ਬਣਾਈ ਸੀ। ਜਦ ਕੋਲੰਬੀਆ ਦੀ ਟੀਮ ਵਿਸ਼ਵ ਕੱਪ ਖੇਡਣ ਲਈ ਅਮਰੀਕਾ ਗਈ ਤਾਂ ਲੋਕਾਂ ਨੂੰ ਉਸ ਤੋਂ ਬਹੁਤ ਉਮੀਦਾਂ ਸਨ। ਫੀਫਾ ਦੀ ਸੂਚੀ ਵਿਚ ਕੋਲੰਬੀਆ ਸੱਤਵੇਂ ਨੰਬਰ 'ਤੇ ਸੀ। ਆਂਦਰੇਸ ਇਸ ਟੀਮ ਦੀ ਡਿਫੈਂਸ ਲਾਈਨ ਵਿਚ ਖੇਡਦਾ ਸੀ। ਚਾਰ ਟੀਮਾਂ ਦੇ ਗਰੁਪ ਵਿਚ ਕੋਲੰਬੀਆ ਪਹਿਲਾ ਹੀ ਮੈਚ ਰੋਮਾਨੀਆ ਤੋਂ ਹਾਰ ਗਿਆ, ਜਿਸ ਕਰ ਕੇ ਉਨ੍ਹਾਂ ਲਈ ਬਾਕੀ ਰਹਿੰਦੇ ਦੋਵੇਂ ਮੈਚ ਜਿੱਤਣੇ ਅਤੀ ਜ਼ਰੂਰੀ ਸਨ।

ਕੋਲੰਬੀਆ ਦਾ ਦੂਜਾ ਮੈਚ ਪੇਸਡੇਨਾ (ਕੈਲੀਫੋਰਨੀਆ) ਵਿਚ ਮੇਜ਼ਬਾਨ ਅਮਰੀਕਾ ਨਾਲ ਸੀ। 22 ਜੂਨ 1994 ਨੂੰ ਇਹ ਮੈਚ ਆਂਦਰੇਸ ਅਤੇ ਕੋਲੰਬੀਆ ਲਈ ਘਾਤਕ ਸਿੱਧ ਹੋਇਆ। ਆਂਦਰੇਸ ਨੇ ਫੁੱਟਬਾਲ ਨੂੰ ਕਿੱਕ ਮਾਰ ਕੇ ਆਪਣੇ



ਆਂਦਰੇਸ ਐਸਕੋਬਾਰ

ਗੋਲਾਂ ਤੋਂ ਬਾਹਰ ਭੇਜਣ ਦੀ ਕੋਸ਼ਿਸ਼ ਵਿਚ ਆਪਣੀ ਹੀ ਟੀਮ ਸਿਰ ਗੋਲ ਕਰ ਦਿੱਤਾ। ਭਾਵੇਂ ਇਹ ਇਕ ਇਮਾਨਦਾਰੀ ਵਾਲੀ ਗਲਤੀ ਸੀ ਪਰ ਕੋਲੰਬੀਆ 1-2 ਨਾਲ ਹਾਰ ਕੇ ਟੂਰਨਾਮੈਂਟ 'ਚੋਂ ਬਾਹਰ ਹੋ ਗਿਆ। ਤੀਜਾ ਮੈਚ ਜਿੱਤਣ ਦਾ ਕੋਈ ਫਾਇਦਾ ਨਾ ਹੋਇਆ।

ਕੋਲੰਬੀਆ ਲਈ ਇਹ ਨਿਰਾਸ਼ਾ ਭਰਿਆ ਦਿਨ ਸੀ ਅਤੇ ਕਈ ਲੋਕ ਆਂਦਰੇਸ ਨੂੰ ਇਸ ਦਾ ਜ਼ਿੰਮੇਵਾਰ ਸਮਝਦੇ ਸਨ। ਸੱਟਾ ਬਾਜ਼ਾਰ ਵਿਚ ਹਾਰੇ ਲੋਕਾਂ ਦਾ ਉਹ ਦੁਸ਼ਮਣ ਬਣ ਗਿਆ। ਕੋਲੰਬੀਆ ਜਾ ਕੇ ਪੱਤਰਕਾਰਾਂ ਦੇ ਸਖਤ ਸੁਆਲਾਂ ਦਾ ਉਤਰ ਦਿੰਦਿਆ ਉਸ ਨੇ ਕਿਹਾ ਸੀ, "ਜ਼ਿੰਦਗੀ ਇਥੇ ਹੀ ਖਤਮ ਨਹੀਂ ਹੁੰਦੀ।" (Life doesn`t end here). ਪਰ ਕਈ ਦੋਸਤਾਂ ਨੂੰ ਆਉਣ ਵਾਲੇ ਖਤਰੇ ਦਾ ਪਤਾ ਸੀ। ਉਨ੍ਹਾਂ ਆਂਦਰੇਸ ਨੂੰ ਕੁਝ ਸਮੇਂ ਲਈ ਘਰ ਅੰਦਰ ਹੀ ਰਹਿਣ ਲਈ ਕਿਹਾ। ਇਕ ਦਿਨ ਆਂਦਰੇਸ ਆਪਣੇ ਦੋਸਤਾਂ ਨਾਲ ਬੀਅਰ ਬਾਰ ਨੂੰ ਚਲਾ ਗਿਆ। ਜਦੋਂ ਉਹ ਵਾਪਸ ਆਉਣ ਲਈ ਆਪਣੀ ਕਾਰ ਵਿਚ ਬੈਠਾ ਤਾਂ ਉਸ ਦਾ ਪਿੱਛਾ ਕਰਦੇ ਕੁਝ ਲੋਕਾਂ ਨਾਲ ਉਸ ਦੇ ਕੀਤੇ ਗੋਲ ਕਰ ਕੇ ਬਹਿਸ ਹੋ ਗਈ। ਉਨ੍ਹਾਂ ਆਂਦਰੇਸ ਨੂੰ ਛੇ ਗੋਲੀਆਂ ਮਾਰੀਆਂ ਅਤੇ 2 ਜੁਲਾਈ 1994 ਨੂੰ 27 ਸਾਲ ਦੀ ਉਮਰ ਵਿਚ ਆਂਦਰੇਸ ਐਸਕੋਬਾਰ ਸਦਾ ਲਈ ਸਾਡੇ ਤੋਂ ਵਿਦਾ ਹੋ ਗਿਆ। ਇੱਕ ਲੱਖ ਵੀਹ ਹਜ਼ਾਰ ਲੋਕ ਉਸ ਦੇ ਆਖਰੀ ਦਰਸ਼ਨਾਂ ਲਈ ਪਹੁੰਚੇ।

ਅਸੀਂ ਜਿੱਤਾਂ ਜਿੱਤ ਕੇ ਆਏ ਸੀ
ਸਾਡੇ ਗਲ ਉਨ੍ਹਾਂ ਤਗਮੇ ਪਾਏ ਸੀ।
ਗਲੀਆਂ ਦੇ ਨਾਂ ਸਾਡੇ ਨਾਂਵਾਂ 'ਤੇ
ਵਿਚ ਚੌਕਾਂ ਬੁੱਤ ਉਨ੍ਹਾਂ ਲਾਏ ਸੀ।
ਸਾਡੇ ਮੱਥੇ ਚੁੰਮੇ ਲੱਖਾਂ ਨੇ
ਵਿਚ ਹਵਾ ਦੇ ਨਾਅਰੇ ਲਾਏ ਸੀ।
ਅਸਮਾਨੀ ਸਾਨੂੰ ਚਾੜ੍ਹ ਉਨ੍ਹਾਂ
ਖੁਦ ਗੀਤ ਖੁਸ਼ੀ ਦੇ ਗਾਏ ਸੀ।
ਸਾਡੀ ਹਾਰ ਨਾ ਉਨ੍ਹਾਂ ਝੱਲੀ
ਅੱਜ ਭੁੱਲ ਰਿਸ਼ਤੇ ਸਾਰੇ ਯਾਰ ਗਏ।
ਜਿਹੜੇ ਹੱਥ ਕੱਲ ਸਿਜਦਾ ਕਰਦੇ ਸੀ
ਅੱਜ ਉਹੀ ਗੋਲੀ ਮਾਰ ਗਏ।


# ਕੰਪਨੀ ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ

## ਮਿਸ਼ੀਗਨ ਤੋਂ ਪੱਕੇ ਆਟੋਮੈਟਿਵ ਰਾਊਂਡ ਟ੍ਰਿਪ

ਸਿੰਗਲ ਡਰਾਈਵਰ ਲਈ 3000 ਮੀਲ ਅਤੇ ਟੀਮਾਂ ਲਈ 6000 ਮੀਲ



**ਉਪਲਬਧ ਰੂਟ:** ਲਾਰੀਡੋ, ਟੈਕਸਸ; ਡੈਲਸ, ਟੈਕਸਸ; ਬਰਾਊਨਜ਼ਵਿਲ, ਟੈਕਸਸ; ਮਿਜ਼ੌਰੀ, ਕੈਨਸਸ ਅਤੇ ਇੰਡੀਆਨਾ।

*ਵਧੀਆ ਤਨਖਾਹ ਦਾ ਪੈਕੇਜ ਅਤੇ ਹੈਲਥ ਇੰਸ਼ੋਰੈਂਸ
*ਸੇਫਟੀ ਬੋਨਸ *ਹਰ ਹਫਤੇ ਘਰ
*2018 ਮਾਡਲ ਦੇ ਨਵੇਂ ਆਟੋਮੈਟਿਕ ਫਰੇਟਲਾਈਨਰ ਟਰੱਕ
*24 ਘੰਟੇ ਡਿਸਪੈਚ

*ਟੀ ਏ, ਫਲਾਇੰਗ ਜੇ ਅਤੇ ਲਵਸ ਟਰੱਕ ਸਟਾਪ ਲਈ ਫਿਊਲ ਕਾਰਡ

AUTOBAHN FREIGHT LINES LTD.

ਸੰਪਰਕ ਕਰੋ, ਜਗਮੋਹਨ ਗਿੱਲ
ਫੋਨ: 313-600-0273
Gill@autobahnfreight.com

# ਨਾਲ ਕੈਪਟਨ ਦੀ ਮਿਲਣੀ ਨੇ ਸਿਆਸੀ ਸਰਗਰਮੀਆਂ

**ਚੰਡੀਗੜ੍ਹ:** ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰਾਂ ਦੀ ਅਗਵਾਈ ਵਿਚ ਪਹਿਲੀ ਜੂਨ ਤੋਂ ਬਰਗਾੜੀ ਵਿਚ ਲਾਏ ਗਏ ਧਰਨੇ ਨੇ ਸਿੱਖ ਸਿਆਸਤ ਵਿਚ ਨਵੀਆਂ ਸਫਬੰਦੀਆਂ ਤੇ ਸਰਗਰਮੀਆਂ ਦੇ ਰਾਹ ਖੋਲ੍ਹ ਦਿੱਤੇ ਹਨ। ਧਰਨੇ ਨੂੰ ਸਿੱਖ ਸੰਗਤ ਵੱਲੋਂ ਮਿਲੇ ਹੁੰਗਾਰੇ ਨੇ ਸਿਆਸੀ ਧਿਰਾਂ ਦਾ ਵੀ ਧਿਆਨ ਖਿੱਚਿਆ ਹੈ। ਸਭ ਤੋਂ ਵੱਧ ਪੈਰ ਵਿਚ ਪੈਰ ਰੱਖ ਕੇ ਚਲਦੇ ਆ ਰਹੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਦਾ ਬਰਗਾੜੀ ਧਰਨੇ ਵਿਚ ਪੁੱਜਣਾ ਕੋਈ ਅਚਾਨਕ ਵਾਪਰੀ ਘਟਨਾ ਨਹੀਂ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਟਕਸਾਲ ਮੁਖੀ ਨੇ ਧਰਨੇ ਵਿਚ ਸ਼ਾਮਲ ਹੋ ਕੇ ਇਕ ਤਾਂ ਗਰਮਖਿਆਲੀਆਂ ਵਿਚੋਂ ਆਪਣੇ ਮੁਕੰਮਲ ਨਿਖੇੜੇ ਨੂੰ ਘਟਾਉਣ ਤੇ ਦੂਜਾ



ਧਰਨੇ ਵਿਚ ਸ਼ਮੂਲੀਅਤ ਕਰ ਕੇ ਇਸ ਦੀਆਂ ਪ੍ਰਾਪਤੀਆਂ ਦਾ ਸਿਹਰਾ ਵੀ ਆਪਣੇ ਸਿਰ ਬੰਨ੍ਹਣ ਦੀ ਦੋਧਾਰੀ ਰਣਨੀਤੀ ਅਖਤਿਆਰ ਕੀਤੀ ਹੈ।

ਦੱਸ ਦਈਏ ਕਿ ਪਿਛਲੀ ਅਕਾਲੀ ਭਾਜਪਾ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਕਦੇ ਵੀ ਮੁਤਵਾਜ਼ੀ ਜਥੇਦਾਰਾਂ ਨੂੰ ਮਾਨਤਾ ਨਹੀਂ ਦਿੱਤੀ ਤੇ ਹਮੇਸ਼ਾ ਇਨ੍ਹਾਂ ਤੋਂ ਦੂਰੀ ਬਣਾ ਕੇ ਰੱਖੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਆਗੂਆਂ ਨਾਲ ਮੀਟਿੰਗ ਕਰ ਕੇ ਸਿੱਖ ਬੰਦੀਆਂ ਦੀ ਰਿਹਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਬਰਗਾੜੀ ਕਾਂਡ ਨੂੰ ਹੱਲ ਕਰਨ ਲਈ ਪਹਿਲਕਦਮੀ ਕੀਤੀ। ਮੁੱਖ ਮੰਤਰੀ ਦੇ ਭਰੋਸੇਮੰਦ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਬਰਗਾੜੀ ਜਾ ਕੇ ਇਸ ਮੀਟਿੰਗ ਲਈ ਰਸਤਾ ਖੋਲ੍ਹਿਆ।

ਪਤਾ ਲੱਗਾ ਹੈ ਕਿ ਮੀਟਿੰਗ ਵਿਚ ਗਰਮਖਿਆਲੀ ਆਗੂਆਂ ਨੇ ਕਿਹਾ ਕਿ ਬਹਿਬਲ ਕਲਾਂ ਗੋਲੀ ਕਾਂਡ ਤੇ ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ੀਆਂ ਬਾਰੇ ਪੁਲਿਸ ਨੂੰ ਸਾਰੀ ਜਾਣਕਾਰੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ ਉਹ ਚੋਣਾਂ ਸਮੇਂ ਖੁਦ ਬਹਿਬਲ ਕਲਾਂ ਦੇ ਦੋਸ਼ੀਆਂ ਦੇ ਨਾਂ ਵੀ ਲੈਂਦੇ ਰਹੇ ਹਨ। ਮੀਟਿੰਗ ਵਿਚ ਕੁਝ ਮਹੀਨੇ ਪਹਿਲਾਂ ਮੌੜ ਵਿਖੇ ਬੰਬ ਧਮਾਕੇ ਤੇ ਬਰਗਾੜੀ ਕਾਂਡ ਦੇ ਦੋਸ਼ੀਆਂ ਦੀ ਪੈੜ ਸਿਰਸਾ ਡੇਰੇ ਵਿਚ ਜਾਣ ਬਾਰੇ ਪੁਲਿਸ ਟੀਮ ਵੱਲੋਂ ਪੁਖਤਾ ਸਬੂਤ ਜੁਟਾ ਲਏ ਜਾਣ ਤੇ ਫਿਰ ਗ੍ਰਿਫਤਾਰ ਕਰਨ ਦੇ ਨੇੜੇ ਪਹੁੰਚਣ ਸਮੇਂ ਸਰਕਾਰ ਵੱਲੋਂ ਹੱਥ ਪਿੱਛੇ ਖਿੱਚ ਲੈਣ ਦੀ ਚਰਚਾ ਵੀ ਹੋਈ। ਪਤਾ ਲੱਗਾ ਹੈ ਕਿ ਜਦ ਨੇਤਾਵਾਂ ਨੇ ਦੱਸਿਆ ਕਿ ਪੁਲਿਸ ਨੂੰ ਸਾਰੀ ਜਾਣਕਾਰੀ ਹੈ ਤਾਂ ਇਕ ਵਾਰ ਮੁੱਖ ਮੰਤਰੀ ਕਾਫੀ ਪਰੇਸ਼ਾਨ ਨਜ਼ਰ ਆਏ।

ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਉਤੇ ਦੱਸਿਆ ਜਾਂਦਾ ਹੈ ਕਿ ਜਦ ਗੱਲਬਾਤ ਹੋ ਰਹੀ ਸੀ ਤਾਂ ਵਿਚੋਂ ਟੋਕ ਕੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਕਿਹਾ ਕਿ ਬਾਹਰਲੇ ਸੂਬਿਆਂ ਤੋਂ ਕੈਦੀ ਪੰਜਾਬ ਵਿਚ ਲਿਆਉਣ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਗੱਲ ਕਰਨੀ ਪਵੇਗੀ, ਵਫਦ ਨੇ ਇਸ ਗੱਲ ਦਾ ਬੜੇ ਕਰੜੇ ਰੂਪ ਵਿਚ ਜਵਾਬ ਦਿੱਤਾ ਤੇ ਕਿਹਾ ਕਿ ਜੇਕਰ ਸਜ਼ਾ ਭੁਗਤ ਚੁੱਕੇ ਕੈਦੀ ਦੀ ਸਰਕਾਰ ਜੇਲ੍ਹ ਬਦਲੀ ਵੀ ਨਹੀਂ ਕਰਵਾ ਸਕਦੀ, ਫਿਰ ਸਾਨੂੰ ਗੱਲਬਾਤ ਲਈ ਕਾਹਦੇ ਵਾਸਤੇ ਸੱਦਿਆ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਰੋਸਾ ਦੇ ਕੇ ਧਰਨਾ ਸਮਾਪਤ ਕਰਵਾਉਣਾ ਚਾਹੁੰਦੇ ਸਨ, ਪਰ ਵਫਦ ਨੇ ਠੋਸ ਕਾਰਵਾਈ ਬਗੈਰ ਧਰਨਾ ਚੁੱਕਣ ਤੋਂ ਇਨਕਾਰ ਕਰ ਦਿੱਤਾ, ਪਰ ਦੂਜੇ ਪਾਸੇ ਦਬਾਅ ਵਿਚ ਆਈ ਸਰਕਾਰ ਨੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਲਈ ਨੁਕਰੇ ਲਗਾਈ ਪੁਲਿਸ ਜਾਂਚ ਟੀਮ ਨੂੰ ਮੁੜ ਸਰਗਰਮ ਕਰ ਦਿੱਤਾ ਹੈ।

ਡੀ.ਜੀ.ਪੀ. ਖੁਫੀਆ ਵਿੰਗ ਨੇ ਸੰਪਰਕ ਕਰਨ ਉਤੇ ਚੰਡੀਗੜ੍ਹ ਮੀਟਿੰਗ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਤੇ ਪੰਜਾਬ ਦੀਆਂ ਜੇਲ੍ਹਾਂ 'ਚ ਬਦਲੀ ਬਾਰੇ ਕਾਰਵਾਈ ਚੱਲ ਰਹੀ ਹੈ। ਰਾਜੀਵ ਗਾਂਧੀ ਦੇ ਹਤਿਆਰਿਆਂ ਨੂੰ ਤਾਮਿਲਨਾਡੂ ਸਰਕਾਰ ਵੱਲੋਂ ਰਿਹਾਅ ਕੀਤੇ ਜਾਣ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਰਾਜ ਸਰਕਾਰਾਂ ਦੇ ਹੱਥ ਬੰਨ੍ਹ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਬਾਰੇ ਸਰਗਰਮੀ ਜਾਰੀ ਹੈ ਤੇ ਉਮੀਦ ਹੈ ਛੇਤੀ ਨਤੀਜਾ ਨਿਕਲ ਆਵੇਗਾ।

ਚਰਚਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਗਰਮਖਿਆਲੀ ਕਹੇ ਜਾਂਦੇ ਜਥੇਦਾਰਾਂ ਤੇ ਸੰਗਠਨਾਂ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਦੀ ਹੈ।

ਉਧਰ, ਗਰਮਖਿਆਲੀ ਸੰਗਠਨਾਂ ਤੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਸਿੱਖ ਮੰਗਾਂ ਬਾਰੇ ਆਰੰਭ ਕੀਤੇ ਧਰਨੇ ਨੂੰ ਲੈ ਕੇ ਵਧ ਰਹੀ ਸਰਗਰਮੀ ਕਾਰਨ ਅਕਾਲੀ ਆਗੂਆਂ ਦੇ ਵੀ ਕੰਨ ਖੜ੍ਹੇ ਹੋ ਗਏ ਹਨ। ਖਾਸ ਕਰ ਮੁੱਖ ਮੰਤਰੀ ਨਾਲ ਹੋਈ ਮੀਟਿੰਗ ਤੋਂ ਬਾਅਦ ਉਨ੍ਹਾਂ ਦੀ ਚਿੰਤਾ ਵਧ ਗਈ ਹੈ ਤੇ ਉਨ੍ਹਾਂ ਨੂੰ ਖਦਸ਼ਾ ਹੈ ਕਿ ਕਿਤੇ ਇਹ ਲੋਕ ਇਹ ਮੰਗਾਂ ਮੰਨਵਾ ਕੇ ਸਿੱਖ ਭਾਈਚਾਰੇ ਅੰਦਰ ਆਪਣਾ ਵੱਕਾਰ ਨਾ ਵਧਾ ਜਾਣ। ਸਮਝਿਆ ਜਾਂਦਾ ਹੈ ਕਿ ਨਵੇਂ ਉਭਰ ਰਹੇ ਹਾਲਾਤ ਵਿਚ ਆਪਣਾ ਦਖਲ ਵਧਾਉਣ ਲਈ ਇਕ ਪਾਸੇ ਅਕਾਲੀ ਆਗੂਆਂ ਨੇ ਸਿੱਖ ਬੰਦੀਆਂ ਦੀ ਰਿਹਾਈ ਬਾਰੇ ਅਮਿਤ ਸ਼ਾਹ ਤੇ ਮੋਦੀ ਨਾਲ ਵਿਸ਼ੇਸ਼ ਜ਼ਿਕਰ ਕੀਤਾ ਹੈ ਤੇ ਦੂਜੇ ਪਾਸੇ 3-4 ਸਾਲ ਤੋਂ ਗਰਮਖਿਆਲੀ ਤੇ ਸਰਬੱਤ ਖਾਲਸਾ ਵਾਲੀਆਂ ਧਿਰਾਂ ਤੋਂ ਸਪੱਸ਼ਟ ਦੂਰੀ ਰੱਖ ਕੇ ਅਕਾਲੀ ਦਲ ਦੇ

# ਅਕਾਲ ਤਖਤ ਵੱਲੋਂ ਦੋਸ਼ੀ ਕਰਾਰ ਦਿੱਤੇ ਚੱਢਾ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਉ

**ਅੰਮ੍ਰਿਤਸਰ:** ਅਕਾਲ ਤਖਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀਆਂ ਵੱਲੋਂ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੂੰ ਸਿਰੋਪਾਉ ਦਿੱਤੇ ਜਾਣ ਦੇ ਮਾਮਲੇ ਨੇ ਮੁੜ ਨਵੀਂ ਚਰਚਾ ਛੇੜ ਦਿੱਤੀ ਹੈ।

ਦੱਸਣਯੋਗ ਹੈ ਕਿ ਚਰਨਜੀਤ ਸਿੰਘ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡਿਓ ਦੇ ਮਾਮਲੇ ਵਿਚ ਅਕਾਲ ਤਖਤ ਵੱਲੋਂ ਉਸ ਉਤੇ ਦੋ ਸਾਲ ਵਾਸਤੇ ਰੋਕ ਲਾਈ ਗਈ ਸੀ ਕਿ ਉਹ ਕਿਸੇ ਵੀ ਧਾਰਮਿਕ, ਸਿਆਸੀ ਤੇ ਸਮਾਜਿਕ ਸਮਾਗਮਾਂ ਵਿਚ ਸ਼ਮੂਲੀਅਤ ਨਾ ਕਰੇ ਅਤੇ ਨਾ ਹੀ ਸਟੇਜ ਸਾਂਝੀ ਕਰੇ। ਉਸ ਨੂੰ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੇ ਅਹੁਦੇ ਤੋਂ ਵੀ ਹਟਾ ਦਿੱਤਾ ਗਿਆ ਸੀ।

ਹੁਣ ਚੱਢਾ ਪਰਿਵਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਲਈ ਇਕ ਮਸ਼ੀਨ ਭੇਟ ਕੀਤੀ ਗਈ, ਜਿਸ ਮਗਰੋਂ ਲੰਗਰ ਘਰ ਦੇ ਕਰਮਚਾਰੀਆਂ ਵੱਲੋਂ ਉਸ ਨੂੰ ਸਿਰੋਪਾਉ ਭੇਟ ਕੀਤਾ ਗਿਆ। ਇਸ ਕਾਰਨ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਵੀ ਕਰਾਈ ਜਾ ਰਹੀ ਹੈ ਅਤੇ ਉਸ ਨੂੰ ਸਿਰੋਪਾਉ ਦੇਣ ਵਾਲੇ ਕਰਮਚਾਰੀਆਂ ਖਿਲਾਫ਼ ਕਾਰਵਾਈ ਦੀ ਸੰਭਾਵਨਾ ਹੈ। ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸਿਧਾਂਤ ਮੁਤਾਬਕ ਤਨਖਾਹੀਆ ਕਰਾਰ ਦਿੱਤੇ ਕਿਸੇ ਵੀ ਵਿਅਕਤੀ ਨੂੰ ਤਨਖਾਹ ਪੂਰੀ ਹੋਣ ਤੱਕ ਅਜਿਹਾ ਸਨਮਾਨ ਨਹੀਂ ਦਿੱਤਾ ਜਾ ਸਕਦਾ।




ਦੂਜੇ ਪਾਸੇ ਚਰਨਜੀਤ ਸਿੰਘ ਚੱਢਾ ਨੇ ਆਖਿਆ ਕਿ ਇਹ ਸਿਰੋਪਾਉ ਉਨ੍ਹਾਂ ਦੀ ਪਤਨੀ ਨੂੰ ਸੌਂਪਿਆ ਗਿਆ ਸੀ, ਜੋ ਬਾਅਦ ਵਿਚ ਉਸ ਨੇ ਉਨ੍ਹਾਂ ਨੂੰ ਸੌਂਪ ਦਿੱਤਾ। ਇਹ ਵੀ ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਚੱਢਾ ਪਰਿਵਾਰ ਵੱਲੋਂ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ (ਸ਼ਹੀਦਾਂ) ਵਿਖੇ ਵੀ ਲੰਗਰ ਘਰ ਵਿਚ ਇਕ ਮਸ਼ੀਨ ਭੇਟ ਕੀਤੀ ਗਈ ਹੈ। ਉਹ ਪਿਛਲੇ ਕੁਝ ਦਿਨਾਂ ਤੋਂ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰ ਰਹੇ ਹਨ ਅਤੇ ਇਸ ਸਬੰਧੀ ਫੋਟੋਆਂ ਵੀ ਸੋਸ਼ਲ ਮੀਡੀਆ ਉਤੇ ਜਾਰੀ ਹੋ ਰਹੀਆਂ ਹਨ।

# ਕੈਪਟਨ ਦੀ ਕਮੇਟੀ ਨੂੰ ਵੀ ਇਤਿਹਾਸ ਦੀਆਂ ਕਿਤਾਬਾਂ 'ਚ ਖਾਮੀਆਂ ਦਿਸੀਆਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਛੇ ਮੈਂਬਰੀ ਕਮੇਟੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਦੀਆਂ 11ਵੀਂ ਅਤੇ 12ਵੀਂ ਜਮਾਤ ਦੀਆਂ ਇਤਿਹਾਸ ਵਾਲੀਆਂ ਵਿਵਾਦਤ ਕਿਤਾਬਾਂ ਨੂੰ ਅਗਲੇ ਅਕਾਦਮਿਕ ਸੈਸ਼ਨ ਤੋਂ ਬਦਲਣ ਦੀ ਸਿਫਾਰਸ਼ ਕੀਤੀ ਹੈ।

ਇਤਿਹਾਸ ਦੀਆਂ ਕਿਤਾਬਾਂ ਵਿਚ ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਜਾਣਕਾਰੀ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਇਹ ਕਮੇਟੀ ਬਣਾਈ ਗਈ ਸੀ। ਕਮੇਟੀ ਨੇ ਬੈਠਕ ਕਰ ਕੇ ਸਕੂਲੀ ਪਾਠਕ੍ਰਮ ਦੀਆਂ ਕਿਤਾਬਾਂ ਬਦਲਣ ਦਾ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਗਲਤੀਆਂ ਵਿਚ ਸੁਧਾਰ ਲਈ 2019-2020 ਦੇ ਅਕਾਦਮਿਕ ਸੈਸ਼ਨ ਦਾ ਪੂਰਾ ਪਾਠਕ੍ਰਮ ਬਦਲਿਆ ਜਾਣਾ ਚਾਹੀਦਾ ਹੈ। ਇਸ ਵਰ੍ਹੇ ਦੇ ਸੈਸ਼ਨ ਦੇ ਪਾਠਕ੍ਰਮ




'ਚ ਕੋਈ ਬਦਲਾਅ ਨਹੀਂ ਕੀਤਾ ਜਾ ਰਿਹਾ ਹੈ ਤੇ ਵਿਦਿਆਰਥੀਆਂ ਨੂੰ ਕਿਹਾ ਜਾਵੇਗਾ ਕਿ ਉਹ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਬਾਜ਼ਾਰ 'ਚ ਉਪਲਬਧ ਪੁਰਾਣੀਆਂ ਕਿਤਾਬਾਂ ਦੀ ਵਰਤੋਂ ਕਰਨ। ਇਸ ਕਦਮ ਦੀ ਤਸਦੀਕ ਕਰਦਿਆਂ ਕਮੇਟੀ ਦੇ ਚੇਅਰਮੈਨ ਪ੍ਰੋ. ਕਿਰਪਾਲ ਸਿੰਘ ਨੇ ਕਿਹਾ ਕਿ ਕੁਝ ਖਾਸ ਪਾਠਾਂ ਦੀ ਸਮੱਗਰੀ ਵਿਚ ਗੰਭੀਰ ਖਾਮੀਆਂ ਹਨ।

# ਲੰਗਰ ਨੂੰ ਜੀ.ਐਸ.ਟੀ. ਤੋਂ ਛੋਟ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਧਾਮਾਂ ਵਿਚ ਚੱਲਦੇ ਗੁਰੂ ਕੇ ਲੰਗਰ ਦੀ ਰਸਦ ਖਰੀਦਣ ਉਤੇ ਮੋਦੀ ਸਰਕਾਰ ਵੱਲੋਂ ਲਾਏ ਟੈਕਸ (ਜੀ.ਐਸ.ਟੀ.) ਤੋਂ ਛੋਟ ਦਾ ਮਾਮਲਾ ਭਖਣ ਲੱਗਾ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਭਾਵੇਂ ਕੇਂਦਰ ਸਰਕਾਰ ਦੇ ਫੈਸਲੇ ਨੂੰ ਸ਼ਲਾਘਾਯੋਗ ਕਰਾਰ ਦੇ ਰਹੇ ਹਨ ਪਰ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਲੰਗਰ ਨੂੰ ਖੈਰਾਤ ਵਜੋਂ ਪੇਸ਼ ਕਰਨ ਤੋਂ ਔਖੀਆਂ ਹਨ।

ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਅਤੇ ਸੁਖਦੇਵ ਸਿੰਘ ਭੌਰ ਵੱਲੋਂ ਕੇਂਦਰ ਸਰਕਾਰ ਦੇ ਫੈਸਲੇ ਤਹਿਤ ਟੈਕਸ ਦੇ ਵਾਪਸੀ ਭੁਗਤਾਨ ਦੀ ਵਿਧੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਦੋਵੇਂ ਹੀ ਆਗੂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ ਤੇ ਉਨ੍ਹਾਂ ਇਸ ਮੁੱਦੇ ਉਤੇ ਮੁੜ ਵਿਚਾਰ ਦੀ ਅਪੀਲ ਕੀਤੀ ਹੈ। ਬੀਬੀ ਕਿਰਨਜੋਤ ਕੌਰ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਵੀ ਭੇਜਿਆ ਹੈ, ਜੋ ਬਾਅਦ ਵਿਚ ਜਨਤਕ ਕੀਤਾ ਗਿਆ ਹੈ।

ਸ੍ਰੀ ਭੌਰ ਨੇ ਵੀ ਆਖਿਆ ਕਿ ਕੇਂਦਰ ਸਰਕਾਰ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਇਹ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਫੈਸਲਾ ਹੈ। ਇਸ ਫੈਸਲੇ ਨੂੰ ਲਾਗੂ ਕਰਨ ਮਗਰੋਂ ਕੇਂਦਰ ਸਰਕਾਰ ਦਿੱਤੇ ਗਏ ਲਾਭ ਬਾਰੇ ਇਕ ਜਨਤਕ ਬੋਰਡ ਬਣਾਉਣ ਲਈ ਵੀ ਕਹਿ ਸਕਦੀ ਹੈ। ਇਸ ਯੋਜਨਾ ਤਹਿਤ ਲੰਗਰ ਨੂੰ ਸੇਵਾ ਭੋਜ ਯੋਜਨਾ ਹੇਠ ਲਿਆਂਦਾ ਗਿਆ ਹੈ। ਉਨ੍ਹਾਂ ਇਸ ਨੂੰ ਸਿੱਖੀ ਸਿਧਾਂਤਾਂ ਦੇ ਉਲਟ ਦੱਸਿਆ। ਅਮਰੀਕਾ ਦੇ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਏ. ਜੀ. ਪੀ.ਸੀ. ਨੇ ਰਸਦਾਂ ਉਤੇ ਜੀ.ਐਸ.ਟੀ. ਦੇ ਭੁਗਤਾਨ ਦੀ ਥਾਂ ਕੇਂਦਰ ਸਰਕਾਰ ਵੱਲੋਂ ਮਾਲੀ ਸਹਾਇਤਾ ਦਿੱਤੇ ਜਾਣ ਦੀ ਯੋਜਨਾ ਦਾ ਵਿਰੋਧ ਕੀਤਾ ਹੈ।



ਦੱਸ ਦਈਏ ਕਿ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਨੇ ਰੌਲਾ ਪਾ ਦਿੱਤਾ ਸੀ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਗੱਲ ਮੰਨ ਲਈ ਹੈ ਤੇ ਲੰਗਰ ਤੋਂ ਜੀ.ਐਸ.ਟੀ. ਹਟਾ ਦਿੱਤਾ ਗਿਆ ਹੈ ਪਰ ਹੁਣ ਮੋਦੀ ਸਰਕਾਰ ਦੀ ਚਲਾਕੀ ਸਾਹਮਣੇ ਆਉਣ ਲੱਗੀ ਹੈ। ਸਰਕਾਰ ਦੀ ਰਣਨੀਤੀ ਦੱਸ ਰਹੀ ਹੈ ਕਿ ਉਹ ਲੰਗਰ ਦੇ ਵਿਲੱਖਣ ਸੰਕਲਪ ਨੂੰ ਮੁਫਤ ਰਸੋਈ ਤੱਕ ਮਹਿਦੂਦ ਕਰਨ ਦੀ ਚਾਲ ਚੱਲ ਰਹੀ ਹੈ। ਭਾਵੇਂ ਅਕਾਲੀ ਦਲ ਦੇ ਕੰਟਰੋਲ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਆਗੂ ਵੀ ਮੋਦੀ ਸਰਕਾਰ ਵੱਲੋਂ ਲੰਗਰ ਦੀ ਰਸਦ ਉਤੇ ਲਾਏ ਜਾ ਰਹੇ ਟੈਕਸ ਦੀ ਪੂਰਤੀ ਲਈ ਗਰਾਂਟ ਦੇਣ ਦੇ ਫੈਸਲੇ ਨੂੰ ਵਡਿਆਉਣ ਵਿਚ ਅਕਾਲੀ ਦਲ ਦਾ ਹੀ ਰਾਗ ਅਲਾਪ ਰਹੇ ਹਨ, ਪਰ ਸਚਾਈ ਇਹ ਹੈ ਕਿ ਲੰਗਰ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉਤੇ ਜੀ.ਐਸ.ਟੀ. ਲੱਗੇਗਾ ਅਤੇ ਇਸ ਨਾਲ ਸ਼੍ਰੋਮਣੀ ਕਮੇਟੀ ਉਤੇ ਪੈਣ ਵਾਲੇ ਦੋ ਕਰੋੜ ਰੁਪਏ ਦੇ ਸਾਲਾਨਾ ਬੋਝ ਦੀ ਪੂਰਤੀ ਲਈ ਸਰਕਾਰ ਵੱਲੋਂ ਇਸ ਦੇ ਬਰਾਬਰ ਦੀ ਰਕਮ ਖੈਰਾਤ ਵਜੋਂ ਦਿੱਤੀ ਜਾਇਆ ਕਰੇਗੀ।

ਮੋਦੀ ਸਰਕਾਰ ਦੇ ਫੈਸਲੇ ਅਨੁਸਾਰ ਲੋਕਾਂ ਨੂੰ ਮੁਫਤ ਭੋਜਨ ਖੁਆਉਣ ਵਾਲੀਆਂ ਸਾਰੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਸਰਕਾਰੀ ਵੱਲੋਂ ਮਾਲੀ ਇਮਦਾਦ ਦਿੱਤੀ ਜਾਵੇਗੀ। ਕੇਂਦਰ ਦੇ ਸੱਭਿਆਚਾਰਕ ਮੰਤਰਾਲੇ ਵੱਲੋਂ ਸ਼ੁਰੂ ਕੀਤੀ ਨਵੀਂ ਸਕੀਮ ਸੇਵਾ ਭੋਜ ਯੋਜਨਾ"ਬਾਰੇ ਜਾਰੀ ਨੋਟੀਫੀਕੇਸ਼ਨ ਵਿਚ ਲਿਖਿਆ ਹੈ ਕਿ ਸਾਲ 2018-19 ਅਤੇ 2019-20 ਲਈ 325 ਕਰੋੜ ਰੁਪਏ ਨਾਲ ਸ਼ੁਰੂ ਕੀਤੀ ਜਾਣ ਵਾਲੀ 'ਸੇਵਾ ਭੋਜ ਯੋਜਨਾ' ਲਈ ਰਾਸ਼ਟਰਪਤੀ ਵਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਕੀਮ ਤਹਿਤ ਲੋਕਾਂ ਨੂੰ ਮੁਫਤ ਭੋਜਨ ਖੁਆਉਣ ਵਾਲੀਆਂ ਭਲਾਈ ਸੰਸਥਾਵਾਂ ਵੱਲੋਂ ਇਸ ਮਕਸਦ ਲਈ ਖਰੀਦੀਆਂ ਜਾਣ ਵਾਲੀਆਂ ਵਸਤਾਂ ਉੱਤੇ ਦਿੱਤੇ ਜਾਂਦੇ ਸੀ.ਜੀ.ਐਸ.ਟੀ. ਅਤੇ ਆਈ.ਜੀ.ਐਸ.ਟੀ. ਵਿਚ ਕੇਂਦਰ ਸਰਕਾਰ ਦੇ ਹਿੱਸੇ ਦੀ ਪੂਰਤੀ ਕਰਨ ਹਿੱਤ ਭਾਰਤ ਸਰਕਾਰ ਵੱਲੋਂ ਵਿਸ਼ੇਸ਼ ਮਾਲੀ ਮਦਦ ਦਿੱਤੀ ਜਾਵੇਗੀ। ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਗੁਰੂ ਕਾ ਲੰਗਰ ਮਹਿਜ਼ ਮੁਫਤ ਭੋਜਨ ਖੁਆਉਣ ਵਾਲੀ ਰਸੋਈ ਨਹੀਂ ਹੈ। ਇਹ ਸਿੱਖ ਧਰਮ ਦੀ ਵਿਲੱਖਣ ਵਿਚਾਰਧਾਰਾ ਹੈ ਜਿਸ ਅਨੁਸਾਰ ਲੰਗਰ ਸਰਕਾਰ ਦੀ ਮਾਲੀ ਮਦਦ ਦੀ ਥਾਂ ਸ਼ਰਧਾਲੂਆਂ ਵਲੋਂ ਦਿੱਤੇ ਦਾਨ ਨਾਲ ਚਲਾਇਆ ਜਾਣਾ ਚਾਹੀਦਾ ਹੈ।

ਦੱਸ ਦਈਏ ਕਿ ਸਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਨੇ ਇਕ ਪੱਤਰ ਰਾਹੀਂ ਸਪਸ਼ਟ ਕੀਤਾ ਸੀ ਕਿ ਹਰ ਮਹੀਨੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ ਮੁਫਤ ਲੰਗਰ ਛਕਾਉਣ ਵਾਲੀਆਂ ਧਾਰਮਿਕ ਤੇ ਖੈਰਾਇਤੀ ਸੰਸਥਾਵਾਂ ਨੂੰ 'ਸੇਵਾ ਭੋਜ ਯੋਜਨਾ' ਦੇ ਤਹਿਤ ਜੀ.ਐਸ.ਟੀ. ਤੋਂ ਛੋਟ ਦਿੱਤੀ ਜਾਵੇਗੀ। ਪਹਿਲਾਂ ਅਜਿਹੇ ਲੰਗਰਾਂ ਲਈ ਰਸਦ ਦੀ ਖ਼ਰੀਦ ਉਪਰ ਕੇਂਦਰੀ ਤੇ ਸੂਬਾਈ ਜੀ.ਐਸ.ਟੀ. ਬਰਾਬਰ ਅਨੁਪਾਤ ਵਿਚ ਵਸੂਲੇ ਜਾਂਦੇ ਸਨ। ਹੁਣ ਵੀ ਉਨ੍ਹਾਂ ਨੂੰ ਖਰੀਦ ਵੇਲੇ ਟੈਕਸ ਅਦਾਇਗੀ ਕਰਨੀ ਪਵੇਗੀ, ਪਰ ਟੈਕਸ ਦੀ ਰਕਮ ਇਕ ਨਿਰਧਾਰਤ ਸਮੇਂ ਦੇ ਅੰਦਰ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ।

# ਵਿਸ਼ਵ ਬੈਂਕ ਵੱਲੋਂ ਪੰਜਾਬ ਨੂੰ ਖੇਤੀ, ਪਾਣੀ ਤੇ ਬਿਜਲੀ ਲਈ ਪੇਸ਼ਕਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਖੇਤੀ, ਪਾਣੀ ਅਤੇ ਬਿਜਲੀ ਸਬੰਧੀ ਸਮੱਸਿਆਵਾਂ ਬਾਰੇ ਪਹੁੰਚ ਦੀ ਸ਼ਲਾਘਾ ਕਰਦਿਆਂ ਵਿਸ਼ਵ ਬੈਂਕ ਨੇ ਇਨ੍ਹਾਂ ਖੇਤਰਾਂ ਵਿਚ ਸੂਬੇ ਦੇ ਪ੍ਰੋਜੈਕਟਾਂ ਨੂੰ ਸਪਾਂਸਰ ਕਰਨ ਦੀ ਪੇਸ਼ਕਸ਼ ਕੀਤੀ ਹੈ।


ਵਿਸ਼ਵ ਬੈਂਕ ਦੇ ਡਾਇਰੈਕਟਰ ਭਾਰਤ ਜੁਨੇਦ ਅਹਿਮਦ ਦੀ ਅਗਵਾਈ ਹੇਠ ਇਕ ਵਫਦ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਜੇ ਪੰਜਾਬ ਪਾਣੀ, ਊਰਜਾ ਅਤੇ ਖੇਤੀ ਦੀ ਚੁਣੌਤੀ ਦਾ ਸਾਹਮਣਾ ਕਰ ਲੈਂਦਾ ਹੈ ਤਾਂ ਇਹ ਛੋਟੇ ਪ੍ਰੋਜੈਕਟਾਂ ਨੂੰ ਹੋਰ ਵਧੀਆ ਅਤੇ ਵਿਆਪਕ ਪੱਧਰ ਉਤੇ ਤਬਦੀਲ ਕਰਨ ਲਈ ਵਿਸ਼ਵ ਸਾਹਮਣੇ ਇਕ ਉਦਾਹਰਣ ਕਾਇਮ ਕਰੇਗਾ। ਮੁੱਖ ਮੰਤਰੀ ਨੇ ਪਾਣੀ ਦੇ ਹੇਠਾਂ ਜਾਣ ਅਤੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਿਪਟਣ ਲਈ ਸੂਬਾ ਸਰਕਾਰ ਦੇ ਯਤਨਾਂ ਨੂੰ ਮਜ਼ਬੂਤ ਕਰਨ ਲਈ ਵਿਸ਼ਵ ਬੈਂਕ ਤੋਂ ਸਹਾਇਤਾ ਦੀ ਮੰਗ ਕੀਤੀ।

# ਬਰਜਿੰਦਰ ਸਿੰਘ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਟਰੱਸਟ ਦੇ ਮੈਂਬਰ ਬਣੇ

**ਬੰਗਾ (ਬਿਊਰੋ):** ਪ੍ਰਸਿੱਧ ਸੇਵਾ ਅਦਾਰੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ਦੇ ਬਾਨੀ ਪ੍ਰਧਾਨ ਸਵਰਗੀ ਬਾਬਾ ਬੁੱਧ ਸਿੰਘ ਢਾਹਾਂ ਵੱਲੋਂ ਟਰੱਸਟ ਲਈ ਕੀਤੀ ਘਾਲਣਾ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੇ ਹੋਣਹਾਰ ਸਪੁੱਤਰ ਬਰਜਿੰਦਰ ਸਿੰਘ ਢਾਹਾਂ ਨੂੰ ਸਰਬਸੰਮਤੀ ਨਾਲ ਟਰੱਸਟ ਦਾ ਮੈਂਬਰ ਬਣਾਇਆ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਸਕੱਤਰ ਜਥੇਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਟਰੱਸਟ ਦੀ ਜਨਰਲ ਬਾਡੀ ਦੀ ਹਰਦੇਵ ਸਿੰਘ ਕਾਹਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਬਰਜਿੰਦਰ ਸਿੰਘ ਢਾਹਾਂ ਨੂੰ ਸਰਬਸਮੰਤੀ ਨਾਲ ਟਰੱਸਟ ਦਾ ਮੈਂਬਰ ਬਣਾਉਣ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿਚ ਬਾਨੀ ਪ੍ਰਧਾਨ ਸਵਰਗੀ ਬਾਬਾ ਬੁੱਧ ਸਿੰਘ ਢਾਹਾਂ ਨੂੰ ਯਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬਾਬਾ ਜੀ ਭਾਵੇਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਪਰ ਉਨ੍ਹਾਂ ਦੀਆਂ ਟਰੱਸਟ ਪ੍ਰਤੀ ਸੇਵਾਵਾਂ ਅਮੁੱਲ ਹਨ।

ਜਥੇਦਾਰ ਢਾਹਾਂ ਨੇ ਕਿਹਾ ਕਿ ਸਾਨੂੰ ਫਖਰ ਹੈ ਕਿ ਬਾਬਾ ਬੁੱਧ ਸਿੰਘ ਦੇ ਲਖਤਿ ਜਿਗਰ, ਅਗਾਂਹਵਧੂ ਵਿਚਾਰਾਂ ਦੇ ਧਾਰਨੀ, ਮਹਾਨ ਦਾਨੀ, ਨਿਸ਼ਕਾਮ ਸਮਾਜ ਸੇਵਕ ਬਰਜਿੰਦਰ ਸਿੰਘ ਢਾਹਾਂ ਨੇ ਆਪਣੇ ਪਿਤਾ ਜੀ ਬਾਬਾ ਬੁੱਧ ਸਿੰਘ ਢਾਹਾਂ ਦੇ ਦਿਖਾਏ ਲੋਕ ਸੇਵਾ ਦੇ ਰਾਹ 'ਤੇ ਚੱਲਦਿਆਂ ਟਰੱਸਟ ਦੀ ਤਰੱਕੀ ਅਤੇ ਵਿਕਾਸ ਲਈ ਹਮੇਸ਼ਾ ਚੰਗੇ ਸੁਝਾਅ ਦੇਣ ਦੇ ਨਾਲ ਨਾਲ ਵੱਡਮੁੱਲਾ ਯੋਗਦਾਨ ਪਾਇਆ ਹੈ, ਜਿਸ ਨਾਲ ਟਰੱਸਟ ਦੇ ਮਾਣ-ਸਤਿਕਾਰ ਵਿਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਬਰਜਿੰਦਰ ਸਿੰਘ ਢਾਹਾਂ ਨੇ ਇਲਾਕੇ ਦੇ ਪਿੰਡਾਂ ਦੇ ਵਿਕਾਸ ਤੇ ਲੋਕ ਭਲਾਈ ਪ੍ਰਾਜੈਕਟਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਪਾਇਆ ਹੈ।



ਬਰਜਿੰਦਰ ਸਿੰਘ ਉਰਫ ਬਰਜ ਢਾਹਾਂ

ਜ਼ਿਕਰਯੋਗ ਹੈ ਕਿ ਬਰਜਿੰਦਰ ਸਿੰਘ ਢਾਹਾਂ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਦਿਆਂ ਹਰ ਸਾਲ ਦਿੱਤੇ ਜਾਂਦੇ ਪੰਜਾਬੀ ਸਾਹਿਤ ਦੇ ਸਭ ਤੋਂ ਵੱਡੇ ਪੁਰਸਕਾਰ 'ਢਾਹਾਂ ਸਾਹਿਤ ਐਵਾਰਡ' ਦੇ ਮੋਢੀ ਹਨ। ਇਸ ਐਵਾਰਡ ਵਿਚ 25 ਹਜ਼ਾਰ ਡਾਲਰ ਦਾ ਪਹਿਲਾ ਇਨਾਮ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਬਰਜ ਢਾਹਾਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਮੌਕੇ ਹਰਦੇਵ ਸਿੰਘ ਕਾਹਮਾ ਪ੍ਰਧਾਨ ਅਤੇ ਸਮੂਹ ਟਰੱਸਟੀਆਂ ਨੇ ਬਰਜਿੰਦਰ ਸਿੰਘ ਢਾਹਾਂ ਨੂੰ ਟਰੱਸਟ ਮੈਂਬਰ ਬਣਨ 'ਤੇ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਆਪਣੇ ਪਿਤਾ ਵਾਂਗ ਟਰੱਸਟ ਦੀ ਤਰੱਕੀ ਅਤੇ ਵਿਕਾਸ ਲਈ ਵੱਧ-ਚੜ੍ਹ ਕੇ ਯੋਗਦਾਨ ਪਾਉਣਗੇ।

ਮੀਟਿੰਗ ਵਿਚ ਸੁਰਿੰਦਰਪਾਲ ਸਿੰਘ ਥੰਮਣਵਾਲ ਸਰਪ੍ਰਸਤ, ਹਰਦੇਵ ਸਿੰਘ ਕਾਹਮਾ ਪ੍ਰਧਾਨ, ਮਲਕੀਅਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਜੋਗਿੰਦਰ ਸਿੰਘ ਸਾਧੜਾ ਯੂ. ਕੇ. ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਢਾਹਾਂ ਸਕੱਤਰ, ਅਮਰਜੀਤ ਸਿੰਘ ਕਲੇਰਾਂ ਖਜਾਨਚੀ ਤੇ ਚੇਅਰਮੈਨ ਫਾਇਨਾਂਸ, ਬੀਬੀ ਬਲਵਿੰਦਰ ਕੌਰ ਪ੍ਰਬੰਧਕ ਮੈਂਬਰ ਅਤੇ ਬੀਬੀ ਜੋਗਿੰਦਰ ਕੌਰ ਤੇ ਜਗਜੀਤ ਸਿੰਘ ਸੋਢੀ ਮੈਂਬਰ ਹਾਜ਼ਰ ਸਨ।

# ਗੀਤਕਾਰ ਸਤਨਾਮ ਸਿੰਘ ਮੱਟੂ ਦਾ ਸਨਮਾਨ

**ਘਨੌਰ, ਪਟਿਆਲਾ (ਬਿਊਰੋ):** ਨਜ਼ਦੀਕੀ ਪਿੰਡ ਲੋਹਾਖੇੜੀ ਵਿਖੇ ਗੁਰਪ੍ਰੀਤ ਸਿੰਘ ਬੱਲ ਦੀ ਰਹਿਨੁਮਾਈ ਹੇਠ ਬਾਗ ਵਾਲੇ ਪੀਰ ਦੇ ਦਰਬਾਰ ਰਹਿਮਤਾਂ ਉਪਰ ਕਰਵਾਏ ਗਏ ਸੱਭਿਆਚਾਰਕ ਮੇਲੇ ਦੌਰਾਨ ਕਮੇਟੀ ਵੱਲੋਂ ਗੀਤਕਾਰ ਤੇ ਲੇਖਕ ਸਤਨਾਮ ਸਿੰਘ ਮੱਟੂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਸਤਨਾਮ ਸਿੰਘ ਮੱਟੂ ਦੇ ਲਿਖੇ ਗੀਤਾਂ ਨੂੰ ਲੱਕੀ ਸਿੰਘ ਦੁਰਗਾਪੁਰੀਆ, ਬਿੱਟੂ ਬਹਾਦਰ, ਰਵੀ ਢਿੱਲੋਂ, ਹਾਕਮ ਬਖਤੜੀ ਵਾਲਾ, ਗੁਰਮੀਤ ਮੀਤ ਸਮੇਤ ਕਈ ਗਾਇਕ ਆਪਣੀ ਸੁਰੀਲੀ ਆਵਾਜ਼ 'ਚ ਗਾ ਚੁਕੇ ਹਨ, ਜੋ ਬਹੁਤ ਮਕਬੂਲ ਹੋਏ ਹਨ। ਸਤਨਾਮ ਸਿੰਘ ਮੱਟੂ ਦੀਆਂ ਕੁਝ ਰਚਨਾਵਾਂ ਸਾਹਿਤਕ ਕਿਤਾਬਾਂ ਵਿਚ ਛਪ ਚੁੱਕੀਆਂ ਹਨ। ਉਸ ਦੇ ਲੇਖ ਦੇਸ਼-ਵਿਦੇਸ਼ ਦੇ ਅਖਬਾਰਾਂ ਤੇ ਰਸਾਲਿਆਂ 'ਚ ਛਪਦੇ ਰਹਿੰਦੇ ਹਨ।



*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਐਕਟਿੰਗ ਪ੍ਰਧਾਨ ਤੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ, ਜੋ ਅੱਜ ਕਲ ਆਪਣੀ ਪਰਿਵਾਰਕ ਫੇਰੀ 'ਤੇ ਅਮਰੀਕਾ ਆਏ ਹੋਏ ਹਨ। ਉਨ੍ਹਾਂ ਨਾਲ ਸੰਪਰਕ ਫੋਨ: 530-407-4406 ਰਾਹੀਂ ਹੋ ਸਕਦਾ ਹੈ। (ਫੋਟੋ ਤੇ ਵੇਰਵਾ: ਤਰਲੋਚਨ ਸਿੰਘ ਦੁਪਾਲਪੁਰ)*

# ਅਮਰੀਕਾ 'ਚ ਗਰੀਨ ਕਾਰਡ ਦੀ ਉਡੀਕ ਸੂਚੀ 'ਚ ਤਿੰਨ ਚੌਥਾਈ ਤੋਂ ਵੱਧ ਭਾਰਤੀ

**ਵਾਸ਼ਿੰਗਟਨ:** ਅਮਰੀਕਾ ਵਿਚ ਪੱਕੀ ਰਿਹਾਇਸ਼ ਦਾ ਦਰਜਾ ਹਾਸਲ ਕਰਨ ਦੀ ਕਤਾਰ ਵਿਚ ਸ਼ਾਮਲ ਉਚ ਹੁਨਰਮੰਦ ਮਾਹਿਰਾਂ ਵਿਚੋਂ ਤਿੰਨ ਚੌਥਾਈ ਗਿਣਤੀ ਭਾਰਤੀਆਂ ਦੀ ਹੈ। ਅਮਰੀਕਾ 'ਚ ਜਾਇਜ਼ ਤੌਰ ਉਤੇ ਪੱਕੀ ਰਿਹਾਇਸ਼ ਦੇ ਦਰਜੇ ਨੂੰ ਗਰੀਨ ਕਾਰਡ ਆਖਿਆ ਜਾਂਦਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗਰੇਸ਼ਨ ਸਰਵਿਸਿਜ਼ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਮਈ 2018 ਤੱਕ ਰੁਜ਼ਗਾਰ ਆਧਾਰਿਤ ਪ੍ਰਾਥਮਿਕਤਾ ਸ਼੍ਰੇਣੀ ਤਹਿਤ 395025 ਵਿਦੇਸ਼ੀ ਨਾਗਰਿਕ ਗਰੀਨ ਕਾਰਡ ਦੀ ਉਡੀਕ 'ਚ ਸਨ। ਇਨ੍ਹਾਂ ਵਿਚੋਂ 306601 ਭਾਰਤੀ ਸਨ। ਭਾਰਤ ਤੋਂ ਬਾਅਦ ਇਸ ਸੂਚੀ 'ਚ ਚੀਨ ਦੇ ਨਾਗਰਿਕ ਦੂਜੇ ਨੰਬਰ ਉਤੇ ਹਨ।

ਅਜੇ 67031 ਚੀਨੀ ਨਾਗਰਿਕ ਗਰੀਨ ਕਾਰਡਾਂ ਦੀ ਉਡੀਕ ਕਰ ਰਹੇ ਹਨ। ਉਂਜ ਇਸ ਤੋਂ ਇਲਾਵਾ ਕਿਸੇ ਵੀ ਹੋਰ ਮੁਲਕ ਦੇ ਗਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ 10 ਹਜ਼ਾਰ ਤੋਂ ਵਧ ਨਹੀਂ ਹੈ। ਹੋਰ ਮੁਲਕਾਂ 'ਚ ਐਲ ਸੈਲਵਾਡੋਰ (7252), ਗੁਆਟੇਮਾਲਾ (6027), ਹੌਂਡੁਰਸ (5402), ਫਿਲਪੀਨਜ਼ (1491), ਮੈਕਸਿਕੋ (700) ਅਤੇ ਵੀਅਤਨਾਮ (521) ਸ਼ਾਮਲ ਹਨ। ਮੌਜੂਦਾ ਕਾਨੂੰਨ ਮੁਤਾਬਕ ਇਕ ਵਿੱਤੀ ਵਰ੍ਹੇ 'ਚ ਕਿਸੇ ਵੀ ਮੁਲਕ ਦੇ ਸੱਤ ਫੀਸਦੀ ਤੋਂ ਵੱਧ ਨਾਗਰਿਕਾਂ ਨੂੰ ਗਰੀਨ ਕਾਰਡ ਨਹੀਂ ਦਿੱਤਾ ਜਾ ਸਕਦਾ ਹੈ। ਇਸ ਲਈ ਭਾਰਤੀਆਂ ਨੂੰ ਅਮਰੀਕਾ ਦਾ ਪੱਕਾ ਨਿਵਾਸੀ ਬਣਨ ਲਈ ਲੰਬੀ ਉਡੀਕ ਕਰਨੀ ਪੈ ਰਹੀ ਹੈ।

# ਸਰਕਾਰੀ ਬੈਂਕਾਂ ਨੂੰ 87 ਹਜ਼ਾਰ ਕਰੋੜ ਰੁਪਏ ਦਾ ਘਾਟਾ

**ਨਵੀਂ ਦਿੱਲੀ:** ਜਨਤਕ ਖੇਤਰ ਦੇ ਬੈਂਕਾਂ ਦਾ ਕੁਲ ਘਾਟਾ 2017-18 ਵਿਚ ਵਧ ਕੇ 87357 ਕਰੋੜ ਰੁਪਏ ਹੋ ਗਿਆ ਹੈ। ਸਭ ਤੋਂ ਵੱਧ ਘਾਟਾ ਘਪਲੇ ਦੀ ਮਾਰ ਹੇਠ ਆਏ ਪੰਜਾਬ ਨੈਸ਼ਨਲ ਬੈਂਕ (12283 ਕਰੋੜ ਰੁਪਏ) ਨੂੰ ਹੋਇਆ ਹੈ। ਦੂਜੇ ਨੰਬਰ ਉਤੇ ਆਈ. ਡੀ. ਬੀ. ਆਈ. ਬੈਂਕ ਰਿਹਾ।

ਸਾਰੇ ਸਰਕਾਰੀ ਬੈਂਕਾਂ 'ਚੋਂ ਦੋ ਇੰਡੀਅਨ ਬੈਂਕ ਅਤੇ ਵਿਜਯਾ ਬੈਂਕ ਨੇ ਸਾਲ 2017-18 ਦੌਰਾਨ ਮੁਨਾਫਾ ਦਰਜ ਕੀਤਾ ਹੈ। ਇੰਡੀਅਨ ਬੈਂਕ ਨੂੰ 1258.99 ਕਰੋੜ ਰੁਪਏ ਅਤੇ ਵਿਜਯਾ ਬੈਂਕ ਨੂੰ 727.02 ਕਰੋੜ ਰੁਪਏ ਦਾ ਲਾਭ ਹੋਇਆ ਹੈ। ਇੰਡੀਅਨ ਬੈਂਕ ਦਾ ਇਹ ਹੁਣ ਤੱਕ ਦਾ ਸਭ ਤੋਂ ਵਧ ਮੁਨਾਫਾ ਹੈ। ਸਾਲ 2016-17 ਦੌਰਾਨ ਸਾਰੇ 21 ਬੈਂਕਾਂ ਨੂੰ ਕੁੱਲ 473.72 ਕਰੋੜ ਰੁਪਏ ਦਾ ਸ਼ੁੱਧ ਲਾਭ ਹੋਇਆ ਸੀ।

# ਕੈਲੰਡਰ ਵਿਵਾਦ: ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਥਾ ਭੇਜਣ ਤੋਂ ਨਾਂਹ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਕਾਰਨ ਸ਼੍ਰੋਮਣੀ ਕਮੇਟੀ ਨੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਤੋਂ ਫਿਰ ਨਾਂਹ ਕਰ ਦਿੱਤੀ। ਪਾਕਿਸਤਾਨ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਨਿਰਧਾਰਤ ਕੀਤੇ ਪ੍ਰੋਗਰਾਮ ਮੁਤਾਬਕ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਲਿਆ। ਪਿਛਲੇ ਵਰ੍ਹੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਇਹ ਜਥਾ ਰੱਦ ਕੀਤਾ ਗਿਆ ਸੀ।

ਦੂਜੇ ਪਾਸੇ ਕੁਝ ਸਿੱਖ ਜਥੇਬੰਦੀਆਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਕਿਸਤਾਨ ਵੱਲੋਂ ਵੀਜ਼ੇ ਦਿੱਤੇ ਗਏ। ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਪੁਰਬ 16 ਜੂਨ ਨੂੰ ਮਨਾਇਆ ਜਾਣਾ ਹੈ ਤੇ ਪਾਕਿਸਤਾਨ ਸਥਿਤ ਪੀ.ਜੀ.ਪੀ.ਸੀ. ਨੇ ਇਸੇ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਹੈ। ਉਨ੍ਹਾਂ ਨੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ 'ਚ 16 ਜੂਨ ਨੂੰ ਸ਼ਹੀਦੀ ਦਿਵਸ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਉਧਰ, ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਮੁਤਾਬਕ ਸ਼ਹੀਦੀ ਪੁਰਬ 17 ਜੂਨ ਨੂੰ ਹੈ ਅਤੇ ਸ਼੍ਰੋਮਣੀ ਕਮੇਟੀ ਇਸ ਨੂੰ 17 ਜੂਨ ਨੂੰ ਹੀ ਮਨਾ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨੀ ਸਫ਼ਾਰਤਖ਼ਾਨੇ ਨੂੰ ਸਿੱਖ ਸ਼ਰਧਾਲੂਆਂ ਲਈ 9 ਤੋਂ 18 ਜੂਨ ਤੱਕ ਵੀਜ਼ੇ ਦੇਣ ਲਈ ਆਖਿਆ ਸੀ। ਸ਼੍ਰੋਮਣੀ ਕਮੇਟੀ ਨੇ ਜਥਾ ਭੇਜਣ ਲਈ 81 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲੱਗਣ ਲਈ ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਕੋਲ ਭੇਜੇ ਗਏ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਪ੍ਰੋਗਰਾਮ ਮੁਤਾਬਕ ਵੀਜ਼ੇ ਨਹੀਂ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਨੇ ਸ਼ਰਧਾਲੂਆਂ ਦਾ ਜਥਾ ਨਾ ਭੇਜਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨੀ ਸਫਾਰਤਖ਼ਾਨੇ ਨੇ ਅਜਿਹਾ ਕਰ ਕੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਜ਼ਿਕਰਯੋਗ ਹੈ ਕਿ 2010 ਵਿਚ ਸੋਧਿਆ ਹੋਇਆ ਕੈਲੰਡਰ ਲਾਗੂ ਕੀਤਾ ਗਿਆ ਸੀ ਜਿਸ ਮਗਰੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਸਮੇਤ ਹੋਰ ਗੁਰਪੁਰਬਾਂ ਦੀਆਂ ਤਰੀਕਾਂ ਹਰ ਵਰ੍ਹੇ ਬਦਲ ਜਾਂਦੀਆਂ ਹਨ ਜਦਕਿ ਪਾਕਿਸਤਾਨ ਵਿਚ ਸਿੱਖਾਂ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਹੋਈ ਹੈ।

# ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਵਾਲੇ ਜਲ ਦੀ ਮੁੜ ਵਰਤੋਂ 'ਤੇ ਵਿਚਾਰਾਂ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਵਾਸਤੇ ਵਰਤੇ ਜਾਂਦੇ ਸਰੋਵਰ ਦੇ ਜਲ ਨੂੰ ਮੁੜ ਵਰਤੋਂ ਵਿਚ ਲਿਆਉਣ ਲਈ ਇਥੇ ਟਰੀਟਮੈਂਟ ਪਲਾਂਟ ਲਾਉਣ ਦੀ ਪ੍ਰਸਤਾਵਿਤ ਯੋਜਨਾ ਅਮਲ ਵਿਚ ਲਿਆਉਣ ਲਈ ਸ਼੍ਰੋਮਣੀ ਕਮੇਟੀ ਆਪਣੇ ਪੱਧਰ ਉਤੇ ਢੁਕਵੇਂ ਉਪਰਾਲੇ ਕਰੇਗੀ।

ਪਿਛਲੇ ਦਿਨੀਂ ਜਲ ਸਰੋਤ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਅੰਮ੍ਰਿਤਸਰ ਦੇ ਦੌਰੇ ਦੌਰਾਨ ਬਿਆਸ ਦੇ ਪਲੀਤ ਹੋਏ ਪਾਣੀ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ। ਉਹ ਹਰਿਮੰਦਰ ਸਾਹਿਬ ਵਿਖੇ ਵੀ ਨਤਮਸਤਕ ਹੋਣ ਲਈ ਪੁੱਜੇ ਸਨ। ਉਨ੍ਹਾਂ ਇਥੇ ਸਰੋਵਰ ਦੇ ਜਲ ਦੀ ਧੁਆਈ ਵਾਸਤੇ ਹੋ ਰਹੀ ਵਰਤੋਂ ਤੋਂ ਬਾਅਦ ਇਸੇ ਜਲ ਨੂੰ ਮੁੜ ਵਰਤੋਂ ਵਿਚ ਲਿਆਉਣ ਲਈ ਇਥੇ ਟਰੀਟਮੈਂਟ ਪਲਾਂਟ ਲਾਉਣ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਇਸ ਸਬੰਧੀ ਸੈਂਟਰਲ ਗਰਾਊਂਡ ਵਾਟਰ ਬੋਰਡ ਨੂੰ ਹਦਾਇਤ ਕੀਤੀ ਸੀ ਕਿ ਉਹ ਇਥੇ ਪਰਿਕਰਮਾ ਵਿਚ ਸਰੋਵਰ ਦੇ ਜਲ ਦੀ ਮੁੜ ਵਰਤੋਂ ਸਬੰਧੀ ਪਲਾਂਟ ਲਾਵੇ।

ਦੱਸਣਯੋਗ ਹੈ ਕਿ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਰੋਜ਼ਾਨਾ ਦਿਨ ਵਿਚ ਦੋ ਵਾਰ ਤੜਕੇ ਸਵੇਰੇ ਅਤੇ ਬਾਅਦ ਦੁਪਹਿਰ ਪਰਿਕਰਮਾ ਦੀ ਧੁਆਈ ਕੀਤੀ ਜਾਂਦੀ ਹੈ। ਧੁਆਈ ਵਾਸਤੇ ਸਰੋਵਰ ਦੇ ਜਲ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਰੁਝਾਨ ਕਈ ਦਹਾਕਿਆਂ ਤੋਂ ਜਾਰੀ ਹੈ।

ਧੁਆਈ ਵਾਸਤੇ ਸਰੋਵਰ ਵਿਚੋਂ ਸੈਂਕੜੇ ਬਾਲਟੀਆਂ ਜਲ ਵਰਤਿਆ ਜਾਂਦਾ ਹੈ, ਜੋ ਬਾਅਦ ਵਿਚ ਮੁੜ ਵਰਤੋਂ ਵਿਚ ਨਹੀਂ ਆਉਂਦਾ। ਪਾਵਨ ਸਰੋਵਰ ਦਾ ਇਹ ਜਲ ਅਜਾਈਂ ਚਲਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਜਲ ਨੂੰ ਅਜਾਈਂ ਜਾਣ ਤੋਂ ਰੋਕਣ ਲਈ ਇਸ ਨੂੰ ਜ਼ਮੀਨ ਹੇਠ ਭੇਜਣ ਵਾਸਤੇ ਨੇੜੇ ਹੀ ਵਿਸ਼ੇਸ਼ ਬੋਰ ਕੀਤੇ ਹੋਏ ਹਨ। ਜੇਕਰ ਇਸ ਜਲ ਨੂੰ ਮੁੜ ਵਰਤੋਂ ਯੋਗ ਬਣਾ ਲਿਆ ਜਾਵੇ ਤਾਂ ਇਥੇ ਬਣੇ ਇਸ਼ਨਾਨਘਰ ਅਤੇ ਹੋਰ ਥਾਵਾਂ 'ਤੇ ਇਸ ਨੂੰ ਵਰਤਿਆ ਜਾ ਸਕਦਾ ਹੈ।


ੴ
Sikh National Center, Inc.
7500 N. Sam Houston Pkwy., Houston, Texas, 77064

ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ

ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ (ਟੈਕਸਸ) ਲਈ ਗੁਰਮਤਿ ਸੰਗੀਤ ਅਧਿਆਪਕ ਦੀ ਲੋੜ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ 31 ਰਾਗਾਂ (ਅਤੇ ਪ੍ਰਕਾਰਾਂ) ਦਾ ਪੂਰਾ ਗਿਆਨ ਹੋਵੇ, ਕਲਾਸੀਕਲ ਤਾਲਾਂ ਸਮੇਤ ਸਾਰੇ ਤਾਲਾਂ ਦਾ ਪੂਰਾ ਗਿਆਨ ਹੋਵੇ ਅਤੇ ਅਮਰੀਕਾ ਜੰਮੇ-ਪਲੇ ਬੱਚਿਆਂ ਨੂੰ ਗੁਰਮਤਿ ਗਿਆਨ ਦੀ ਪੜ੍ਹਾਈ ਕਰਾਉਣ ਦੇ ਸਮਰੱਥ ਹੋਵੇ।

ਸੰਪਰਕ ਕਰੋ
ਰੂਬਿਨ ਬੈਂਸ, ਫੋਨ: 281-773-8944
rubenbains@yahoo.com
24-27

# ਗੱਤਕੇ ਦੀ ਗੁੜਤੀ

ਕਲਾ ਪਰਿਕਰਮਾ

## ਅਧਿਆਤਮਕ ਅਤੇ ਸਰੀਰਕ ਪੱਖਾਂ ਦੀ ਅਹਿਮੀਅਤ

ਹਿੰਦੁਸਤਾਨ ਦੀ ਧਰਤੀ ਨੇ ਸਮੇਂ ਸਮੇਂ ਬਹੁਤ ਉਤਾਰ-ਚੜ੍ਹਾਅ ਹੰਢਾਏ ਹਨ। ਅਣਗਿਣਤ ਕਲਾਵਾਂ, ਕਲਾ ਦੇ ਮੰਦਰ, ਸ਼ਬਦ ਤੇ ਆਵਾਜ਼ ਦੇ ਰੂਪ ਵਿਚ ਇਸ ਧਰਤੀ ਨੂੰ ਭਾਗ ਲਾ ਰਹੇ ਹਨ। ਇਨ੍ਹਾਂ ਅਣਗਿਣਤ ਕਲਾਵਾਂ ਵਿਚੋਂ ਇਕ ਕਲਾ ਹੈ ਸ਼ਸਤਰ ਕਲਾ। ਭਾਰਤ ਦੇ ਵੱਖ ਵੱਖ ਰਾਜਾਂ ਵਿਚ ਕਈ ਪ੍ਰਕਾਰ ਦੀਆਂ ਸ਼ਸਤਰ ਕਲਾਵਾਂ ਤੀਰਅੰਦਾਜ਼ੀ, ਕਮਾਨਬਾਜ਼ੀ, ਤਲਵਾਰਬਾਜ਼ੀ, ਗੁਰਜ ਕਲਾ ਆਦਿ ਅਜ ਵੀ ਪ੍ਰਚਲਿਤ ਹਨ। ਇਨ੍ਹਾਂ ਸ਼ੈਲੀਆਂ ਵਿਚੋਂ ਹੀ ਇਕ ਸ਼ੈਲੀ ਹੈ ਗੱਤਕਾ ਜੋ ਵਧੇਰੇ ਕਰ ਕੇ ਪੰਜਾਬ ਅਤੇ ਉਤਰ ਭਾਰਤ ਦੇ ਕਈ ਇਲਾਕਿਆਂ ਵਿਚ ਪ੍ਰਚਲਿਤ ਹੈ।

ਸ਼ਸਤਰ ਵਿਦਿਆ ਦੀ ਸ਼ੁਰੂਆਤ ਧਿਆਨ ਤੋਂ ਹੁੰਦੀ ਹੈ, ਇਸ ਦੀਆਂ ਅਨੇਕ ਉਦਾਹਰਣਾਂ ਚੀਨ ਅਤੇ ਜਪਾਨ ਦੀਆਂ ਸ਼ਸਤਰ ਕਲਾਵਾਂ ਉਪਰ ਖੋਜ ਕਰਨ ਉਪਰੰਤ ਵੀ ਮਿਲੀਆਂ ਹਨ। ਉਸੇ ਤਰ੍ਹਾਂ ਗੱਤਕੇ ਦੀ ਸ਼ੁਰੂਆਤ ਵੀ ਧਿਆਨ,



ਸਿਮਰਨ ਤੋਂ ਹੁੰਦੀ ਹੈ। ਜੇ ਕਿਰਿਆਤਮਕ ਪੱਖ ਤੋਂ ਵੀ ਦੇਖੀਏ ਤਾਂ ਸ਼ਸਤਰ ਕਲਾ ਸਿਖਣ ਅਤੇ ਉਸ ਨੂੰ ਆਪਣੇ ਜੀਵਨ ਸ਼ੈਲੀ ਵਿਚ ਸ਼ਾਮਲ ਕਰਨ ਲਈ ਮਨ ਦਾ ਸ਼ਾਂਤ ਅਤੇ ਕਾਬੂ ਵਿਚ ਹੋਣਾ ਬਹੁਤ ਜ਼ਰੂਰੀ ਹੈ। ਸ਼ਸਤਰ ਵਿੱਦਿਆ ਦਾ ਖਜ਼ਾਨਾ ਬਾਬਾ ਬੁੱਢਾ ਜੀ ਕੋਲ ਬਹੁਤ ਲੰਬਾ ਸਮਾਂ (ਗੁਰੂ ਨਾਨਕ ਦੇਵ ਤੋਂ ਗੁਰੂ ਹਰਿਗੋਬਿੰਦ ਤੱਕ) ਤਕਰੀਬਨ 115 ਸਾਲ ਰਿਹਾ। ਬਾਬਾ ਬੁੱਢਾ ਜੀ ਦੁਆਰਾ ਇੰਨਾ ਲੰਮਾ ਸਮਾਂ ਇਸ ਕਲਾ ਨੂੰ ਸਾਂਭੇ ਰੱਖਣਾ ਸੁਭਾਵਕ ਨਹੀਂ ਸੀ। ਇਹ ਵੀ ਤਾਂ ਹੀ ਸੰਭਵ ਹੋਇਆ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਧਿਆਨ ਪ੍ਰਕਿਰਿਆ ਵਿਚ ਮਜ਼ਬੂਤ ਬਣਾਈ ਰੱਖਿਆ।

ਗੁਰੂ ਨਾਨਕ ਦੇਵ ਨੇ ਜਦੋਂ ਸਰੀਰ ਤਿਆਗਿਆ ਤਾਂ ਗੁਰਗੱਦੀ ਉਪਰ ਬਿਰਾਜਮਾਨ ਹੋਏ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਵੀ ਸਭ ਤੋਂ ਜ਼ਿਆਦਾ ਧਿਆਨ, ਸਿਮਰਨ ਅਭਿਆਸ ਵੱਲ ਦਿੱਤਾ। ਨਾਲ ਹੀ ਉਨਾਂ ਮੱਲ ਅਖਾੜੇ ਅਰੰਭ ਦਿੱਤੇ। ਅੱਜ ਮੱਲ ਅਖਾੜੇ ਘੋਲ ਦੇ ਰੂਪ ਵਿਚ ਦੁਨੀਆਂ ਭਰ ਵਿਚ ਪ੍ਰਚਲਿਤ ਹਨ।

ਗੁਰੂ ਅੰਗਦ ਦੇਵ ਤੋਂ ਬਾਅਦ ਗੁਰੂ ਅਮਰਦਾਸ ਨੇ ਵੀ ਧਿਆਨ, ਸਿਮਰਨ ਨੂੰ ਮੁੱਖ ਰੱਖਿਆ ਤੇ ਮਲ ਅਖਾੜੇ ਦੀ ਵਿਰਾਸਤ ਨੂੰ ਸੰਭਾਲਿਆ। ਉਨ੍ਹਾਂ ਆਪਣੀ ਬਾਣੀ ਅਤੇ ਉਪਦੇਸ਼ਾਂ ਦੁਆਰਾ ਇਹ ਯਕੀਨੀ ਬਣਾਇਆ ਕਿ ਜਿਸ ਤਰ੍ਹਾਂ ਮੱਲ ਯੁੱਧ ਕਰਦਿਆਂ ਯੋਧਿਆਂ ਦਾ ਪਸੀਨਾ ਨਿਕਲਦਾ ਹੈ, ਉਸੇ ਤਰ੍ਹਾਂ ਸਿਮਰਨ ਕਰਦਿਆਂ ਮਨ ਵਿਚ ਘਰ ਕੀਤੀਆਂ ਸਮਾਜਿਕ ਕੁਰੀਤੀਆਂ ਨਿਕਲ ਜਾਣੀਆਂ ਚਾਹੀਦੀਆਂ ਹਨ।

ਗੁਰੂ ਅਮਰਦਾਸ ਤੋਂ ਬਾਅਦ ਗੁਰੂ ਰਾਮਦਾਸ ਨੇ ਸੰਗਤ ਦੀ ਮਹੱਤਤਾ ਨੂੰ ਸਮਝਦਿਆਂ ਗੁਰੂ ਸਾਹਿਬ ਨੇ ਸਰਾਵਾਂ ਅਤੇ ਧਰਮ ਮੰਦਰਾਂ ਦੀ ਉਸਾਰੀ ਦਾ ਕਾਰਜ ਅਰੰਭਿਆ। ਇਸੇ ਕਾਰਜ ਤਹਿਤ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵੀ ਆਰੰਭ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਲਾਇਆ ਜੋ ਅੰਤਰ ਦਰਸ਼ਨ ਅਤੇ ਸ਼ਸਤਰ ਵਿਦਿਆ, ਦੋਵਾਂ ਦੇ ਧਨੀ ਸਨ। ਫਿਰ ਗੁਰੂ ਅਰਜਨ ਦੇਵ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤਾਂ ਜੋ ਹਰ ਸਮੇਂ ਹਰ ਵਰਗ ਦਾ ਮਨੁੱਖ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਆਪਣਾ ਜੀਵਨ ਸੁਧਾਰ ਸਕੇ।

ਦੂਸਰੇ ਪਾਸੇ ਗੁਰੂ ਸਾਹਿਬ ਨੇ ਸਿੱਖਾਂ ਨੂੰ

ਮਨਿੰਦਰਜੀਤ ਸਿੰਘ ਪੁਰੇਵਾਲ

ਧਿਆਨ ਕੇਂਦ੍ਰਿਤ ਕਰਨਾ ਸਿੱਖਾਇਆ। ਗੁਰੂ ਹਰਿਗੋਬਿੰਦ ਨੇ ਬਚਪਨ ਤੋਂ ਹੀ ਬਾਬਾ ਬੁੱਢਾ ਜੀ ਪਾਸੋਂ ਸ਼ਸਤਰ ਵਿਦਿਆ ਪ੍ਰਾਪਤ ਕੀਤੀ, ਪਰ ਪਿਤਾ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਨਵੇਂ ਸਿਧਾਂਤ ਨੂੰ ਸਿਰਜਣ ਲਈ ਪ੍ਰੇਰਿਆ। ਉਨ੍ਹਾਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਵਕਤ ਦੀ ਹਕੂਮਤ ਨਾਲ ਜੰਗ ਦਾ ਐਲਾਨ ਕੀਤਾ ਕਿਉਂਕਿ ਜ਼ਾਲਮ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਗੁਰੂ ਹਰਿਗੋਬਿੰਦ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰ ਕੇ ਹੁਕਮਰਾਨਾਂ ਨੂੰ ਸਾਵਧਾਨ ਕਰ ਦਿੱਤਾ ਸੀ ਕਿ ਹੁਣ ਤੋਂ ਸੰਤ ਦੀ ਰਾਖੀ ਸੰਤ ਦੀ ਤੇਗ ਹੀ ਕਰੇਗੀ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਨੇ ਸੰਤ ਦੇ ਹੱਥ ਵਿਚ ਤੇਗ ਦੇ ਕੇ ਉਸ ਦੇ ਅੰਦਰ ਬੀਰ ਰਸ (ਜੋਸ਼) ਭਰ ਦਿੱਤਾ। ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖਤ ਦੇ ਸਾਹਮਣੇ ਗੱਤਕਾ ਸਿੱਖਲਾਈ ਦਿੱਤੀ ਜਾਂਦੀ ਅਤੇ ਮੁਕਾਬਲੇ ਵੀ ਕਰਵਾਏ ਜਾਂਦੇ ਰਹੇ।

ਫਿਰ ਗੁਰੂ ਹਰਿ ਰਾਇ ਅਤੇ ਗੁਰੂ ਹਰਿਕ੍ਰਿਸ਼ਨ ਨੇ ਕੇਵਲ ਗੁਰਮਤਿ ਨਾਲ ਜੁੜ ਕੇ ਧਿਆਨ ਸਿਮਰਨ ਕਰਨ ਵੱਲ ਪ੍ਰੇਰਿਆ। ਗੁਰੂ ਹਰਿਕ੍ਰਿਸ਼ਨ ਤੋਂ ਬਾਅਦ, ਤੇਗ ਦੇ ਧਨੀ ਗੁਰੂ ਤੇਗ ਬਹਾਦਰ ਨੇ ਸ਼ਾਂਤਮਈ ਢੰਗ ਨਾਲ ਹਕੂਮਤ ਦੇ ਜ਼ੁਲਮ ਦਾ ਵਿਰੋਧ ਕੀਤਾ ਅਤੇ ਸ਼ਹਾਦਤ ਦਿੱਤੀ। ਇਸੇ ਤਰ੍ਹਾਂ ਕਰ ਕੇ ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਇਹ ਸਿੱਖਿਆ ਦਿੱਤੀ ਕਿ ਜਦੋਂ ਤੱਕ ਹਰ ਹੀਲਾ ਖਤਮ ਨਾ ਹੋ ਜਾਵੇ ਉਦੋਂ ਤੱਕ ਤਲਵਾਰ ਦਾ ਸਹਾਰਾ ਨਹੀਂ ਲੈਣਾ। ਗੁਰੂ ਗੋਬਿੰਦ ਸਿੰਘ ਨੇ ਵੀ ਇਹ ਰਸਤਾ ਹੀ ਅਪਣਾਇਆ ਕਿਉਂਕਿ ਜ਼ਾਲਮ ਦਾ ਜ਼ੁਲਮ ਹਦ ਤੋਂ ਪਾਰ ਹੋ ਚੁੱਕਾ ਸੀ ਤੇ ਉਸ ਨੂੰ ਰੋਕਣ ਦਾ ਹਰ ਹੀਲਾ ਵੀ ਬੇਕਾਰ ਹੋ ਗਿਆ ਸੀ। ਇਸ ਲਈ ਗੁਰੂ ਸਾਹਿਬ ਨੇ ਜ਼ਾਲਮ ਨਾਲ ਸਿੱਧੀ ਟੱਕਰ ਲਈ। ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਮ ਲਿਖੀ ਆਪਣੀ ਫ਼ਤਹਿ ਦੀ ਚਿੱਠੀ 'ਜ਼ਫ਼ਰਨਾਮਾ' ਵਿਚ ਇਹ ਲਿਖ ਕੇ ਸਾਬਿਤ ਕੀਤਾ ਕਿ ਉਨ੍ਹਾਂ ਨੇ ਮਜਬੂਰਨ ਤੇਗ ਚੁੱਕੀ ਹੈ ਕਿਉਂਕਿ ਹੁਕਮਰਾਨ ਨੇ ਹੋਰ ਕੋਈ ਰਸਤਾ ਹੀ ਨਹੀਂ ਛੱਡਿਆ।

ਸਿੱਖ ਸਮਾਜ ਦੇ ਨਾਲ ਨਾਲ ਇਹ ਸਿੱਖਿਆ ਹੌਲੀ-ਹੌਲੀ ਹੋਰ ਵਰਗਾਂ ਨੂੰ ਵੀ ਪ੍ਰਭਾਵਿਤ ਕਰਨ ਲੱਗ ਗਈ। ਪੁਲਿਸ ਅਤੇ ਫੌਜ ਵਿਚ ਭਰਤੀ ਹੋਣ ਸਮੇਂ ਘੋੜਸਵਾਰੀ ਦੇ ਨਾਲ-ਨਾਲ ਬਹੁਤ ਸਾਰੇ ਅਹੁਦਿਆਂ ਦੀ ਨਿਯੁਕਤੀ ਲਈ ਗੱਤਕੇਬਾਜ਼ ਨੂੰ ਪਹਿਲ ਦਿੱਤੀ ਜਾਂਦੀ ਸੀ। ਕਈ ਘਰਾਣਿਆਂ ਵਿਚ ਤਾਂ ਬਹੁਤ ਛੋਟੀ ਉਮਰ ਵਿਚ ਹੀ ਬੱਚਿਆਂ ਨੂੰ ਗੱਤਕਾ ਖੇਡਣ ਦੀ ਜਾਂਚ ਸਿੱਖਾਈ ਜਾਂਦੀ ਸੀ। ਜਿਸ ਥਾਂ 'ਤੇ ਗੱਤਕੇ ਦੀ ਸਿੱਖਿਆ ਦਿੱਤੀ ਜਾਂਦੀ, ਉਸ ਨੂੰ 'ਅਖਾੜਾ' ਕਿਹਾ ਜਾਂਦਾ ਸੀ। ਸਿੱਖਣ ਵਾਲਿਆਂ ਲਈ ਸਮੇਂ ਦੀ ਪਾਬੰਦੀ, ਜਗ੍ਹਾ ਦੀ ਪਾਬੰਦੀ ਅਤੇ ਰਹਿਤ ਦੀ ਪਾਬੰਦੀ ਕਰਨੀ ਅਤਿ ਜ਼ਰੂਰੀ ਸਮਝੀ ਜਾਂਦੀ ਸੀ। ਹੌਲੀ-ਹੌਲੀ ਇਕ ਅਖਾੜੇ ਤੋਂ ਕਈ ਅਖਾੜੇ ਪਿੰਡਾਂ ਕਸਬਿਆਂ ਵਿਚ ਸਥਾਪਿਤ ਹੋਣ ਲੱਗੇ ਅਤੇ ਫਿਰ ਇਨ੍ਹਾਂ ਅਖਾੜਿਆਂ ਵਿਚ ਆਪਸੀ ਮੁਕਾਬਲੇ ਵੀ ਕਰਵਾਏ ਜਾਂਦੇ। ਸਿੱਖ ਮਿਸਲਾਂ ਦੀ ਹੋਂਦ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੱਕ ਅਜਿਹਾ ਹੁੰਦਾ ਰਿਹਾ।

ਇਸ ਖੇਡ ਵਿਚ ਮੁੱਖ ਰੂਪ ਵਿਚ ਦੋ ਪੱਖਾਂ ਵਿਚ ਨਿਪੁੰਨਤਾ ਹਾਸਲ ਕਰਨੀ ਜ਼ਰੂਰੀ ਹੈ- ਪਹਿਲਾ ਤਾਂ ਆਪਣੇ ਵਿਰੋਧੀ ਦਾ ਹਮਲਾ ਰੋਕਣਾ ਅਤੇ ਦੂਜਾ ਵਿਰੋਧੀ 'ਤੇ ਹਮਲਾ ਕਰਨਾ। ਗੱਤਕਾ ਖੇਡਣ ਲਈ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹਥਿਆਰ ਵਰਤੇ ਜਾਂਦੇ ਹਨ। ਹਮਲਾ ਕਰਨ ਲਈ ਗੱਤਕਾ ਸੋਟੀ ਜਾਂ ਤਲਵਾਰ ਅਤੇ ਹਮਲਾ ਰੋਕਣ ਲਈ ਢਾਲ ਹੁੰਦੀ ਹੈ। ਗੱਤਕਾ ਇਕ ਮੀਟਰ (39 ਇੰਚ) ਦੇ ਕਰੀਬ ਲੰਬਾ ਡੰਡਾ ਹੁੰਦਾ ਹੈ। ਇਸ ਦੇ ਇਕ ਸਿਰੇ 'ਤੇ ਹੱਥ ਦੀ ਚੰਗੀ ਪਕੜ ਅਤੇ ਸੁਰੱਖਿਆ ਲਈ ਗੱਦੀ ਲਗਾਈ ਹੁੰਦੀ ਹੈ। ਢਾਲ ਲੱਕੜ ਜਾਂ ਲੋਹੇ ਦੀ ਬਣੀ ਹੁੰਦੀ ਹੈ, ਜਿਸ ਦੇ ਅੰਦਰਲੇ ਪਾਸੇ ਫੜਨ ਲਈ ਮਜ਼ਬੂਤ ਕੁੰਡੀ ਲੱਗੀ ਹੁੰਦੀ ਹੈ। ਸ਼ੁਰੂ ਵਿਚ ਗੱਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਕੁਝ ਮੁਹਾਰਤ ਹਾਸਲ ਕਰ ਲੈਣ ਤੋਂ ਬਾਅਦ ਤਲਵਾਰ ਅਤੇ ਕਈ ਹੋਰ ਮੁੱਖ ਹਥਿਆਰਾਂ-ਖੰਡਾ (ਦੋ ਧਾਰੀ ਤਲਵਾਰ), ਤਵਰ (ਕੁਹਾੜਾ), ਬਰਛਾ, ਚੱਕਰ, ਨੇਜਾ ਅਤੇ ਜਾਲ ਨਾਲ ਸਿੱਖਲਾਈ ਦਿੱਤੀ ਜਾਂਦੀ ਹੈ।



ਆਜ਼ਾਦੀ ਤੋਂ ਬਾਅਦ ਖਾਸ ਤੌਰ 'ਤੇ ਇਸ ਸਿੱਖਿਆ ਵੱਲ ਲੋਕਾਂ ਦਾ ਧਿਆਨ ਹੌਲੀ-ਹੌਲੀ ਘਟਦਾ ਚਲਾ ਗਿਆ, ਕਿਉਂਕਿ ਤਲਵਾਰਾਂ, ਨੇਜੇ, ਬਰਛੇ, ਖੰਡੇ ਅਤੇ ਤੀਰ ਕਮਾਨ ਦੀ ਜਗ੍ਹਾ ਬੰਦੂਕਾਂ, ਪਿਸਤੌਲਾਂ, ਰਿਵਾਲਵਰਾਂ, ਰਾਕਟਾਂ, ਲਾਂਚਰਾਂ, ਮਿਜ਼ਾਈਲਾਂ ਅਤੇ ਪਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾਣ ਲੱਗੀ। ਕੁਝ ਸਮਾਂ ਪਹਿਲਾਂ ਜੇ ਇੱਕ ਦਹਾਕਾ ਪਹਿਲਾਂ ਦੀ ਗੱਲ ਨਾ ਕਰੀਏ ਤਾਂ ਉਸ ਤੋਂ ਪਹਿਲਾਂ ਇਹ ਖੇਡ ਨਿਹੰਗ ਸਿੰਘਾਂ ਅਤੇ ਅਜਿਹੇ ਕੁਝ ਹੋਰ ਸਮੂਹਾਂ ਤਕ ਹੀ ਸੀਮਿਤ ਰਹਿ ਗਈ ਸੀ। ਮੇਲਿਆਂ ਅਤੇ ਨਗਰ ਕੀਰਤਨ ਵਿਚ ਗੱਤਕੇਬਾਜ਼ੀ ਨੂੰ ਰੌਚਕ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਸੀ। ਵੱਖ-ਵੱਖ ਸਮਿਆਂ 'ਤੇ ਗੱਤਕੇ ਨੂੰ ਖੇਡ ਵਜੋਂ ਮਾਨਤਾ ਦਿੱਤੇ ਜਾਣ ਦੀ ਗੱਲ ਤੁਰਦੀ ਰਹੀ ਅਤੇ ਲੁਕਦੀ ਰਹੀ ਹੈ ਪਰ ਪੰਜਾਬ ਸਰਕਾਰ ਨੇ ਇਸ ਵਿਦਿਆ ਅਤੇ ਇਸ ਖੇਡ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਹੈ। ਇਸੇ ਕਾਰਨ ਪਹਿਲਾਂ ਇੰਟਰ ਕਾਲਜ ਅਤੇ ਫਿਰ ਇੰਟਰ ਯੂਨੀਵਰਸਿਟੀ ਮੁਕਾਬਲੇ ਕਰਵਾਏ ਜਾਣ ਲੱਗ ਪਏ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਜੂਨ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-330



*ਰੰਗ-ਬਰੰਗੀਆਂ ਵੰਗਾਂ ਦਾ, ਹੈ ਲਗਿਆ ਪਿਆ ਭੰਡਾਰ।*
*ਵਿਆਹੀਆਂ ਅਤੇ ਕਵਾਰੀਆਂ ਦਾ ਮਨਭਾਉਂਦਾ ਸ਼ਿੰਗਾਰ!*

## ਕੈਪਸ਼ਨ ਮੁਕਾਬਲਾ-328



ਸਾਝਰੇ ਮਾਹੀ ਟੁਰ ਜਾਂਦੇ
ਗੋਰੀ ਭੱਤਾ ਲੈ ਖੇਤੀਂ ਜਾਣਾ।
ਚੌਂਕਾ-ਚੁਲ੍ਹਾ ਤੇ ਪੱਠਾ-ਦੱਥਾ
ਸੁਆਣੀ ਦਾ ਕੰਮ ਪੁਰਾਣਾ।
ਰੋਟੀ ਚੁੱਕ ਲੱਸੀ ਦਾ ਗੜਵਾ
ਵੱਟ 'ਤੇ ਲੱਕ ਲਚਕਾਣਾ।
ਅੱਖਾਂ 'ਚ ਪਿਆਰ ਛਲਕਣਾ
ਜਦੋਂ ਦੋਹਾਂ ਨੇ ਮੁਸਕਾਣਾ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਚਲ ਸੱਜਣਾ ਕਿਸੇ ਐਸੀ ਥਾਂ ਚੱਲੀਏ
ਜਿੱਥੇ ਬੰਦਿਸ਼ਾਂ ਵਿਚ ਨਾ ਪਿਆਰ ਹੋਵੇ।
ਲੁਕ ਛਿਪ ਕੇ ਜਿੱਥੇ ਪਵੇ ਨਾ ਮਿਲਣਾ
ਹਰ ਕੋਈ ਪ੍ਰੀਤਾਂ ਦਾ ਪਹਿਰੇਦਾਰ ਹੋਵੇ।
'ਪ੍ਰੀਤ ਨਗਰੀ' ਜਾ ਕੇ ਨਾਂ ਰੱਖ ਲਈਏ
ਜਿੱਥੇ ਮੁਹੱਬਤਾਂ ਦੀ ਖਿੜੀ ਗੁਲਜ਼ਾਰ ਹੋਵੇ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਤੂੰ ਮੁੜ ਚੱਲੀ ਭੱਤਾ ਦੇ ਕੇ
ਮੈਂ ਤਾਂ ਝੁੱਡੂ ਬਣ ਕੇ ਰਹਿ ਗਿਆ।
ਨਾਲ ਪਿਆਰ ਦੇ ਆਈ ਤੂੰ ਤਾਂ
ਮੈਂ ਮੋਬਾਈਲ ਦੇ ਪੰਗੇ 'ਚ ਪੈ ਗਿਆ।
ਲਾਹ ਕੇ ਜੁੱਤੀ ਪਿੱਛੇ ਭੱਜਿਆ
'ਜਰੂਰੀ ਗੱਲ' ਤਾਂ ਕਰਨੋਂ ਰਹਿ ਗਿਆ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ, ਲੁਧਿਆਣਾ***
***ਫੋਨ: 91-98783-37222***

ਖੇਤੋਂ ਮੁੜਦਿਆਂ ਦੋਵੇਂ ਇਕੱਲੇ
ਫਿਕਰ ਲੂਣ, ਤੇਲ ਦਾ ਭੁੱਲੇ।
ਸੋਨੇ ਦੇ ਝੁਮਕੇ ਮੰਗ ਹੀ ਵੇਖਾਂ
ਗੱਲ ਕਰਦੀ ਦਾ ਹਾਸਾ ਡੁੱਲ੍ਹੇ।
ਕੈਮਰੇ ਦੀ ਅੱਖ ਕਰ ਗਈ ਜਾਸੂਸੀ
ਕੀਤੇ ਕੈਦ ਇਹ ਪਲ ਅਣਮੁੱਲੇ।

***-ਦਵਿੰਦਰ ਕੌਰ***

---

ਆਸ਼ਕ ਹਰ ਕੋਈ ਬਣਿਆ ਫਿਰਦਾ
ਸੱਚਾ ਇਸ਼ਕ ਕੋਈ ਨਾ ਕਰਦਾ।
ਜੁੱਤੀ ਕੱਢ ਕੇ ਹੱਥ ਫੜ੍ਹੀ
ਜਿਵੇਂ ਭੱਜਣ ਦੀ ਤਿਆਰੀ
ਨਾਲੇ ਛਿੱਤਰਾਂ ਤੋਂ ਡਰਦਾ।
ਮੀਡੀਆ ਸਾਧਨ ਵੀ ਤੇਜ ਹੋ ਗਿਆ
ਫੋਟੋ ਖਿੱਚ, ਸਬੂਤ ਮੂਹਰੇ ਧਰਦਾ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਭਾਬੀ ਰੋਟੀ ਦੇ ਕੇ ਆਈ ਖੇਤ 'ਚ
ਦਿਓਰ ਟੱਕਰਿਆ ਮਾਹੌਲ ਦੇਖ ਕੇ।
ਤਹਿ ਦਿਲੋਂ ਦੁਖੜੇ ਸੁਣਾਵੇ
ਮੇਰੇ ਵਾਸਤੇ ਵੀ ਰਿਸ਼ਤਾ ਦੇਖ ਦੇਹ।
ਔਂਝੜੀਂ ਪਏ ਦੀ ਜ਼ਿੰਦਗੀ ਬਣ ਜੂ
ਅਰਮਾਨ ਤੈਨੂੰ ਰਹਿਣਗੇ ਮੱਥੇ ਟੇਕਦੇ।

***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਭੱਤਾ ਲੈ ਕੇ ਜਾ ਰਹੀ ਖੇਤ ਨੂੰ
ਰਾਹ ਭੁੱਲੀ ਅੱਖਾਂ ਹੋਈਆਂ ਚਾਰ ਜਦ।
ਹੋ ਗਏ ਦੋਵੇਂ ਨਿੰਮੋਝੂਣੇ
ਭੌਰਾ ਵੀ ਖਿੱਚਿਆ ਆਇਆ
ਦੇਖ ਖੂਬਸੂਰਤੀ ਗੁਲਾਬ ਦੀ।
ਪੈਰ ਵੀ ਗੱਡੇ ਗਏ
ਖੁੱਭ ਗਏ ਗੱਲਾਂ 'ਚ।
ਸਮਾਜਕ ਸਾਂਝ ਹੈ
ਜਾਂ ਕੋਈ ਇਸ਼ਕ ਮਟੱਕਾ?
ਸਮਾਜ ਵੀ ਬੜਾ ਸ਼ੱਕੀ
ਹੱਸ ਹੱਸ ਕੀਤੀਆਂ ਗੱਲਾਂ
ਚੜ੍ਹ ਗਈਆਂ ਨਿਗਾਹਾਂ 'ਚ
ਲਾਹ ਫੋਟੋ ਨਸ਼ਰ ਕੀਤੀ ਚੁਗਲਖੋਰ ਨੇ
ਵੱਢ ਵਢਾਂਗਾ ਹੋ ਜਾਂਦਾ ਨਿੱਕੀ ਗੱਲੇ,
ਕੌਣ ਦਿਲਾਂ ਦੀਆਂ ਜਾਣੇ!

***-ਦਰਸ਼ਨਪਾਲ ਦੋਸਾਂਝ***
***darshanpaldo@aol.com***

**Punjab Times Ph: 847-359-0746**
*Visit us on the web:wwwpunjabtimesusa.com*

# ਮੋਦੀ ਸਰਕਾਰ ਗੰਨਾ ਕਾਸ਼ਤਕਾਰਾਂ ਨੂੰ ਖੁਸ਼ ਕਰਨ ਦੇ ਰੌਂਅ ਵਿਚ

**ਨਵੀਂ ਦਿੱਲੀ:** ਮੋਦੀ ਸਰਕਾਰ ਕਮਾਦ ਦੇ ਕਾਸ਼ਤਕਾਰਾਂ ਦੀ ਨਾਰਾਜ਼ਗੀ ਦੂਰ ਕਰਨ ਦੇ ਰੌਂਅ ਵਿਚ ਹੈ। ਇਸੇ ਲਈ ਉਸ ਨੇ ਖੰਡ ਮਿੱਲਾਂ ਲਈ ਸੱਤ ਹਜ਼ਾਰ ਕਰੋੜ ਰੁਪਏ ਦਾ ਪੈਕੇਜ ਐਲਾਨਿਆ ਹੈ। ਕੇਂਦਰ ਦੇ ਇਸ ਐਲਾਨ ਤੋਂ ਬਾਅਦ ਪੰਜਾਬ ਦੇ ਗੰਨਾ ਕਿਸਾਨਾਂ ਨੂੰ 876.43 ਕਰੋੜ ਦੀ ਮਦਦ ਮੁਹੱਈਆ ਕਰਵਾਈ ਜਾਵੇਗੀ, ਜਿਸ ਵਿਚ ਸੂਬੇ ਦੀਆਂ ਸਹਿਕਾਰੀ ਖੰਡ ਮਿੱਲਾਂ ਦੇ ਕਿਸਾਨਾਂ ਲਈ 298.43 ਕਰੋੜ ਰੁਪਏ ਅਤੇ 7 ਨਿੱਜੀ ਖੰਡ ਮਿੱਲਾਂ ਦੇ ਕਿਸਾਨਾਂ ਦਾ 578 ਕਰੋੜ ਰੁਪਏ ਸ਼ਾਮਲ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ। ਬੈਠਕ ਤੋਂ ਬਾਅਦ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਇਸ 8500 ਕਰੋੜ ਦੇ ਪੈਕੇਜ ਵਿਚ 1175 ਕਰੋੜ ਰੁਪਏ ਖੰਡ ਮਿੱਲਾਂ ਵਿਚ ਸਟਾਕ ਰੱਖਣ ਦੇ ਇਵਜ਼ 'ਚ ਦਿੱਤੇ ਜਾਣਗੇ।

ਭਾਜਪਾ ਨੂੰ ਗੰਨਾ ਕਾਸ਼ਤਕਾਰਾਂ ਦੀ ਸਾਰ ਲੈਣ ਦੀ ਸੁਰਤ, ਕੈਰਾਨਾ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਹਾਰ ਤੋਂ ਬਾਅਦ ਆਈ ਹੈ। ਇਸ ਜ਼ਿਮਨੀ ਚੋਣ ਦੌਰਾਨ ਗੰਨੇ ਦੇ ਬਕਾਇਆਂ ਦਾ ਮਾਮਲਾ ਚੋਣ ਮੁੱਦਾ ਬਣਿਆ ਰਿਹਾ। ਉਤਰ ਪ੍ਰਦੇਸ਼ ਵਿਚ ਪਿਛਲੇ ਸਵਾ ਕੁ ਸਾਲ ਤੋਂ ਕਿਉਂਕਿ ਭਾਜਪਾ ਦੀ ਹਕੂਮਤ ਹੈ, ਇਸ ਲਈ ਤੋੜਾ ਉਸ ਉਤੇ ਚੜ੍ਹਨਾ ਸੁਭਾਵਿਕ ਹੀ ਸੀ। ਉਤਰ ਪ੍ਰਦੇਸ਼ ਤੇ ਮਹਾਰਾਸ਼ਟਰ ਦੋ ਅਜਿਹੇ ਰਾਜ ਹਨ ਜਿਨ੍ਹਾਂ ਦੀ ਸਿਆਸੀ ਆਰਥਿਕਤਾ ਵਿਚ ਖੰਡ ਮਿੱਲਾਂ ਦਾ ਭਰਵਾਂ ਯੋਗਦਾਨ ਹੈ। ਮੋਦੀ ਸਰਕਾਰ ਕਿਸਾਨੀ ਨੂੰ ਸਬਜ਼ ਬਾਗ ਦਿਖਾ ਕੇ ਹੀ ਕੇਂਦਰੀ ਸੱਤਾ ਵਿਚ ਆਈ ਸੀ। ਪੰਜ ਸਾਲਾਂ ਵਿਚ ਦਿਹਾਤੀ ਘਰਾਂ ਦੀ ਆਮਦਨ ਦੁੱਗਣੀ ਕਰਨ ਦੇ ਉਸ ਦੇ ਨਾਅਰਿਆਂ ਨੇ ਦੇਸ਼ ਦੀ ਕਿਸਾਨੀ ਦੇ ਇਕ ਵੱਡੇ ਵਰਗ ਨੂੰ ਉਸ ਦੇ ਭਰਮ-ਜਾਲ ਵਿਚ ਫਸਾਇਆ। ਹੁਣ ਉਹ ਭਰਮ ਟੁੱਟ ਚੁੱਕਾ ਹੈ ਅਤੇ ਇਸੇ ਕਾਰਨ ਮੋਦੀ ਸਰਕਾਰ ਨੂੰ ਮਿੱਠੀਆਂ ਗੋਲੀਆਂ ਢੂੰਡਣੀਆਂ ਪੈ ਰਹੀਆਂ ਹਨ।

ਕੈਰਾਨਾ ਤੇ ਜ਼ਿਮਨੀ ਚੋਣਾਂ ਦੇ ਹੋਰ ਨਤੀਜਿਆਂ ਨੇ ਮੋਦੀ ਸਰਕਾਰ ਨੂੰ ਅਹਿਸਾਸ ਕਰਾ ਦਿੱਤਾ ਹੈ ਕਿ ਦਿਹਾਤੀ ਅਰਥਚਾਰੇ ਨੂੰ ਸੁਰਜੀਤ ਕੀਤੇ ਬਿਨਾਂ ਉਸ ਨੂੰ 2019 ਦੀਆਂ ਚੋਣਾਂ ਜਿੱਤਣ ਦੀ ਬਹੁਤੀ ਉਮੀਦ ਨਹੀਂ ਕਰਨੀ ਚਾਹੀਦੀ। ਇਸੇ ਲਈ ਉਸ ਨੇ ਕਿਸਾਨ-ਪੱਖੀ ਕਦਮ ਉਲੀਕਣੇ ਸ਼ੁਰੂ ਕੀਤੇ ਹੋਏ ਹਨ। ਇਹ ਵੀ ਚਰਚਾ ਹੈ ਕਿ ਸਰਕਾਰ ਦਾ ਅਗਲਾ ਕਦਮ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨਾ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਖੰਡ ਮਿੱਲਾਂ ਉਤੇ ਕਿਸਾਨਾਂ ਦਾ 22,000 ਕਰੋੜ ਰੁਪਏ ਬਕਾਇਆ ਹੈ। ਇਸ ਸਾਲ ਖੰਡ ਦੇ ਉਤਪਾਦਨ ਵਿਚ ਕਾਫੀ ਵਾਧਾ ਹੋਣ ਕਾਰਨ ਖੰਡ ਦੀਆਂ ਕੀਮਤਾਂ 'ਚ ਭਾਰੀ ਕਮੀ ਆਈ ਹੈ। ਮਾਲੀ ਨੁਕਸਾਨ ਹੋਣ ਕਾਰਨ ਖੰਡ ਮਿੱਲਾਂ ਕਿਸਾਨਾਂ ਦਾ ਬਕਾਇਆ ਅਦਾ ਨਹੀਂ ਕਰ ਪਾ ਰਹੀਆਂ। ਸਿਰਫ ਉਤਰ ਪ੍ਰਦੇਸ਼ 'ਚ ਹੀ ਗੰਨਾ ਕਿਸਾਨਾਂ ਦਾ 13 ਹਜ਼ਾਰ ਕਰੋੜ ਤੋਂ ਵੱਧ ਬਕਾਇਆ ਹੈ, ਜਦਕਿ ਮਹਾਰਾਸ਼ਟਰ ਅਤੇ ਕਰਨਾਟਕ ਦੇ ਕਿਸਾਨਾਂ ਦਾ ਵੀ ਤਕਰੀਬਨ 3-3 ਹਜ਼ਾਰ ਕਰੋੜ ਰੁਪਏ ਬਕਾਇਆ ਹੈ। ਹਲਕਿਆਂ ਮੁਤਾਬਕ 2019 ਦੀਆਂ ਚੋਣਾਂ ਤੋਂ ਪਹਿਲਾਂ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਦਾ ਅਸਰ ਖਾਸ ਤੌਰ 'ਤੇ ਮਹਾਰਾਸ਼ਟਰ ਅਤੇ ਉਤਰ ਪ੍ਰਦੇਸ਼ ਦੀਆਂ ਉਨ੍ਹਾਂ 50 ਸੀਟਾਂ ਉਤੇ ਪਵੇਗਾ, ਜਿਥੇ ਕਿਸਾਨਾਂ ਦੇ ਵੋਟ ਅਸਰ ਪਾਉਂਦੇ ਹਨ।

## ਗੈਂਗਸਟਰ ਸੰਪਤ ਨਹਿਰਾ ਗ੍ਰਿਫਤਾਰ

**ਚੰਡੀਗੜ੍ਹ:** ਹਰਿਆਣਾ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੇ ਹੱਤਿਆ, ਅਗਵਾ ਅਤੇ ਸੁਪਾਰੀ ਲੈ ਕੇ ਕਤਲ ਕਰਨ ਦੇ ਦੋ ਦਰਜਨ ਕੇਸਾਂ ਵਿਚ ਲੋੜੀਂਦੇ ਗੈਂਗਸਟਰ ਸੰਪਤ ਨਹਿਰਾ (28) ਨੂੰ ਹੈਦਰਾਬਾਦ ਤੋਂ ਗ੍ਰਿਫਤਾਰ ਕੀਤਾ ਹੈ।

ਨਹਿਰਾ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹੈ ਤੇ ਉਸ ਖਿਲਾਫ਼ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਚੰਡੀਗੜ੍ਹ ਵਿਚ ਕਈ ਕੇਸ ਦਰਜ ਹਨ। ਇਹ ਬਿਸ਼ਨੋਈ ਗੈਂਗ ਦਾ ਸ਼ੂਟਰ ਸੀ ਤੇ ਵਿਦਿਆਰਥੀ ਸਿਆਸਤ ਵਿਚ ਸਰਗਰਮ ਸੀ।

## ਯੂ.ਏ.ਈ. 'ਚ ਪੰਜਾਬੀ ਨੂੰ ਗੁਆਉਣੇ ਪਏ ਹੱਥ-ਪੈਰ

**ਦੁਬਈ:** ਪੰਜਾਬੀ ਗੁਰਬਿੰਦਰ ਸਿੰਘ (42) ਨੂੰ ਕੰਮ ਦੌਰਾਨ ਲੱਗੀ ਸੱਟ ਮਗਰੋਂ ਆਪਣੇ ਹੱਥ-ਪੈਰ ਗੁਆਉਣੇ ਪੈ ਗਏ ਹਨ। ਉਹ 2013 ਤੋਂ ਕੰਪਨੀ ਵਿਚ ਕਰੇਨ ਉਪਰੇਟਰ ਦੀ ਨੌਕਰੀ ਕਰ ਰਿਹਾ ਸੀ ਪਰ 24 ਫਰਵਰੀ ਨੂੰ ਕੰਮ ਕਰਦਿਆਂ ਲੱਗੀ ਸੱਟ ਮਗਰੋਂ ਉਸ ਨੂੰ ਗੈਂਗਰੀਨ ਹੋ ਗਿਆ ਅਤੇ ਹੱਥ-ਪੈਰ ਕੱਟਣੇ ਪਏ। ਹੁਣ ਉਹ ਪਤਨੀ ਰਾਜਵਿੰਦਰ ਕੌਰ ਨਾਲ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ ਤਾਂ ਜੋ ਭਵਿੱਖ ਲਈ ਕੁਝ ਜੁਗਾੜ ਹੋ ਸਕੇ।

# 'ਇਕ ਪੱਟੀ ਇਕ ਸੜਕ' ਪ੍ਰਾਜੈਕਟ ਖਿਲਾਫ ਡਟਿਆ ਭਾਰਤ

**ਕਿੰਗਦਾਓ:** ਅੱਠ ਮੁਲਕਾਂ ਦੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਵਿਚ ਭਾਰਤ ਇਕਲੌਤਾ ਮੁਲਕ ਰਿਹਾ ਜਿਸ ਨੇ ਚੀਨ ਦੀ ਮਨ ਇੱਛਤ ਪੱਟੀ ਅਤੇ ਸੜਕ ਪਹਿਲ (ਬੀ.ਆਰ.ਆਈ.) ਦਾ ਵਿਰੋਧ ਕੀਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਕਿ ਕਿਸੇ ਵੀ ਜੋੜਨ ਵਾਲੇ ਵੱਡੇ ਪ੍ਰੋਜੈਕਟ ਨੂੰ ਮੁਲਕਾਂ ਦੀ ਖੁਦਮੁਖਤਿਆਰੀ ਅਤੇ ਇਲਾਕਾਈ ਅਖੰਡਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਦੋ ਦਿਨੀਂ ਸਿਖਰ ਸੰਮੇਲਨ ਦੀ ਸਮਾਪਤੀ ਉਤੇ ਸ੍ਰੀ ਮੋਦੀ ਸਮੇਤ ਸ਼ੰਘਾਈ ਸਹਿਯੋਗ ਸੰਗਠਨ ਦੇ ਆਗੂਆਂ ਨੇ ਐਲਾਨਨਾਮੇ ਉਤੇ ਦਸਤਖਤ ਕੀਤੇ। ਉਂਜ ਰੂਸ, ਪਾਕਿਸਤਾਨ, ਕਜ਼ਾਖ਼ਸਤਾਨ, ਉਜ਼ਬੇਕਿਸਤਾਨ, ਕਿਰਗਿਜ਼ਸਤਾਨ ਅਤੇ ਤਾਜਿਕਿਸਤਾਨ ਨੇ ਚੀਨ ਦੀ ਪੱਟੀ ਅਤੇ ਸੜਕ ਪਹਿਲ ਲਈ ਆਪਣੀ ਹਮਾਇਤ ਦਿੱਤੀ। ਆਪਣੇ ਸੰਬੋਧਨ 'ਚ ਸ੍ਰੀ ਮੋਦੀ ਨੇ ਬੀ.ਆਰ.ਆਈ. ਦਾ ਸਿੱਧੇ ਤੌਰ ਉਤੇ ਹਵਾਲਾ ਦਿੰਦਿਆਂ ਭਰੋਸਾ ਦਿੱਤਾ ਕਿ ਭਾਰਤ ਅਜਿਹੇ ਪ੍ਰੋਜੈਕਟਾਂ ਨੂੰ ਹਮਾਇਤ ਦੇਵੇਗਾ ਜੋ ਸਮੁੱਚਤਾ ਨੂੰ ਯਕੀਨੀ ਬਣਾਉਂਦੇ ਹਨ।

ਸ੍ਰੀ ਮੋਦੀ ਨੇ ਕਿਹਾ ਕਿ ਗੁਆਂਢੀ ਮੁਲਕਾਂ ਨਾਲ ਸੰਪਰਕ ਮਾਰਗਾਂ ਰਾਹੀਂ ਜੁੜਨਾ ਭਾਰਤ ਦੀ ਪ੍ਰਾਥਮਿਕਤਾ ਹੈ। ਅਸੀਂ ਉਨ੍ਹਾਂ ਕੁਨੈਕਟੀਵਿਟੀ ਪ੍ਰੋਜੈਕਟਾਂ ਦਾ ਸਵਾਗਤ ਕਰਾਂਗੇ ਜਿਹੜੇ ਸਥਾਈ ਤੇ ਢੁਕਵੇਂ ਹਨ ਅਤੇ ਜੋ ਮੁਲਕਾਂ ਦੀ ਇਲਾਕਾਈ ਅਖੰਡਤਾ ਤੇ ਖੁਦਮੁਖਤਿਆਰੀ ਦਾ ਸਤਿਕਾਰ ਕਰਦੇ ਹਨ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਪ੍ਰੋਜੈਕਟ ਦਾ ਭਾਰਤ ਸਖਤ ਵਿਰੋਧੀ ਰਿਹਾ ਹੈ ਕਿਉਂਕਿ 50 ਅਰਬ ਡਾਲਰ ਦਾ ਚੀਨ ਪਾਕਿਸਤਾਨ ਆਰਥਿਕ ਲਾਂਘਾ, ਜੋ ਬੀ.ਆਰ.ਆਈ. ਦਾ ਹਿੱਸਾ ਹੈ, ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) 'ਚੋਂ ਗੁਜ਼ਰਦਾ ਹੈ। ਸ੍ਰੀ ਮੋਦੀ ਨੇ ਸ਼ੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਹਾਜ਼ਰੀ 'ਚ ਕਿਹਾ ਕਿ ਕੌਮਾਂਤਰੀ ਉੱਤਰ ਦੱਖਣ ਲਾਂਘਾ ਪ੍ਰੋਜੈਕਟ 'ਚ ਸ਼ਮੂਲੀਅਤ, ਚਾਹਬਹਾਰ ਬੰਦਰਗਾਹ ਦੇ ਵਿਕਾਸ ਅਤੇ ਅਸ਼ਗਾਬਾਤ ਸਮਝੌਤਿਆਂ ਨਾਲ ਭਾਰਤ ਦੀ ਜੋੜਨ ਵਾਲੇ ਪ੍ਰੋਜੈਕਟਾਂ 'ਚ ਵਚਨਬੱਧਤਾ ਦਿਖਾਈ ਦਿੰਦੀ ਹੈ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

ਡਰਾਈਵਰਾਂ ਦੀ ਲੋੜ ਹੈ
61 ਸੈਂਟ ਪ੍ਰਤੀ ਮੀਲ

ਨਵੀਂ ਮਸ਼ੀਨਰੀ
ਸਿਰਫ ਸੋਮਵਾਰ ਤੋਂ ਸ਼ੁੱਕਰਵਾਰ, ਵੀਕਐਂਡ 'ਤੇ ਘਰ
ਯੋਗਤਾਵਾਂ: ਘੱਟੋ ਘੱਟ ਦੋ ਸਾਲ ਦਾ ਤਜਰਬਾ
ਉਮਰ ਘੱਟੋ ਘੱਟ 23 ਸਾਲ
ਸਾਫ ਸੁਥਰਾ ਐਮ. ਵੀ. ਆਰ. ਹੋਵੇ
ਸੰਪਰਕ ਕਰੋ, ਫੋਨ: (219) 307-9515
Drivers Needed
61 Cents Per Mile
New Equipment , Monday to Friday only, Weekend Off
Qualifications: Minimum 2 Years Experience
Age 23, Clean MVR
Ph: (219) 307-9515

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

# ਪ੍ਰਣਬ ਮੁਖਰਜੀ ਮਾਮਲਾ: ਆਰ.ਐਸ.ਐਸ. ਦਾ ਅਸਲ ਮਨਸੂਬਾ

ਰਾਸ਼ਟਰੀ ਸੋਇਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੇ ਕੈਂਪ ਵਿਚ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਜਿਹੜੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸੱਦਾ ਦਿੱਤਾ ਸੀ, ਉਹ ਉਨ੍ਹਾਂ ਉਦੇਸ਼ ਨੂੰ ਹਾਰ ਚੁੱਕੇ ਹਨ। ਇਕ ਪਾਸੇ ਆਰ.ਐਸ.ਐਸ. ਦੀ ਭਾਰਤੀ ਜਨਤਾ ਪਾਰਟੀ ਭਾਰਤ ਨੂੰ ਕਾਂਗਰਸ ਮੁਕਤ ਬਣਾਉਣ ਦਾ ਅਭਿਆਨ ਚਲਾਉਂਦੀ ਹੈ, ਤਾਂ ਦੂਜੇ ਪਾਸੇ ਉਹ ਕਾਂਗਰਸੀਆਂ ਨੂੰ ਭਾਜਪਾ ਵਿਚ ਸ਼ਾਮਿਲ ਕਰਨ ਲਈ ਵੀ ਪ੍ਰੇਰਿਤ ਕਰਦੀ ਹੈ। ਪ੍ਰਣਬ ਮੁਖਰਜੀ ਨੂੰ

**ਉਪੇਂਦਰ ਪ੍ਰਸਾਦ**

ਆਪਣੇ ਕੈਂਪ ਵਿਚ ਬੁਲਾ ਕੇ ਉਹ ਇਸੇ ਮੁਹਿੰਮ ਨੂੰ ਮਜ਼ਬੂਤੀ ਦੇਣਾ ਚਾਹੁੰਦੀ ਸੀ।

ਪ੍ਰਣਬ ਮੁਖਰਜੀ ਕੀ ਹੁਣ ਕਿਸੇ ਪਾਰਟੀ ਵਿਚ ਸ਼ਾਮਿਲ ਹੋਣਗੇ, ਪਰ ਉਨ੍ਹਾਂ ਦੇ ਬੱਚਿਆਂ 'ਤੇ ਭਾਜਪਾ ਦੀ ਨਜ਼ਰ ਜ਼ਰੂਰ ਸੀ। ਸੰਘ ਨੂੰ ਇਹ ਵੀ ਲੱਗਾ ਹੋਵੇਗਾ ਕਿ ਪ੍ਰਣਬ ਮੁਖਰਜੀ ਉਸ ਦੇ ਕੈਂਪ ਵਿਚ ਆ ਕੇ ਉਸ ਨਾਲ ਸਬੰਧਤ ਅਜਿਹੀਆਂ ਗੱਲਾਂ ਕਹਿਣਗੇ ਜਿਸ ਦਾ ਉਸ ਨੂੰ ਰਾਜਨੀਤਕ ਫਾਇਦਾ ਹੋਵੇਗਾ। ਸੰਘ ਆਪਣੇ-ਆਪ ਨੂੰ ਰਾਸ਼ਟਰਵਾਦੀ ਸੰਗਠਨ ਦੱਸਦਾ ਹੈ ਅਤੇ ਪ੍ਰਣਬ ਮੁਖਰਜੀ ਨੂੰ ਇਸੇ ਮਸਲੇ 'ਤੇ ਭਾਸ਼ਣ ਦੇ ਲਈ ਉਥੇ ਬੁਲਾਇਆ ਗਿਆ ਸੀ। ਸੰਘ ਦੇ ਨੇਤਾਵਾਂ ਨੂੰ ਲੱਗ ਰਿਹਾ ਸੀ ਕਿ ਮੁਖਰਜੀ ਉਸ ਦੇ ਰਾਸ਼ਟਰਵਾਦ ਦੀ ਤਾਰੀਫ਼ ਕਰਨਗੇ। ਸੰਘ ਦੇ ਰਾਸ਼ਟਰਵਾਦ ਦੀ ਭੂਮਿਕਾ ਦੀ ਸਰਾਹਨਾ ਕਰਨਗੇ ਪਰ ਅਜਿਹਾ ਕੁਝ ਨਹੀਂ ਹੋਇਆ।

ਪ੍ਰਣਬ ਆਰ.ਐਸ.ਐਸ. ਦੇ ਕੈਂਪ ਵਿਚ ਗਏ। ਰਾਸ਼ਟਰ, ਰਾਸ਼ਟਰਵਾਦ ਅਤੇ ਦੇਸ਼ ਭਗਤੀ 'ਤੇ ਭਾਸ਼ਣ ਵੀ ਦਿੱਤਾ ਪਰ ਉਨ੍ਹਾਂ ਦੇ ਰਾਸ਼ਟਰ, ਰਾਸ਼ਟਰਵਾਦ ਅਤੇ ਦੇਸ਼ ਭਗਤੀ ਲਈ ਦਿੱਤੇ ਗਏ ਭਾਸ਼ਣ ਵਿਚ ਸੰਘ ਕਿਤੇ ਵੀ ਨਹੀਂ ਸੀ। ਸੰਘ ਦੀ ਦੇਸ਼ ਭਗਤੀ ਦਾ ਉਨ੍ਹਾਂ ਨੇ ਕੋਈ ਜ਼ਿਕਰ ਤੱਕ ਨਹੀਂ ਕੀਤਾ। ਸਗੋਂ ਉਨ੍ਹਾਂ ਨੇ ਸੰਘ ਨੂੰ ਦੇਸ਼ ਭਗਤੀ ਦੀ ਅਜਿਹੀ ਪ੍ਰੀਭਾਸ਼ਾ ਦਿੱਤੀ ਜਿਹੜੀ ਉਸ ਨੂੰ ਹਜ਼ਮ ਨਹੀਂ ਹੋਈ ਹੋਵੇਗੀ। ਸੰਘ ਲਈ ਪ੍ਰਣਬ ਮੁਖਰਜੀ ਕੈਂਪ ਵਿਚ ਆਉਂਦੇ ਹੀ ਪ੍ਰਤੀਕੂਲ ਲੱਗ ਰਹੇ ਸਨ। ਕੈਂਪ ਵਿਚ ਬੈਂਡ ਵਾਜੇ ਸਨ ਅਤੇ ਸੋਇਮ ਸੇਵਕਾਂ ਦੀ ਪਰੇਡ ਸੀ। ਪਰੇਡ ਨੇ ਪ੍ਰਣਬ ਮੁਖਰਜੀ ਨੂੰ ਸਲਾਮੀ ਦਿੱਤੀ ਪਰ ਉਨ੍ਹਾਂ ਨੇ ਉਸ ਦੀ ਸਲਾਮੀ ਹੀ ਸਵੀਕਾਰ ਨਹੀਂ ਕੀਤੀ, ਭਾਵ ਜਦੋਂ ਪਰੇਡ ਕਿਸੇ ਨੂੰ ਸਲਾਮ ਕਰਦੀ ਹੈ ਤਾਂ ਬਦਲੇ ਵਿਚ ਉਹ ਵਿਅਕਤੀ ਵੀ ਉਸ ਪਰੇਡ ਵੱਲ ਮੁਖਾਤਿਬ ਹੋ ਕੇ ਸਲਾਮ ਕਰਦਾ ਹੈ। ਪ੍ਰਣਬ ਮੁਖਰਜੀ ਰਾਸ਼ਟਰਪਤੀ ਦੇ ਅਹੁਦੇ 'ਤੇ ਹੁੰਦੇ ਹੋਏ 26 ਜਨਵਰੀ ਅਤੇ ਹੋਰ ਕਈ ਮੌਕਿਆਂ 'ਤੇ ਇਸ ਤਰ੍ਹਾਂ ਦੀ ਸਲਾਮੀ ਲੈਂਦੇ ਅਤੇ ਦਿੰਦੇ ਰਹੇ ਹਨ। ਸੰਘ ਨੇ ਵੀ ਉਨ੍ਹਾਂ ਨੂੰ ਸਲਾਮੀ ਦਿੱਤੀ ਪਰ ਉਨ੍ਹਾਂ ਨੇ ਉਸ ਸਲਾਮੀ ਨੂੰ ਸਵੀਕਾਰ ਨਹੀਂ ਕੀਤਾ। ਇਸ ਨੇ ਵੀ ਸੰਘ ਲਈ ਨਮੋਸ਼ੀ ਪੈਦਾ ਕੀਤੀ ਹੋਵੇਗੀ।

ਅਜਿਹਾ ਕਰਕੇ ਪ੍ਰਣਬ ਮੁਖਰਜੀ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਸੰਘ ਦੇ ਮਹਿਮਾਨ ਤਾਂ ਬਣ ਸਕਦੇ ਹਨ ਪਰ ਜਿਸ ਤਰ੍ਹਾਂ ਦੀ ਸੈਨਿਕ ਤੜਕ-ਭੜਕ ਦਾ ਪ੍ਰਦਰਸ਼ਨ ਕਰ ਕੇ ਸੰਘ ਵਿਚ ਸਲਾਮੀ ਦਿੱਤੀ ਜਾਂਦੀ ਹੈ, ਅਜਿਹੀ ਸਲਾਮੀ ਉਨ੍ਹਾਂ ਨੂੰ ਸਵੀਕਾਰ ਨਹੀਂ। ਇਸ ਤੋਂ ਇਲਾਵਾ ਸੰਘ ਦੇ ਝੰਡੇ ਨੂੰ ਵੀ ਉਨ੍ਹਾਂ ਨੇ ਸਲਾਮੀ ਨਹੀਂ ਦਿੱਤੀ। ਭਾਰਤ ਦੇ ਕੌਮੀ ਝੰਡੇ ਦੀ ਤਰ੍ਹਾਂ ਸੰਘ ਦਾ ਵੀ ਆਪਣਾ ਝੰਡਾ ਹੈ, ਜਿਸ ਨੂੰ ਉਹ 1947 ਵਿਚ ਦੇਸ਼ ਦਾ ਕੌਮੀ ਝੰਡਾ ਬਣਾਉਣ ਦੀ ਗੱਲ ਕਰ ਰਿਹਾ ਸੀ। ਜਦੋਂ ਉਸ ਝੰਡੇ ਨੂੰ ਸੰਘ ਦੇ ਕੈਂਪ ਵਿਚ ਲਹਿਰਾਇਆ ਗਿਆ ਤਾਂ ਪ੍ਰਣਬ ਉਥੇ ਮੌਜੂਦ ਸਨ। ਸੰਘ ਦੇ ਲੋਕ ਇਕ ਵਿਸ਼ੇਸ਼ ਕਿਸਮ ਦੇ ਝੰਡੇ ਨੂੰ ਸਲਾਮੀ ਦਿੰਦੇ ਹਨ। ਸਲਾਮੀ ਦੇਣ ਦੀ ਇਹ ਪ੍ਰਕਿਰਿਆ ਬਹੁਤ ਹੀ ਆਸਾਨ ਹੈ ਪਰ ਪ੍ਰਣਬ ਮੁਖਰਜੀ ਨੇ ਉਸ ਪ੍ਰਕਿਰਿਆ ਦਾ ਵੀ ਪਾਲਣ ਨਹੀਂ ਕੀਤਾ। ਉਹ ਆਪਣੇ ਅੰਦਾਜ਼ ਵਿਚ ਇਕ ਜਗ੍ਹਾ 'ਤੇ ਖੜ੍ਹੇ ਰਹੇ। ਜਦੋਂ ਸਾਵਧਾਨ ਅਤੇ ਵਿਸ਼ਰਾਮ (ਇਸ ਦੇ ਲਈ ਵੀ ਸੰਘ ਦੇ ਆਪਣੇ ਵੱਖਰੇ ਸ਼ਬਦ ਹਨ) ਕਰਵਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਵੀ ਪ੍ਰਣਬ ਮੋਹਨ ਭਾਗਵਤ ਅਤੇ ਹੋਰਾਂ ਦਾ ਸਾਥ ਨਹੀਂ ਦੇ ਰਹੇ ਸਨ ਅਤੇ ਨਾ ਹੀ ਉਨ੍ਹਾਂ ਨਾਲ ਸੰਘ ਦੇ ਗੀਤ ਵਿਚ ਸ਼ਾਮਿਲ ਸਨ।

ਇਸ ਤਰ੍ਹਾਂ ਪ੍ਰਣਬ ਮੁਖਰਜੀ ਨੇ ਸੰਘ ਤੋਂ ਆਪਣੀ ਦੂਰੀ ਕਾਇਮ ਰੱਖੀ। ਉਹ ਕੈਂਪ ਵਿਚ ਹੁੰਦੇ ਹੋਏ ਵੀ ਕੈਂਪ ਦਾ ਹਿੱਸਾ ਨਹੀਂ ਬਣ ਸਕੇ।



ਸਭ ਤੋਂ ਵੱਡਾ ਝਟਕਾ ਤਾਂ ਉਨ੍ਹਾਂ ਨੇ ਸੰਘ ਨੂੰ ਉਸ ਸਮੇਂ ਦਿੱਤਾ ਜਦੋਂ ਮੋਹਨ ਭਾਗਵਤ ਦਾ ਭਾਸ਼ਣ ਹੋ ਰਿਹਾ ਸੀ। ਭਾਗਵਤ ਦਾ ਭਾਸ਼ਣ ਪ੍ਰਣਬ ਦੇ ਭਾਸ਼ਣ ਤੋਂ ਠੀਕ ਪਹਿਲਾਂ ਹੋਇਆ ਪਰ ਭਾਸ਼ਣ ਦੌਰਾਨ ਪ੍ਰਣਬ ਆਪਣੇ ਹੱਥ ਵਿਚ ਫੜੇ ਕਾਗਜ਼ਾਂ ਨੂੰ ਉਲਟ-ਪੁਲਟ ਕਰਦੇ ਰਹੇ ਅਤੇ ਲਗਾਤਾਰ ਉਨ੍ਹਾਂ ਕਾਗਜ਼ਾਂ ਨੂੰ ਦੇਖਦੇ ਰਹੇ, ਭਾਵ ਉਨ੍ਹਾਂ ਨੇ ਭਾਗਵਤ ਦੇ ਭਾਸ਼ਣ ਨੂੰ ਸੁਣਨ ਕਾਬਿਲ ਨਹੀਂ ਸਮਝਿਆ ਅਤੇ ਜਨਤਕ ਰੂਪ ਵਿਚ ਇਹ ਦੱਸ ਦਿੱਤਾ ਕਿ ਭਾਗਵਤ ਕੀ ਕਹਿ ਰਹੇ ਹਨ ਇਸ ਨੂੰ ਸੁਣਨ ਵਿਚ ਉਨ੍ਹਾਂ ਦੀ ਕੋਈ ਰੁਚੀ ਨਹੀਂ ਹੈ। ਸੰਘ ਨੇ ਪ੍ਰਣਬ ਮੁਖਰਜੀ ਨੂੰ ਬੋਲਣ ਲਈ ਜਿਹੜਾ ਵਿਸ਼ਾ ਦਿੱਤਾ ਸੀ, ਉਹ ਬਿਲਕੁਲ ਉਸ ਦੇ ਮੁਫੀਦ ਸੀ। ਉਨ੍ਹਾਂ ਨੇ ਰਾਸ਼ਟਰ, ਰਾਸ਼ਟਰਵਾਦ ਅਤੇ ਦੇਸ਼ ਭਗਤੀ 'ਤੇ ਬੋਲਣਾ ਸੀ। ਗ਼ੌਰਤਲਬ ਹੈ ਕਿ ਸੰਘ ਇਨ੍ਹਾਂ ਤਿੰਨਾਂ 'ਤੇ ਹੀ ਆਪਣਾ ਏਕਾ ਅਧਿਕਾਰ ਮੰਨਦਾ ਹੈ। ਜੇ ਕੋਈ ਸੰਘ ਵਿਰੁਧ ਬੋਲੇ ਤਾਂ ਰਾਸ਼ਟਰ ਵਿਰੋਧੀ ਠਹਿਰਾ ਦਿੱਤਾ ਜਾਂਦਾ ਹੈ ਅਤੇ ਉਸ ਦੀ ਦੇਸ਼ ਭਗਤੀ 'ਤੇ ਸਵਾਲ ਖੜ੍ਹਾ ਕਰ ਦਿੱਤਾ ਜਾਂਦਾ ਹੈ।

ਸੰਘ ਨੂੰ ਉਮੀਦ ਸੀ ਕਿ ਪ੍ਰਣਬ ਮੁਖਰਜੀ ਰਸਮੀ ਤੌਰ 'ਤੇ ਹੀ ਸੰਘ ਨੂੰ ਰਾਸ਼ਟਰਵਾਦੀ ਅਤੇ ਦੇਸ਼ ਭਗਤ ਸੰਗਠਨ ਕਹਿ ਦੇਣਗੇ ਅਤੇ ਉਸ ਨੂੰ ਸੁਣਾਉਂਦੇ ਹੋਏ ਭਾਜਪਾ ਆਪਣਾ ਗੁਣਗਾਣ ਕਰੇਗੀ ਅਤੇ ਫਿਰ ਕਾਂਗਰਸੀਆਂ ਨੂੰ ਲਾਲਚ ਦੇ ਕੇ ਪਾਰਟੀ ਵਿਚ ਸ਼ਾਮਿਲ ਕਰਵਾਇਆ ਜਾਵੇਗਾ ਤੇ ਇਸ ਤਰ੍ਹਾਂ ਕਾਂਗਰਸ ਮੁਕਤ ਭਾਰਤ ਦਾ ਸੁਪਨਾ ਭਾਜਪਾ ਦੇ ਨੇਤਾ ਪੂਰਾ ਕਰ ਸਕਣਗੇ। ਆਖਿਰ ਉਤਰ ਪ੍ਰਦੇਸ਼ ਵਿਚ ਪਿਛਲੇ ਸਾਲ ਹੀ ਕਾਂਗਰਸ ਦੇ ਇਕ ਸੀਨੀਅਰ ਨੇਤਾ ਨਾਰਾਇਣ ਦੱਤ ਤਿਵਾੜੀ ਇਹ ਕਹਿੰਦੇ ਹੋਏ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ ਕਿ ਕਾਂਗਰਸ ਅਤੇ ਭਾਜਪਾ ਵਿਚ ਕੋਈ ਬੁਨਿਆਦੀ ਫ਼ਰਕ ਨਹੀਂ ਹੈ। ਹਾਲਾਂਕਿ ਪ੍ਰਣਬ ਮੁਖਰਜੀ ਦਾ ਰਾਜਨੀਤੀ ਵਿਚ ਕੱਦ ਨਾਰਾਇਣ ਦੱਤ ਤਿਵਾੜੀ ਤੋਂ ਬਹੁਤ ਉਚਾ ਹੈ। ਤਿਵਾੜੀ ਪਿਛਲੇ 15 ਸਾਲਾਂ ਤੋਂ ਰਾਜਨੀਤੀ ਵਿਚ ਸਰਗਰਮ ਨਹੀਂ ਹਨ ਅਤੇ ਦੋ ਅਜਿਹੇ ਵਿਵਾਦਾਂ ਵਿਚ ਫਸੇ ਹਨ ਕਿ ਲੋਕਾਂ ਵਿਚਕਾਰ ਬਹਿਸ ਦਾ ਕਾਰਨ ਬਣੇ ਹੋਏ ਹਨ ਪਰ ਪ੍ਰਣਬ ਮੁਖਰਜੀ ਦਾ ਰਾਜਨੀਤਕ ਕੱਦ ਉਸ ਉਚਾਈ ਨੂੰ ਪ੍ਰਾਪਤ ਕਰ ਚੁੱਕਾ ਹੈ, ਜਿਥੋਂ ਤੱਕ ਵਿਰਲੇ ਲੋਕ ਹੀ ਪਹੁੰਚਦੇ ਹਨ। ਇਸ ਲਈ ਜੇ ਸੰਘ ਨੂੰ ਪ੍ਰਣਬ ਵਲੋਂ ਇਕ ਛੋਟਾ ਜਿਹਾ ਦੇਸ਼ ਭਗਤੀ ਦਾ ਸਰਟੀਫਿਕੇਟ ਮਿਲ ਵੀ ਜਾਂਦਾ ਤਾਂ ਉਹ ਗਦ-ਗਦ ਹੋ ਜਾਂਦਾ।

ਪਰ ਪ੍ਰਣਬ ਨੇ ਰਾਸ਼ਟਰ ਦਾ ਉਹ ਵਿਚਾਰ ਪੇਸ਼ ਕੀਤਾ, ਜਿਹੜਾ ਸੰਘ ਦੇ ਰਾਸ਼ਟਰ ਵਿਚਾਰ ਦੇ ਠੀਕ ਉਲਟ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿਚ ਰਾਸ਼ਟਰ ਇਕ ਧਰਮ ਜਾਂ ਭਾਸ਼ਾ 'ਤੇ ਆਧਾਰਿਤ ਨਹੀਂ ਰਹਿ ਸਕਦਾ ਅਤੇ ਇਥੇ ਭਾਰਤ ਰਾਸ਼ਟਰ ਦੀ ਪਛਾਣ ਲਈ ਕਿਸੇ ਦੁਸ਼ਮਣ ਜਾਂ ਦੁਸ਼ਮਣ ਦੇਸ਼ ਦੀ ਵੀ ਜ਼ਰੂਰਤ ਨਹੀਂ ਹੈ। ਅਤੀਤ ਵਿਚ ਵੱਖ-ਵੱਖ ਸਮੇਂ-ਸਮੇਂ 'ਤੇ ਭਾਰਤੀ ਰਾਸ਼ਟਰ ਦੇ ਸਵਰੂਪ ਦੀ ਉਨ੍ਹਾਂ ਨੇ ਚਰਚਾ ਕੀਤੀ ਅਤੇ ਸਹਿਣਸ਼ੀਲਤਾ, ਬਹੁਲਤਾ ਅਤੇ ਵਿਭਿੰਨਤਾ ਨੂੰ ਸਮਰਥਨ ਦੇਣ ਵਾਲੇ ਰਾਸ਼ਟਰਵਾਦ ਨੂੰ ਹੀ ਭਾਰਤੀ ਰਾਸ਼ਟਰਵਾਦ ਦੱਸਿਆ। ਉਨ੍ਹਾਂ ਨੇ ਇਕ ਕਦਮ ਹੋਰ ਅੱਗੇ ਲਿਜਾ ਕੇ ਕਿਹਾ ਕਿ ਸੰਵਿਧਾਨ ਦੀ ਭਗਤੀ ਹੀ ਦੇਸ਼ ਭਗਤੀ ਹੈ, ਕਿਉਂਕਿ ਸੰਵਿਧਾਨ ਭਾਰਤ ਦੇ ਸਮਾਜਿਕ, ਆਰਥਿਕ ਪਰਿਵਰਤਨ ਦਾ ਦਸਤਾਵੇਜ਼ ਹੈ ਅਤੇ ਅਸੀਂ ਇਸ ਰਾਹੀਂ ਭਾਰਤ ਰਾਸ਼ਟਰ ਨੂੰ ਸਹੀ ਪਛਾਣ ਦੇ ਸਕਦੇ ਹਾਂ। ਭਾਵ ਸੰਘ ਆਪਣੇ ਮਨਸੂਬੇ ਵਿਚ ਅਸਫਲ ਰਿਹਾ। ਹਾਲਾਂਕਿ ਇਹ ਚਰਚਾ ਚਲਦੀ ਰਹੇਗੀ ਕਿ ਪ੍ਰਣਬ ਮੁਖਰਜੀ ਨੂੰ ਸੰਘ ਦੇ ਕੈਂਪ ਵਿਚ ਜਾਣਾ ਚਾਹੀਦਾ ਸੀ ਜਾਂ ਨਹੀਂ?

---

# ਪਾਕਿਸਤਾਨ ਵਿਚ ਆਮ ਚੋਣਾਂ ਦਾ ਘੜਮੱਸ

ਹੋਏ ਐਲਾਨ ਮੁਤਾਬਿਕ ਪਾਕਿਸਤਾਨ ਵਿਚ ਆਮ ਚੋਣਾਂ 25 ਜੁਲਾਈ ਨੂੰ ਹੋਣਗੀਆਂ। ਪਰ ਕੀ ਇਹ ਵਾਕਈ ਹੋਣਗੀਆਂ? ਦਿਸਹੱਦੇ 'ਤੇ ਬੇਯਕੀਨੀ ਦੇ ਗੂੜ੍ਹੇ ਬੱਦਲ ਨਜ਼ਰ ਆ ਰਹੇ ਹਨ। ਹੈਰਾਨੀ ਦੀ ਕੋਈ ਗੱਲ ਨਹੀਂ ਕਿ ਕੁਝ ਮਹੀਨੇ ਪਹਿਲਾਂ ਹੋਂਦ ਵਿਚ ਆਈ ਬਲੋਚਿਸਤਾਨ ਦੀ ਸੂਬਾ ਸਰਕਾਰ ਨੇ ਇਸ ਮਾਮਲੇ ਵਿਚ ਮੋਹਰੀ ਬਣਦਿਆਂ ਵਿਧਾਨ ਸਭਾ 'ਚ ਮਤਾ ਪਾਸ ਕਰ ਕੇ ਮੰਗ ਕੀਤੀ ਹੈ ਕਿ ਚੋਣਾਂ ਨੂੰ ਇਕ ਮਹੀਨਾ ਅੱਗੇ ਪਾ ਦਿੱਤਾ ਜਾਵੇ। ਕਾਰਨ ਇਹ ਦੱਸਿਆ ਗਿਆ ਹੈ ਕਿ ਜੁਲਾਈ 'ਚ ਬਲੋਚਿਸਤਾਨ ਦੇ ਕਈ ਹਿੱਸਿਆਂ ਵਿਚ ਬਹੁਤ ਗਰਮੀ ਪੈਂਦੀ ਹੈ ਅਤੇ ਕਈ ਵੋਟਰ ਇਸ ਸਮੇਂ

**ਆਰਿਫ ਨਿਜ਼ਾਮੀ**

ਹੱਜ ਲਈ ਵੀ ਗਏ ਹੋਣਗੇ। ਜਿਵੇਂ ਦੇਸ਼ ਦੇ ਬਾਕੀ ਹਿੱਸਿਆਂ ਵਿਚ ਕੋਈ ਵੱਖਰਾ ਮੌਸਮ ਹੋਵੇਗਾ ਅਤੇ ਦੂਜੇ ਸੂਬਿਆਂ ਦੇ ਪਾਕਿਸਤਾਨੀ ਵੋਟਰ ਹੱਜ ਲਈ ਨਹੀਂ ਜਾਣਗੇ।

ਲੰਘੇ ਮਹੀਨਿਆਂ ਦੌਰਾਨ ਬਲੋਚਿਸਤਾਨ ਵਿਚ ਸਿਆਸੀ ਜੁਗਾੜਬਾਜ਼ੀ ਭਰਵੇਂ ਰੂਪ ਵਿਚ ਦੇਖਣ ਨੂੰ ਮਿਲੀ ਹੈ। ਸਾਲ ਦੇ ਸ਼ੁਰੂ ਵਿਚ ਉਥੋਂ ਦੀ ਸਰਦਾਰ ਨਬੀ ਬਖ਼ਸ਼ ਜ਼ਿਹਰੀ ਦੀ ਅਗਵਾਈ ਹੇਠਲੀ ਪੀ.ਐਮ.ਐਲ. (ਨਵਾਜ਼) ਦੀ ਸੂਬਾਈ ਸਰਕਾਰ ਪਰਦੇ ਪਿਛਲੀ ਜੁਗਾੜਬਾਜ਼ੀ ਸਦਕਾ ਆਪਣਾ ਬਹੁਮਤ ਗੁਆ ਬੈਠੀ ਸੀ। ਇਸ ਤੋਂ ਬਾਅਦ ਉਥੇ ਇਕ ਸਿਆਸੀ ਸਿਖਾਂਦਰੂ ਅਬਦੁਲ ਕੁਦੂਸ ਬਿਜ਼ੈਂਜੋ ਵਲੋਂ ਕਾਹਲੀ 'ਚ ਬਣਾਈ ਬਲੋਚਿਸਤਾਨ ਅਵਾਮੀ ਪਾਰਟੀ ਨਾਂ ਦੀ ਨਵੀਂ ਪਾਰਟੀ ਦੀ ਸਰਕਾਰ ਹੋਂਦ 'ਚ ਆਈ ਸੀ। ਬਲੋਚਿਸਤਾਨ ਅਵਾਮੀ ਪਾਰਟੀ ਦਾ ਛੋਟਾ ਨਾਂ ਬੀ.ਏ.ਪੀ. ਭਾਵ 'ਬਾਪ' ਹੈ। ਸੈਨੇਟ ਚੋਣਾਂ ਨੂੰ ਪ੍ਰਭਾਵਿਤ ਕਰਨ ਵਾਲੀ ਅਤੇ ਪੀ.ਐਮ.ਐਲ. (ਨਵਾਜ਼) ਨੂੰ ਆਪਣਾ ਚੇਅਰਮੈਨ ਨਾਮਜ਼ਦ ਕਰਨ ਤੋਂ ਰੋਕਣ ਵਾਲੀ ਇਸ ਨਵੀਂ ਪਾਰਟੀ ਦਾ 'ਬਾਪ' ਕੌਣ ਹੈ, ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

ਇਸੇ ਕਰ ਕੇ ਆਮ ਚੋਣਾਂ ਅੱਗੇ ਪਾਉਣ ਦੇ ਮਤੇ ਸਬੰਧੀ ਜਿੰਨਾ ਕੁਝ ਸਾਹਮਣੇ ਨਜ਼ਰ ਆ ਰਿਹਾ ਹੈ, ਕਈ ਲੋਕ ਉਸ ਤੋਂ ਵੀ ਅੱਗੇ ਤੱਕ ਦੇਖ ਰਹੇ ਹਨ। ਇਸੇ ਤਰ੍ਹਾਂ ਪੰਜਾਬ ਦੇ ਕੰਮ-ਚਲਾਊ ਮੁੱਖ ਮੰਤਰੀ ਦੀ ਨਿਯੁਕਤੀ ਸਬੰਧੀ ਇਮਰਾਨ ਖਾਨ ਵਲੋਂ ਅਪਣਾਏ ਗਏ ਰੁਖ਼ ਨੇ ਵੀ ਬੇਯਕੀਨੀ ਵਿਚ ਵਾਧਾ ਹੀ ਕੀਤਾ ਹੈ। ਨਾਸਿਰ ਖੋਸਾ ਪੀ.ਟੀ.ਆਈ. (ਪਾਕਿਸਤਾਨ ਤਹਿਰੀਕੇ ਇਨਸਾਫ਼) ਦੀ ਪਹਿਲੀ ਪਸੰਦ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਵੀ ਤੁਰੰਤ ਉਨ੍ਹਾਂ ਦੇ ਨਾਂ 'ਤੇ ਸਹਿਮਤ ਹੋ ਗਏ ਸਨ। ਖੋਸਾ ਇਕ ਦਿਆਨਤਦਾਰ ਅਕਸ ਵਾਲੇ ਸਾਬਕਾ ਨੌਕਰਸ਼ਾਹ ਹਨ। ਉਨ੍ਹਾਂ ਦੀ ਨਾਮਜ਼ਦਗੀ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਸ਼ਰੀਫ਼ ਦੇ ਵਫ਼ਾਦਾਰ ਵਜੋਂ ਪ੍ਰਚਾਰਿਆ ਜਾਣ ਲੱਗਾ। ਮੀਡੀਆ ਦਾ ਇਕ ਹਿੱਸਾ ਵੀ ਇਸ ਕੰਮ ਵਿਚ ਸ਼ਾਮਿਲ ਹੋ ਗਿਆ। ਖਾਨ ਨੇ ਬੇਲੋੜੀ ਕਾਹਲੀ ਦਿਖਾਉਂਦਿਆਂ ਖ਼ੋਸਾ ਦੀ ਨਾਮਜ਼ਦਗੀ ਤੋਂ ਪੈਰ ਪਿੱਛੇ ਖਿੱਚ ਲਏ। ਇਸ ਤੋਂ ਪਹਿਲਾਂ ਖੈਬਰ ਪਖਤੂਨਖਵਾ ਵਿਚ ਵੀ ਖਾਨ ਨੇ ਮਨਜ਼ੂਰ ਅਫ਼ਰੀਦੀ ਦੇ ਨਾਂ 'ਤੇ ਜੇ.ਯੂ.ਆਈ. (ਐਫ) ਨਾਲ ਸਹਿਮਤੀ ਕਰ ਕੇ ਬਾਅਦ ਵਿਚ ਆਪਣਾ ਫ਼ੈਸਲਾ ਬਦਲ ਲਿਆ ਸੀ।

> ***ਕੰਮ ਚਲਾਊ ਨੁਮਾਇੰਦਿਆਂ ਬਾਰੇ ਜਿਵੇਂ ਰੱਸਾਕਸ਼ੀ ਹੋਈ ਹੈ, ਉਸ ਦੀ ਰੌਸ਼ਨੀ ਵਿਚ ਹੋ ਸਕਦਾ ਹੈ ਕਿ ਅਗਲੀ ਚੁਣੀ ਹੋਈ ਸਰਕਾਰ ਚੋਣ ਕਮਿਸ਼ਨ ਨੂੰ ਹੀ ਹੋਰ ਤਾਕਤਾਂ ਦੇਣ ਅਤੇ ਕੰਮ ਚਲਾਊ ਸਰਕਾਰ ਸਥਾਪਿਤ ਕਰਨ ਦੇ ਇਸ ਅਸਫਲ ਤਜਰਬੇ ਨੂੰ ਤਿਆਗ ਦੇਣ ਬਾਰੇ ਵਿਚਾਰ ਕਰੇ। ਜੇ ਇਕ ਆਜ਼ਾਦ ਅਤੇ ਤਾਕਤਵਰ ਚੋਣ ਕਮਿਸ਼ਨ ਨੂੰ ਤਾਕਤਾਂ ਦੇ ਦਿੱਤੀਆਂ ਜਾਣ ਕਿ ਉਹ ਚੋਣਾਂ .ਗਲਤ ਢੰਗ ਨਾਲ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਧਿਰ ਖਿਲਾ.ਫ ਢੁਕਵੀਂ ਕਾਰਵਾਈ ਕਰ ਸਕੇ ਤਾਂ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਈਆਂ ਜਾ ਸਕਦੀਆਂ ਹਨ।***

ਪੰਜਾਬ ਦੇ ਕੰਮ ਚਲਾਊ ਮੁੱਖ ਮੰਤਰੀ ਦੇ ਨਾਂ ਸਬੰਧੀ ਅਪਣਾਏ ਗਏ ਡਾਵਾਂਡੋਲ ਰਵੱਈਏ ਨੇ ਪੀ.ਟੀ.ਆਈ. ਦਾ ਕੋਈ ਚੰਗਾ ਅਕਸ ਪੇਸ਼ ਨਹੀਂ ਕੀਤਾ। ਵਿਰੋਧੀ ਧਿਰ ਵਲੋਂ ਖ਼ਾਨ ਦੀ ਇਹ ਆਲੋਚਨਾ ਸਮਝ ਵਿਚ ਆਉਣ ਵਾਲੀ ਹੀ ਹੈ ਕਿ ਉਹ ਸਮੇਂ ਸਿਰ ਸਹੀ ਫ਼ੈਸਲਾ ਕਰਨ ਅਤੇ ਆਪਣੇ ਫ਼ੈਸਲੇ 'ਤੇ ਕਾਇਮ ਰਹਿ ਸਕਣ ਦੇ ਸਮਰੱਥ ਨਹੀਂ ਹਨ। ਪਰ ਕਈਆਂ ਦਾ ਕਹਿਣਾ ਹੈ ਕਿ ਉਹ ਇਹ ਸਭ ਕੁਝ ਸੋਚੇ-ਸਮਝੇ ਢੰਗ ਨਾਲ ਹੀ ਕਰ ਰਹੇ ਹਨ। ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਪ੍ਰਵੇਜ਼ ਖੱਟਕ ਵਲੋਂ ਵੀ ਚੋਣਾਂ ਇਕ ਮਹੀਨਾ ਅੱਗੇ ਪਾਉਣ ਦੀ ਮੰਗ ਦੀ ਹਮਾਇਤ ਕਰਨ ਤੋਂ ਬਾਅਦ ਅਜਿਹੇ ਸ਼ੰਕਿਆਂ ਨੂੰ ਹੋਰ ਵੀ ਬਲ ਮਿਲਿਆ ਹੈ।

ਯਕੀਨੀ ਤੌਰ 'ਤੇ ਖੱਟਕ ਨੇ ਆਪਣੇ 'ਬੌਸ' ਦੀ ਸਹਿਮਤੀ ਤੋਂ ਬਿਨਾਂ ਤਾਂ ਅਜਿਹੀ ਮੰਗ ਕੀਤੀ ਨਹੀਂ ਹੋਵੇਗੀ। ਉਂਜ ਇਹ ਵਿਰੋਧਾਭਾਸ ਵੀ ਨਾਲ ਹੀ ਹੈ ਕਿ ਇਮਰਾਨ ਖਾਨ ਨੇ ਖ਼ੁਦ ਆਪਣੀ ਪਾਰਟੀ ਦੇ ਪਹਿਲੇ ਰੁਖ਼ ਨੂੰ ਹੀ ਦੁਹਰਾਇਆ ਹੈ ਕਿ ਚੋਣਾਂ ਨਿਰਧਾਰਤ ਸਮੇਂ 'ਤੇ ਹੀ ਹੋਣੀਆਂ ਚਾਹੀਦੀਆਂ ਹਨ। ਕੀ ਪੀ.ਟੀ.ਆਈ. ਅਤੇ ਸਥਾਪਤੀ ਦੇ ਨੇੜਲੀਆਂ ਹੋਰ ਧਿਰਾਂ ਪੈਰ ਛੱਡ ਰਹੀਆਂ ਹਨ? ਖਾਨ ਅਤੇ ਉਨ੍ਹਾਂ ਦੇ ਹੋਰ ਸਹਿਯੋਗੀ ਤਕਰੀਬਨ ਇਕ ਸੌ 'ਸੰਭਾਵਿਤ ਜੇਤੂਆਂ' ਨੂੰ ਹੋਰਾਂ ਪਾਰਟੀਆਂ 'ਚੋਂ ਆਪਣੇ ਨਾਲ ਜੋੜਨ ਵਿਚ ਸਫਲ ਰਹੇ ਹਨ, ਬਹੁਤੇ ਮੈਂਬਰ ਸੱਤਾਧਾਰੀ ਪੀ.ਐਮ.ਐਲ. (ਐਨ) ਨੂੰ ਹੀ ਛੱਡ ਕੇ ਗਏ ਹਨ।

ਸ਼ਾਇਦ ਪੀ.ਟੀ.ਆਈ. ਦੇ ਡਰ ਅਤੇ ਸ਼ੰਕੇ ਸਹੀ ਵੀ ਹਨ। ਸਾਰਾ ਕੁਝ ਹੋਣ ਦੇ ਬਾਵਜੂਦ ਪੀ.ਐਮ.ਐਲ.(ਐਨ) ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿਚ ਅਜੇ ਵੀ ਮਜ਼ਬੂਤ ਤੇ ਇਕਜੁੱਟ ਹੈ। ਪੰਜਾਬ ਵਿਚ ਇਸ ਦੇ ਵੋਟ ਬੈਂਕ ਨੂੰ ਖਿੰਡਾਅ ਦੇਣ ਦੇ ਵਿਰੋਧੀਆਂ ਦੇ ਯਤਨ ਰਲਵੇਂ-ਮਿਲਵੇਂ ਨਤੀਜਿਆਂ ਵਾਲੇ ਹੀ ਰਹੇ ਹਨ।

ਪੀ. ਐਮ. ਐਲ.(ਐਨ) ਨੂੰ ਛੱਡ ਕੇ ਜਾਣ ਵਾਲੇ ਬਹੁਤੇ ਲੋਕ ਉਹੀ ਹਨ ਜੋ ਪਹਿਲਾਂ ਪੀ. ਐਮ. ਐਲ.(ਕਿਊ) ਨੂੰ ਛੱਡ ਕੇ ਇਸ ਵਿਚ ਆਏ ਸਨ। ਪੀ.ਐਮ.ਐਲ (ਕਿਊ) ਮੁਸ਼ੱਰਫ਼ ਨੇ ਪੀ. ਐਮ. ਐਲ.(ਐਨ) ਵਿਚ ਫੁੱਟ ਪੁਆ ਕੇ ਹੀ ਬਣਵਾਈ ਸੀ। ਸੋ, ਪਾਰਟੀ ਦਾ ਕਹਿਣਾ ਹੈ ਕਿ ਇਸ ਨੇ ਨਾ ਕੁਝ ਖੱਟਿਆ ਤੇ ਨਾ ਹੀ ਗੁਆਇਆ ਹੈ। ਸ਼ਾਇਦ ਪੀ.ਟੀ.ਆਈ ਦਾ ਇਹ ਵੀ ਸੋਚਣਾ ਹੈ ਕਿ ਕੌਮੀ ਜਵਾਬਦੇਹੀ ਬਿਊਰੋ ਵਲੋਂ ਲਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਇਕ ਵਾਰ ਨਵਾਜ਼ ਸ਼ਰੀਫ਼ ਨੂੰ ਸਲਾਖਾਂ ਪਿੱਛੇ ਪਹੁੰਚਾ ਦਿੱਤੇ ਜਾਵੇ ਤਾਂ ਚੋਣ ਪ੍ਰਚਾਰ ਵਿਚੋਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਨਾਲ ਇਸ ਲਈ ਚੋਣਾਂ ਜਿੱਤਣੀਆਂ ਹੋਰ ਸੌਖੀਆਂ ਹੋ ਜਾਣਗੀਆਂ।

ਦੂਜੇ ਪਾਸੇ ਪੀ.ਐਮ.ਐਲ.(ਐਨ) ਅਤੇ ਪੀ.ਪੀ.ਪੀ., ਦੋਵਾਂ ਦੀ ਹੀ ਇਕੋ ਰਾਏ ਹੈ ਕਿ ਚੋਣਾਂ ਆਪਣੇ ਨਿਰਧਾਰਤ ਸਮੇਂ 'ਤੇ ਹੀ ਹੋਣੀਆਂ ਚਾਹੀਦੀਆਂ ਹਨ। ਚੋਣ ਕਮਿਸ਼ਨ ਵੀ ਆਪਣੇ ਐਲਾਨੇ ਪ੍ਰੋਗਰਾਮ ਮੁਤਾਬਿਕ 25 ਜੁਲਾਈ ਦੀ ਤਰੀਕ ਨੂੰ ਲੈ ਕੇ ਹੀ ਅੱਗੇ ਵਧ ਰਿਹਾ ਹੈ। ਚੰਗੀ ਗੱਲ ਹੈ ਕਿ ਕੰਮ ਚਲਾਊ ਪ੍ਰਧਾਨ ਮੰਤਰੀ ਨਾਸਿਰੁਲ ਮੂਲਕ ਨੇ ਵੀ ਸਹੁੰ ਚੁੱਕਦਿਆਂ ਹੀ ਐਲਾਨ ਕੀਤਾ ਕਿ ਚੋਣਾਂ ਸਮੇਂ ਸਿਰ ਹੀ ਹੋਣਗੀਆਂ। ਉਂਜ ਪੰਜਾਬ, ਖੈਬਰ ਪਖ਼ਤੂਨਖਵਾ ਅਤੇ ਬਲੋਚਿਸਤਾਨ ਦੇ ਕੰਮ ਚਲਾਊ ਮੁੱਖ ਮੰਤਰੀਆਂ ਸਬੰਧੀ ਫ਼ੈਸਲੇ ਅਜੇ ਵੀ ਲਟਕ ਰਹੇ ਹਨ। ਪਰ ਸੰਭਵ ਤੌਰ 'ਤੇ ਦੋ-ਚਾਰ ਦਿਨ ਵਿਚ ਇਹ ਮਾਮਲਾ ਨਿਪਟ ਜਾਏਗਾ।' ਪਰ ਇਕ ਵੱਡਾ ਸਵਾਲ ਇਹ ਹੈ ਕਿ ਕੰਮ ਚਲਾਊ ਪ੍ਰਬੰਧ ਦੀ ਆਖ਼ਰ ਲੋੜ ਹੀ ਕੀ ਹੈ?


ਕੰਮ ਚਲਾਊ ਪ੍ਰਬੰਧ ਦੀ ਗੱਲ ਪਿਛਲੀ ਪੀ.ਪੀ.ਪੀ. ਦੀ ਸਰਕਾਰ ਵੇਲੇ ਵਿਰੋਧੀ ਧਿਰ ਪੀ.ਐਮ.ਐਲ.(ਐਨ) ਦੀ ਸਹਿਮਤੀ ਨਾਲ ਸੰਵਿਧਾਨ ਵਿਚ ਸ਼ਾਮਿਲ ਕੀਤੀ ਗਈ ਸੀ। ਸ਼ਾਇਦ ਇਸ ਪਿੱਛੇ ਵਿਚਾਰ ਨਿਰਪੱਖ ਨਿਜ਼ਾਮ ਹੇਠ ਆਜ਼ਾਦ 'ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਦਾ ਸੀ। ਪਰ ਇਹ ਤਜਰਬਾ ਵੱਡੀ ਹੱਦ ਤੱਕ ਅਸਫਲ ਹੀ ਰਿਹਾ। ਹਾਰੀਆਂ ਧਿਰਾਂ ਨੇ ਇਹੀ ਦੋਸ਼ ਲਾਏ ਕਿ ਸੋਚੀ-ਸਮਝੀ ਯੋਜਨਾ ਤਹਿਤ ਚੋਣਾਂ 'ਚ ਪੀ.ਐਮ.ਐਲ.(ਐਨ) ਦੇ ਹੱਕ 'ਚ ਧਾਂਦਲੀਆਂ ਕੀਤੀਆਂ ਗਈਆਂ। ਪੀ.ਟੀ.ਆਈ. ਨੇ ਤਾਂ 'ਤੀਜੇ ਅੰਪਾਇਰ' (ਸਰਬ-ਸਮਰੱਥ ਸਥਾਪਤੀ) ਦੇ ਇਸ਼ਾਰੇ 'ਤੇ ਅਗਸਤ 2014 ਵਾਲਾ ਮਸ਼ਹੂਰ ਧਰਨਾ ਵੀ ਲਾ ਛੱਡਿਆ ਸੀ।

ਸੰਘੀ ਸੂਚਨਾ ਮੰਤਰੀ ਵਲੋਂ ਤਤਕਾਲੀ ਕੰਮ ਚਲਾਊ ਪ੍ਰਬੰਧ ਦਾ ਹਿੱਸਾ ਰਿਹਾ ਹੋਣ ਦੇ ਨਾਤੇ ਮੇਰੀ ਰਾਏ ਇਹ ਹੈ ਕਿ 2013 ਦੀਆਂ ਆਮ ਚੋਣਾਂ ਭਾਵੇਂ ਇਕ ਘੱਟ ਸਮਰੱਥਾ ਵਾਲੇ ਚੋਣ ਕਮਿਸ਼ਨ ਅਤੇ ਤਾਕਤ ਵਿਹੂਣੇ ਕੰਮ ਚਲਾਊ ਪ੍ਰਬੰਧ ਅਧੀਨ ਹੋਈਆਂ ਸਨ ਪਰ ਇਹ ਵੱਡੀ ਹੱਦ ਤੱਕ ਨਿਰਪੱਖ ਸਨ। ਇਨ੍ਹਾਂ ਦੇ ਨਤੀਜੇ ਢੁਕਵੇਂ ਰੂਪ ਵਿਚ ਜ਼ਮੀਨੀ ਹਕੀਕਤਾਂ ਨੂੰ ਪ੍ਰਤੀਬਿੰਬਤ ਕਰਦੇ ਸਨ। ਬਹੁਤੇ ਲੋਕਤੰਤਰੀ ਦੇਸ਼ਾਂ ਵਿਚ ਇਕ ਤਾਕਤਵਰ ਚੋਣ ਕਮਿਸ਼ਨ ਹੀ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਂਦਾ ਹੈ ਅਤੇ ਮਿਆਦ ਪੂਰੀ ਕਰ ਰਹੀ ਸਰਕਾਰ ਪ੍ਰਸ਼ਾਸਨ ਦਾ ਰੋਜ਼ਮਰ੍ਹਾ ਦਾ ਕੰਮ ਚਲਾਉਂਦੀ ਹੈ। ਕੰਮ ਚਲਾਊ ਨੁਮਾਇੰਦਿਆਂ ਬਾਰੇ ਜਿਵੇਂ ਰੱਸਾਕਸ਼ੀ ਹੋਈ ਹੈ, ਉਸ ਦੀ ਰੌਸ਼ਨੀ ਵਿਚ ਹੋ ਸਕਦਾ ਹੈ ਕਿ ਅਗਲੀ ਚੁਣੀ ਹੋਈ ਸਰਕਾਰ ਚੋਣ ਕਮਿਸ਼ਨ ਨੂੰ ਹੀ ਹੋਰ ਤਾਕਤਾਂ ਦੇਣ ਅਤੇ ਕੰਮ ਚਲਾਊ ਸਰਕਾਰ ਸਥਾਪਿਤ ਕਰਨ ਦੇ ਇਸ ਅਸਫਲ ਤਜਰਬੇ ਨੂੰ ਤਿਆਗ ਦੇਣ ਬਾਰੇ ਵਿਚਾਰ ਕਰੇ। ਜੇ ਇਕ ਆਜ਼ਾਦ ਅਤੇ ਤਾਕਤਵਰ ਚੋਣ ਕਮਿਸ਼ਨ ਨੂੰ ਤਾਕਤਾਂ ਦੇ ਦਿੱਤੀਆਂ ਜਾਣ ਕਿ ਉਹ ਚੋਣਾਂ ਗ਼ਲਤ ਢੰਗ ਨਾਲ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਧਿਰ ਖਿਲਾਫ਼ ਢੁਕਵੀਂ ਕਾਰਵਾਈ ਕਰ ਸਕੇ ਤਾਂ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਈਆਂ ਜਾ ਸਕਦੀਆਂ ਹਨ।

ਪਿਛਲੇ ਸਾਲ ਡੇਢ ਸਾਲ ਦੇ ਸਮੇਂ ਦੌਰਾਨ ਵੇਖਣ ਨੂੰ ਮਿਲੀ ਸਾਰੀ ਨਕਾਰਾਤਮਿਕਤਾ ਅਤੇ ਉਲਟ ਸਥਿਤੀਆਂ ਦੇ ਬਾਵਜੂਦ ਦੇਸ਼ ਵਿਚ ਦੂਜੀ ਲੋਕਤੰਤਰੀ ਢੰਗ ਨਾਲ ਚੁਣੀ ਹੋਈ ਸਰਕਾਰ ਆਪਣਾ ਕਾਰਜਕਾਲ ਪੂਰਾ ਕਰ ਰਹੀ ਹੈ। ਪਾਕਿਸਤਾਨ ਦੇ ਦਾਗ਼ੀ ਸਿਆਸੀ ਇਤਿਹਾਸ ਦੇ ਮੱਦੇਨਜ਼ਰ ਇਹ ਦੇਸ਼ ਵਿਚ ਜਮਹੂਰੀਅਤ ਦੇ ਭਵਿੱਖ ਲਈ ਇਕ ਚੰਗਾ ਸ਼ਗਨ ਹੈ। ਸ਼ੇਖ ਰਾਸ਼ੀਦ ਵਰਗੇ ਨਿਰਾਸ਼ਾਵਾਦੀ ਸੰਸਦ ਮੈਂਬਰ, ਜੋ ਦੇਸ਼ ਲਈ ਕਾਲੇ ਦੌਰ ਅਤੇ ਇਕ 'ਨਿਆਇਕ ਮਾਰਸ਼ਲ ਲਾਅ' ਦੀਆਂ ਭਵਿਖਬਾਣੀਆਂ ਕਰ ਰਹੇ ਸਨ, ਗ਼ਲਤ ਸਾਬਤ ਹੋਏ ਹਨ। ਫ਼ੌਜੀ ਲੀਡਰਸ਼ਿਪ ਸਮੇਤ ਕੋਈ ਵੀ ਇਕ ਹੋਰ ਮਾਰਸ਼ਲ ਲਾਅ ਨਹੀਂ ਚਾਹੁੰਦਾ।

# ਤਾਜ ਸਿਰ ਦਾ ਢੱਕਣ?


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਤਾਜ ਕੋਈ ਟੋਪੀ ਜਾਂ ਪੱਗ ਨਹੀਂ ਜੋ ਸਿਰ ਢਕਣ ਦੇ ਕੰਮ ਆਉਂਦੀ ਹੋਵੇ, ਇਹ ਓੜਨੀ ਕਹਾਉਂਦੀ ਚੁੰਨੀ ਵੀ ਨਹੀਂ। ਇਹ ਤਾਂ ਸਿਰ ਦੀ ਸ਼ਾਨ ਹੈ, ਦੂਜਿਆਂ 'ਤੇ ਹਕੂਮਤ, ਉਸ ਦੀ ਤਸਦੀਕ ਤੇ ਉਚਿਤਤਾ ਦੀ ਪ੍ਰਤੀਕ। ਟੋਪੀ ਜਾਂ ਪੱਗ ਤਾਂ ਹਰ ਕੋਈ ਰੱਖ ਸਕਦਾ ਹੈ, ਤਾਜ ਦਾ ਹੱਕਦਾਰ ਲੱਖਾਂ-ਕਰੋੜਾਂ ਵਿਚੋਂ ਇੱਕੋ ਹੁੰਦਾ ਆਇਆ ਹੈ। ਇਸ ਨੂੰ ਹਥਿਆਉਣ ਲਈ ਗਹਿਗੱਚ ਯੁੱਧ, ਘੋਰ ਨਰਸੰਘਾਰ, ਭਰਾ ਮਾਰੀ, ਨਿਰਲੱਜ ਕਿਸਮ ਦੀ ਬੇਵਫਾਈ, ਬੇਈਮਾਨੀ ਤੇ ਹੋਰ ਸਭ ਅਨੈਤਿਕ, ਜੋ ਯੁਧ ਵਿਚ ਨੈਤਿਕ ਹੋ ਨਿਬੜਦਾ ਹੈ, ਕੀਤਾ ਜਾਂਦਾ ਰਿਹਾ ਹੈ। ਪੱਗ, ਟੋਪੀ ਜਾਂ ਕੋਈ ਹੋਰ ਸਿਰ ਦਾ ਕੱਜਣ ਆਮ ਕੱਪੜੇ ਦਾ ਹੋ ਸਕਦਾ ਹੈ, ਪਰ ਤਾਜ 'ਚ ਹੀਰੇ ਜਵਾਹਰ, ਮੋਤੀ, ਸੋਨਾ ਆਦਿ ਜੜੇ ਹੁੰਦੇ ਹਨ ਤੇ ਇਹ ਕਲਾ ਦਾ ਇੱਕ ਸੁੰਦਰ ਨਮੂਨਾ ਹੁੰਦਾ ਹੈ, ਜੋ ਹਜ਼ਾਰਾਂ ਲੱਖਾਂ ਲੋਕਾਂ ਦਾ ਘਾਣ ਕਰਕੇ ਘੜਿਆ ਹੁੰਦਾ ਹੈ। ਬਾਦਸ਼ਾਹ ਲੋਕ ਇਸ ਦੇ ਸੁੰਦਰੀਕਰਣ ਲਈ ਅਥਾਹ ਧਨ ਲੁਟਾਉਂਦੇ ਹਨ। ਗੁਰੂ ਸਾਹਿਬ ਨੇ ਅਜਿਹੀ ਦੁਨਿਆਵੀ ਸ਼ਾਨ ਨੂੰ ਰੱਦ ਕੀਤਾ ਹੈ, "ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥ ਬਿਨੁ ਜਗਦੀਸ ਕਹਾ ਸਚੁ॥" ਕੀ ਤਾਜ ਦੀ ਪਰਿਭਾਸ਼ਾ 'ਬਾਦਸ਼ਾਹਾਂ ਦੀ ਟੋਪੀ' ਵਜੋਂ ਕੀਤੀ ਜਾ ਸਕਦੀ ਹੈ?

ਸਾਡੇ ਦਿਮਾਗਾਂ ਵਿਚ ਤਾਜ ਦਾ ਬਿੰਬ ਕੁਝ ਇਹੋ ਜਿਹਾ ਹੀ ਹੈ। ਪੰਜਾਬੀ ਲੋਕਾਂ ਵਿਚ ਤਾਜ ਸ਼ਬਦ ਦਾ ਅਰਥ ਬਾਦਸ਼ਾਹ ਦਾ ਮੁਕਟ ਹੀ ਹੈ। ਪਰ ਉਰਦੂ ਫਾਰਸੀ ਵਿਚ ਤਾਜ ਕਿਸੇ ਪੰਛੀ ਦੀ ਕਲਗੀ ਵੀ ਹੈ ਤੇ ਦਰਵੇਸ਼ ਦੇ ਸਿਰ ਦਾ ਵੇਸ ਵੀ। ਸ਼ਬਦਾਂ ਦਾ ਇਤਿਹਾਸ ਵਾਸਤਵ ਵਿਚ ਵਿਚਾਰਾਂ ਦਾ ਇਤਿਹਾਸ ਹੈ। ਜਿਵੇਂ ਮਨੁੱਖ ਦੀ ਬਦਲਦੀ ਤਕਦੀਰ ਬਾਰੇ ਬਾਬਾ ਬੁੱਲੇ ਸ਼ਾਹ ਦਾ ਕਹਿਣਾ ਹੈ, "ਭੂਰੀਆਂ ਵਾਲੇ ਰਾਜੇ ਕੀਤੇ, ਰਾਜਿਆਂ ਭੀਖ ਮੰਗਾਏ, ਉਲਟੇ ਹੋਰ ਜ਼ਮਾਨੇ ਆਏ।' ਇਸੇ ਤਰ੍ਹਾਂ ਸ਼ਬਦਾਂ ਦੇ ਵੀ ਉਲਟੇ ਸਿੱਧੇ ਜ਼ਮਾਨੇ ਆਉਂਦੇ ਹਨ। ਨਿਮਾਣੇ ਅਰਥ ਉਪਰ ਉਠ ਜਾਂਦੇ ਹਨ ਤੇ ਉਚੇ ਅਰਥ ਧੜੈਂ ਕਰਦੇ ਹੇਠਾਂ ਡਿਗ ਜਾਂਦੇ ਹਨ। ਮੁਕਟ ਦਾ ਮਖੌਟਾ ਬਣ ਜਾਂਦਾ ਹੈ, ਖਿੱਚਣ ਵਾਲਾ ਨੇਤਾ ਆਗੂ ਬਣ ਬਹਿੰਦਾ ਹੈ।

ਤਾਜ ਸ਼ਬਦ ਸਾਡੇ ਦੇਸ਼ ਵਿਚ ਇਸਲਾਮੀ ਬਾਦਸ਼ਾਹਤ ਸਮੇਂ ਹੀ ਆਇਆ। ਪੁਰਾਣੇ ਹਿੰਦੂ ਰਾਜੇ ਤੇ ਦੇਵਤੇ ਮੁਕਟ ਪਹਿਨਿਆ ਕਰਦੇ ਸਨ। ਕਿਸੇ ਸਮੇਂ ਮੱਧ ਏਸ਼ੀਆ ਦੇ ਲੋਕਾਂ ਦੀ ਗੋਲ ਜਾਂ ਚਪਟੀ ਟੋਪੀ ਨੂੰ ਤਾਜ ਕਿਹਾ ਜਾਂਦਾ ਸੀ। ਇਹ ਵਿਚਕਾਰੋਂ ਉਠਵੀਂ ਹੁੰਦੀ ਸੀ। ਤਾਜ ਅਰਬੀ ਦਾ ਸ਼ਬਦ ਹੈ। ਅਰਬੀ ਵਿਚ ਇਸ ਸ਼ਬਦ ਨਾਲ ਅਨੇਕਾਂ ਸਮਾਸੀ ਸ਼ਬਦ ਬਣਾਏ ਗਏ ਹਨ, ਜਿਨ੍ਹਾਂ ਦਾ ਇਥੇ ਜ਼ਿਕਰ ਕਰਨਾ ਵਾਧੂ ਦਾ ਖਿਲਾਰਾ ਹੈ। ਤਾਜ ਸ਼ਬਦ ਦੀ ਦਿਲਚਸਪ ਕਹਾਣੀ ਇਹ ਹੈ ਕਿ ਇਹ ਫਾਰਸੀ ਅਸਲੇ ਦਾ ਸ਼ਬਦ ਹੈ ਪਰ ਇਥੋਂ ਅਰਬੀ ਵਿਚ ਜਾ ਕੇ ਇਹ ਮੁੜ ਫਾਰਸੀ ਵਿਚ ਆਇਆ। ਫਿਰਦੌਸੀ ਨੇ ਇਹ ਸ਼ਬਦ ਆਪਣੇ 'ਸ਼ਾਹਨਾਮੇ' ਵਿਚ ਕਈ ਵਾਰ ਵਰਤਿਆ ਹੈ।

ਪੁਰਾਣੀ ਫਾਰਸੀ ਵਿਚ ਇਸ ਦਾ ਰੂਪ ਸੀ 'ਤਾਗਹ' ਜੋ ਮਧਯੁੱਗ ਵਿਚ ਆ ਕੇ 'ਤਾਗ' ਜਿਹਾ ਬਣ ਜਾਂਦਾ ਹੈ। ਇਸ ਦੇ ਅਰਥ ਸਨ-ਮਾਲਾ, ਸਿਹਰਾ ਜਾਂ ਮੁਕਟ। ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਪ੍ਰਾਚੀਨ ਯੁੱਗ ਵਿਚ ਤਾਜ ਸਾਧਾਰਨ ਕੁਦਰਤੀ ਵਸਤਾਂ ਜਿਵੇਂ ਫੁੱਲ, ਪੱਤੇ, ਜਾਨਵਰਾਂ ਦੇ ਸਿੰਗ ਜਾਂ ਲੋਹੇ ਜਿਹੀ ਧਾਤ ਦੇ ਹੀ ਬਣੇ ਹੋਣਗੇ। ਜਿਉਂ ਜਿਉਂ ਸ਼ਾਸਕ ਦਾ ਅਧਿਕਾਰ ਖੇਤਰ ਅਤੇ ਸ਼ਕਤੀ ਵਧਦੀ ਗਈ, ਤਿਉਂ ਤਿਉਂ ਤਾਜ ਵੀ ਉਚੇ ਤੋਂ ਉਚਾ, ਕਲਾਮਈ ਤੇ ਚਮਕ ਦਮਕ ਵਾਲੇ ਕੀਮਤੀ ਹੀਰੇ ਜਵਾਹਰਾਤ ਜੜਿਆ ਬਣਦਾ ਗਿਆ। ਅੱਜ ਤਾਜ ਦਾ ਬਿੰਬ ਇਹੋ ਜਿਹਾ ਹੀ ਹੈ।



ਮੱਧ ਫਾਰਸੀ ਤੋਂ ਇਹ ਸ਼ਬਦ ਸੰਭਵ ਤੌਰ 'ਤੇ ਇਕ ਹੋਰ ਸਾਮੀ ਭਾਸ਼ਾ ਅਰਮਾਇਕ ਥਾਣੀਂ ਅਰਬੀ ਵਿਚ ਪੁੱਜਾ, ਜਿੱਥੇ ਇਸ ਦਾ ਰੂਪ ਤਾਜ ਜਿਹਾ ਬਣ ਗਿਆ। ਇਹ ਸ਼ਬਦ ਇਸੇ ਰੂਪ ਵਿਚ ਮੁੜ ਫਾਰਸੀ ਵਿਚ ਆ ਵੜਿਆ। ਤਾਜ ਤੋਂ ਤਾਜਦਾਰ ਸ਼ਬਦ ਬਣਿਆ, ਜੋ ਗੱਦੀ 'ਤੇ ਬੈਠਾ ਬਾਦਸ਼ਾਹ ਜਾਂ ਕੋਈ ਹੋਰ ਉਚੀ ਪਦਵੀ ਧਾਰਨ ਕਰਨ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ। ਜਗਤਾਰ ਦੀ ਗਜ਼ਲ ਦੇ ਕੁਝ ਸ਼ਬਦ ਹਨ:

ਸਰਮਦ ਨੂੰ ਕਤਲ ਕਰਕੇ
ਹਰ ਰਾਹ ਸਾਫ ਕਰਕੇ,
ਝੁੰਜਲਾਏ ਫਿਰ ਰਹੇ ਨੇ
ਕਿਉਂ ਤਾਜਦਾਰ ਏਥੇ।

ਸੰਤੋਖ ਸਿੰਘ ਧੀਰ ਜਿਹਾ ਕਵੀ ਕਿਰਤੀ ਨੂੰ ਹੀ ਭਵਿੱਖ ਦੇ ਤਾਜਦਾਰ ਹੋਣ ਦਾ ਸੁਪਨਾ ਲੈਂਦਾ ਹੈ:

ਜਿਸ ਦੇ ਹੱਥਾਂ ਵਿਚ ਅੱਟਣ ਕਿਰਤ ਦੇ,
ਜਿਸ ਦੇ ਪੈਰਾਂ ਹੇਠ ਧਰਤੀ
ਲਿਫ ਕੇ ਪੱਧਰ ਹੋ ਰਹੀ,
ਜਿਸ ਨੇ ਸਿਰ 'ਤੇ ਪਹਿਨਿਆ
ਕੰਡਿਆਂ ਦਾ ਤਾਜ,
ਦੇਖ, ਸੂਹੇ ਚਾਨਣਾਂ ਵਿਚ ਆ ਰਿਹਾ
ਔਣ ਵਾਲੀ ਕਲ੍ਹ ਦਾ ਕੋਈ ਤਾਜਦਾਰ।

ਤਾਜਦਾਰ ਦੇ ਉਲਟ ਹੈ, ਬੇਤਾਜ ਪਰ ਇਹ ਸ਼ਬਦ ਆਮ ਤੌਰ 'ਤੇ 'ਬੇਤਾਜ ਬਾਦਸ਼ਾਹ' ਜਿਹੇ ਮੁਹਾਵਰੇ 'ਚ ਹੀ ਵਰਤ ਹੁੰਦਾ ਹੈ, ਭਾਵ ਕੋਈ ਅਜਿਹਾ ਵਿਅਕਤੀ, ਜਿਸ ਦੀਆਂ ਪ੍ਰਾਪਤੀਆਂ ਕਰਕੇ ਉਸ ਨੂੰ ਆਮ ਲੋਕਾਂ ਨੇ ਸਿਰ 'ਤੇ ਚੁੱਕਿਆ ਹੋਵੇ, 'ਡੀ. ਜੇ. ਦੇ ਬੇਤਾਜ ਬਾਦਸ਼ਾਹ ਦਲਜੀਤ ਦੁਸਾਂਝ।' 'ਬੇਤਾਜ ਬਾਦਸ਼ਾਹ' ਨਾਮੀ ਇਕ ਫਿਲਮ ਵੀ ਬਣੀ ਸੀ। ਸਿਰਤਾਜ ਸ਼ਬਦ ਦਾ ਅੱਖਰੀ ਅਰਥ ਤਾਂ ਸਿਰ 'ਤੇ ਪਹਿਨੇ ਤਾਜ ਵਾਲਾ ਹੀ ਹੈ ਪਰ ਲਿਆ ਜਾਂਦਾ ਅਰਥ ਹੈ, ਸਿਰੋਮਣੀ, ਸਰਵੁਚ।

ਪੰਜਾਬੀ ਜਗਤ 'ਚ ਇਸ ਗੱਲ 'ਤੇ ਵਿਵਾਦ ਹੁੰਦਾ ਰਹਿੰਦਾ ਹੈ ਕਿ ਇਥੇ ਸ਼ਹੀਦਾਂ ਦਾ ਸਿਰਤਾਜ (ਸ਼ਹੀਦੇ ਆਜ਼ਮ) ਕੌਣ ਹੈ, ਭਗਤ ਸਿੰਘ ਜਾਂ ਗੁਰੂ ਅਰਜਨ ਦੇਵ? ਇਹ ਬਹਿਸ ਨਿਰਮੂਲ ਹੈ, ਹਰ ਕੋਈ ਆਪਣੇ ਸਮੁਦਾਇ ਦੇ ਨਾਇਕਾਂ ਨੂੰ ਹੀ ਵਡਿਆਉਂਦਾ ਹੈ। ਇਨ੍ਹਾਂ ਨੂੰ ਟਕਰਾਵੇਂ ਰੂਪ ਵਿਚ ਪੇਸ਼ ਕਰਨਾ ਸੰਕੀਰਣ ਸੋਚ ਹੈ। ਸਤਿੰਦਰ ਸਰਤਾਜ ਆਪਣੀ ਪਗੜੀ 'ਤੇ ਸੂਫੀਆਂ ਵਾਲੇ ਵਲ-ਫੇਰ ਪਾ ਕੇ ਵਿਵਾਦ ਦਾ ਕੇਂਦਰ ਬਣ ਗਿਆ ਸੀ।

ਲੇਖ ਦੇ ਸ਼ੁਰੂ ਵਿਚ ਅਸੀਂ ਤਾਜ ਜਿਹੇ ਸ਼ਬਦ ਨੂੰ ਢੱਕਣ ਕਹਿਣ 'ਤੇ ਕਿੰਤੂ ਪ੍ਰੰਤੂ ਕੀਤਾ ਸੀ। ਦੂਰ ਤੱਕ ਜਾਇਆਂ ਪਤਾ ਲਗਦਾ ਹੈ ਕਿ ਤਾਜ ਸ਼ਬਦ ਪਿੱਛੇ ਢਕਣ ਦਾ ਹੀ ਭਾਵ ਹੈ। ਕੁਝ ਨਿਰੁਕਤ ਸ਼ਾਸਤਰੀਆਂ ਨੇ ਇਸ ਨੂੰ ਭਾਰੋਪੀ ਸ਼ਬਦ ਮੰਨਿਆ ਹੈ, ਜਿਸ ਦੇ ਸਜਾਤੀ ਸ਼ਬਦ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਪ੍ਰਾਕ-ਭਾਰੋਪੀ ਮੂਲ Teg ਮੰਨਿਆ ਗਿਆ ਹੈ। ਇਹ ਮੂਲ ਦਰਅਸਲ ਇਕ ਹੋਰ ਭਾਰੋਪੀ ਮੂਲ Stheg ਦਾ ਹੀ ਇਕ ਉਪਮੂਲ ਹੈ, ਜਿਸ ਵਿਚ ਢਕਣ ਦੇ ਭਾਵ ਹਨ। ਪਹਿਲਾਂ ਇਸ ਮੂਲ ਤੋਂ ਬਣੇ ਸਾਡੀਆਂ ਭਾਸ਼ਾਵਾਂ ਦੇ ਕੁਝ ਹੋਰ ਸ਼ਬਦ ਫੋਲ ਲਈਏ। ਬਹੁਤ ਚਿਰ ਪਹਿਲਾਂ ਅਸੀਂ ਇਸ ਤੋਂ ਬਣੇ ਸ਼ਬਦ 'ਠਗ' ਦਾ ਵਿਸਤਾਰ 'ਚ ਜ਼ਿਕਰ ਕਰ ਆਏ ਹਾਂ, ਪਰ ਇਥੇ ਵੀ ਇਸ ਵੱਲ ਸੰਕੇਤ ਕਰਨ ਦੀ ਲੋੜ ਹੈ।

Stheg, Teg ਮੂਲਾਂ ਦੇ ਟਾਕਰੇ ਸੰਸਕ੍ਰਿਤ ਧਾਤੂ ਹਨ, 'ਸਥਗ' ਅਤੇ 'ਸਥ' ਜਿਨ੍ਹਾਂ ਵਿਚ ਢਕਣ, ਕੱਜਣ, ਲੁਕੋਣ ਦੇ ਭਾਵ ਹਨ। ਸਥਗ ਧਾਤੂ ਤੋਂ ਠਗ ਸ਼ਬਦ ਬਣਿਆ। ਧਿਆਨ ਦਿਉ ਠਗ ਆਪਣੇ ਕਾਰਨਾਮਿਆਂ ਪਿਛੇ ਕੰਮ ਕਰਦੇ ਇਰਾਦੇ ਨੂੰ ਬੜੀ ਚੁਸਤੀ ਨਾਲ ਢਕ ਜਾਂ ਲੁਕੋ ਲੈਂਦਾ ਹੈ। ਇਥੋਂ ਤੱਕ ਕਿ ਪੁਰਾਣੇ ਜ਼ਮਾਨਿਆਂ ਵਿਚ ਠਗ-ਬੂਟੀ ਸੁੰਘਾ ਕੇ ਰਾਹੀਆਂ ਨੂੰ ਲੁੱਟਿਆ ਜਾਂਦਾ ਸੀ। ਠਗ ਸ਼ਬਦ ਅੰਗਰੇਜ਼ੀ ਵਿਚ ਵੀ ਥਗ ਦੇ ਸ਼ਬਦਜੋੜਾਂ ਅਤੇ ਉਚਾਰਨ ਵਿਚ ਆਮ ਵਰਤਿਆ ਜਾਦਾ ਹੈ, ਪਰ ਇਸ ਦਾ ਅਰਥ ਕੁਝ ਬਦਲ ਗਿਆ ਹੈ। ਅੰਗਰੇਜ਼ੀ ਵਿਚ ਠਗ ਤੋਂ ਭਾਵ ਘੋਰ ਅਪਰਾਧੀ, ਗੁੰਡਾ, ਬਦਮਾਸ਼, ਖੂੰਖਾਰ ਵਿਅਕਤੀ ਲਿਆ ਜਾਂਦਾ ਹੈ। ਅੰਗਰੇਜ਼ੀ ਸ਼ਾਸਨ ਵੇਲੇ ਭਾਰਤ ਦੇ ਜਥੇਬੰਦ ਠਗ ਇਸੇ ਤਰ੍ਹਾਂ ਦੇ ਖੂੰਖਾਰ ਹੁੰਦੇ ਸਨ, ਜਿਸ ਕਰਕੇ ਅੰਗਰੇਜ਼ੀ ਅਤੇ ਕੁਝ ਹੋਰ ਯੂਰਪੀ ਭਾਸ਼ਾਵਾਂ ਵਿਚ ਇਸ ਸ਼ਬਦ ਦੇ ਇਹੀ ਅਰਥ ਪ੍ਰਚਲਿਤ ਹੋਏ।

ਅਗਲਾ ਸ਼ਬਦ ਹੈ, 'ਸਥਗਨ।' ਪਾਰਲੀਮੈਂਟ ਆਦਿ ਵਿਚ ਕਿਸੇ ਚਲਦੀ ਬਹਿਸ ਨੰ ਛੱਡ ਕੇ ਅੱਗੇ ਪਾ ਦੇਣ ਵਾਲੀ ਕਾਰਵਾਈ ਨੂੰ ਸਥਗਨ ਕਿਹਾ ਜਾਂਦਾ ਹੈ। ਪਹਿਲੇ ਸਮਿਆਂ ਵਿਚ ਪੁਰੋਹਿਤ ਵਲੋਂ ਕਿਸੇ ਮਹੂਰਤ ਆਦਿ ਨੂੰ ਅੱਗੇ ਪਾ ਦੇਣ ਨੂੰ ਸਥਗਿਤ ਕਰਨਾ ਆਖਦੇ ਸਨ। ਅਰਥਾਤ ਅੱਗੇ ਪਾਉਣ ਪਿੱਛੇ ਕੰਮ ਕਰਦੇ ਗੁਪਤ ਜਾਂ ਢਕੇ ਹੋਏ ਇਰਾਦੇ ਪ੍ਰਗਟ ਨਹੀਂ ਸਨ ਹੋਣ ਦਿੱਤੇ ਜਾਂਦੇ। ਕੱਜਣ, ਲੁਕੋਣ ਦੇ ਅਰਥਾਂ ਵਾਲੇ ਢਕਣ ਤੇ ਢੱਕਣਾ ਸ਼ਬਦ ਇਥੇ ਥਾਂ ਸਿਰ ਹਨ, ਢੱਕੀ ਰਿਝੇ ਤੇ ਕੋਈ ਨਾ ਬੁਝੇ। 'ਸਥ' ਧੁਨੀ ਸੁੰਗੜ ਕੇ 'ਥ' ਬਣੀ (ਜਿਵੇਂ ਸਥਾਨ ਦਾ ਥਾਂ ਬਣ ਗਿਆ) ਤੇ ਫਿਰ 'ਢ' ਧੁਨੀ ਵਿਚ ਢਲ ਗਈ। ਅੱਗੋਂ 'ਗ' ਧੁਨੀ 'ਕ' ਵਿਚ ਬਦਲ ਗਈ। ਇਹ ਆਮ ਵਰਤਾਰਾ ਹੈ। ਮਰਾਠੀ ਵਿਚ ਠਗ ਨੂੰ ਠਕ ਕਿਹਾ ਜਾਂਦਾ ਹੈ। ਸੋ, ਇਥੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਤਾਜ ਸ਼ਬਦ ਪਿਛੇ ਵੀ ਢਕਣ ਦਾ ਭਾਵ ਹੀ ਕੰਮ ਕਰ ਰਿਹਾ ਹੈ, ਅਰਥਾਤ ਜੋ ਸਿਰ ਢਕਦਾ ਹੈ।

ਹੁਣ ਅਸੀਂ ਆਉਂਦੇ ਹਾਂ, ਯੂਰਪ ਦੀਆਂ ਭਾਸ਼ਾਵਾਂ ਵੱਲ। ਸਭ ਤੋਂ ਪਹਿਲਾਂ ਅੰਗਰੇਜ਼ੀ Deck ਸ਼ਬਦ ਵੱਲ ਝਾਤੀ ਮਾਰੋ। ਡੈਕ ਮੁਢਲੇ ਤੌਰ 'ਤੇ ਸਮੁੰਦਰੀ ਜਹਾਜ ਨੂੰ ਢਕਣ ਵਾਲਾ ਢਾਂਚਾ ਹੁੰਦਾ ਸੀ। ਬਾਅਦ ਵਿਚ ਇਹ ਜਹਾਜ ਦੇ ਪਲੇਟਫਾਰਮ ਅਰਥਾਤ ਮਚਾਣ ਦਾ ਅਰਥ ਦੇਣ ਲੱਗ ਪਿਆ। ਸਜਾਉਣ ਦੇ ਅਰਥਾਂ ਵਾਲੇ ਡੈਕ ਸ਼ਬਦ ਪਿੱਛੇ ਕਾਸੇ ਨੂੰ ਲੁਕੋਣ ਦਾ ਭਾਵ ਕੰਮ ਕਰ ਰਿਹਾ ਹੈ। ਉਂਜ ਇਹ ਸ਼ਬਦ ਮੁਢਲੇ ਤੌਰ 'ਤੇ ਸਮੁੰਦਰੀ ਜਹਾਜਾਂ ਨਾਲ ਹੀ ਸਬੰਧਤ ਹੈ।

ਅੰਗਰੇਜ਼ੀ Thatch (ਛੱਪਰ) ਦੇ ਪਿੱਛੇ ਵੀ ਢਕਣ ਦਾ ਆਸ਼ਾ ਹੀ ਹੈ। ਡੱਚ ਭਾਸ਼ਾ ਵਿਚ ਛੱਤ ਲਈ Dak ਅਤੇ ਜਰਮਨ ਵਿਚ Dach ਸ਼ਬਦ ਹਨ। ਚੋਗਾ ਦੇ ਅਰਥਾਂ ਵਾਲਾ Toga ਸ਼ਬਦ ਵੀ ਸਰੀਰ ਦਾ ਕੱਜਣ ਹੀ ਹੈ। ਹੋਰ ਸ਼ਬਦ ਹਨ: Stegosaurus, ਇੱਕ ਪ੍ਰਕਾਰ ਦਾ ਸਾਕਾਹਾਰੀ ਡਿਨੋਸੌਰ ਜਿਸ ਦਾ ਸਰੀਰ ਛੱਤ ਦੀਆਂ ਖਪਰੈਲਾਂ ਵਰਗਾ ਹੁੰਦਾ ਹੈ; Tile, ਛੱਤ ਦੀ ਖਪਰੈਲ (ਇਸ ਦਾ ਲਾਤੀਨੀ ਰੂਪ Tegula ਸੀ, ਪੁਰਾਣੀ ਅੰਗਰੇਜ਼ੀ ਵਿਚ ਇਹ ਸ਼ਬਦ ਇੱਟ ਲਈ ਵੀ ਵਰਤਿਆ ਜਾਦਾ ਸੀ); Tegument, ਸਰੀਰ ਦਾ ਕੁਦਰਤੀ ਸੁਰੱਖਿਆ ਢਾਂਚਾ; Protect ਯਾਨਿ Pro+tect ਸੁਰੱਖਿਆ; Detect ਯਾਨਿ De+tect ਮੁਢਲਾ ਭਾਵ ਲੁਕੀ ਛਿਪੀ ਜਾਂ ਢਕੀ ਗੱਲ ਨੂੰ ਬਾਹਰ ਲਿਆਉਣਾ।

# 'ਮਨੁੱਖੀ ਜੀਵਨ: ਬਰਕਤਾਂ ਤੇ ਵਪਾਰ ਦੀਆਂ ਤਹਿਆਂ ਫਰੋਲਦਿਆਂ'

## ਸੰਪਾਦਕ ਦੀ ਡਾਕ

**ਪਿਆਰੇ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਦੀ ਜਿੰਨੀ ਤਾਰੀਫ ਕੀਤੀ ਜਾਵੇ, ਓਨੀ ਥੋੜੀ। ਜਿੰਨੀ ਪਾਏਦਾਰ ਸਾਹਿਤਕ ਸਮਗਰੀ ਇਸ ਪਰਚੇ ਵਿਚ ਪੜ੍ਹਨ ਨੂੰ ਮਿਲਦੀ ਹੈ, ਅਮਰੀਕਾ ਦੇ ਕਿਸੇ ਹੋਰ ਪੰਜਾਬੀ ਪਰਚੇ ਵਿਚ ਨਹੀਂ। ਜਤਿੰਦਰ ਪੰਨੂ ਦਾ ਰਾਜਨੀਤਕ ਵਿਸ਼ਲੇਸ਼ਣ ਹਮੇਸ਼ਾ ਪਾਇਦਾਰ ਹੁੰਦਾ ਹੈ। 2 ਜੂਨ ਦੇ ਅੰਕ ਵਿਚ ਡਾ. ਹਰਿਭਜਨ ਸਿੰਘ ਦਾ ਲੇਖ 'ਚੌਰਾਸੀ: ਜੜ੍ਹਾਂ ਵਾਲਾ ਫੋੜਾ' ਤੇ ਕਾਨਾ ਸਿੰਘ ਦੀ ਕਹਾਣੀ 'ਜਿੰਦੂਆ' ਕਮਾਲ ਦੀਆਂ ਲਿਖਤਾਂ ਹਨ। ਜਿੰਦੂਆ ਬਾਰੇ ਤਾਂ ਕਈਆਂ ਦੀ ਰਾਏ ਹੈ ਕਿ ਇਹ ਲੇਖਿਕਾ ਦਾ ਮਾਸਟਰਪੀਸ ਹੈ। ਪਰ ਕਈ ਇਸ ਦੇ ਮੁੱਖ ਪਾਤਰ ਨੂੰ ਬਹੁਤਾ ਯਥਾਰਥਕ ਨਹੀਂ ਮੰਨਦੇ। ਪਰ ਅਜਿਹੀ ਵੀ ਕੋਈ ਗੱਲ ਨਹੀਂ। ਕਾਨਾ ਸਿੰਘ ਜਿਹੀ ਤੇਜ ਤਰਾਰ ਅੱਖ ਤੇ ਸੋਧੀ ਹੋਈ ਕਲਮ ਚਾਹੀਦੀ ਹੈ। ਫਿਰ ਅਜਿਹਾ ਟੇਢੇ ਤੋਂ ਟੇਢਾ ਪਾਤਰ ਵੀ ਸਹਿਜੇ ਹੀ ਕਹਾਣੀ ਵਿਚ ਸੂਤਿਆ ਜਾ ਸਕਦਾ ਹੈ।

ਇਸੇ ਅੰਕ ਵਿਚ ਛਪਿਆ ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਦਾ ਲੇਖ 'ਮਨੁੱਖੀ ਜੀਵਨ: ਬਰਕਤਾਂ ਤੇ ਵਪਾਰ ਦੀਆਂ ਤਹਿਆਂ ਫਰੋਲਦਿਆਂ' ਬੜਾ ਚੰਗਾ ਲੱਗਾ। ਲੇਖ 'ਚ ਉਹ ਪੁਰਾਣੇ ਜ਼ਮਾਨੇ ਤੇ ਆਧੁਨਿਕ ਜ਼ਮਾਨੇ ਦਾ ਟਾਕਰਾ ਕਰਦਿਆਂ ਦੱਸਦੇ ਹਨ ਕਿ ਹਰ ਖੇਤਰ ਵਿਚ ਕੰਮ ਕਾਰ ਤੇ ਸੋਚਣ ਦੇ ਮਿਆਰ ਦਿਨੋ ਦਿਨ ਢਹਿੰਦੀਆਂ ਕਲਾਂ ਵੱਲ ਜਾ ਰਹੇ ਹਨ। ਲੋਭ-ਲਾਲਚ, ਸਵਾਰਥ ਤੇ ਅਮਿਟ ਲਾਲਸਾ ਦਾ ਬੋਲਬਾਲਾ ਵਧ ਰਿਹਾ ਹੈ। ਸਮਾਜਕ ਸੋਚ ਤੇ ਇਨਸਾਨੀ ਜਜ਼ਬਾ ਖੁਰਦੇ ਜਾ ਰਹੇ ਹਨ। ਹੁਣ ਇਸ ਦੀ ਥਾਂ ਅਨੈਤਿਕ ਤਜ਼ਾਰਤ ਨੇ ਲੈ ਲਈ ਹੈ।

ਉਨ੍ਹਾਂ ਦੀ ਇਸ ਗੱਲ ਵਿਚ ਕਿੰਨਾ ਵਜ਼ਨ ਹੈ ਕਿ ਅੱਜ ਦੇ ਸਮੇਂ ਵਿਚ ਚਿਕਿਤਸਕਾਂ ਵਲੋਂ ਬਿਮਾਰ ਦੀ ਸਿਹਤਯਾਬੀ ਦੀ ਥਾਂ ਉਸ ਦੀ ਜੇਬ ਤੇ ਵਧੇਰੇ ਨਜ਼ਰ ਰੱਖੀ ਜਾਂਦੀ ਹੈ। ਉਨ੍ਹਾਂ ਨੇ ਆਯੁਰਵੈਦਿਕ ਤੇ ਹੋਮਿਓਪੈਥੀ ਦੇ ਡਾਕਟਰਾਂ ਨੂੰ ਵੀ ਇਸ ਘੇਰੇ ਵਿਚ ਲਿਆਂਦਾ ਹੈ। ਮੰਡੀਕਰਣ ਦਾ ਪ੍ਰਭਾਵ ਸਭ ਪਾਸੇ ਬਰਾਬਰ ਹੈ। ਫਿਰ ਵੀ ਇਨ੍ਹਾਂ ਗੱਲਾਂ ਦਾ ਠੀਕ ਜਾਪਣਾ ਇਕ ਸੱਤਹੀ ਅਨੁਭਵ ਹੈ। ਅੰਦਰੋਂ ਮਾਜ਼ਰਾ ਕੁਝ ਇਸ ਤਰ੍ਹਾਂ ਹੈ ਕਿ ਇਸ ਵਿਚ ਕਿਸੇ ਦਾ ਨਿੱਜੀ ਕਸੂਰ ਨਹੀਂ ਲਗਦਾ। ਸ਼ਰਮਾਏਦਾਰੀ ਨੇ ਹਰ ਇਕ ਚੀਜ਼ ਤੇ ਹਰ ਇਕ ਰਿਸ਼ਤੇ ਦਾ ਮੁੱਲ ਪਾ ਕੇ ਉਸ ਨੂੰ ਜਿਣਸੀ ਰੂਪ ਦੇ ਦਿੱਤਾ ਹੈ। ਅਜਿਹੀ ਹਾਲਤ ਵਿਚ ਸਭ ਲੋਕਾਂ ਕੋਲ ਦੋ ਹੀ ਬਦਲ ਰਹਿ ਜਾਂਦੇ ਹਨ, ਜਾਂ ਇਸ ਪ੍ਰਣਾਲੀ ਦੇ ਨਿਯਮਾਂ ਅਨੁਸਾਰ ਚੱਲਣ ਲਈ ਰਾਜੀ ਹੋਵੋ ਜਾਂ ਇਸ ਤੋਂ ਅਲੱਗ ਹੋ ਕੇ ਮਿਟ ਜਾਣ ਲਈ ਤਿਆਰ ਰਹੋ।

ਜਰਾ ਸੋਚੋ, ਸ਼ਰਮਾਏਦਾਰੀ ਵਿਦਿਅਕ ਅਦਾਰਿਆਂ ਵਿਚ ਭਾਰੀ ਫੀਸਾਂ ਦੇ ਕੇ ਤੀਹ ਤੀਹ ਸਾਲ ਪੜ੍ਹਾਈ ਵਿਚ ਜਵਾਨੀ ਗਾਲ ਕੇ ਡਾਕਟਰਾਂ ਲਈ ਜਨਤਾ ਨੂੰ ਇਲਾਜ ਦੀ ਮੁਫਤ ਸੇਵਾ ਦੇਣਾ ਕਿਵੇਂ ਸੰਭਵ ਹੋ ਸਕਦਾ ਹੈ? ਫਿਰ ਇਹ ਸੇਵਾ ਕੋਈ ਪਿੰਗਲਵਾੜੇ ਦੇ ਅਪਾਹਜਾਂ ਨੂੰ ਤਾਂ ਦਿਤੀ ਨਹੀਂ ਜਾਣੀ ਕਿ ਮੁਫਤ ਦੇ ਦੇਣ। ਇਹ ਤਾਂ ਉਸੇ ਸ਼ਰਮਾਏਦਾਰੀ ਸਮਾਜ ਦੇ ਰਈਸ ਖਰੀਦਦਾਰਾਂ ਨੂੰ ਦਿੱਤੀ ਜਾਣੀ ਹੈ ਜੋ ਇਸ ਵਿਚੋਂ ਪਹਿਲਾਂ ਹੀ ਮੋਟੀ ਕਮਾਈ ਕਰਕੇ ਤਣੇ ਬੈਠੇ ਹਨ। ਜੋ ਲੋਕ ਕਿੰਤੂ ਪ੍ਰੰਤੂ ਕਰ ਕੇ ਬੇਵਸੀ ਜਾਹਰ ਕਰਦੇ ਹੋਣ, ਉਹ ਪਰ੍ਹੇ ਜਾਣ। ਇੱਥੇ ਸੇਵਾ ਦਾ ਲਾਭ ਲੈਣਾ ਹੈ ਤਾਂ ਖਰੀਦਦਾਰ ਬਣ ਕੇ ਆਉਣਾ ਪਵੇਗਾ, ਭਿਖਾਰੀ ਬਣ ਕੇ ਨਹੀਂ। ਸ਼ਰਮਾਏਦਾਰੀ ਨੇ ਜਿੱਥੇ ਵਸਤਾਂ ਤੇ ਸੇਵਾਵਾਂ ਨੂੰ ਵਿਕਰੀਯੋਗ ਚੀਜ਼ਾਂ ਬਣਾ ਦਿੱਤਾ ਹੈ, ਉਥੇ ਇਨ੍ਹਾਂ ਦੀ ਉਪਲਭਦੀ ਵੀ ਸਿਸਟਮ-ਬੱਧ ਕੀਤੀ ਹੋਈ ਹੈ। ਇਹ ਸੇਵਾਵਾਂ ਬਾਕਾਇਦਾ ਅਪੁਆਇੰਟਮੈਂਟ ਅਨੁਸਾਰ ਹੀ ਮਿਲਦੀਆਂ ਹਨ, ਲੈਣ ਵਾਲਾ ਭਾਵੇਂ ਜੀਵੇ ਜਾਂ ਮਰੇ। ਕਾਹਲ ਵਾਲਿਆਂ ਲਈ ਮਹਿੰਗੇ ਵਿਕਲਪ ਹਨ।

ਇਸ ਹਾਲਤ ਵਿਚ ਕੋਈ ਇਕ ਡਾਕਟਰ ਕੀ ਕਰੇ? ਜੇ ਉਹ ਪੱਥਰ-ਦਿਲ ਹੈ, ਉਹ ਇਸੇ ਲਈ ਹੈ ਕਿ ਅਜਿਹੀ ਵਿਵਸਥਾ ਵਿਚ ਬੰਦਾ ਪੱਥਰ-ਦਿਲ ਹੋ ਈ ਸਕਦਾ ਹੈ। ਇਹ ਪੱਥਰ-ਦਿਲ ਸਮਾਜ ਹੈ, ਜਿਸ ਨੂੰ ਵਿਵਸਥਾ ਨੇ ਸਿਰਜਿਆ ਹੈ। ਇਸ ਦਾ ਪ੍ਰਕੋਪ ਡਾਕਟਰ ਵਰਗ ਨੂੰ ਆਪ ਵੀ ਭੁਗਤਣਾ ਪੈਂਦਾ ਹੈ। ਪਿਛਲੇ ਦਿਨੀਂ ਇਕ ਐਲੋਪੈਥਿਕ ਡਾਕਟਰ ਨੇ ਦੱਸਿਆ ਕਿ ਉਸ ਦਾ ਇਕ ਦੰਦ ਤਕਲੀਫ ਦੇ ਰਿਹਾ ਹੈ। ਸਰਜਰੀ ਹੋਣੀ ਹੈ। ਦੰਦਾਂ ਦੇ ਡਾਕਟਰ ਨੇ 14 ਜੁਲਾਈ ਦੀ ਅਪੁਆਇੰਟਮੈਂਟ ਦਿੱਤੀ ਹੈ। ਇੰਸ਼ੋਰੈਂਸ ਤੋਂ ਇਲਾਵਾ ਸੱਤ ਹਜ਼ਾਰ ਡਾਲਰ ਦਾ ਨਿਜ਼ੀ ਖਰਚਾ ਆਉਣਾ ਹੈ। ਉਸ ਨੇ ਦੱਸਿਆ ਕਿ ਇੰਨਾ ਲੰਮਾ ਸਮਾਂ ਦੁਖ ਝੱਲਣ ਤੇ ਇੰਨਾ ਵੱਡਾ ਖਰਚਾ ਕਰਨ ਦੀ ਥਾਂ ਉਹ ਹਫਤੇ ਦੀ ਛੁੱਟੀ ਲੈ ਕੇ ਦੋ ਹਜ਼ਾਰ ਡਾਲਰ ਦੀ ਟਿਕਟ ਤੇ ਪੰਜਾਹ ਡਾਲਰ ਡਾਕਟਰੀ ਫੀਸ ਨਾਲ ਇੰਡੀਆ ਤੋਂ ਇਲਾਜ ਕਰਵਾ ਕੇ ਆਵੇਗਾ। ਜੇ ਇਹ ਡਾਕਟਰ ਇਸ ਸਿਸਟਮ ਦਾ ਸ਼ਿਕਾਰ ਨਾ ਹੁੰਦਾ ਤਾਂ ਉਸ ਦਾ ਲੋੜੀਂਦਾ ਇਲਾਜ ਇੱਥੇ ਹੀ ਹੋ ਜਾਂਦਾ।

ਹੁਣ ਪ੍ਰਿੰ. ਸਿੱਧੂ ਇਹ ਨਾ ਕਹਿ ਦੇਣ ਕਿ ਇਹ ਦੰਦਾ ਦੇ ਡਾਕਟਰ ਤਾਂ ਹੁੰਦੇ ਹੀ ਅਜਿਹੇ ਹਨ ਪਰ ਦੂਜੇ ਚੰਗੇ ਹੁੰਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਮਸ਼ੀਨ ਵਿਚ ਫਿੱਟ ਹਰ ਪੁਰਜ਼ੇ ਨੇ ਮਸ਼ੀਨ ਵਿਚ ਮਸ਼ੀਨ ਦੀ ਗਤੀ ਨਾਲ ਹੀ ਚਲਣਾ ਹੁੰਦਾ ਹੈ। ਕਸੂਰ ਪੁਰਜ਼ੇ ਦਾ ਨਹੀਂ, ਮਸ਼ੀਨ ਦਾ ਹੈ।

ਮੰਨ ਲਵੋ ਜੇ ਕੋਈ ਡਾਕਟਰ ਸੁਹਿਰਦ ਹੋ ਕੇ ਕਿਸੇ ਲੋੜਵੰਦ ਦੀ ਮਦਦ ਕਰਨ ਦੀ ਕੋਸ਼ਿਸ਼ ਵੀ ਕਰੇ ਤਾਂ ਵੀ ਉਹ ਬੁਰੀ ਤਰ੍ਹਾਂ ਨਾਕਾਮਯਾਬ ਹੋਵੇਗਾ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਸੌ ਮੀਲ ਪਰ੍ਹੇ ਰਹਿੰਦੇ ਕਿਸੇ ਲਾਚਾਰ ਮਰੀਜ ਨੇ ਐਮਰਜੈਂਸੀ ਮਦਦ ਲਈ ਕਾਲ ਕੀਤੀ। ਉਸ ਨੂੰ ਬਿਨਾ ਦੇਰੀ ਤੇ ਨਿ-ਸ਼ੁਲਕ ਇਕ ਦਵਾਈ ਸਟੋਰ ਤੋਂ ਲੈ ਕੇ ਤੁਰੰਤ ਸੇਵਨ ਕਰਨ ਦੀ ਸਲਾਹ ਦਿਤੀ ਗਈ। ਉਸ ਤੋਂ ਥੋੜੀ ਥੋੜੀ ਦੇਰ ਬਾਅਦ ਉਸ ਦੇ ਚਾਰ ਫੋਨ ਆ ਗਏ। ਕਦੇ ਉਹ ਸਟੋਰ ਦਾ ਨਾਂ ਪੁੱਛਦਾ, ਕਦੇ ਦਵਾਈ ਦਾ ਬ੍ਰਾਂਡ ਤੇ ਕਦੇ ਮਾਤਰਾ। ਭਾਵੁਕਤਾ ਵਸ ਅਜਿਹੇ ਰੋਗੀਆਂ ਦੀ ਮਦਦ ਕਰ ਕੇ ਡਾਕਟਰ ਖੁਸਿਆ ਖੁਸਿਆ ਮਹਿਸੂਸ ਕਰਦਾ ਹੈ।

ਸਿਹਤ ਬਾਰੇ ਵੱਡੀ ਗੱਲ ਇਹ ਵੀ ਹੈ ਕਿ ਇਹ ਮੁਢਲੇ ਤੌਰ 'ਤੇ ਮਨੁੱਖ ਦਾ ਨਿੱਜੀ ਮਸਲਾ ਹੈ। ਜਦੋਂ ਬਿਮਾਰੀ ਸ਼ੁਰੂ ਹੁੰਦੀ ਹੈ ਤਾਂ ਉਸ ਨੂੰ ਸਾਧਾਰਨ ਪਰਹੇਜ਼ ਨਾਲ ਸੰਭਾਲਿਆ ਜਾ ਸਕਦਾ ਹੈ। ਪਰ ਇਸ ਕਾਰਜ ਲਈ ਸਹੀ ਉਪਚਾਰਾਂ ਦੀ ਛੋਟੀ ਮੋਟੀ ਜਾਣਕਾਰੀ ਅਤਿ ਜਰੂਰੀ ਹੈ। ਜੋ ਲੋਕ ਮੁਢਲੇ ਠੰਡ ਬੁਖਾਰ ਤੋਂ ਛੁਟਕਾਰਾ ਪਾਉਣ ਲਈ ਟਾਈਨਾਲ (ਪੇਨ ਕਿੱਲਰ) ਵਲ ਭਜਦੇ ਹਨ, ਉਹ ਪੱਕੇ ਇਲਾਜ ਲਈ ਐਕੋਨਾਈਟ ਤੇ ਬੈਲਾਡੋਨਾ ਵਰਗੀਆਂ ਲਗਦੀਆਂ ਦਵਾਈਆਂ ਵੱਲ ਕਿਉਂ ਨਹੀਂ ਜਾਂਦੇ? ਇਸ ਦਾ ਬਹੁਤਾ ਕਾਰਨ ਅਗਿਆਨ ਹੈ। ਬਿਮਾਰ ਹੋਣ ਤੇ ਆਪਣਾ ਇਲਾਜ ਦੂਜਿਆਂ ਦੇ ਸਹਾਰੇ ਛੱਡ ਦਿੰਦੇ ਹਨ। ਸਰਜਨ ਅੱਗੇ ਬਲੀ ਦੇ ਬੱਕਰੇ ਬਣ ਕੇ ਪੈ ਜਾਂਦੇ ਹਨ। ਖੁਸ਼ ਹੋ ਹੋ ਅੰਗ ਕਟਵਾਉਣਾ ਹੀ ਇਲਾਜ ਸਮਝਦੇ ਹਨ।


ਮਹੀਨਾ ਪਹਿਲਾਂ ਕੇਰਲ ਪ੍ਰਾਂਤ ਵਿਚ ਨਿਪਾਹ ਵਾਇਰਸ ਫੈਲਣ ਦੀਆਂ ਖਬਰਾਂ ਆਈਆਂ। ਇਸ ਲੇਖਕ ਦੇ ਮੀਡੀਆ ਤੇ ਪੁੱਛਣ ਤੇ ਵੀ ਕਿਸੇ ਨੇ ਇਸ ਰੋਗ ਦੀਆਂ ਅਲਾਮਤਾਂ ਬਾਰੇ ਕੋਈ ਜਾਣਕਾਰੀ ਨਾ ਦਿਤੀ। ਅਚਾਨਕ ਦਿੱਲੀ ਦੇ ਕਿਸੇ ਡਾਕਟਰ ਨੇ ਇਸ ਦੇ ਲਛਣਾਂ ਬਾਰੇ ਇਕ ਇਤਲਾਹ ਛਾਪੀ ਜਿਸ ਦੇ ਆਧਾਰ ਤੇ ਇਸ ਲੇਖਕ ਨੇ ਤਕਰੀਬਨ ਅੱਧੀ ਦਰਜਨ ਹੋਮਿਓਪੈਥੀ ਦਵਾਈਆਂ ਦੀ ਵੇਰਵੇ-ਸਹਿਤ ਸੂਚੀ ਫੇਸਬੁਕ ਅਤੇ ਵੱਟਸ-ਐਪ 'ਤੇ ਪਾਈ। ਮੇਰੇ ਹਜ਼ਾਰਾਂ ਦੋਸਤਾਂ 'ਚੋਂ ਕੇਵਲ ਇਕ ਦੀ ਹੀ ਧੰਨਵਾਦ ਦੀ ਟਿੱਪਣੀ ਆਈ। ਜੋ ਮਿੱਤਰ ਹਰ ਕਿਸੇ ਦੀ ਨਿੱਕੀ ਮੋਟੀ ਨਜ਼ਮ ਦੀ ਬੱਲੇ ਬੱਲੇ ਕਰਦੇ ਰਹਿੰਦੇ ਹਨ, ਉਨ੍ਹਾਂ ਵਿਚੋਂ ਕਿਸੇ ਨੇ ਵੀ ਇਸ ਨੂੰ ਅੱਗੇ 'ਸ਼ੇਅਰ' ਨਾ ਕੀਤਾ। ਅਜਿਹੇ ਪੜ੍ਹੇ ਲਿਖੇ ਲੋਕਾਂ ਦਾ ਇਹੀ ਰਵਈਆ ਉਦੋਂ ਵੀ ਹੁੰਦਾ ਹੈ ਜਦੋਂ ਕੈਂਸਰ ਤੇ ਡੈਂਗੂ ਵਰਗੇ ਭਿਆਨਕ ਰੋਗ ਅਤੇ ਡੱਰਗ-ਐਡਿਕਸ਼ਨ ਤੇ ਆਤਮਘਾਤ ਜਿਹੀਆਂ ਮਨੋ-ਵਿਰਤੀਆਂ ਚੁਫੇਰੇ ਦਨਦਨਾਉਂਦੀਆਂ ਫਿਰਦੀਆਂ ਹਨ। ਜੇ ਇਹੀ ਲੋਕ ਉਦੋਂ ਮਜਬੂਰੀ ਵਿਚ ਡਾਕਟਰਾਂ ਦੇ ਧੱਕੇ ਚੜ੍ਹਨ ਤਾਂ ਡਾਕਟਰਾਂ ਦਾ ਕੀ ਕਸੂਰ?

ਸਿਆਣਪ ਦੇ ਜ਼ਾਵੀਏ ਦਾ ਹਾਲ ਇਹ ਹੈ ਕਿ ਖੁਸ਼ਵੰਤ ਸਿੰਘ ਤੋਂ ਲੈ ਕੇ ਬਲਜੀਤ ਬਾਸੀ ਤੀਕ ਤੇ ਹੁਣ ਪ੍ਰਿੰਸੀਪਲ ਸਿੱਧੂ ਤੀਕ ਸਾਰੇ ਵਿਦਵਾਨ ਹੋਮਿਓਪੈਥੀ ਨੂੰ ਮਿੱਠੀਆਂ ਗੋਲੀਆਂ ਦੀ ਪਟਾਰੀ ਕਹਿ ਕੇ ਠਿੰਠਦੇ ਆ ਰਹੇ ਹਨ। ਹਜ਼ਾਰਾਂ ਲੱਖਾਂ ਹੋਰ ਵਿਦਵਾਨ ਵੀ ਇਸ ਨੂੰ ਬੇਅਸਰ ਸਾਬਤ ਕਰਨ 'ਤੇ ਜੋਰ ਲਾ ਰਹੇ ਹਨ। ਕਈ ਤਾਂ ਵੱਡੇ ਵੱਡੇ ਅਦਾਰਿਆਂ ਤੋਂ ਫੰਡ ਲੈ ਕੇ ਉਨ੍ਹਾਂ ਦੇ ਮਨਪਸੰਦ ਸਿੱਟੇ ਪ੍ਰਕਾਸ਼ਿਤ ਕਰੀ ਜਾਂਦੇ ਹਨ। ਪਰ ਕਦੇ ਕਿਸੇ ਇਕ ਨੇ ਵੀ ਇਸ ਬਾਰੇ ਘੋਖ ਪੜਤਾਲ ਕਰਨ ਦੀ ਗੱਲ ਕੀਤੀ? ਦੁਨੀਆਂ ਦੀ ਸਭ ਤੋਂ ਵਿਗਿਆਨਕ ਦਵਾ-ਪ੍ਰਣਾਲੀ ਇਹ, ਸਭ ਤੋਂ ਸਸਤੀ ਪ੍ਰਣਾਲੀ ਇਹ, ਸਭ ਤੋਂ ਘੱਟ ਦਵਾ-ਪਦਾਰਥ ਵਰਤਣ ਵਾਲੀ ਪ੍ਰਣਾਲੀ ਇਹ, ਸਭ ਤੋਂ ਤੇਜ਼ ਅਸਰ ਕਰਨ ਵਾਲੀ ਪ੍ਰਣਾਲੀ ਇਹ! ਇਸ ਨੂੰ ਅਪਨਾ ਕੇ ਤਾਂ ਕਦੇ ਕੋਈ ਭਿਆਨਕ ਤੌਰ 'ਤੇ ਬੀਮਾਰ ਹੋ ਹੀ ਨਹੀਂ ਸਕਦਾ। ਪਰ ਸਾਡੇ ਵਿਦਵਾਨਾਂ ਵਿਚ ਵਿਗਿਆਨਕ ਟੈਂਪਰ ਨਾਂ ਦੀ ਕੋਈ ਚੀਜ਼ ਨਹੀਂ। ਉਨ੍ਹਾਂ ਦਾ ਕੁਝ ਕਰਨ ਕਰਾਵਣ ਵਿਚ ਕੋਈ ਵਿਸ਼ਵਾਸ ਨਹੀਂ, ਹਾਂ ਗੱਲੀਂ ਬਾਤੀਂ ਇਨ੍ਹਾਂ ਦਾ ਕੋਈ ਸਾਨੀ ਨਹੀਂ।

-ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

# ਕੁਦਰਤ ਅਤੇ ਮਨੁੱਖ

***'ਪੰਜਾਬ ਟਾਈਮਜ਼' ਦੇ 9 ਜੂਨ ਦੇ ਅੰਕ ਵਿਚ ਗੁਰਬਚਨ ਸਿੰਘ (ਜਲੰਧਰ) ਦਾ ਕੁਦਰਤ ਤੇ ਮਨੁੱਖ ਦੇ ਰਿਸ਼ਤਿਆਂ ਬਾਰੇ ਲੇਖ ਛਪਿਆ ਸੀ ਜਿਸ ਵਿਚ ਉਨ੍ਹਾਂ ਪੂੰਜੀਵਾਦ ਦੀ ਮਾਰ ਹੇਠ ਆਏ ਮਨੁੱਖ ਵੱਲੋਂ ਪੈਰ ਕੁਹਾੜਾ ਮਾਰਨ ਦੀ ਗੱਲ ਕੀਤੀ ਸੀ। ਐਤਕੀਂ ਅਸੀਂ ਪੰਜਾਬ ਦੇ ਉਘੇ ਦਾਰਸ਼ਨਿਕ ਲੇਖਕ ਪ੍ਰੋ. ਪੂਰਨ ਸਿੰਘ (17 ਫਰਵਰੀ 1881-31 ਮਾਰਚ 1931) ਦਾ ਲੇਖ 'ਕੁਦਰਤ ਤੇ ਮਨੁੱਖ' ਛਾਪ ਰਹੇ ਹਾਂ। ਕਈ ਦਹਾਕੇ ਪਹਿਲਾਂ ਲਿਖੇ ਗਏ ਇਸ ਲੇਖ ਵਿਚ ਉਨ੍ਹਾਂ ਮਨੁੱਖ ਨੂੰ ਜਿਨ੍ਹਾਂ ਗੱਲਾਂ ਬਾਰੇ ਸੁਚੇਤ ਕੀਤਾ ਸੀ, ਉਹ ਹੁਣ ਵਿਕਰਾਲ ਸਮੱਸਿਆਵਾਂ ਬਣ ਕੇ ਘੇਰਾ ਪਾਈ ਖੜ੍ਹੀਆਂ ਹਨ। ਇਸ ਲੇਖ ਵਿਚ ਪੁਰਾਣੀ ਪੰਜਾਬੀ ਦੇ ਦਰਸ਼ਨਾਂ ਦੇ ਨਾਲ ਨਾਲ ਅਸੀਂ ਉਨ੍ਹਾਂ ਵਿਚਾਰਾਂ ਦੇ ਰੂ-ਬ-ਰੂ ਹੋਵਾਂਗੇ, ਜਿਨ੍ਹਾਂ ਤੋਂ ਬਗੈਰ ਮਨੁੱਖ ਦਾ ਸਰ ਹੀ ਨਹੀਂ ਸਕਦਾ। ਇਸ ਵਿਚ ਲੇਖਕ ਦੇ ਫਿਕਰ ਅਮੁੱਕ ਹਨ, ਉਹ ਮਨੁੱਖ ਕੋਲ ਇਹ ਫਿਕਰ ਘਟਾਉਣ ਦੀ ਅਰਜ਼ ਗੁਜ਼ਾਰ ਰਿਹਾ ਹੈ। -ਸੰਪਾਦਕ***



**ਪ੍ਰੋ. ਪੂਰਨ ਸਿੰਘ**

ਸ਼ਹਿਰਾਂ ਵਿਚ ਰਹਿ ਕੇ ਮਨੁੱਖ ਆਪਣਾ ਵਿਰਸਾ, ਸਰੀਰਕ ਤੇ ਮਾਨਸਿਕ ਜੀਵਨ ਦੀ ਹਫੜਾ-ਦਫੜੀ ਵਿਚ ਗੁਆ ਲੈਂਦਾ ਹੈ। ਇਕ ਵੇਰੀ ਹਨੇਰੇ ਵਿਚ ਰਹਿੰਦੇ ਨੂੰ ਸਦਾ ਲਈ ਹਨੇਰਾ ਸੁਖਾਣ ਲੱਗ ਜਾਂਦਾ ਹੈ। ਇਕ ਵੇਰੀ ਕਿਸੇ ਅਪਰਾਧ ਕਰਕੇ ਇਕ ਚੀਨੀ ਕੈਦ ਵਿਚ ਗਿਆ। ਬਾਰਾਂ ਵਰ੍ਹਿਆਂ ਮਗਰੋਂ ਜਦ ਉਹ ਛੁਟਿਆ, ਤਦ ਉਹਨੂੰ ਸਾਰਾ ਬਾਹਰ ਦਾ ਜਗਤ ਘਬਰਾ ਜਿਹਾ ਪਾਣ ਲੱਗਾ। ਉਸ ਦਰਖਾਸਤ ਕੀਤੀ ਕਿ ਮੈਨੂੰ ਮੁੜ ਉਥੇ ਕਾਲੀ ਕੋਠੜੀ ਵਿਚ ਹੀ ਭੇਜ ਦਿਉ। ਸੋ, ਇਸੀ ਤਰ੍ਹਾਂ ਮਨੁੱਖ ਸ਼ਹਿਰਾਂ ਵਿਚ ਰਹਿ ਕੇ ਕੁਦਰਤ ਦੀ ਮਿੱਤਰਤਾ ਥੀਂ ਮੂੰਹ ਪਰ੍ਹੇ ਕਰ ਕੇ ਵਾਂਝਿਆ ਜਾ ਰਿਹਾ ਹੈ। ਇਸ ਦੀ ਸ਼ਹਿਰੀ ਚਾਲ ਇਹਦੇ ਜੀਵਨ ਨੂੰ ਵੀ ਬਹੁਤ ਕਰਕੇ ਇਸੇ ਮੰਡਲ ਵਿਚ ਲੈ ਜਾ ਰਹੀ ਹੈ। ਵਾਸਤਵ ਵਿਚ ਜੋ ਜੀਵਨ ਹੈ, ਉਸ ਦੀ ਸਿਞਾਨ ਥੀਂ ਵੀ ਬੇਖਬਰ ਹੋ ਰਿਹਾ ਹੈ। ਆਪਣੇ ਮਨ ਦੀ ਚਿੰਤਾ ਦੀ ਚਮਕ ਨੂੰ ਦੇਖ ਦੇਖ ਖੁਸ਼ ਹੁੰਦਾ ਹੈ ਤੇ ਇਤਿਹਾਸਕਾਰ ਦੇਖ ਰਹੇ ਹਨ ਕਿ ਮਨੁੱਖ ਦੀ ਸਭਿਅਤਾ ਦਿਲ ਦੇ ਮੰਡਲ ਥੀਂ ਉਠ ਕੇ ਮਨ ਦੇ ਮੰਡਲ ਵੱਲ ਜਾ ਰਹੀ ਹੈ। ਮਾਨਸਿਕ ਕਿਰਿਆ ਤੇ ਰਚਨਾ ਨੂੰ ਸੱਚ ਜਾਣ ਉਹਦੇ ਮਗਰ ਜਾ ਰਿਹਾ ਹੈ। ਧਰਮ ਜੋ ਦਇਆ ਥੀਂ ਪੈਦਾ ਹੁੰਦਾ ਹੈ, ਛੱਡਿਆ ਜਾ ਰਿਹਾ ਹੈ ਤੇ ਖਿਆਲਾਂ ਦੀ ਬਹੁਰੰਗੀ ਨੂੰ ਧਰਮ ਸਮਝਦਾ ਹੈ। ਸਾਇੰਸ ਅਧਿਆਤਮਿਕ ਮੰਡਲ ਜੀਵਨ ਖੇਤਰ ਦੀਆਂ ਸੱਚਾਈਆਂ ਨੂੰ ਮਿਥਿਆ ਜਾਣਦਾ ਹੈ। ਇੰਦਰੀਆਂ ਦੁਆਰਾ ਪ੍ਰਤੱਖ ਨੂੰ ਸਿੱਧ ਕਰਕੇ ਜੋ ਨਿੱਗਰ ਇੰਦਰੀਜਨਤ ਗਿਆਨ ਪ੍ਰਾਪਤ ਕਰਦਾ ਹੈ, ਉਸ ਨੂੰ ਨਿਰੋਲ ਸੱਚ ਸਮਝਦਾ ਹੈ।

ਸਭਿਅ ਤੇ ਨੀਤੀ ਗਿਆਤਾ, ਅਕਲ ਵਾਲਾ ਮਨੁੱਖ ਅੱਜ ਕੱਲ੍ਹ ਦੇ ਜ਼ਮਾਨੇ ਵਿਚ ਆਪਣੀਆਂ ਇੰਦਰੀਆਂ ਦੀ ਗਵਾਹੀ ਉਤਮ ਸਮਝਦਾ ਹੈ ਤੇ ਨਿੱਗਰ ਚਮਕ ਦੇ ਹੱਥ ਵਿਚ ਫੜੇ ਚਮਕਦੇ ਸੱਚ ਮੈਥੀਮੈਟੀਕਲ ਫੈਕਟਸ (ਹਿਸਾਬੀ ਵਿਚਾਰ) ਥੀਂ ਭਿੰਨ ਕਿਸੀ ਹੋਰ ਅਣਡਿੱਠੇ ਮਨ ਥੀਂ ਪਰ੍ਹੇ ਦੀ ਸੱਚਾਈ ਸਮਝਣ ਤੇ ਅਨੁਭਵ ਕਰਨ ਥੀਂ ਆਪਣੇ ਆਪ ਨੂੰ ਸਦਾ ਬੇਬਸ ਸਮਝਦਾ ਹੈ। ਜੇ ਪਿਛਲੇ ਜ਼ਮਾਨਿਆਂ ਨੇ ਮਜ਼੍ਹਬਾਂ ਤੇ ਮਜ਼੍ਹਬ ਦੀਆਂ ਫਿਲਾਸਫੀਆਂ ਦੀਆਂ ਨੁਕਤੇਚੀਨੀਆਂ ਸਾਨੂੰ ਦਿੱਤੀਆਂ; ਤਾਂ ਅੱਜ ਕੱਲ੍ਹ ਦੀ ਸਾਇੰਸ ਸਾਨੂੰ ਇਕ ਪ੍ਰਤੱਖ ਦਾ ਗਿਆਨ ਦਿੰਦੀ ਹੈ, ਜੋ ਪਹਿਲਾਂ ਸਾਨੂੰ ਦਿੱਤਾ। ਇਨ੍ਹਾਂ ਪਰੋਖ (ਅਣਦਿਸਦੇ) ਦਾ ਪਤਾ ਦੱਸਣ ਦੀ ਕੀਤੀ। ਇਸ ਉਪਰ ਉਹ ਟੀਕੇ-ਪੀਕੇ ਚੜ੍ਹੇ ਜੋ ਮਜ਼੍ਹਬ ਇਕ ਵਹਿਮ ਹੋ ਗਿਆ ਤੇ ਫਿਲਾਸਫੀ ਇਕ ਸਿਰ ਦਾ ਖਾਪਾ। ਧਰਮ ਚਰਚਾ ਬਸ ਗੱਲਾਂ ਹੀ ਗੱਲਾਂ ਹੋ ਗਈਆਂ। ਪਰੋਖ (ਅਣਦਿਸਦੇ) ਉਪਰ ਇਤਨਾ ਜ਼ੋਰ ਦਿੱਤਾ ਗਿਆ ਕਿ ਪ੍ਰਤੱਖ ਹੀ ਗੰਵਾ ਬੈਠੇ। ਪਰੋਖ ਤਾਂ ਕਿਸੇ ਕੋਟਨ ਮਹਿ ਅਧਿਆਤਮਿਕ ਜੀਨੀਅਸ ਨੂੰ ਪ੍ਰਾਪਤ ਹੋਣਾ ਸੀ। ਇਸ ਮਾਨਸਿਕ ਮਜ਼੍ਹਬ ਦੀ ਦ੍ਵੈਖ, ਵਿਰੋਧ, ਜਹਾਲਤ, ਖੂਨੀ ਲਾਲ ਅੱਖਾਂ ਤੇ ਭਰਾਵਾਂ ਦੇ ਖੂਨ ਨਾਲ ਲਹੂ ਭਰੇ ਪੰਜੇ ਦੇਖ ਕੇ ਅਕਲ ਵਾਲਿਆਂ ਸਭ ਮਜ਼੍ਹਬਾਂ ਨੂੰ ਕੰਡ ਦਿੱਤੀ। ਪਰ ਅਕਲ ਸਦਾ ਚੋਣਵੀਂ ਹੁੰਦੀ ਹੈ। ਇਨ੍ਹਾਂ ਮਜ਼੍ਹਬਾਂ ਵਿਚੋਂ ਇਖਲਾਕ ਨੂੰ ਕੱਢ ਕੇ ਆਖਿਆ ਕਿ ਪਿਛਲੇ ਮਜ਼੍ਹਬ ਦੇ ਮੁਰਦਾ ਅਜਾਇਬ ਘਰਾਂ ਵਿਚੋਂ ਇਹ ਨੁਸਖੇ ਆਪਣਾ ਆਚਰਣ ਠੀਕ ਕਰਨ ਲਈ ਬੱਸ ਕਾਫੀ ਹਨ। ਸੁੱਚੀ ਅਕਲ ਵਾਲੇ ਆਪ ਮੁਲਕੀ ਕੰਮਾਂ ਯਾ ਸ਼ੋਸ਼ਲ ਕੰਮਾਂ ਵਿਚ ਲੱਗ ਪਏ, ਯਾ ਸਾਹਿਬ ਦੀਆਂ ਲੈਬਾਰਟਰੀਆਂ ਵਿਚ ਪਰੋਖ ਨੂੰ ਵਿਸਾਰ ਕੇ ਆਪਣੇ ਚੁਣੇ ਕੰਮਾਂ ਵਿਚ ਗੜੂੰਦ ਹੋ ਗਏ। ਡਾਰਵਨ, ਹੇਗਲ ਆਦਿ ਦਾ ਪਾਠ ਪੂਜਾ ਲੈਬਾਰਟਰੀ ਦਾ ਕੰਮ ਹੋ ਗਿਆ। ਦਿਨ ਰਾਤ ਅਖੰਡ ਕੰਮ ਕੀਤਾ। ਉਸੇ ਕੰਮ ਕਰਨ ਨਾਲ ਉਨ੍ਹਾਂ ਦੇ ਮਨ, ਆਪਣੇ ਆਪ ਵਿਚ ਇਕਾਗਰ ਹੋ ਗਏ। 'ਯੋਗ' 'ਯੋਗ' ਕੂਕਿਆ ਨਹੀਂ; ਪਰ ਆਪਣੇ ਕੰਮ ਰਾਹੀਂ ਪੂਰਨ ਯੋਗੀ ਹੋ ਕੇ ਨਿਬੜੇ।

ਆਈਨਸਟਾਈਨ ਵਰਗੇ ਰੀਯਾਜ਼ੀ (ਗਣਤ) ਤੇ ਸਾਇੰਸਵੇਤਾ (ਅਬਜੈਕਟਿਵ) ਮਨ ਨੂੰ ਇਕਾਗਰ ਕਰ ਇਸ ਦੀ ਕੁਦਰਤ ਦੇ ਗੁੱਝੇ ਭੇਤਾਂ ਨੂੰ ਲੱਭਣ ਵਾਲੇ ਮਹਾਤਮਾ ਹਨ। ਉਨ੍ਹਾਂ ਨੂੰ ਖੁਦਗਰਜ਼ ਹੋਣ ਦੀ ਯਾ ਦ੍ਵੈਖ, ਦ੍ਵੈਤ ਕਰਨ ਦੀ ਨਫਰਤ ਆਦਿ ਕਰਨ ਦੀ ਫੁਰਸਤ ਨਹੀਂ। ਉਨ੍ਹਾਂ ਨੂੰ ਪਤਾ ਨਹੀਂ ਕਿ ਸਿਵਾਏ ਉਨ੍ਹਾਂ ਦੇ ਮਨ, ਧਿਆਨ ਤੇ ਧਿਆਨੀ ਸੰਸਾਰ ਦੇ ਹੋਰ ਵੀ ਕੋਈ ਦੁਨੀਆਂ ਹੈ। ਉਨ੍ਹਾਂ ਨੂੰ ਉਹ ਭੈੜੀਆਂ ਚੰਦਰੀਆਂ ਕਰੂਪ ਗੱਲਾਂ ਤੇ ਬੇਇਨਸਾਫੀਆਂ ਕਰਨ ਦੀ ਵੇਹਲ ਨਹੀਂ, ਜਿਹੜੀਆਂ ਕਿ ਅੱਜ ਕੱਲ੍ਹ ਦੇ ਥੋਥੇ "ਜਿਉ ਸਾਸ ਬਿਨਾ ਮਿਰਤਕ ਕੀ ਲੋਥਾ" ਵਾਲੇ ਮਜ਼੍ਹਬਾਂ ਦੇ ਪੈਰੋਕਾਰ ਹਿੰਦੁਸਤਾਨ ਯਾ ਅਨਯ ਦੇਸ਼ਾਂ ਵਿਚ ਫਤੂਰ ਮਚਾਂਦੇ ਹਨ।

ਜਦ ਅਸੀਂ ਇਕ ਆਈਨਸਟਾਈਨ, ਡਾਰਵਨ ਤੇ ਨਿਊਟਨ ਵਰਗੇ ਦਾ ਇਕਾਗਰ ਜੀਵਨ ਵੇਖੀਏ, ਤਦ ਉਸ ਦੇ ਮੁਕਾਬਲੇ 'ਤੇ ਇਹ ਮਜ਼੍ਹਬਾਂ, ਧਰਮਾਂ ਤੇ ਕਰਮਾਂ ਸ਼ਾਸਤਰ-ਸੁਸਤਰ ਕੂਕਣ ਵਾਲੇ ਊਠ ਲੱਦੀ ਜਾਂਦੇ। ਮੂਰਖ ਮਨੁੱਖਾਂ ਦਾ ਜੀਵਨ ਇਉਂ ਜਾਪਦਾ ਹੈ, ਜਿਵੇਂ ਮੱਛੀਆਂ ਕਿਸੇ ਥੋੜ੍ਹੇ ਜਲ ਵਿਚ ਕੁਰਬਲ ਕੁਰਬਲ ਕਰਦੀਆਂ ਹੋਣ। ਇਨ੍ਹਾਂ ਦੇ ਵੱਖਰੇ ਵਿਕਰਾਲ ਜੀਵਨ, ਇਨ੍ਹਾਂ ਦੇ ਖਿੰਡਵੇਂ ਮਨ, ਇਨ੍ਹਾਂ ਦੇ ਮਜ਼੍ਹਬ ਦੁਆਰਾ ਬੇਮਜ਼੍ਹਬ ਹੋਏ, ਅਸ਼ਾਂਤ ਆਚਰਣ, ਇਨ੍ਹਾਂ ਦੇ ਨਿਕੰਮੇ ਗੰਦ-ਮੰਦ ਦ੍ਵੈਤਾਂ, ਨਿੰਦਾ ਕਰਨ ਦੇ ਕਰੂਪ ਕਰਾਹਤ ਕਰਨ ਵਾਲੇ ਸੁਭਾਉ, ਇਨ੍ਹਾਂ ਦੇ ਦ੍ਵੈਸ਼, ਭਾਵ, ਇਨ੍ਹਾਂ ਦੇ ਧਰਮ ਚਾਹਣਾ, ਦੁਆਰਾ ਅਧਰਮ ਵੇਖ ਵੇਖ ਉੱਚੀ ਸ਼੍ਰੇਣੀ ਦੇ ਲੋਕ ਸਭ ਮਜ਼੍ਹਬਾਂ ਥੀਂ ਕਰਾਹਤ ਕਰਦੇ ਹਨ। ਇਹ ਅਪਰੋਖ ਦੇ ਮੁਦਿਆਂ ਨੂੰ ਸਾਹਮਣੇ ਰੱਖ ਕੇ ਆਈ ਜਹਾਲਤ, ਖਿੰਡਰੇ ਮਨ ਆਦਿਕ ਥੀਂ ਤਾਂ ਸਾਇੰਸ ਹੀ ਚੰਗਾ ਹੈ, ਜਿਥੇ ਅਬਜੈਕਟਿਵ ਇਕਾਗਰਤਾ ਵਿਚ ਸੁਤੇ-ਸਿੱਧ ਮਨ ਇਕਾਗਰ ਹੋ ਕੇ ਮਨੁੱਖ ਯੋਗ ਸਿੱਧੀ 'ਧਾਰਣਾ ਧਿਆਨ ਸਮਾਧੀ' ਦੇ ਦਰਜੇ ਤਕ ਅਪੜਦਾ ਹੈ।

ਪਰ ਜਿਵੇਂ ਮਜ਼੍ਹਬ ਵਾਲਿਆਂ ਨੇ ਸੂਰਜ ਚੜ੍ਹੇ ਸਭ ਜਗਤ ਹਨੇਰਾ ਕਰ ਦਿੱਤਾ; ਕੌਮਾਂ ਦੀਆਂ ਕੌਮਾਂ, ਨਸਲਾਂ ਦੀਆਂ ਨਸਲਾਂ ਬੇੜੀ ਡੋਬ ਕੇ ਬੈਠੀਆਂ ਹਨ; ਮਜ਼੍ਹਬ ਮਨੁੱਖਾਂ ਦੇ ਕਿਸੇ ਵੱਡੇ ਗਰੋਹ ਨੂੰ ਸਾਧ ਸੰਗਤ ਭਾਵ ਪਰਸਪਰ ਪਿਆਰ ਕਰਨ ਵਾਲੇ, ਪਰਸਪਰ ਸੇਵਾ ਕਰਨ ਵਾਲੇ ਬੰਦੇ ਬਨਾਣ ਵਿਚ, ਕੁਛ ਕਾਲ ਲਈ ਅਸਮਰੱਥ ਹੋਇਆ ਹੈ।

ਬੁੱਧਇਜ਼ਮ, ਈਸਾਈ ਮੱਤ, ਇਸਲਾਮ ਮੱਤ, ਹਿੰਦੂ ਮੱਤ ਆਦਿ ਅਸਮਰੱਥ ਹੋਏ ਹਨ। ਬੀਜ ਨਾਸ ਨਹੀਂ। ਕਈ ਪਰੋਖ ਗਿਆਨ ਵਾਲੇ ਰੱਬ ਦੇ ਬੰਦੇ ਹਰ ਥਾਂ ਮੌਜੂਦ ਹਨ। ਪਰ ਹਰ ਮੁਲਕ, ਹਰ ਮਿਲਤ, ਹਰ ਮਜ਼੍ਹਬ ਤੇ ਅਮਜ਼੍ਹਬ ਵਿਚ ਹਨ। ਇਸੇ ਤਰ੍ਹਾਂ ਪਿਛਲੀ ਲੜਾਈ ਨੇ ਦੱਸਿਆ ਹੈ ਕਿ ਸਾਇੰਸ ਦੀ ਅਬਜੈਕਟਿਵ ਇਕਾਗਰਤਾ ਨੇ ਭਾਵੇਂ ਕਿੰਨੇ ਚੰਗੇ ਭੇਤ ਲੱਭੇ ਹਨ, ਪਰ ਸੁੱਚੇ ਸਾਇੰਸ ਦਾ ਨਾਮ, ਮਹਾਤਮਾਵਾਂ ਨੂੰ ਛੱਡ ਕੇ ਬਾਕੀ ਇਸ ਇਕਾਗਰਤਾ ਦਾ ਜੀਵਨ ਭੀ ਉਸ ਦਵੈਤਾ ਦ੍ਵੈਖ ਦੀ ਵ੍ਰਿਧੀ ਵੱਲ ਲੱਗਾ। ਮਨੁੱਖ ਨੂੰ ਮਨੁੱਖ ਖਾਣ ਦੇ ਸਮਾਨ ਕਰਨ ਲੱਗਾ; ਭਰਾ ਆਪਣੇ ਭਰਾ ਦੇ ਲਹੂ ਨਾਲ ਹੱਥ ਭਰਨ ਲੱਗਾ। ਚਿੱਟੀਆਂ ਬਗੀਆਂ ਕੌਮਾਂ ਕਾਲੀਆਂ ਗੰਧਮੀ ਕੌਮਾਂ ਨੂੰ ਅਹਾਰ ਕਰਨ ਲੱਗੀਆਂ। ਸਭਿਅਤਾ, ਸਾਇੰਸ, ਹਿਕਮਤ, ਅਗਲੀਆਂ ਨੀਤੀਆਂ, ਨਵੇਂ ਸ਼ਾਸਤਰ, ਇਸ ਨਵੇਂ ਮਹਾਂਭਾਰਤ ਵਿਚ ਬੇ-ਹਥਿਆਰ ਹੋ ਚੁੱਕੇ ਹਨ। ਸਿਆਣੇ ਲੋਕ ਦੇਖ ਰਹੇ ਹਨ ਕਿ ਸਾਇੰਸ ਦੁਆਰਾ ਆਏ ਪਰੋਖ ਦੇ ਗਿਆਨ ਵੀ ਰੱਬ ਦੇ ਬੰਦੇ, ਮਨੁੱਖ ਦਾ ਕੁਛ ਅਸਲ ਵਿਚ ਅਰ ਅਸਲੀਅਤ ਦਾ ਕੁਛ ਨਹੀਂ ਸੁਆਰ ਸਕਿਆ। ਬੱਤੀ ਨਾ ਸਹੀ ਬਿਜਲੀ ਸਹੀ; ਤਖ਼ਤ ਨਾ ਸਹੀ ਤਖ਼ਤਾ ਸਹੀ; ਪੈਰ ਜਾਣਾ ਨਾ ਸਹੀ, ਪੈਦਲ ਨਾ ਸਹੀ, ਏਅਰੋਪਲੇਨ 'ਤੇ ਸਹੀ; ਅਨਪੜ੍ਹ ਨਾ ਸਹੀ, ਅੱਖਰ ਜਾਣੂ ਸਹੀ; ਪਰ ਸੁਭਾਅ ਨਹੀਂ ਬਦਲੇ, ਦਿਲ ਨਹੀਂ ਬਦਲੇ। ਮਨਾਂ ਦੀਆਂ ਬਿਰਤੀਆਂ ਨੇ ਕੋਈ ਪਲਟਾ ਨਹੀਂ ਖਾਧਾ। ਮਨੁੱਖ ਵੈਸੇ ਦਾ ਵੈਸਾ?

ਇਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਾਬਿੰਦਰ ਨਾਥ ਟੈਗੋਰ ਨੇ ਕੁਲ ਹਿੰਦੂ ਵਿਚਾਰਵਾਨਾਂ ਵਾਂਗੂ, ਜੋ ਸਾਰੇ ਜਗਤ ਵਿਚ ਇਹ ਗੱਲ ਫੈਲਾਣ ਦੀ ਕੀਤੀ ਹੈ ਕਿ ਹਿੰਦੁਸਤਾਨ ਵਿਚ ਧਰਮ ਦੇ ਖੇਡ ਜੰਗਲਾਂ ਵਿਚ ਆਰੰਭ ਹੋਏ ਤੇ ਹਿੰਦੂ ਸਭਿਅਤਾ ਅਥਵਾ ਆਰੀਆ ਸਭਿਅਤਾ ਜੰਗਲਾਂ ਵਿਚ ਪ੍ਰਕਾਸ਼ਵਾਨ ਹੋਈ ਤੇ ਰੋਮਨ ਸਭਿਅਤਾ ਦੇ ਐਨ ਬਿਲ-ਮੁਕਾਬਲ ਕੁਝ ਥਾਵਾਂ 'ਤੇ ਆਸ਼ਰਮਾਂ ਵਿਚ ਪਲੀ ਤੇ ਰੋਮਨ ਸਭਿਅਤਾ ਸ਼ਹਿਰਾਂ ਦੀ ਚਾਰ ਦੀਵਾਰੀ ਵਿਚ ਉਠੀ ਤੇ ਵੱਡੀ ਹੋਈ ਆਦਿ, ਤੇ ਉਸ ਥੀਂ ਇਹ ਸਿੱਧ ਕਰਨਾ ਚਾਹਿਆ ਹੈ ਕਿ ਆਰੀਆ ਜਾਤੀ ਹੋਰਨਾਂ ਕੌਮਾਂ ਥੀਂ ਜ਼ਿਆਦਾ ਧਰਮ ਅਵਲੰਬੀ ਹੈ। ਇਹ ਉਨ੍ਹਾਂ ਵਿਚਾਰਵਾਨਾਂ ਦੀ ਕੌਮੀ ਕਮਜ਼ੋਰੀ ਹੈ। ਉਹ ਆਪਣੇ ਆਪ ਨੂੰ ਸਦਾ ਅਪਰੋਖ ਗਿਆਨੀ ਕੌਮ ਦੱਸਣ ਦੀ ਕਰਦੇ ਹਨ, ਪਰ ਇਹ ਪੁਰਾਣਾ ਮਨਘੜਤ ਸ਼ਾਸਤਰ ਭਾਵੇਂ ਟੈਗੋਰ ਬਣਾਵੇ, ਭਾਵੇਂ ਹੋਰ ਇਹੋ ਜਿਹਾ ਕੋਈ ਉਘਾ ਪੁਰਖ; ਨਿਰਾ ਕੂੜ ਹੀ ਕੂੜ ਹੈ। ਸੱਚ ਇਹੋ ਕੁਛ ਹੈ ਕਿ ਯਾਗਵਲਕ ਜਿਹੇ ਦੋ ਵਿਆਹ ਕੀਤੇ ਹੋਏ ਰੱਜੋਗੁਣ ਵਿਚ, ਸ਼ਹਿਰਾਂ ਵਿਚ ਰਹਿੰਦੇ ਸਨ। ਸ਼ਹਿਰ ਉਹ ਜਿਥੇ ਇੰਦਰੀਆਂ ਦੇ ਭੋਗ ਭੋਗੇ ਜਾਂਦੇ ਸਨ। ਸੰਕਲਪ ਤੇ ਆਸ਼ਾ ਤ੍ਰਿਸ਼ਨਾ ਦਾ ਜੀਵਨ ਬਸਰ ਕੀਤਾ। ਭਾਵੇਂ ਰੋਮਨ ਸ਼ਹਿਰ ਬਣਾਂਦੇ ਸਨ, ਭੋਗ ਕਰਦੇ ਸਨ, ਯਾਗਵਲਕ ਜਿਹੇ ਲੋਕ ਵੀ ਉਹ ਕੰਮ ਕਰਦੇ ਸਨ। ਜਦ ਉਹ ਅਪਰੋਖ ਗਿਆਨ ਤੇ ਆਤਮਾ ਵੱਲ



ਲੱਗਦੇ, ਤਾਂ ਭੋਗ ਭੋਗਦੀ ਹਿੰਦੂ ਸਭਿਅਤਾ ਐਸੀ ਕੁਰਖ਼ਤ ਤੇ ਦ੍ਵੈਤਾਂ ਭਰੀ ਸੀ, ਐਸੀ ਖ਼ੁਦਗਰਜ਼ ਤੇ ਨਿਰਦਈ ਸੀ ਕਿ ਉਹ ਲੋਕੀਂ ਸੁਸਾਇਟੀ (ਸ਼ਹਿਰ ਭੋਗਾਂ) ਨੂੰ ਤਿਆਗ ਕੇ ਜੰਗਲ ਵਾਸਾ ਕਰਦੇ ਸਨ। ਹਿੰਦੂ ਬੜਾ ਜ਼ੋਰ ਮਾਰਦੇ ਹਨ; ਪਰ ਆਮ ਹਿੰਦੂ ਸੁਸਾਇਟੀ ਉਪਨਿਸ਼ਦਾਂ ਦੇ ਵੇਲੇ ਵੀ ਐਸੀ ਦ੍ਵੈਸ਼ ਭਰੀ, ਖ਼ੁਦਗਰਜ਼ੀ ਭਰੀ ਜੀਵਨ ਵਾਲੀ, ਅਬਜੈਕਟਿਵ (ਪਦਾਰਥਾਂ ਨੂੰ ਲੱਗੀ ਹੋਈ) ਬਿਰਤੀਆਂ ਵਾਲੀ ਸੀ ਕਿ ਗਿਆਨ ਵਾਲਾ ਪੁਰਖ ਇਸ ਦਾ ਜ਼ਰੂਰੀ ਤਿਆਗ ਕਰਦੇ ਸਨ।

ਕੀ ਧਰੂ ਦਾ ਪਿਤਾ ਆਰੀਆ ਰਾਜਾ ਆਪਣੀ ਨਵੀਂ ਵਹੁਟੀ ਦਾ 'ਰਨ-ਮਜ਼ੂਰ' ਨਹੀਂ ਸੀ। ਕੀ ਧਰੂ ਵਰਗਾ ਕੋਈ ਪੁੱਤਰ ਉਸ ਨਵੀਂ ਨੇ ਜੰਮਿਆ ਸੀ? ਤੇ ਕੀ ਇਹ ਰੋਮਨਾਂ ਵਰਗੇ ਭੋਗ ਦੇ ਜੀਵਨ ਦੇ ਚਿੱਤਰ ਨਹੀਂ ਹਨ? ਕੀ ਹਰਨਾਖ਼ਸ਼ ਭਾਰਤ ਵਰਸ਼ ਦਾ ਫੈਰਾਉ (ਪ੍ਰਾਚੀਨ ਮਿਸਰ ਦੇ ਸ਼ਹਿਨਸ਼ਾਹ ਦਾ ਰੁਤਬਾ) ਨਹੀਂ ਸੀ? ਕੀ ਭਰਥਰੀ ਹਰੀ ਦੀ ਗਵਾਹੀ ਕਿ ਹਿੰਦੁਸਤਾਨ ਦੇ ਰਾਜੇ ਭੋਗੀ ਹਨ-ਠੀਕ ਨਹੀਂ? ਕੀ ਕਾਲੀ ਦਾਸ ਦੀ ਗਵਾਹੀ ਕਾਫੀ ਨਹੀਂ ਕਿ ਇਹ ਰਾਜੇ ਅੱਜ ਕੱਲ੍ਹ ਦੇ ਪੂਰਬੀ ਰਾਣਿਆਂ ਵਾਂਗ ਖ਼ੁਦਗਰਜ਼, ਇੰਦਰੀਆਂ ਦੇ ਭੋਗੀ, ਰਸਾਂ ਵਿਚ ਲਿਪਟ ਕੇ ਐਸ਼ੋ ਆਰਾਮ ਦੇ ਵਤੀਰੇ ਵਾਲੇ ਹਨ।

ਵੇਦਾਂ ਦੇ ਵਕਤ ਦੇ ਮੰਤਰਾਂ ਵਿਚ ਦ੍ਵੈਤਾਂ ਦਾ ਭੀ ਜ਼ਿਕਰ ਹੈ। ਉਨ੍ਹਾਂ ਦਾ ਜ਼ਿਕਰ ਕਰਨਾ ਇਸ ਸਿਲਸਿਲੇ ਵਿਚ ਲੋੜੀਂਦਾ ਨਹੀਂ। 'ਹੇ ਦੇਵਤਾ; ਹਮਾਰੇ ਦੁਸ਼ਮਨੋਂ ਕੇ ਬੱਚੇ ਔਰ ਕੱਚੇ, ਉਨ੍ਹਾਂ ਮਾਤਾਉਂ ਕੇ ਗਰਬੋਂ ਮੇਂ ਮਾਰੋ।' ਇਹ ਵੇਦ ਮੰਤਰਾਂ ਵਿਚ ਦਿਤੀ ਦ੍ਵੈਤਾ ਦਾ ਨਮੂਨਾ ਹੈ। ਇਹ ਅਸੀਂ ਮੰਨਦੇ ਹਾਂ ਕਿ ਆਰੀਆ ਲੋਕ ਜਦ ਮਨੁੱਖਾਂ ਦਾ ਲਹੂ ਪੀ ਪੀ ਕੇ ਥੱਕ ਗਏ, ਜਦ ਭਰਾ ਭਰਾਵਾਂ ਦਾ ਖ਼ੂਨ ਕਰਕੇ ਇਤਨੇ ਰੱਜ ਗਏ ਕਿ ਉਨ੍ਹਾਂ ਨੂੰ ਪਸ਼ਚਾਤਾਪ ਪੈਦਾ ਹੋਇਆ, ਤਦ ਉਪਨਿਸ਼ਦਾਂ ਦੀ ਬ੍ਰਹਮ ਵਿਦਿਆ ਏਕਤਾ ਦੇ ਰੰਗ ਦੀ ਸਭਿਅਤਾ ਉਪਜੀ। ਉਹ ਸ਼ਹਿਰਾਂ ਥੀਂ ਬਾਹਰ ਜੰਗਲਾਂ ਵਿਚ ਪਲੀ ਤੇ ਉਹ ਵੈਰਾਗ ਥੀਂ ਪੈਦਾ ਹੋਈ; ਵੈਰਾਗ ਵਿਚ ਹੀ ਰਹੀ। ਜਦ ਕਿਸੇ ਨੂੰ ਪਰੋਖ ਦੀ ਨੂਰ ਸੋਝੀ ਪਈ, ਤਦ ਕੋਈ ਦਮਕ ਵਾਲਾ, ਜੀਵਨ ਕਣੀ ਵਾਲਾ ਪੁਰਖ ਲਸਿਆ। ਹਾਂ! ਬਸ ਕੋਈ ਕੋਈ! ਸਹਸਾਂ ਵਿਚ ਕੋਈ! ਅਸਲੀ ਜੀਵਨ ਕਣੀ ਵਾਲਾ ਪੁਰਖ, ਕੋਈ ਕੋਈ। ਸੁਸਾਇਟੀ ਕਦੀ ਅਬਜੈਕਟਿਵ ਦੁਨੀਆ ਥੀਂ ਉਪਰ ਤੱਕਣ ਵਾਲੀ ਨਾ ਹੋਈ, ਨਾ ਹੈ। ਇਤਨਾ ਜ਼ਰੂਰ ਹੋਇਆ ਕਿ ਵਿਦਿਆ ਧਿਆਨ ਦੇ ਮੰਡਲ ਵਿਚ ਪਰੋਖ ਦੀਆਂ ਸੁਣੀਆਂ ਸੁਣਾਈਆਂ ਕੁਝ ਕੁ ਕਥਾਵਾਂ ਟੁਰ ਪਈਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਅਪਰੋਖ ਦੀ ਵਿਦਿਆ ਸਾਇੰਸ ਵੱਲੋਂ ਧਿਆਨ ਮੁੜ ਕੇ ਅਪ੍ਰਾਪਤਨੀ ਵਸਤੂਆਂ ਵੱਲ ਲੱਗ ਗਿਆ ਤੇ ਸਦੀਆਂ ਲਈ ਕੌਮਾਂ ਦੀਆਂ ਕੌਮਾਂ ਵਹਿਮਾਂ ਭਰਮਾਂ ਦੇ ਵਿਚ ਲਿਬੜੀ ਗਈਆਂ। ਹਜ਼ਾਰ ਗੰਗਾ ਵੱਲ ਜਾਣ 'ਤੇ ਇਨ੍ਹਾਂ ਲੋਕਾਂ ਦੇ ਮਿਥਿਆ, ਮਿਥੇ ਵਹਿਮ ਤੇ ਭਰਮ ਨਿਕਲ ਨਹੀਂ ਸਕਦੇ।

ਸਭ ਦੇਸ਼ਾਂ ਦੀ ਮਨੁੱਖ ਜਾਤੀ ਦਾ ਸੁਭਾਅ ਇਕੋ ਜਿਹਾ ਹੈ। ਕੋਈ ਕਿਸੀ ਪਾਸੂਨ, ਨਾ ਅਪਰੋਖ, ਨਾ ਅੱਛਾ ਹੋਣ ਵਿਚ ਨਾ ਬੁਰਾ ਹੋਣ ਵਿਚ, ਕੋਈ ਘੱਟ ਯਾ ਵੱਧ ਹੈ। ਟੈਗੋਰ ਆਦਿ ਦਾ ਕਹਿਣਾ ਹੈ ਕਿ ਜੰਗਲ ਦੀ ਸਭਿਅਤਾ ਬਸ ਹਿੰਦੁਸਤਾਨ ਵਾਲੀ ਆਰੀਆ ਜਾਤੀ ਦਾ ਹਿੱਸਾ ਹੈ, ਕੁਛ ਅਰਥ ਨਹੀਂ ਰੱਖਦਾ। ਜੇ ਕਦੀ ਇਹ ਕਿਹਾ ਜਾਏ ਕਿ ਜੀਵਨ ਥੋੜ੍ਹਾ ਤੇ ਗੱਲਾਂ ਬਹੁਤ, ਕਰਨੀ ਕਿਸੀ ਕਿਸੀ ਦੀ, ਰਹਿਣੀ ਕਿਸੀ ਕਿਸੀ ਦੀ, ਤੇ ਉਸ ਉਪਰ ਗੱਲਾਂ, ਦੰਦ ਕਥਾਵਾਂ ਦਾ ਭਰਮਾਰ, ਮਾਰਨ ਵਾਲੀ ਅਗਰ ਕੋਈ ਕੌਮ ਹੈ, ਤਦ ਉਹ ਇਹ ਹਨ। ਪਰ ਇਹ ਕੋਈ ਫਖ਼ਰ ਵਾਲੀ ਗੱਲ ਨਹੀਂ। ਇਸ ਨੇ ਸਾਰੀ ਹਿੰਦੂ ਜਾਤੀ ਨੂੰ ਮੁਰਦਾ ਕਰ ਦਿੱਤਾ ਹੈ ਤੇ ਜੋ ਨੁਸਖ਼ਾ ਇਤਨਾ ਕਾਤਲ ਸਬੂਤ ਤੇ ਵਿਹ ਵਾਲਾ ਹੈ, ਉਸ ਦਾ ਪ੍ਰਚਾਰ ਕਰਨਾ ਅਕਲ ਦੀ ਕਮਜ਼ੋਰੀ, ਆਤਮਾ ਦੇ ਬੇਨੈਣ ਹੋਣ ਦਾ ਸਬੂਤ ਦਿੰਦੀ ਹੈ। ਸਦੀਆਂ ਲੰਘ ਗਈਆਂ, ਉਨਤੀ, ਆਜ਼ਾਦੀ ਦਾ ਪੂਰ ਨਾ ਤੱਕਿਆ। ਪੁਰਾਣੇ ਵਹੀ ਖ਼ਾਤੇ ਵਾਂਗੂ ਉਨ੍ਹਾਂ ਦੇ ਹੋ ਚੁੱਕੇ ਹਿਸਾਬਾਂ ਨੇ ਪੰਨੇ ਉਲਟਣ ਵਾਂਗ, ਮੁੜ ਮੁੜ ਉਪਨਿਸ਼ਦਾਂ ਨੂੰ ਹੱਥ ਵਿਚ ਲੈ ਲੈ ਸੁਣਿਆ। ਉਨ੍ਹਾਂ ਕਰਨੀ ਵਾਲੇ ਮਹਾਤਮਾ ਦੇ ਸਹਿਜ ਸੁਭਾਅ ਦੇ ਅਧਿਆਤਮਿਕ, ਰੂਹਾਨੀ ਗੁਣਾਂ ਦਾ ਨਾਂ ਲੈ ਲੈ ਸਾਰੀ ਜਾਤੀ ਸਾਰੀ ਕੌਮ ਨੂੰ ਸੁਰਖ਼ਾਬ ਦਾ ਪਰ ਲਟਕਾਵਣਾ; ਇਹ ਕਿਵੇਂ ਵੀ ਸਾਡੀ ਕੌਮ ਵਿਚ ਜਾਨ ਭਰਨ ਵਾਲਾ ਸਾਬਤ ਨਾ ਹੋਇਆ।

ਹਿੰਦੁਸਤਾਨ ਵਾਲੇ, ਲੋਕ ਸਮੂਹਾਂ ਵਿਚ ਕਦੀ ਏਕਤਾ ਦੇ ਪੈਰੋਕਾਰ ਨਹੀਂ ਸਨ। ਜਦ ਪਰਮਾਰਥ ਇਨ੍ਹਾਂ ਪਾਸ ਆਇਆ, ਤਦ ਇਹਨਾਂ ਵਿਵਹਾਰ ਪਰਮਾਰਥ ਨੂੰ ਸਦਾ ਅਲੱਗ ਰੱਖਿਆ। ਇਹ ਜਾਤੀ ਰੋਮਨਾਂ ਤੇ ਯੂਨਾਨੀਆਂ ਵਾਂਗੂ ਅਬਜੈਕਟਿਵ ਭੋਗਾਂ ਵੱਲ ਰਹੀ। ਪਰ ਇਤਨੀ ਜਹਾਲਤ ਤੇ ਮੈਲੀ ਤਰ੍ਹਾਂ ਲਪਟ ਰਹੀ ਕਿ ਨਾ ਯੂਨਾਨ ਦੇ ਸੋਹਣੇ ਸੁਵਾਂਗੀ ਬੁੱਤ ਬਣਾ ਸਕੇ, ਨਾ ਇਟਲੀ ਵਰਗੇ ਚਿੱਤਰ ਚਿਤਰ ਸਕੇ। ਭਾਵੇਂ ਇਹ ਮੰਨਣਾ ਪਵੇਗਾ ਕਿ ਰੋਮਨ ਲੋਕਾਂ ਵਾਂਗ ਭੋਗ ਰਸਾਂ ਵਿਚ ਬੜੇ ਨਿਪੁੰਨ ਹੋਏ। ਮੈਂ ਇਸ ਵਾਸਤੇ ਕਹਿੰਦਾ ਹਾਂ ਕਿ ਹਿੰਦੁਸਤਾਨ ਦੇ ਲੋਕ ਬਰਾਦਰੀ ਅਰ ਸਮੂਹਕ ਵਿਵਹਾਰ, ਵੈਸੀ ਹੀ ਅਕਲ ਤੇ ਵੈਸੀ ਆਚਾਰ ਸਦਾ ਰੱਖਦੇ ਆਏ ਹਨ; ਜੋ ਯੂਰਪ ਦੇ ਲੋਕਾਂ ਦਾ ਚੋਲਾ ਆਇਆ ਤੇ ਹਮੇਸ਼ਾ ਕੋਈ ਨਾ ਕੋਈ ਆਤਮ ਅਨੁਭਵ ਵਾਲਾ ਪੁਰਖ ਆਪਣੇ ਬੰਦੇ ਘੱਲਦਾ ਰਿਹਾ ਹੈ। ਜਾਂ ਉਨ੍ਹਾਂ ਦੇਸ਼ਾਂ ਵਿਚ ਰੱਬ ਦੇ ਬੰਦੇ ਦੀ ਆਵਾਜ਼ ਨਹੀਂ ਕਿਸੇ ਸੁਣੀ, ਇਸ ਤਰ੍ਹਾਂ ਹਿੰਦੁਸਤਾਨ ਦੇ ਲੋਕਾਂ ਨੇ ਵੀ ਸੁੱਚੇ ਰੱਬ ਦੇ ਬੰਦੇ ਦਾ ਪੈਗ਼ਾਮ ਕਦੀ ਨਹੀਂ ਸੁਣਿਆ। ਆਪਣੇ ਸਰੀਰਕ ਤੇ ਮਾਨਸਿਕ ਕ੍ਰਿਆ ਵਿਚ ਰੁੱਝੇ ਰਹੇ ਮਹਾਤਮਾ ਬੁੱਧ ਵਰਗਿਆਂ ਨੂੰ ਸ਼ੰਕਰਾਚਾਰੀਆ ਜਿਹਾਂ ਉਠ ਕੇ ਖੰਡਣ ਕੀਤਾ। ਰਾਮਾਨੁਜ ਜਿਹੇ ਸੂਖਮ ਮੰਤਕ ਵਾਲਿਆਂ ਨੇ ਮੁੜ ਕਿੜ ਕ੍ਰਿਆ ਕਰਮ ਆਦਿ ਦੇ ਵਹਿਮ ਅਰੰਭ ਦਿੱਤੇ। ਬੁੱਧ ਦੇ ਸੁੱਚੇ ਆਤਮ ਗਿਆਨ ਥੀਂ ਸਾਰੇ ਵਾਂਝੇ ਰਹੇ। ਜਿਸ ਜਾਪਾਨ ਤੇ ਚੀਨ ਦੇ ਲੋਕਾਂ ਨੂੰ ਆਰਟ ਦਿੱਤਾ, ਉਨ੍ਹਾਂ ਦੇ ਹੱਥਾਂ ਪੈਰਾਂ ਨੂੰ ਅਖੰਡ ਕਿਰਤ ਵੱਲ ਲਾਇਆ। ਹਿੰਦੁਸਤਾਨ ਦੇ ਲੋਕੀਂ ਮੁੜ ਆਲਸ, ਸੁਖਨਾ, ਪੱਥਰਾਂ ਦੀ ਪੂਜਾ ਤੇ ਕਾਲੀ ਅੱਗੇ ਬੱਕਰੇ ਚੜ੍ਹਾਣ ਦੇ ਕੰਮ ਲੱਗ ਗਏ। ਇਹ ਪੁਰਾਣੀ ਇਜ਼ਮ ਹੈ, ਜਿਹੜੀ ਅੱਜ ਅਸੀਂ ਦੇਖ ਰਹੇ ਹਾਂ। ਕੌਮ ਦੀ ਕੌਮ ਨਿਕੰਮੀ ਬੈਠੀ ਹੈ। ਸਿਵਾਏ ਈਰਖਾ, ਦ੍ਵੈਖ ਤੇ ਆਪਸ ਵਿਚ ਮਾਰ ਕੁਟਾਈ ਤੇ ਇਕ ਦੂਸਰੇ ਦੀ ਨਿੰਦਾ, ਇਕ ਦੂਸਰੇ ਨਾਲ ਨਫਰਤ ਆਦਿ ਦੇ ਇਨ੍ਹਾਂ ਨਿਕੰਮਿਆਂ ਨੂੰ ਕੋਈ ਕੰਮ ਨਹੀਂ।

ਅੱਜ ਇਕ ਨੈਸ਼ਨਲ ਪਾਗਲਪਨ ਆਇਆ ਹੈ। ਹਿੰਦੁਤਸਤਾਨ ਦੇ ਪ੍ਰਾਚੀਨ ਆਰਟ ਦੀਆਂ ਘਾੜਤਾਂ ਦੇ ਚਿੱਤਰਾਂ ਦੀ ਤਲਾਸ਼ ਹੈ। ਕਿਤਾਬਾਂ ਦੀਆਂ ਕਿਤਾਬਾਂ ਲਿਖੀਆਂ ਜਾ ਰਹੀਆਂ ਹਨ। ਬੁੱਧ ਮੱਤ ਨੇ ਆਰਟ ਨੂੰ ਜਨਮ ਦਿੱਤਾ ਤੇ ਅਕਹਿ ਸੁੱਖ ਦੀ ਸੁਰਤੀ, ਉਨ੍ਹਾਂ ਜ਼ਮਾਨਿਆਂ ਵਿਚ ਘੜਨ ਹੋਈ। ਸਮਾਧੀ ਦਾ ਸੁੱਖ, ਨੁਹਾਰਾਂ, ਨੱਕਾਂ, ਅੱਖਾਂ, ਹੱਥਾਂ ਪੈਰਾਂ ਦੀ ਯੂਨਾਨੀ ਅਰਥ 'ਚ ਸੁੰਦਰਤਾ ਦਾ ਮੁਹਤਾਜ ਨਹੀਂ। ਗਰੀਬ ਥੀਂ ਗਰੀਬ, ਕਰੂਪ ਥੀਂ ਕਰੂਪ ਚਿਹਰੇ ਪਰ ਵੀ ਸਮਾਧੀ ਦੀ ਸ਼ਾਂਤੀ ਅੰਕਿਤ ਹੋ ਸਕਦੀ ਹੈ। ਇਸ ਮੂਰਤੀ ਨੂੰ ਇਸ ਖਿਆਲ ਵਿਚ ਰੰਗ ਵੰਗ ਦੇਣਾ ਬੁੱਧ 'ਆਰਟਿਸਟ' ਦਾ ਕੰਮ ਸੀ।

ਪਰ ਇਹ ਗੱਲ ਆਖ ਕੇ ਇਹ ਕਹਿਣਾ ਕਿ ਹਿੰਦੁਸਤਾਨ ਦਾ ਸਾਰਾ ਆਰਟ ਸਬਜੈਕਟਿਵ ਹੈ, ਤੇ ਇਸ ਵਿਚ ਅਨਘਰਤੀ ਨਹੀਂ। ਤੇ ਕੋਈ ਅੱਖਾਂ ਦਾ ਜੋੜੀ ਕਿਸੀ ਪੱਥਰ ਵਿਚ ਅੱਧ ਮੀਟਾ ਕਰ ਦੇਣਾ, ਕੋਈ 'ਮੱਥਾ ਚੌੜਾ ਤੇ ਨੱਕ ਫੜੌਂਦਾ ਤੇ ਨਾਸਾਂ ਝੁਰਮਟ' ਵਾਲੀ ਕਰੂਪਤਾ ਨੂੰ ਬਿਨਾਂ ਅਨੁਭਵ ਦੇ ਸਮਾਈ ਦਾ ਰੰਗ ਦਿੱਤਾ ਜਾ ਸਕਦਾ ਹੈ। ਇਹ ਮਿੱਥਣਾ ਇਕ ਸ਼ਹਿਰੀ ਮਖ਼ੌਲ ਹੈ, ਜੀਵਨ ਖੇਤਰ ਦੀ ਸੁੱਚੀ ਗੱਲ ਨਹੀਂ। ਅਸਤੂ- ਗੱਲ ਇਹ ਹੈ ਕਿ ਸਿਵਾਏ ਬੁੱਧ ਦੇ ਹੁਨਰ (ਆਰਟ) ਦੇ ਹੋਰ ਪ੍ਰਾਚੀਨ ਹਿੰਦੁਸਤਾਨ ਦਾ ਹੁਨਰ ਮਨੁੱਖ ਨੂੰ ਨਿਰਵੈਰ ਕਰਨ ਦੇ ਅਸਮਰੱਥ ਹੈ।

ਗਰੁੜ 'ਤੇ ਚੜ੍ਹੇ ਹਿੰਦੂ ਦੇਵੀ-ਦੇਵਤੇ ਜੰਗ ਕਰ ਰਹੇ ਹਨ। ਉਨ੍ਹਾਂ ਦੇ ਬੀਰ ਬਿਰਤੀਆਂ, ਆਸਨ ਤੇ ਜੰਗ ਆਦਿ ਦਾ ਸਾਮਾਨ ਪ੍ਰਾਚੀਨ ਹਿੰਦੂ ਆਰਟ ਅਲੱਗ ਨਹੀਂ ਕਰ ਸਕਦਾ। ਸੋ, ਕੀ ਆਰਟ ਦੀ ਗਵਾਹੀ ਜਿਹੜੀ ਉਚੀ ਸ਼੍ਰੇਣੀ ਦੇ ਲੋਕਾਂ ਦੀ ਗਵਾਹੀ ਹੈ, ਜਿਹੜੇ ਜ਼ਰੂਰ ਬ੍ਰਹਮ ਵਿਦਿਆ ਦੇ ਸੁੱਚੇ ਆਚਾਰੀਆਂ ਦੇ ਪ੍ਰਭਾਵਾਂ ਹੇਠ ਜੰਮੇ ਪਲੇ ਹੁਨਰ ਦੁਆਰਾ ਆਈ ਹੈ? ਤੇ ਕੀ ਅੱਜ ਤਕ ਸੀਨਾ ਬਸੀਨਾ ਆਈ ਹਿੰਦੂ ਜਾਤੀ ਦੇ ਜੀਵਨ ਦੀ ਅਬਜੈਕਟਿਵ ਲਗਾਤਾਰਤਾ ਦੀ ਪ੍ਰਤੱਖ ਗਵਾਹੀ ਇਹੋ ਹੀ ਦਿਸਦੀ ਹੈ ਕਿ ਇਹ ਲੋਕੀਂ ਸਦਾ ਅੱਜ ਵਾਂਗ ਹੀ ਦ੍ਵੈਤ ਵਾਲੇ, ਖ਼ੁਦਗਰਜ਼, ਭੋਗੀ, ਅਬਜੈਕਟਿਵ ਦੁਨੀਆਂ ਦੇ ਚਾਹਵਾਨ, ਆਪਣੇ ਸੁੱਖ ਨੂੰ ਲੋਚਨ ਵਾਲੇ ਸਨ? ਇਨ੍ਹਾਂ ਕਦੀ ਜੰਗਲਾਂ ਤੇ ਕੁਦਰਤ ਦੇ ਪ੍ਰਭਾਵਾਂ ਦਾ ਮੂੰਹ ਉਸ ਅਰਥ ਵਿਚ ਨਹੀਂ ਤੱਕਿਆ, ਜਿਸ ਅਰਥ ਵਿਚ ਟੈਗੋਰ ਆਦਿ ਆਪਣੇ ਵਿਖਿਆਨਾਂ ਵਿਚ ਇਨ੍ਹਾਂ ਦੀ ਸ਼ਲਾਘਾ ਕਰਦੇ ਹਨ? ਇਹ ਵੀ ਯੂਰਪ ਵਾਂਗ ਸਾਰੇ ਸ਼ਹਿਰਾਂ ਵਾਲੇ ਲੋਕੀਂ ਹਨ। ਯੂਰਪ ਤੇ ਇਨ੍ਹਾਂ ਵਿਚ ਇਹੋ ਫਰਕ ਹੈ ਕਿ ਇਹ ਆਲਸੀ ਹਨ; ਉਹ ਪੁਰਸ਼ਾਰਥੀ ਹਨ। ਉਹ ਚਿੱਟੇ ਹਨ, ਇਹ ਅਵੱਲੇ ਹਨ। ਇਹ ਮੋਹ ਮਾਇਆ ਵੱਲੋਂ ਮੁਰਦੇ ਹਨ; ਉਹ ਸਰੀਰਕ ਅਰਥ ਵਿਚ ਖੁਭ ਜਾਂਦੇ ਹਨ। ਯੂਰਪ ਵਾਲੇ ਆਪਣੀ ਕਿਰਤ ਦੇ ਸੁੱਚੇ, ਮਿਹਨਤ

***(ਬਾਕੀ ਅਗਲੇ ਸਫੇ 'ਤੇ)***

ਵਿਚਾਰ-ਚਰਚਾ

# ਸਿੱਖ ਸਿਆਸਤ ਅਤੇ ਧਰਮ

***ਡਾ. ਬਲਕਾਰ ਸਿੰਘ ਨੇ ਆਪਣੇ ਲੇਖ ਵਿਚ ਸਿੱਖ ਪੰਥ ਵਿਚ ਧਰਮ ਅਤੇ ਸਿਆਸਤ ਦੇ ਸਬੰਧਾਂ ਦੀ ਗੱਲ ਕਰਦਿਆਂ ਅਜੋਕੇ ਹਾਲਾਤ ਵਿਚ ਸਿਆਸਤ ਦੇ ਧਰਮ ਉਤੇ ਵਧ ਰਹੇ ਗਲਬੇ 'ਤੇ ਕੁਝ ਟਿੱਪਣੀਆਂ ਕੀਤੀਆਂ ਸਨ। ਇਸ ਲੇਖ ਵਿਚ ਸ. ਹਾਕਮ ਸਿੰਘ ਨੇ ਉਸੇ ਗੱਲ ਨੂੰ ਅੱਗੇ ਤੋਰਦਿਆਂ ਆਪਣੇ ਵਿਚਾਰ ਪੇਸ਼ ਕੀਤੇ ਹਨ। -ਸੰਪਾਦਕ***

'ਧਰਮ ਅਤੇ ਸਿਆਸਤ ਦਾ ਸਿੱਖ ਪ੍ਰਸੰਗ' ਲੇਖ (2 ਜੂਨ 2018 ਦੇ ਪੰਜਾਬ ਟਾਈਮਜ਼) ਵਿਚ ਡਾ. ਬਲਕਾਰ ਸਿੰਘ ਨੇ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਏ ਜਾਣ ਅਤੇ ਆਲਮੀ ਭਾਈਚਾਰਾ ਹੋ ਗਏ ਸਿੱਖਾਂ ਨੂੰ ਸਿਆਸੀ ਸੁਰ ਵਿਚ ਨਹੀਂ, ਧਾਰਮਕ ਸੁਰ ਵਿਚ ਹੀ ਬਚਾਉਣ ਤੇ ਫੈਲਾਉਣ ਦੀ ਗੱਲ ਆਖੀ ਹੈ। ਅਜੋਕਾ ਸਿੱਖ ਧਰਮ ਬਹੁਤ ਸਾਰੀਆਂ ਸੰਪਰਦਾਵਾਂ, ਡੇਰਿਆਂ ਅਤੇ ਖਾੜਕੂ ਜਥੇਬੰਦੀਆਂ ਵਿਚ ਵੰਡਿਆ ਹੋਇਆ ਹੈ। ਅਜਿਹੀ ਸਥਿਤੀ ਵਿਚ ਕਿਸ ਧਾਰਮਕ ਸੁਰ ਨੂੰ ਅਸਲੀ ਧਰਮ ਸਮਝਿਆ ਜਾਵੇ? ਸਿੱਖ ਧਰਮ ਦੀ ਵੱਡੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਇਸ ਦਾ ਮਨੋਰਥ ਗਰਦੁਆਰਿਆਂ ਦਾ ਪ੍ਰਬੰਧ ਕਰਨਾ ਹੈ। ਕੀ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਿੱਖ ਧਰਮ ਮੰਨ ਲੈਣਾ ਸਹੀ ਹੋਵੇਗਾ? ਦੂਜੇ, ਇਹ ਕਮੇਟੀ ਭਾਰਤੀ ਕਾਨੂੰਨ ਦੀ ਉਪਜ ਹੈ ਅਤੇ ਸਰਕਾਰ ਦੇ ਅਧੀਨ ਕੰਮ ਕਰਦੀ ਹੈ।

**ਹਾਕਮ ਸਿੰਘ**
hak1270@yahoo.com

ਸਰਕਾਰ ਨੂੰ ਇਸ ਦੇ ਕੰਮ ਵਿਚ ਦਖਲ ਦੇਣ ਦੀ ਖੁਲ੍ਹ ਹੈ ਕਿਉਂਕਿ ਇਹ ਕਮਿਸ਼ਨ ਨਹੀਂ ਹੈ, ਕਮੇਟੀ ਹੈ। ਸਰਕਾਰ ਨੂੰ ਕਮਿਸ਼ਨ ਵਿਚ ਦਖਲ ਦੇਣ ਦਾ ਅਧਿਕਾਰ ਨਹੀਂ ਹੈ ਪਰ ਕਮੇਟੀ ਦੇ ਕੰਮ ਵਿਚ ਸਰਕਾਰ ਦਖਲਅੰਦਾਜ਼ੀ ਕਰ ਸਕਦੀ ਹੈ ਅਤੇ ਕਰਦੀ ਹੈ। ਪ੍ਰਬੰਧਕ ਕਮੇਟੀ ਹੋਣ ਕਾਰਨ ਇਸ ਦਾ ਮੁੱਖ ਕਰਤਵ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਫਲ ਬਣਾਉਣਾ ਹੈ। ਇਸੇ ਕਰਕੇ ਇਹ ਪੰਜਾਬ ਦੇ ਇਤਿਹਾਸ, ਗੁਰਦੁਆਰਿਆਂ ਦੇ ਪ੍ਰਬੰਧ, ਅਖੰਡ ਪਾਠਾਂ ਦੀਆਂ ਲੜੀਆਂ, ਜਲਸੇ ਜਲੂਸਾਂ ਆਦਿ ਨੂੰ ਮਹਤੱਵਪੂਰਨ ਧਾਰਮਕ ਕ੍ਰਿਆ ਸਮਝਦੀ ਹੈ।

ਸਿੱਖ ਧਰਮ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ, ਜਿਸ ਨੂੰ 'ਖਸਮ ਕੀ ਬਾਣੀ' ਅਤੇ ਜਿਸ ਦੀ ਵਿਚਾਰਧਾਰਾ ਨੂੰ ਗੁਰਮਤਿ ਆਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਦੂਜੇ ਪੰਜ ਗੁਰੂ ਸਾਹਬਾਨ ਨੇ ਵਿਆਖਿਆ ਕੀਤੀ ਹੈ ਅਤੇ ਆਪਣੀ ਬਾਣੀ ਨੂੰ ਨਾਨਕ ਬਾਣੀ ਆਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਬੀੜ ਦਾ ਸੰਕਲਨ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਦੀਵੀ ਗੁਰੂ ਆਖਿਆ ਸੀ, ਹੋਰ ਕਿਸੇ ਰਚਨਾ ਨੂੰ ਨਹੀਂ। ਗੁਰੂ ਜੀ ਨੇ ਆਪਣੀ ਕਿਸੇ ਵੀ ਰਚਨਾ ਦਾ ਜ਼ਿਕਰ ਨਹੀਂ ਸੀ ਕੀਤਾ ਅਤੇ ਨਾ ਹੀ ਐਸਾ ਕੋਈ ਆਦੇਸ਼ ਦਿੱਤਾ ਸੀ ਕਿ ਉਨ੍ਹਾਂ ਦੀ ਸਮਝੀ ਜਾਂਦੀ ਕਿਸੇ ਰਚਨਾ ਨੂੰ ਨਾਨਕ ਬਾਣੀ, ਗੁਰਬਾਣੀ ਜਾਂ ਗੁਰੂ ਦਾ ਦਰਜਾ ਦਿੱਤਾ ਜਾਵੇ। ਉਨ੍ਹਾਂ ਆਪਣੇ ਸਿੱਖ ਸੇਵਕਾਂ ਨੂੰ ਆਪਣੀ ਮਰਜ਼ੀ ਨਾਲ ਗੁਰੂ ਬਣਨ ਜਾਂ ਬਣਾਉਣ ਦੀ ਆਗਿਆ ਵੀ ਨਹੀਂ ਸੀ ਦਿੱਤੀ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਗਿਆਨ ਦਾ ਸੋਮਾ ਹੈ। ਇਹ ਤਿੰਨ ਮੁੱਖ ਵਿਸ਼ਿਆਂ-ਪ੍ਰਭੂ, ਸੰਸਾਰਕ ਮਾਇਆ ਅਤੇ ਮਨੁੱਖੀ ਮਨ 'ਤੇ ਵਿਸਤ੍ਰਿਤ ਗਿਆਨ ਪ੍ਰਦਾਨ ਕਰਦੀ ਹੈ। ਇਹ ਤਿੰਨੇ ਵਿਸ਼ੇ ਅਪਦਾਰਥ ਅਤੇ ਅਦਿੱਖ ਅਸਤਿਤਵ ਹੋਣ ਕਾਰਨ ਮਨੁੱਖੀ ਇੰਦਰੀਆਂ ਤੇ ਬੋਧਿਕ ਸ਼ਕਤੀ ਦੀ ਪਕੜ ਅਤੇ ਸਮਝ ਤੋਂ ਬਾਹਰ ਹਨ। ਇਨ੍ਹਾਂ ਵਿਸ਼ਿਆਂ ਨੂੰ ਵਿਚਾਰਦਿਆਂ ਹੀ ਗੁਰਬਾਣੀ ਮਾਨਵਤਾ ਨੂੰ ਨਿੱਜੀ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਦਾ ਉਪਦੇਸ਼ ਕਰਦੀ ਹੈ। 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਹੈ। ਇਸ ਚਾਨਣ ਵਿਚ ਕੁਰਾਹੇ ਪਏ ਸੰਸਾਰ ਨੂੰ ਸਹੀ ਦਿਸ਼ਾ ਦਿਖਾਉਣ ਦੀ ਯੋਗਤਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਅਕਤੀ ਨੂੰ ਸੰਬੋਧਤ ਹੈ ਕਿਸੇ ਸਮੂਹ, ਸਮਾਜ ਜਾਂ ਸੰਗਠਨ ਨੂੰ ਨਹੀਂ। ਗੁਰਬਾਣੀ ਵਿਚ ਧਰਮ ਨੂੰ ਸਮਾਜਕ ਸੰਗਠਨ ਨਹੀਂ, ਪ੍ਰਭੂ ਪ੍ਰਾਪਤੀ ਦਾ ਮਾਰਗ ਦੱਸਿਆ ਗਿਆ ਹੈ। ਧਰਮ ਦੇ ਉਪਾਸ਼ਕਾਂ ਦੇ ਇਕੱਠ ਨੂੰ ਸਤਸੰਗਤਿ ਆਖਿਆ ਗਿਆ ਹੈ, ਸੰਸਥਾ ਜਾਂ ਪੰਥ ਨਹੀਂ। ਗੁਰਬਾਣੀ ਅਨੁਸਾਰ ਪ੍ਰਭੂ ਨੇ ਸੰਸਾਰ ਦੀ ਸਿਰਜਣਾ ਇਕ ਖੇਡ ਵਜੋਂ ਕੀਤੀ ਹੈ ਅਤੇ ਇਸ ਖੇਡ ਵਿਚ ਉਸ ਨੇ ਮਾਇਆ ਦੇ ਪ੍ਰਭਾਵ ਨੂੰ ਪ੍ਰਬਲ ਬਣਾਇਆ ਹੈ:

ਸਦਾ ਸਦਾ ਤੂ ਏਕ ਹੈ
ਤੁਧੁ ਦੂਜਾ ਖੇਲੁ ਰਚਾਇਆ॥
ਹਉਮੈ ਗਰੁਬ ਉਪਾਇ ਕੈ
ਲੋਭੁ ਅੰਤਰਿ ਜੰਤਾ ਪਾਇਆ॥ (ਪੰਨਾ 139)

ਸੰਸਾਰ ਵਿਚ ਮਾਇਆ ਦਾ ਵਿਆਪਕ ਪ੍ਰਭਾਵ ਹੋਣ ਕਾਰਨ ਧਰਮ ਦੇ ਮਾਰਗ 'ਤੇ ਚਲਣ ਲਈ ਗੁਰਬਾਣੀ ਮਨੁੱਖ ਨੂੰ ਤ੍ਰੈਗੁਣੀ ਸੰਸਾਰ ਦੀ ਮਾਇਆ ਦੇ ਪ੍ਰਭਾਵ ਅਤੇ ਆਪਣੀ ਹਉਮੈ ਤੋਂ ਮੁਕਤ ਹੋ ਕੇ ਚੌਥੇ ਪਦ ਵਿਚ ਪ੍ਰਵੇਸ਼ ਕਰਨ ਦਾ ਉਪਦੇਸ਼ ਕਰਦੀ ਹੈ। ਗੁਰੂ ਫੁਰਮਾਨ ਹਨ:

ਮਾਈ ਮਾਇਆ ਛਲੁ॥ (ਪੰਨਾ 717)

ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ॥
(ਪੰਨਾ 643)

ਇਹੁ ਸੰਸਾਰੁ ਤੇ ਤਬ ਹੀ ਛੂਟਉ
ਜਉ ਮਾਇਆ ਨਹ ਲਪਟਾਵਉ॥
ਮਾਇਆ ਨਾਮੁ ਗਰਭ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ॥ (ਪੰਨਾ 693)

ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ ਹੀ ਪਰਮ ਪਦੁ ਪਾਇਆ॥
(ਪੰਨਾ 1123)

ਗੁਰਬਾਣੀ ਦਾ ਨਿਰਣਾ ਹੈ ਕਿ ਜੋ ਮਨੁੱਖ ਧਰਮ ਦੇ ਮਾਰਗ ਦਾ ਪਾਂਧੀ ਬਣਨ ਦਾ ਅਭਿਲਾਸ਼ੀ ਹੈ, ਉਸ ਨੂੰ ਤ੍ਰੈਗੁਣੀ ਸੰਸਾਰ ਦੀ ਮਾਇਆ ਅਤੇ ਆਪਣੀ ਹਉਮੈ ਤਜ ਕੇ ਚੌਥੇ ਪਦ ਵਿਚੋਂ ਪ੍ਰਭੂ ਨੂੰ ਮਿਲਣ ਦਾ ਰਾਹ ਲੱਭਣਾ ਪੈਣਾ ਹੈ। ਵਿਰਲੇ ਸਿੱਖ ਹੀ ਇਸ ਮਾਰਗ 'ਤੇ ਚਲਣ ਦਾ ਹੀਆ ਕਰ ਪਾਉਂਦੇ ਹਨ। ਧਾਰਮਕ ਆਖੀਆਂ ਜਾਂਦੀਆਂ ਸੰਸਥਾਵਾਂ ਸਮਾਜਕ ਗੁੱਟ ਹੋਣ ਕਾਰਨ ਮਾਇਆ ਦੇ ਪ੍ਰਭਾਵ ਅਧੀਨ ਵਿਚਰਦੀਆਂ ਹਨ ਅਤੇ ਉਨ੍ਹਾਂ ਵਿਚ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਤੇ ਅਨੁਭਵ ਕਰਨ ਦੀ ਯੋਗਤਾ ਨਹੀਂ ਹੁੰਦੀ। ਸੰਸਥਾਗਤ ਧਰਮ ਗੁਰਮਤਿ ਦੇ ਧਰਮ ਤੋਂ ਵਖਰਾ ਅਤੇ ਉਸ ਤੋਂ ਵਿਪ੍ਰੀਤ ਹੈ।

ਸੰਸਥਾਗਤ ਧਰਮ ਪੁਰਾਤਨ ਸਮਿਆਂ ਤੋਂ ਹੋਂਦ ਵਿਚ ਆਇਆ ਹੋਇਆ ਹੈ ਅਤੇ ਇਸ ਦਾ ਸਿਆਸਤ ਨਾਲ ਡੂੰਘਾ ਸਬੰਧ ਰਿਹਾ ਹੈ। ਮੰਨੂ ਰਿਸ਼ੀ ਨੇ ਵਰਣ ਵੰਡ ਵਿਚ ਬ੍ਰਾਹਮਣ ਅਤੇ ਕਸ਼ਤਰੀ ਦੇ ਕਿੱਤੇ ਦੇ ਅੰਤਰ ਨੂੰ ਸਪਸ਼ਟ ਕਰਕੇ ਧਰਮ ਤੇ ਸਿਆਸਤ ਨੂੰ ਵਖਰੇ ਪਰ ਇੱਕ ਦੂਜੇ ਦੇ ਸਹਿਯੋਗੀ ਬਣੇ ਰਹਿਣ ਦਾ ਸੁਝਾਅ ਦਿੱਤਾ ਸੀ। ਯੂਰਪ ਵਿਚ ਵੀ ਸੰਸਥਾਗਤ ਧਰਮ ਨੂੰ ਰਾਜ ਨਾਲੋਂ ਵਖਰਾ ਕਰਨ ਲਈ ਦੋ ਤਲਵਾਰਾਂ ਦਾ ਸਿਧਾਂਤ (Theory of Two Swords) ਘੜਿਆ ਗਿਆ ਸੀ ਜਿਸ ਨੂੰ ਗਿਲੇਸ਼ੀਅਨ (Gelasian) ਸਿਧਾਂਤ ਵੀ ਆਖਿਆ ਜਾਂਦਾ ਹੈ। 1302 ਈ. ਵਿਚ ਪੋਪ ਬੋਨੀਫੇਸ VII (Pope Boniface VII) ਨੇ ਪਾਪਲ ਬੁਲ ਰਾਹੀਂ ਚਰਚ ਅਤੇ ਰਾਜ ਨੂੰ ਵਖਰੇ ਕਰਨ ਦਾ ਆਦੇਸ਼ ਜਾਰੀ ਕਰਕੇ ਚਰਚ ਨੂੰ ਰਾਜ ਨਾਲੋਂ ਸ੍ਰੇਸ਼ਠ ਐਲਾਨਿਆ ਸੀ। ਮਾਰਟਿਨ ਲੂਥਰ (Martin Luther) ਨੇ ਰੋਮਨ ਕੈਥੋਲਿਕਾਂ ਦੇ ਦੋ ਤਲਵਾਰਾਂ ਦੇ ਸਿਧਾਂਤ ਨੂੰ ਦੋ ਰਾਜਾਂ ਦੇ ਸਿਧਾਂਤ ਦਾ ਨਾਂ ਦਿੱਤਾ ਸੀ। ਇੰਗਲੈਂਡ ਦੇ ਬਾਦਸ਼ਾਹ, ਹੈਨਰੀ ਅਠਵੇਂ (Henry VIII) ਨੂੰ ਪੋਪ ਨੇ ਹੋਰ ਵਿਆਹ ਕਰਨ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ 'ਤੇ ਹੈਨਰੀ ਨੇ ਇੰਗਲੈਂਡ ਦੇ ਚਰਚ ਦੀ ਵਾਗਡੋਰ ਆਪ ਸੰਭਾਲ ਕੇ ਪੋਪ ਦੀ ਪ੍ਰਮੁੱਖਤਾ ਖਤਮ ਕਰ ਦਿੱਤੀ ਸੀ ਅਤੇ ਧਰਮ ਨੂੰ ਰਾਜ ਦੇ ਅਧੀਨ ਕਰ ਲਿਆ ਸੀ।

ਧਰਮ ਅਤੇ ਸਿਆਸਤ ਦੇ ਅੰਤਰ ਨੂੰ ਅੰਗਰੇਜ਼ ਫਿਲਾਸਫਰ ਜੌਨ ਲੌਕ (John Locke) (1632-1704) ਨੇ ਤਰਕਪੂਰਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ। ਉਸ ਅਨੁਸਾਰ ਧਰਮ ਮਨੁੱਖ ਦਾ ਨਿੱਜੀ ਵਿਸ਼ਵਾਸ ਹੁੰਦਾ ਹੈ, ਜਿਸ ਵਿਚ ਸਰਕਾਰ ਨੂੰ ਦਖਲ ਦੇਣ ਦਾ ਅਧਿਕਾਰ ਨਹੀਂ ਹੈ ਕਿਉਂਕਿ ਹਰ ਮਨੁੱਖ ਨੂੰ ਆਪਣੀ ਜ਼ਮੀਰ ਦੀ ਆਜ਼ਾਦੀ (Liberty of conscience) ਦਾ ਜਮਾਂਦਰੂ ਹੱਕ ਹੈ। ਅਮਰੀਕਨ ਸੰਵਿਧਾਨ ਦੀ 15 ਦਸੰਬਰ 1791 ਨੂੰ ਪ੍ਰਵਾਨ ਹੋਈ ਪਹਿਲੀ ਸੋਧ ਵਿਚ ਵੀ ਰਾਜ ਨੂੰ ਧਰਮ ਨਾਲੋਂ ਵਖਰਾ ਕਰਕੇ ਨਾਗਰਿਕ ਨੂੰ ਧਾਰਮਕ ਆਜ਼ਾਦੀ ਦਾ ਹੱਕ ਦਿੱਤਾ ਗਿਆ ਹੈ ਅਤੇ ਰਾਜ ਨੂੰ ਆਪਣਾ ਧਰਮ ਸਥਾਪਤ ਕਰਨ ਤੇ ਧਰਮਾਂ ਵਿਚ ਦਖਲ ਦੇਣ ਤੋਂ ਵਰਜਿਆ ਗਿਆ ਹੈ। ਧਰਮ ਤੰਤਰੀ ਅਤੇ ਡਿਕਟੇਟਰੀ ਰਾਜਾਂ ਨੂੰ ਛੱਡ ਕੇ ਹੁਣ ਸਾਰੇ ਦੇਸ਼ਾਂ ਵਿਚ ਹਰ ਵਿਅਕਤੀ ਨੂੰ ਧਾਰਮਕ ਆਜ਼ਾਦੀ ਦਾ ਮੂਲ ਅਧਿਕਾਰ ਪ੍ਰਾਪਤ ਹੈ। ਭਾਰਤੀ ਸੰਵਿਧਾਨ ਵਿਚ ਵੀ ਹਰ ਨਾਗਰਿਕ ਨੂੰ ਧਾਰਮਕ ਆਜ਼ਾਦੀ ਦਾ ਮੂਲ ਅਧਿਕਾਰ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਧਰਮ 'ਤੇ ਆਧਾਰਤ ਸਿਆਸੀ ਪਾਰਟੀ ਬਣਾਉਣ ਦੀ ਆਗਿਆ ਨਹੀਂ ਦਿੰਦਾ। ਇਸੇ ਲਈ ਅਕਾਲੀ ਦਲ ਨੂੰ ਆਪਣਾ ਨਾਂ ਅਤੇ ਸੰਵਿਧਾਨ ਬਦਲ ਕੇ ਪੰਜਾਬੀ ਪਾਰਟੀ ਬਣਾਉਣਾ ਪਿਆ ਸੀ। ਅਸਲ ਵਿਚ ਸਿਆਸਤ ਸਮਾਜਕ ਸੁਰਖਿਆ ਅਤੇ ਸਫਲਤਾ ਦੀ ਯੰਤਰ ਵਿਧੀ ਹੈ ਅਤੇ ਧਰਮ ਸੰਸਾਰਕ ਬੰਧਨਾਂ ਅਤੇ ਆਵਾਗਉਣ ਤੋਂ ਨਿਜਾਤ ਪਾਉਣ ਦੀ ਅਧਿਆਤਮਕ ਕ੍ਰਿਆ। ਇਨ੍ਹਾਂ ਦੋਹਾਂ ਵਿਚ ਨਾ ਕੋਈ ਸਾਂਝ ਹੈ ਅਤੇ ਨਾ ਹੀ ਇਹ ਇੱਕ ਦੂਜੇ ਨਾਲ ਮਿਲਣਯੋਗ ਹਨ।

ਇਹ ਸੱਚਾਈ ਹੁਣ ਹਰ ਸੂਝਵਾਨ ਮਨੁੱਖ ਪ੍ਰਵਾਨ ਕਰਦਾ ਹੈ ਕਿ ਸਿਆਸਤ ਨੂੰ ਧਰਮ ਵਿਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਬਹੁਤੇ ਦੇਸ਼ਾਂ ਦੇ ਸੰਵਿਧਾਨਾਂ ਵਿਚ ਇਸ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਪਰ ਸਮਾਜਕ ਧਰਮ ਅਤੇ ਧਾਰਮਕ ਸੰਸਥਾਵਾਂ ਦੀ ਸਿਆਸਤ ਨਾਲ ਭਾਈਵਾਲੀ ਪਹਿਲਾਂ ਵਾਂਗ ਹੀ ਕਾਇਮ ਹੈ ਕਿਉਂਕਿ ਸਰਕਾਰ ਨੂੰ ਸਮਾਜਕ ਧਰਮ ਦੀ ਲੋੜ ਹੁੰਦੀ ਹੈ ਅਤੇ ਧਰਮ ਸਰਕਾਰ ਦੀ ਮਦਦਾ ਨਾਲ ਹੀ ਤਰੱਕੀ ਕਰ ਸਕਦਾ ਹੈ। ਸਿਆਸਤ ਅਸਲ ਵਿਚ ਸਮਾਜ ਵਿਚ ਰਲ ਮਿਲ ਕੇ ਰਹਿਣ ਅਤੇ ਉਸ ਲਈ ਕੀਤੇ ਜਾਣ ਵਾਲੇ ਸਮਾਜਕ ਪ੍ਰਬੰਧ ਦੇ ਕਿੱਤੇ ਦਾ ਨਾਂ ਹੈ। ਸਿਆਸਤ ਦਾ ਮਨੋਰਥ ਸਮਾਜ ਦੀ ਰੱਖਿਆ ਅਤੇ ਬਿਹਤਰੀ ਲਈ ਨੀਤੀਆਂ ਨਿਰਧਾਰਤ ਅਤੇ ਉਨ੍ਹਾਂ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਨ ਦਾ ਪ੍ਰਬੰਧ ਕਰਨਾ ਹੁੰਦਾ ਹੈ। ਧਾਰਮਕ ਸੰਸਥਾਵਾਂ ਸਰਕਾਰੀ ਪ੍ਰਬੰਧ ਦੀ ਸਫਲਤਾ ਵਿਚ ਸਹਾਇਕ ਹੁੰਦੀਆਂ ਹਨ। ਇਸ ਲਈ ਸਰਕਾਰਾਂ ਲੋਕਾਂ ਨੂੰ ਧਾਰਮਕ ਸੰਸਥਾਵਾਂ ਸਥਾਪਤ ਕਰਨ ਤੋਂ ਨਹੀਂ ਰੋਕਦੀਆਂ ਅਤੇ ਉਨ੍ਹਾਂ ਨੂੰ ਸੁਵਿਧਾਵਾਂ ਦੇਣ ਤੇ ਅਧੀਨ ਰਖਣ ਲਈ ਕਾਨੂੰਨ ਬਣਾਉਂਦੀਆਂ ਹਨ। ਧਾਰਮਕ ਸੰਸਥਾਵਾਂ ਅਕਸਰ ਆਪਣੇ ਸ਼ਰਧਾਲੂਆਂ ਨੂੰ ਸਰਕਾਰ ਦੇ ਸਮਰਥਕ ਅਤੇ ਪ੍ਰਸ਼ੰਸਕ ਬਣਨ ਲਈ ਪ੍ਰੇਰਤ ਕਰਦੀਆਂ ਹਨ। ਅਸਲ ਵਿਚ ਸੰਸਥਾਗਤ ਧਰਮ ਮੂਲ ਰੂਪ ਵਿਚ ਰਾਜਸੀ ਮਨੋਰਥ ਲਈ ਸਥਾਪਤ ਕੀਤਾ ਕਿੱਤਾ ਹੈ। ਇਹ ਸਰਕਾਰਾਂ ਨੂੰ ਲੋਕਾਂ ਦਾ ਸਹਿਯੋਗ ਦਿਵਾਉਣ ਦਾ ਕੰਮ ਕਰਦਾ ਹੈ ਕਿਉਂਕਿ ਲੋਕ ਅਕਸਰ ਸਰਕਾਰ ਦੇ ਕਾਨੂੰਨਾਂ ਦੀਆਂ ਬੰਦਿਸ਼ਾਂ ਤੋਂ ਤੰਗ ਆਏ ਹੁੰਦੇ ਹਨ ਪਰ ਸਰਕਾਰ ਨੂੰ ਉਨ੍ਹਾਂ ਦੇ ਸਹਿਯੋਗ ਅਤੇ ਸਮਰਥਨ ਦੀ ਲੋੜ ਹੁੰਦੀ ਹੈ। ਲੋਕਾਂ ਵਿਚ ਪੁਜਾਰੀਆਂ ਅਤੇ ਡੇਰੇਦਾਰਾਂ ਦੇ ਆਦੇਸ਼ਾਂ ਨੂੰ ਸ਼ਰਧਾ ਵਸ ਪ੍ਰਵਾਨ ਕਰਨ ਦੀ ਰੀਤ ਤੋਂ ਲਾਭ ਉਠਾ ਕੇ ਸਰਕਾਰਾਂ ਧਾਰਮਕ ਸੰਸਥਾਵਾਂ ਦੇ ਸਹਿਯੋਗ ਨਾਲ ਬਹੁਤੇ ਲੋਕਾਂ ਦਾ ਸਮਰਥਨ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦੀਆਂ ਹਨ ਅਤੇ ਸੰਸਥਾਵਾਂ ਦੇ ਆਗੂਆਂ ਨੂੰ ਰਿਆਇਤਾਂ ਦੇ ਕੇ ਹੋਰ ਪ੍ਰਬਲ ਬਣਾ ਦਿੰਦੀਆਂ ਹਨ। ਐਸੀ ਵਿਵਸਥਾ ਵਿਚ ਵਿਵਾਦ ਪੈਦਾ ਹੋ ਜਾਣੇ ਸੁਭਾਵਕ ਹਨ।

ਸਿੱਖ ਧਰਮ ਦੀਆਂ ਸੰਸਥਾਵਾਂ ਵੀ ਇਹੋ ਕੁਝ ਕਰਦੀਆਂ ਰਹੀਆਂ ਹਨ। ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਜਦੋਂ ਮੁਗਲ ਹਕੂਮਤ ਗੁਰਮਤਿ ਦੇ ਧਾਰਨੀਆਂ ਨੂੰ ਚੁਣ ਚੁਣ ਕੇ ਮਾਰ ਰਹੀ ਸੀ, ਮੀਣੇ, ਉਦਾਸੀ ਅਤੇ ਨਿਰਮਲੇ ਸਾਧੂ ਗੁਰ ਅਸਥਾਨਾਂ 'ਤੇ ਕਬਜ਼ੇ ਕਰਨ ਲਈ ਮੁਗਲ ਹਕੂਮਤ ਦੇ ਸਮਰਥਕ ਬਣੇ ਹੋਏ ਸਨ। ਉਨ੍ਹਾਂ ਗੁਰਮਤਿ ਸੰਚਾਰ ਨੂੰ ਖਤਮ ਕਰਕੇ ਸਨਾਤਨੀ ਪਰੰਪਰਾ ਅਤੇ ਚੋਣਵੇਂ ਗੁਰਬਾਣੀ ਸ਼ਬਦਾਂ ਦੇ ਮਿਲਗੋਭੇ ਦਾ ਆਪਣਾ ਵਖਰਾ ਸੰਸਥਾਗਤ ਸਿੱਖ ਧਰਮ ਸਥਪਤ ਕਰ ਲਿਆ ਸੀ ਜਿਸ 'ਤੇ ਮੁਗਲ ਹਕੂਮਤ ਨੂੰ ਕੋਈ ਇਤਰਾਜ਼ ਨਹੀਂ ਸੀ। ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਉਦਾਸੀ ਤੇ ਨਿਰਮਲਿਆਂ ਦਾ ਉਹੋ ਗੁਰਮਤਿ ਵਿਰੋਧੀ ਸਿੱਖ ਧਰਮ ਪ੍ਰਚਲਿਤ ਸੀ ਅਤੇ ਉਹ ਆਪ ਰਾਜ ਦੇ ਸਮਰਥਕ ਤੇ ਪ੍ਰਸ਼ੰਸਕ ਬਣੇ ਹੋਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਦੇ ਵੀ ਪੁਰਾਣੇ ਤੇ ਡੂੰਘੇ ਸਬੰਧ ਹਨ। ਸ਼੍ਰੋਮਣੀ ਕਮੇਟੀ ਸਰਕਾਰ ਵਲੋਂ ਬਣਾਏ ਗਏ 1925 ਦੇ ਸਿੱਖ ਗੁਰਦੁਆਰਾ ਐਕਟ ਦੀ ਉਪਜ ਹੈ। ਸਿੱਖ ਧਰਮ ਦੇ ਇਤਿਹਾਸਕ ਅਤੇ ਵਡੇ ਧਾਰਮਕ ਅਸਥਾਨ ਸਰਕਾਰ ਦੀ ਮਲਕੀਅਤ ਹਨ ਅਤੇ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਪ੍ਰਬੰਧਕ ਹੈ। ਸਿੱਖ ਆਗੂਆਂ ਨੇ ਆਪ ਸਰਕਾਰ ਨੂੰ ਬੇਨਤੀ ਕਰਕੇ ਗੁਰਦੁਆਰਾ ਕਾਨੂੰਨ ਬਣਵਾਇਆ ਸੀ। ਉਹ ਸਰਕਾਰ ਦੀ ਅਧੀਨਗੀ ਤੋਂ ਸੰਤੁਸ਼ਟ ਹਨ ਅਤੇ ਚਾਹੁੰਦੇ ਹਨ ਕਿ ਭਾਰਤ ਦੇ ਸਾਰੇ ਗੁਰਦੁਆਰੇ ਹੀ ਸਰਕਾਰ ਦੇ ਅਧੀਨ ਹੋ ਜਾਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਸਬੰਧਾਂ ਦਾ ਇਤਿਹਾਸ ਵੀ ਕਾਫੀ ਦਿਲਚਸਪ ਹੈ। ਜਿਨ੍ਹਾਂ ਸਿੱਖ ਆਗੂਆਂ ਨੇ ਸ਼੍ਰੋਮਣੀ ਕਮੇਟੀ ਦਾ ਕਾਨੂੰਨ ਬਣਵਾਇਆ ਸੀ, ਉਨ੍ਹਾਂ ਨੇ ਹੀ ਅਕਾਲੀ ਦਲ ਨੂੰ ਸਿੱਖ ਰਾਜਸੀ ਪਾਰਟੀ ਵਜੋਂ ਸਥਾਪਤ ਕੀਤਾ ਸੀ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਅਹੁਦੇਦਾਰਾਂ ਦੀ ਆਪਸ ਵਿਚ ਅਦਲਾ-ਬਦਲੀ ਹੁੰਦੀ ਰਹੀ ਹੈ। ਇਹ ਦੋਵੇਂ ਸੰਸਥਾਵਾਂ ਘਿਓ-ਖਿਚੜੀ ਸਨ। ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਨਾਲੋਂ ਸ੍ਰੇਸ਼ਠ ਮੰਨਣ ਦਾ ਵਿਹਾਰ ਹੈ ਪਰ ਭਰਮ ਇਹ ਪਾਲਿਆ ਜਾਂਦਾ ਹੈ ਕਿ ਸਿੱਖ ਧਰਮ ਸਿਆਸਤ ਤੋਂ ਉਪਰ ਹੈ। ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੇ ਅਹੁਦੇ ਨੂੰ ਛੋਟਾ ਸਮਝ ਕੇ ਉਸ ਨੂੰ ਆਪਣੇ ਸਿਆਸੀ ਮੰਤਵ ਲਈ ਵਰਤਦਾ ਰਿਹਾ ਸੀ।

ਸੰਸਥਾਗਤ ਸਿੱਖ ਧਰਮ ਸਨਾਤਨੀ ਪਰੰਪਰਾ ਅਤੇ ਮਿਥਿਹਾਸਕ ਸਿੱਖ ਇਤਿਹਾਸ 'ਤੇ ਆਧਾਰਤ ਹੈ। ਇਹ ਗੁਰਮਤਿ ਨਾਲੋਂ ਟੁਟਿਆ ਹੋਇਆ ਹੈ ਪਰ ਸਿੱਖਾਂ ਦੀ ਬਹੁਗਿਣਤੀ ਇਸ ਨੂੰ ਅਤੇ ਸਿੱਖ ਰਹਿਤ ਮਰਯਾਦਾ ਨੂੰ ਹੀ ਅਸਲੀ ਸਿੱਖ ਧਰਮ ਮੰਨਦੀ ਹੈ। ਇਸ ਦੇ ਨਾਲ ਹੀ ਉਹ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਵੀ ਮੰਨਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਉਪਰੰਤ ਸਿੱਖ ਧਰਮ ਵਿਚ ਬਹੁਤ ਸਾਰੀਆਂ ਸੰਪਰਦਾਵਾਂ ਅਤੇ ਡੇਰੇ ਹੋਂਦ ਵਿਚ ਆਏ ਹਨ। ਇਹ ਸੰਪਰਦਾਵਾਂ ਅਤੇ ਡੇਰੇ ਸਿੱਖ ਸ਼ਰਧਾਲੂਆਂ ਦੀਆਂ ਅਧਿਆਤਮਕ ਤੇ ਭਾਵਆਤਮਕ ਲੋੜਾਂ ਪੂਰੀਆਂ ਕਰਦੇ ਹਨ ਅਤੇ ਵੋਟ ਬੈਂਕ ਸਥਾਪਤ ਕਰਕੇ ਸਰਕਾਰਾਂ ਚੁਣਨ ਵਿਚ ਅਹਿਮ ਰੋਲ ਅਦਾ ਕਰਦੇ ਹਨ। ਲੋਕ ਆਪਣੀ ਲੋੜ ਤੇ ਵਿਸ਼ਵਾਸ ਅਨੁਸਾਰ ਇਨ੍ਹਾਂ ਸੰਪਰਦਾਵਾਂ ਅਤੇ ਡੇਰਿਆਂ ਦੇ ਸਮਰਥਕ ਬਣੇ ਹੋਏ ਹਨ।

ਡਾ. ਬਲਕਾਰ ਸਿੰਘ ਦਾ ਇਹ ਵਿਚਾਰ ਕਿ ਆਲਮੀ ਭਾਈਚਾਰਾ ਹੋ ਗਏ ਸਿੱਖਾਂ ਨੂੰ ਸਿਆਸੀ ਸੁਰ ਵਿਚ ਨਹੀਂ, ਧਾਰਮਕ ਸੁਰ ਵਿਚ ਹੀ ਬਚਾਇਆ ਅਤੇ ਫੈਲਾਇਆ ਜਾ ਸਕਦਾ ਹੈ, ਪੰਜਾਬ ਵਿਚ ਵਸਦੇ ਸਿੱਖਾਂ ਲਈ ਤੇ ਕਿਸੇ ਹੱਦ ਤਕ ਪ੍ਰਸੰਗਕ ਆਖਿਆ ਜਾ ਸਕਦਾ ਹੈ ਪਰ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਲਈ ਅਣਉਚਿਤ ਹੈ ਕਿਉਂਕਿ ਭਾਰਤੀ ਕਾਨੂੰਨ ਅਧੀਨ ਭਾਰਤੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਬਣੀ ਕਮੇਟੀ ਨਾ ਤੇ ਉਨ੍ਹਾਂ ਨੂੰ ਧਾਰਮਕ ਸੁਰ ਵਿਚ ਬਚਾ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਧਰਮ ਨੂੰ ਫੈਲਾ ਸਕਦੀ ਹੈ। ਸੰਸਾਰ ਵਿਚ ਵਸਦੇ ਸਿੱਖਾਂ ਦਾ ਭਵਿਖ ਆਪਣੇ ਅਪਨਾਏ ਵਤਨ ਨਾਲ ਜੁੜਿਆ ਹੋਇਆ ਹੈ ਅਤੇ ਉਹ ਆਪਣੇ ਅਨੁਭਵ ਅਨੁਸਾਰ ਆਪਣੇ ਨਵੇਂ ਵਤਨ ਦੇ ਸਭਿਆਚਾਰ ਵਿਚ ਬਣਦਾ ਯੋਗਦਾਨ ਪਾ ਰਹੇ ਹਨ। ਉਹ ਪੰਜਾਬ ਦੀ ਤਰੱਕੀ ਦੇ ਅਭਿਲਾਸ਼ੀ, ਪੰਜਾਬੀ ਦੀ ਬਿਹਤਰੀ ਲਈ ਯਤਨਸ਼ੀਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗੁਰਦੁਆਰਿਆਂ ਦੇ ਸਹੀ ਪ੍ਰਬੰਧ ਦੀ ਆਸ ਕਰਦੇ ਹਨ।

---

# ਕੁਦਰਤ ਅਤੇ ਮਨੁੱਖ

***(ਪਿਛਲੇ ਸਫੇ ਦੀ ਬਾਕੀ)***

ਕਰਨ ਵਾਲੇ, ਪਸੀਨਾ ਬਹਾ ਕੇ ਰੋਟੀ ਖਾਣ ਵਾਲੇ ਆਦਿ ਗੁਣਾਂ ਵਾਲੇ ਹੋ ਗਏ। ਜਹਾਜ਼ ਦਾ ਕਪਤਾਨ, ਰੇਲ ਦੇ ਚਲਾਣ ਵਾਲੇ, ਆਪਣੇ ਕੰਮ 'ਤੇ ਖਲੋਤਾ ਇੰਜੀਨੀਅਰ, ਬਿਜਲੀ ਬਨਾਣ ਤੇ ਚਲਾਣ ਵਾਲੇ, ਆਪਣੇ ਆਪਣੇ ਕੰਮ 'ਤੇ ਇਕ ਅਕਹਿ ਦ੍ਰਿੜ੍ਹਤਾ ਤੇ ਉਚਾਈ ਨਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਪਰ ਕੋਈ ਉਦਾਸੀ ਨਹੀਂ ਆਉਂਦੀ। ਉਹ ਉਨ੍ਹਾਂ ਦਾ ਧਰਮ ਹੈ। ਪਰ ਹਿੰਦੁਸਤਾਨ ਦਾ ਮਜ਼ੂਰ ਕੰਮ ਘਸਾਊ ਹੈ। ਇਹ ਨਹੀਂ ਕਿ ਉਹ ਲਾਲਚੀ ਨਹੀਂ, ਉਹ ਸੁੱਖ ਨਹੀਂ ਚਾਹੁੰਦਾ? ਉਹ ਉਪਰਾਮ ਹੈ; ਨਹੀਂ? ਉਹ ਆਲਸੀ ਹੈ, ਮੈਲਾ ਹੈ, ਬੇ-ਜ਼ਿੰਮੇਵਾਰ ਹੈ। ਜੇ ਪਰੋਖ ਦੀ ਸਭਿਅਤਾ ਦਾ ਸਦੀਆਂ ਮਗਰੋਂ ਇਹ ਨਤੀਜਾ ਕੌਮ ਦੀ ਕੌਮ ਪੁਰ ਆਨ ਵਾਕਿਆ ਹੋਇਆ ਹੈ, ਤਦ ਸਲਾਮ; ਉਧਰ ਤਾਂ ਲੋਕੀਂ ਬਿਨਾ ਪਰੋਖ ਦੇ ਬਹਾਨੇ ਦੇ ਅਪਰੋਖ ਦੀ ਸਰਬ ਸਿੱਧੀ ਕਰ ਇਕ ਜ਼ਿੰਮੇਵਾਰ ਆਚਰਨ ਪੈਦਾ ਕਰ ਰਹੇ ਹਨ। ਦਿਨੋ ਦਿਨ ਮਨੁੱਖੀ ਗੁਣਾਂ ਵਿਚ ਵਧ ਰਹੇ ਤੇ ਇਧਰ ਦਿਨੋ ਦਿਨ ਬੇ-ਜ਼ਿੰਮੇਵਾਰ, ਖ਼ੁਦਗਰਜ਼, ਸੁਰਤ ਵਿਚ ਲੱਗੇ ਭੈੜੇ ਹੁੰਦੇ ਜਾ ਰਹੇ ਹਨ। ਪਰ ਹੁਣ ਕੀ ਸ਼ਾਂਤੀ ਨਿਕੇਤਨ ਤੇ ਸਾਬਰਮਤੀ ਦੇ ਪੜ੍ਹੇ ਲਿਖੇ ਅੱਜ ਕੱਲ੍ਹ ਦੇ ਵਿਚਾਰਵਾਨ ਪਰੋਖ ਦੇ ਸੁਪਨੇ ਲੈ ਰਹੇ ਹਨ।

ਸ਼ਾਂਤੀ ਨਿਕੇਤਨ ਵਿਚ ਵੀ ਪਰੋਖ ਉਤੇ ਵਿਖਿਆਨ ਹੋ ਰਹੇ ਹਨ। ਮੁੜ ਮਹਾਂਭਾਰਤ ਨੂੰ ਨਵੀਂ ਤਰ੍ਹਾਂ ਛਪਾਣ ਦੇ ਯਤਨ ਵਿਚ ਹਨ ਤੇ ਇਹ ਅੰਦਰੋਂ ਥੋਥੇ ਲੋਕ ਆਪਣੇ ਅਨਉਚਿਤ ਗੁਣ ਗਾਇਨ ਥੀਂ ਥੱਕੇ ਨਹੀਂ। ਉਹ ਯੂਰੋਪੀਅਨ, ਜੋ ਇਨ੍ਹਾਂ ਪੁਰਾਣੀਆਂ ਗੱਲਾਂ ਨੂੰ ਅਜਾਇਬ ਘਰ ਵਿਚ ਪਈਆਂ ਚੀਜ਼ਾਂ ਥੀਂ ਵੱਧ ਕੁਛ ਨਹੀਂ ਸਮਝਦੇ, ਉਨ੍ਹਾਂ ਦੀਆਂ ਖ਼ੁਸ਼ਾਮਦਾਂ ਦਾ ਸਮੂਹ ਹੋਰ ਇਕੱਠਾ ਕਰ ਰਹੇ ਹਨ ਤੇ ਆਪਣੀਆਂ ਤਾਰੀਫਾਂ ਸੁਣ ਸੁਣ ਕੇ ਇਨ੍ਹਾਂ ਦੀਆਂ ਗੱਲ੍ਹਾਂ ਲਾਲ ਹੋ ਰਹੀਆਂ ਹਨ। ਇਹ ਚਿੱਤਰ ਵੀ ਸ਼ਹਿਰੀ ਅਕਲ ਤੇ ਸੁਰਤ ਦੇ ਹਨ। ਇਹ ਨਿਸ਼ਾਨੀਆਂ ਪਰੋਖ ਵਾਲੇ ਬਾਨ-ਨਿਵਾਸੀਆਂ ਦੀਆਂ ਨਹੀਂ।

ਸੋ, ਮਨੁੱਖ ਨੇ ਤ੍ਰਿਸ਼ਨਾ ਦਾ ਸ਼ਹਿਰ ਬਣਾ ਕੇ ਆਪਣੇ ਆਪ ਨੂੰ ਕੁਦਰਤ ਥੀਂ ਵਾਂਝਾ ਕਰ ਦਿੱਤਾ ਹੈ। ਕੁਦਰਤ ਤੇ ਮਨੁੱਖ ਇਕ ਹਨ। ਯੂਰਪ ਵਾਲਿਆਂ ਕੁਦਰਤ ਨੂੰ ਮੁਰਦਾ ਸਮਝਿਆ ਹੈ, ਸੋ ਉਨ੍ਹਾਂ ਇਸ ਥੀਂ, ਮੌਤ ਖ਼ਰੀਦੀ ਹੈ। ਕੁਦਰਤ ਜਿਊਂਦੀ ਜਾਗਦੀ ਹੈ। ਗੁਰੂ ਬਾਬੇ ਨੇ ਕਿਹਾ ਹੈ ਕਿ ਰੱਬ "ਕੁਦਰਤਿ ਵਸਿਆ" ਹੈ। ਬਾਬਾ ਨਾਨਕ ਦੇ ਸੱਚ ਦੇ ਬਾਦਸ਼ਾਹਤ ਦਾ ਜਨਮ ਕੁਦਰਤ ਵਿਚ ਹੈ।

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
(ਗਉੜੀ ਸੁਖਮਨੀ ਮਹਲਾ 5, ਪੰਨਾ 293)

ਹੁਣ ਬਾਬੇ ਦੇ ਨਾਮ-ਲੇਵਿਆਂ ਦਾ ਕੰਮ ਹੈ ਸ਼ਹਿਰਾਂ ਨੂੰ ਮੂੰਹ ਮੋੜ ਕੇ ਆਸ਼ਾ-ਤ੍ਰਿਸ਼ਨਾ, ਤਿਆਗ ਕੇ ਆਪਣੇ ਪਿਆਰੇ ਦੇ ਪਿਆਰੇ ਦਾ ਦੀਦਾਰ ਕਰਨ। ਕੁਦਰਤ ਨੂੰ 'ਹਰਿ ਰੂਪ' ਜਾਣ ਉਸ ਵਿਚ ਸਮਾਣ, ਬਿਰਖਾਂ, ਦਰਿਆਵਾਂ, ਪਹਾੜਾਂ, ਸਿਤਾਰਿਆਂ, ਸੂਰਜਾਂ ਨਾਲ ਮਿਲ ਕੇ ਆਪਣੀ ਜੋਤ ਪ੍ਰਗਟਾਵਣ।

ਇਹ ਕੂੜ ਹੋਵੇਗਾ; ਅਗਰ ਮੈਂ ਮੰਨਾਂ ਕਿ ਅੱਜ ਕੱਲ੍ਹ ਖ਼ਾਲਸਾ ਗੁਰੂ ਕਾ ਸਿੱਖ ਸਮੂਹ ਰੂਪ ਵਿਚ ਇਕ ਮਾਇਆਵੀ ਹੈ। ਤ੍ਰਿਸ਼ਨਾ ਧਰਮ ਨੂੰ ਅਧਰਮੀ ਕਰਦੀ ਹੈ, ਪਰ ਖ਼ਾਲਸਾ ਸਮੂਹ ਰੂਪ ਵਿਚ ਆਤਮ ਆਦਰਸ਼ ਵੱਲ ਵੀ ਨਹੀਂ ਜਾ ਰਿਹਾ। ਤੇ ਜੇ ਇਹੋ ਚਾਲ ਰਹੀ ਤੇ ਸਮੂਹ ਰੂਪ ਵਿਚ, ਪੰਥ ਰੂਪ ਵਿਚ, ਗੁਰੂ ਸਾਹਿਬ ਦਸਵੇਂ ਪਾਤਿਸ਼ਾਹ ਦੇ ਹੁਕਮ ਥੀਂ ਟੁੱਟੇਗਾ ਤੇ ਇਕੱਲੀ ਦੁਨੀਆ ਕਹੇਗੀ ਕਿ ਗੁਰੂ ਗੋਬਿੰਦ ਸਿੰਘ ਜੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਪੁਰਖ ਦਾ ਨਮੂਨਾ ਮਨੁੱਖ ਦੇ ਸਮੂਹਾਂ ਵਿਚ ਪੈਦਾ ਕਰਨ ਵਿਚ ਨਾਕਾਮਯਾਬ ਰਹੇ। ਹਾਏ! ਅਸੀਂ ਗੁਰੂ ਕੇ ਸਿੱਖ ਅਖਵਾਣ ਵਾਲੇ ਆਪਣੇ ਸਤਿਗੁਰੂ ਨੂੰ ਇਹ ਉਲਾਹਮਾ ਨਾ ਦੀਵਾਈਏ। ਜਿਸ ਵੇਲੇ ਸਿੱਖਾਂ ਨੂੰ ਕੋਈ ਇਲਜ਼ਾਮ ਦੇਵੇ, ਅਸੀਂ 'ਹੋਰ ਵੱਧ ਥੀਂ ਵੱਧ' ਗੁਰੂ ਜੀ ਦੇ ਹੁਕਮਾਂ 'ਤੇ ਚੱਲੀਏ, ਚਮਕੀਏ ਲੱਸੀਏ:

ਕੋਈ ਐਸੋ ਰੇ ਭੇਟੈ ਸੰਤੁ
ਮੇਰੀ ਲਾਹੈ ਸਗਲ ਚਿੰਤ
ਠਾਕੁਰ ਸਿਉ ਮੇਰਾ ਰੰਗੁ ਲਾਵੈ॥੨॥
ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥੩॥
(ਧਨਾਸਰੀ ਮਹਲਾ 5, ਪੰਨਾ 687)

ਜੇ ਅਸੀਂ ਇਸ ਉਪਰ ਦਿੱਤੇ ਸ਼ਬਦ ਦੇ ਸਬਜੈਕਟਿਵ ਆਤਮਿਕ ਆਦਰਸ਼ ਥੀਂ ਮੂੰਹ ਮੋੜਾਂਗੇ, ਤਦ ਖ਼ਾਲਸਾ ਜੀ, ਯਾਦ ਰੱਖੋ! ਗੁਰਦੁਆਰਿਆਂ 'ਤੇ ਕਬਜ਼ੇ ਕਰਨ ਦੀ ਪਵਿਤਰ ਇੱਛਾ ਸਾਡੇ ਮਾੜੇ ਕਰਮਹੀਨ ਨਿਕਾਰੇ ਬੰਦਿਆਂ ਲਈ ਮਾਇਆਵੀ ਤ੍ਰਿਸ਼ਨਾ ਹੋ ਜਾਵੇਗੀ।

ਸਾਡਾ ਵਿਰਸਾ ਸਾਡਾ ਮਾਣ

# ਰੰਗ ਦੀ ਨਫਰਤ

*ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਕੀਤਾ ਮਿਲਦਾ ਹੈ। ਪਾਠਕ 'ਸੁਦੇਸ਼ ਸੇਵਕ' (ਜੋ 1909 ਤੋਂ 1911 ਤੱਕ ਛਪਦਾ ਰਿਹਾ) ਅਤੇ 'ਸੰਸਾਰ' (ਜੋ ਸਤੰਬਰ 1912 ਤੋਂ ਜੁਲਾਈ 1914 ਤੱਕ ਛਪਦਾ ਰਿਹਾ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਰਾਹੀਂ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਲਿਖਤਾਂ ਦੇ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰ ਹੋ ਸਕਣ। -ਸੰਪਾਦਕ*

ਤਜਰਬੇ ਨੇ ਦੱਸ ਦਿੱਤਾ ਹੈ ਕਿ ਉਨ੍ਹਾਂ ਵਿਚ ਬਹੁਤ ਗੋਰਿਆਂ ਨੇ ਜੋ ਇੰਡੀਆ ਵਿਚ ਨੌਕਰੀਆਂ ਕਰਦੇ ਆਏ ਹਨ, ਕੈਨੇਡਾ ਵਿਚ ਸਾਡੇ ਬਰਖਿਲਾਫ ਬੋਲਣ ਲਈ ਆਪਣਾ ਸਾਰਾ ਜ਼ੋਰ ਲਾਇਆ ਹੈ, ਜੋ ਬਹੁਤ ਅਫਸੋਸ ਹੀ ਨਹੀਂ ਸਗੋਂ ਹਨੇਰ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦਾ ਹਾਲਾ ਤੇ ਲੂਣ ਖਾਂਦੇ ਆਉਂਦੇ ਸਾਡੀਆਂ ਜੜ੍ਹਾਂ ਵਿਚ ਇਥੇ ਆ ਕੇ ਤੇਲ ਦੇਣ। 'ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ' ਵਾਲਾ ਮਾਮਲਾ ਹੈ। ਇਹ ਕੋਈ ਨਾ ਕੋਈ ਮਿਹਰਬਾਨ ਕਿਸੇ ਨਾ ਕਿਸੇ ਖੂੰਜੇ ਵਿਚ ਬੇਪੁੱਛੇ ਹੀ ਸਾਡੇ ਉਲਟ ਬੋਲਣ ਲੱਗ ਪੈਂਦਾ ਹੈ। ਅਜੇ ਦੋ ਹਫਤੇ ਹੋਏ ਹਨ ਤਾਂ 25 ਸਾਲ ਇੰਡੀਆ ਵਿਚ ਰਹਿ ਆਏ ਸਾਹਿਬ ਬਹਾਦਰ ਸਾਡੇ ਬਰਖਿਲਾਫ ਉਚਰ ਰਹੇ ਸਨ, ਹੁਣ ਕਿਸੇ ਮੋਈਜ਼ ਨਾਮੀ ਗੋਰੇ ਨੇ ਹਿੰਦੂ ਇੰਮੀਗਰੇਸ਼ਨ ਦੇ ਸਿਰਨਾਮੇ ਨਾਲ ਵਿਕਟੋਰੀਏ ਦੀ ਇਕ ਅਖਬਾਰ ਵਿਚ ਹੇਠ ਲਿਖੀ ਚਿੱਠੀ ਛਪਵਾਈ ਹੈ ਤੇ ਸਾਡੇ ਪੁਰ ਅਣਹੋਣੇ ਦੋਸ਼ ਥੱਪ ਕੇ ਮਨਤਕ ਛਾਂਟੇ ਹਨ। ਚਿੱਠੀ ਦਾ ਤਾਤਪਰਜ਼ ਇਹ ਹੈ:

ਮੈਂ ਤੇਰਾਂ ਸਾਲ ਇੰਡੀਆ ਵਿਚ ਰਿਹਾ ਹਾਂ ਤੇ ਇਲਮਦਾਰ ਤੇ ਅਨਪੜ੍ਹ ਹਿੰਦੂਆਂ ਨੂੰ ਡਿੱਠਾ ਹੈ। ਮੈਂ ਹਿੰਦੁਸਤਾਨੀਆਂ ਦੇ ਕੈਨੇਡਾ ਵਿਚ ਵੜਨ ਤੇ ਵੱਸਣ ਦੇ ਬਹੁਤ ਹੀ ਬਰਖਿਲਾਫ ਹਾਂ। ਇਹ ਲਿਖ ਕੇ ਹੇਠਾਂ ਲੂੰਬੜੀ ਵਾਲੀਆਂ ਦਲੀਲਾਂ ਦਿੱਤੀਆਂ ਹਨ (1) ਇੰਡੀਆ ਵਿਚ ਇਸ ਵਕਤ ਨਮਕ ਹਲਾਲ ਆਦਮੀਆਂ ਦੀ ਲੋੜ ਹੈ ਤੇ ਅਸੀਂ ਰਾਜ ਧਰੋਹੀਆਂ ਨੂੰ ਬਿਲਕੁਲ ਨਹੀਂ ਮੰਗਦੇ। ਕੁਝ ਚਿਰ ਹੋਇਆ ਹੈ ਤਾਂ ਇੰਡੀਆ ਵਿਚ ਗਵਰਮੈਂਟ ਦੇ ਬਰਖਿਲਾਫ ਲਿਖੀਆਂ ਹੋਈਆਂ ਪੋਥੀਆਂ ਗਈਆਂ ਸਨ ਜੋ ਕਹਿੰਦੇ ਸਨ ਕਿ ਅਮਰੀਕਾ ਤੋਂ ਆਈਆਂ ਹਨ। (2) ਇੰਡੀਆ ਅਜੇ ਪੂਰਾ ਆਬਾਦ ਨਹੀਂ ਹੋਇਆ। ਇਸ ਲਈ ਉਥੋਂ ਇਥੇ ਆਦਮੀ ਨਹੀਂ ਆਉਣ ਦੇਣੇ ਚਾਹੀਦੇ। ਉਥੇ ਬਹੁਤ ਆਦਮੀਆਂ ਦੀ ਲੋੜ ਹੈ। (3) ਕੈਨੇਡਾ, ਆਸਟਰੇਲੀਆ ਤੇ ਅਫਰੀਕਾ ਵਿਚ ਬਸਤੀਆਂ ਗੋਰੇ ਰੰਗ ਵਾਲਿਆਂ ਦੇ ਵਸਣ ਲਈ ਹਨ ਅਤੇ ਅੰਗਰੇਜ਼ਾਂ ਦੇ ਵਾਧੇ ਲਈ। (4) ਹਿੰਦੂਆਂ, ਸਿੱਖਾਂ, ਬੰਗਾਲੀਆਂ, ਪੰਜਾਬੀਆਂ ਦੀਆਂ ਰੀਤਾਂ ਰਸਮਾਂ ਬਹੁਤ ਹੁੰਦੀਆਂ ਹਨ। ਸੌ ਦੀ ਇਕ ਗੱਲ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਇਥੇ ਕੋਈ ਨਹੀਂ ਮੰਗਦਾ (ਚਾਹੁੰਦਾ)।

ਪਿਆਰੇ ਭਰਾਵੋ! ਇਹ ਉਪਰ ਲਿਖੀਆਂ ਦਲੀਲਾਂ ਉਸ ਗੋਰੇ ਨੇ ਦਿੱਤੀਆਂ ਹਨ ਜਿਨ੍ਹੇ ਤੇਰਾਂ ਸਾਲ ਸਾਡੇ ਦੇਸ਼ ਦਾ ਲੂਣ ਖਾਧਾ, ਨੌਕਰੀ ਲਈ ਤੇ ਬੁਲੇ ਲੁੱਟੇ। ਅਫਸੋਸ ਹੈ ਕਿ ਸਾਡਾ ਸਾਮਨਾ ਐਸਾ ਭੈੜਾ ਹੈ ਜਿਸ ਨੂੰ ਤੇਰਾਂ ਸਾਲ ਖਾਣ ਵਾਲ ਗੋਰਾ ਭੀ ਸਾਨੂੰ ਇਥੇ ਆ ਕੇ ਗਾਲ੍ਹਾਂ ਹੀ ਦਿੰਦਾ ਹੈ। ਇਕ ਗੋਰੇ ਨੇ ਹੀ ਇਸ ਚਿੱਠੀ ਦਾ ਉੱਤਰ ਦਿੱਤਾ ਹੈ ਜੋ ਅਸੀਂ ਅਗਲੇ ਪਰਚੇ ਵਿਚ ਛਾਪਾਂਗੇ ਤੇ ਇਸ ਮੋਈਜ਼ ਸਾਹਿਬ ਬਹਾਦਰ ਦੇ ਪੋਲ ਨੂੰ ਖੋਲ੍ਹ ਕੇ ਦੱਸਾਂਗੇ।

## ਸਾਡੇ ਦਾਈਏ

ਕੀ ਸਬੱਬ ਹੈ, ਸਾਡੀ ਕੌਮ ਨਾਲ ਦੁਨੀਆਂ ਵਿਚ ਹਰ ਜਗ੍ਹਾ ਸਖਤੀ ਹੋ ਰਹੀ ਹੈ। ਕਿਉਂ ਸਭ ਦੇਸ਼ ਮੁਲਕ ਸਾਡੇ ਲਈ ਬੰਦ ਹਨ। ਆਦਮੀਆਂ ਦੀਆਂ ਕਤਾਰਾਂ ਵਿਚ ਖੜ੍ਹੇ ਹੋਈਏ ਤਾਂ ਸਾਡੇ ਕੱਦ ਸਾਰਿਆਂ ਨਾਲੋਂ ਉਚੇ ਹਨ। ਕਾਬਲ ਦੀ ਮੁਹਿੰਮ ਸਰ ਕਰਨੀ ਸਾਡੇ ਲਈ ਇਕ ਸੌਖੀ ਖੇਲ੍ਹ ਹੈ। ਮਿਹਨਤ ਮਜ਼ਦੂਰੀ ਕਰਨ ਵਿਚ ਸਾਤੋਂ ਸਭ ਕੰਨ ਭੰਨਦੇ ਹਨ। ਸਾਡੀਆਂ ਪਲਟਨਾਂ ਰਜਮੰਟਾਂ ਦੀ ਧਾਕ ਕੁਲ ਦੁਨੀਆਂ ਵਿਚ ਮਚ ਰਹੀ ਹੈ। ਬੜੇ-ਬੜੇ ਇਮਾਨਦਾਰ ਸਾਡੇ ਵਿਚ ਬੀ. ਏ. ਤੇ ਐਮ. ਏ. ਦੀਆਂ ਪੂਛਾਂ ਲਾਈ ਫਿਰਦੇ ਹਨ। ਬੜੇ-ਬੜੇ ਸਮਝੌਤੀਆਂ ਦੇਣ ਵਾਲੇ ਗਿਆਨੀ ਸਾਡੇ ਵਿਚ ਸੰਘ ਪਾੜ-ਪਾੜ ਕੇ ਅੜਾ ਰਹੇ ਹਨ। ਸਾਡੀ ਗਿਣਤੀ ਦੁਨੀਆਂ ਦੇ ਕਈ ਮੁਲਕ ਇਕੱਠੇ ਕਰੀਏ, ਤਾਂ ਵੀ ਵਧ ਜਾਂਦੀ ਹੈ। ਸਾਡੇ ਵਿਚ ਕਿਹੜੀ ਥੋੜ੍ਹ ਹੈ ਜੋ ਦੂਜੀਆਂ ਕੌਮਾਂ ਦੇ ਸਿਰਾਂ ਵਿਚ ਹੰਕਾਰ ਦਾ ਕੀੜਾ ਪੈਦਾ ਕਰਦੀ ਹੈ ਕਿ ਇਨ੍ਹਾਂ ਨੂੰ ਠੁੱਡ ਲਗਾਵੋ। ਦੁਨੀਆਂ ਵਿਚ ਖੁੱਲ੍ਹੇ ਨਾ ਫਿਰਨ ਦਿਉ। ਹਰ ਇਕ ਦੇਸ਼ ਤੋਂ ਮੋੜ ਦਿਉ। ਕਿਹੜੀ ਚੀਜ਼ ਹੈ ਜੋ ਦੂਜੀਆਂ ਕੌਮਾਂ ਤੋਂ ਸਾਨੂੰ ਪਸ਼ੂ, ਨਿਕੰਮੇ ਤੇ ਗਧੇ ਸਦਵਾ ਰਹੀ ਹੈ। ਕਿਹੜਾ ਨੁਕਸ ਹੈ ਜਿਸ ਕਰਕੇ ਸਾਡੇ ਲਈ ਨਿਆਉ ਭੀ ਅਨਿਆਉ ਬਣ ਜਾਂਦਾ ਹੈ। ਕਿਸ ਕਰਕੇ ਕੰਪਨੀਆਂ ਸਾਨੂੰ ਟਿਕਟ ਤਕ ਨਹੀਂ ਵੇਚਦੀਆਂ। ਕਿਸ ਕਰਕੇ ਸਾਡੀਆਂ ਸਿੰਘਣੀਆਂ, ਬੱਚਿਆਂ ਤਕ ਨੂੰ ਸਾਡੇ ਪਾਸ ਆਉਣ ਦੀ ਖੁੱਲ੍ਹ ਨਹੀਂ। ਕੀ ਪਾਪ ਹੈ ਜੋ ਸਾਨੂੰ ਕਰੋੜਾਂ ਆਦਮੀਆਂ ਨੂੰ ਪਸ਼ੂਆਂ ਵਾਂਗਰ ਭੁੱਖ ਤੇ ਦੁੱਖ ਮਾਰਦਾ ਹੈ। ਕੀ ਘਾਟਾ ਹੈ ਜਿਸ ਕਰਕੇ ਸਾਡੀ ਸ਼ਰੀਫ ਕੌਮ ਦੇ ਬੱਚੇ ਲੱਖਾਂ ਦੀ ਗਿਣਤੀ ਵਿਚ ਗੋਰਮੰਟੀਏ ਕੁਲੀ ਬਣ ਕੇ ਪ੍ਰਦੇਸ ਵਿਚ ਰੁਲ ਰਹੇ ਹਨ। ਆਓ, ਉਸ ਕੌਮਾਂ ਦਾ ਖੁਰਾ ਖੋਜ ਮਿਟਾਉਣ ਵਾਲੇ ਜ਼ਾਲਮ ਔਗੁਣਾਂ ਨੂੰ ਲੱਭ ਲਈਏ। ਆਉ, ਉਸ ਪਾਪਣ ਕੋਹੜ ਦੀ ਖੋਜ ਕਰੀਏ।

## ਪਸਰ ਜਾਓ

ਅਸੀਂ ਬੜੇ ਅਫਸੋਸ ਨਾਲ ਲਿਖਦੇ ਹਾਂ ਕਿ 7 ਅਗਸਤ ਨੂੰ ਸਾਡਾ ਨਿਊ ਯਾਰਕ ਵਿਚ ਰੋਕਿਆ ਹੋਇਆ ਭਰਾ ਦਾਨਾ ਸਿੰਘ ਲਿਵਰਪੂਲ ਨੂੰ ਵਾਪਸ ਮੋੜਿਆ ਗਿਆ ਹੈ। ਉਸ ਭਰਾ ਨੂੰ ਪੰਦਰਾਂ ਡਾਲਰ ਮਿਲ ਗਏ ਸਨ। ਫੇਰ ਉਸ ਨੇ ਲਿਖਿਆ ਕਿ ਹੋਰ ਡਾਲਰ ਘੱਲੋ ਤੇ ਕਿਸੇ ਆਦਮੀ ਨੂੰ ਕਹੋ ਕਿ ਆ ਕੇ ਮੇਰੀ ਜ਼ਿੰਮੇਵਾਰੀ ਦੇਵੇ, ਪਰ ਸਾਡੀ ਬੇਠਿਕਾਣਾ ਕੌਮ ਦੀ ਕੌਣ ਸਾਰ ਲਵੇ। ਅਸੀਂ ਝਟਪਟ ਦੋ ਤਿੰਨ ਆਦਮੀਆਂ ਨੂੰ, ਜੋ ਨਿਊ ਯਾਰਕ ਤੋਂ ਸੌ-ਸੌ ਮੀਲ ਪੁਰ ਸਨ, ਤਾਰਾਂ ਦਿੱਤੀਆਂ ਤੇ ਖਤ ਲਿਖੇ, ਪਰ ਉਥੇ ਕੋਈ ਨਾ ਬਹੁੜ ਸਕਿਆ। ਅੰਤ 7 ਅਗਸਤ ਨੂੰ ਬੇ ਆਸਰਾ ਭਰਾ ਸਾਰੀ ਉਮਰ ਖੁਆਰ ਹੋਣ ਲਈ ਮੋੜਿਆ ਗਿਆ। ਜੇ ਅੱਜ ਨਿਊ ਯਾਰਕ ਵਿਚ ਸਾਡੇ ਹੋਰ ਭਰਾ ਆ ਰੁਕਣ ਤਾਂ ਉਨ੍ਹਾਂ ਦਾ ਦੁੱਖ ਵਡਾਉਣ ਵਾਲਾ ਕੌਣ ਹੈ। ਕੋਈ ਨਹੀਂ। ਕੌਮੀ ਦੁੱਖ ਤਾਂ ਇਹ ਹੀ ਹਨ ਕਿ ਅੱਵਲ ਤਾਂ ਅਸੀਂ ਇਕ ਦੂਜੇ ਦਾ ਦੁੱਖ ਵੰਡਾਉਣ ਲਈ ਤਿਆਰ ਹੀ ਨਹੀਂ ਹਾਂ, ਜੇ ਹਾਂ ਭੀ ਤਾਂ ਸਾਡੀ ਜਥੇਬੰਦੀ ਕਮਜ਼ੋਰ ਹੈ। ਸਾਡੇ ਪਾਸ ਪੂਰੇ ਵਸੀਲੇ ਨਹੀਂ ਹਨ ਜਿਨ੍ਹਾਂ ਨਾਲ ਅਸੀਂ ਕੁਝ ਨਾ ਕੁਝ ਆਪਣੀ ਰੁਲਦੀ ਕੌਮ ਦਾ ਬਚਾਓ ਕਰ ਸਕੀਏ। ਦਸ ਕਿਤੇ ਠੁੱਡ ਖਾਂਦੇ ਫਿਰਦੇ ਹਨ, ਵੀਹ ਕਿਤੇ ਰੁਲ ਰਹੇ ਹਨ, ਤੀਹ ਕਿਤੇ ਖੁਆਰ ਹੋ ਰਹੇ ਹਨ। ਬਾਕੀਆਂ ਨੂੰ ਕੁਝ ਅਹੁੜਦਾ ਹੀ ਨਹੀਂ ਤੇ ਬਸ ਸੇਵਾ ਨੂੰ ਭੁਲਾ ਕੇ ਜਿਸ ਨੇ ਕਿ ਸਾਨੂੰ ਚੁੱਕਣਾ ਹੈ, ਲੜਨ ਭਿੜਨ ਦੀ ਪਈ ਹੋਈ ਹੈ। ਜਿਤਨੇ ਜਣੇ ਅਸੀਂ ਅਮਰੀਕਾ ਤੇ ਕੈਨੇਡਾ ਵਿਚ ਆਏ ਹੋਏ ਹਾਂ, ਸਾਡੇ ਸਿਰ ਪੁਰ ਸਾਡੀ ਤੀਹ ਕਰੋੜ ਕੌਮ ਦੀ ਜ਼ਿੰਮੇਵਾਰੀ ਹੈ। ਸਾਡਾ ਫਰਜ਼ ਹੈ, ਇਨ੍ਹਾਂ ਮੁਲਕਾਂ ਵਿਚ ਆਪ ਟਿਕ ਜਾਣਾ ਤੇ ਹੋਰ ਭਰਾਵਾਂ ਨੂੰ ਲਿਆ ਕੇ ਟਿਕਾਉਣਾ। ਉਹ ਕੰਮ ਕਰਨੇ, ਉਹ ਜਥੇਬੰਦੀ ਕਾਇਮ ਕਰਨੀ ਜਿਸ ਨਾਲ ਕਿ ਇਕ ਇਕ ਭਰਾ ਦਾ ਬਚਾਓ ਹੋ ਸਕੇ ਤੇ ਅਸੀਂ ਹੋਰ ਕੌਮਾਂ ਵਾਂਗ ਵਧੀਏ ਫੁਲੀਏ। ਹੋਰ ਤਰੱਕੀ ਕਿਤੇ ਰੁੱਖਾਂ ਨੂੰ ਤਾਂ ਨਹੀਂ ਲੱਗਿਆ ਕਰਦੀ। ਅਸੀਂ ਹੀ ਤਰੱਕੀ ਕਰਨੀ ਹੈ। ਜਦ ਸਾਡਾ ਇਕ ਵੀ ਭਰਾ ਮੋੜਿਆ ਜਾਵੇ ਤਾਂ ਸਮਝ ਲਵੋ, ਅਜੇ ਸਾਨੂੰ ਅਸਲੀ ਤਰੱਕੀ ਦਾ ਖਿਆਲ ਭੀ ਨਹੀਂ ਆਇਆ।

ਜੇ ਸਾਡੇ ਇਕ ਭੀ ਭਰਾ ਨੂੰ ਦੁੱਖ ਹੋਇਆ ਹੈ, ਜੇ ਅਸੀਂ ਉਸ ਦੀ ਮਦਦ ਨਹੀਂ ਕਰ ਸਕੇ ਤਾਂ ਫੇਰ ਤਰੱਕੀ ਕਿਥੇ ਹੈ। ਬਹੁਤ ਹੀ ਜ਼ਰੂਰੀ ਹੈ ਕਿ ਕੈਨੇਡਾ ਤੇ ਅਮਰੀਕਾ ਦੇ ਵੱਡੇ ਵੱਡੇ ਸ਼ਹਿਰਾਂ ਨਿਊ ਯਾਰਕ, ਮੋਂਟਰੀਆਲ, ਸੇਂਟ ਜਾਨ, ਹੈਲੀਫੈਕਸ, ਟੋਰਾਂਟੋ, ਸਿਆਟਲ, ਸਾਨ ਫਰਾਂਸਿਸਕੋ ਵਿਚ ਸਾਡੇ ਸੇਵਕ ਭਰਾਵਾਂ ਦਾ ਇਕ-ਇਕ ਜਥਾ ਟਿਕਾਣਾ ਕਰੇ, ਇਕ-ਇਕ ਆਪਣਾ ਮਕਾਨ ਹੋਵੇ, ਉਸ ਵਿਚ ਰਹਿਣ ਵਾਲੇ ਭਰਾਵਾਂ ਦਾ ਮੁੱਖ ਮੰਤਵ ਦਿਨ ਭਰ ਕੰਮ ਕਰ ਆਉਣਾ ਤੇ ਜੇ ਕਿਸੇ ਹਿੰਦੁਸਤਾਨੀ ਭਰਾ ਨੂੰ ਦੁੱਖ ਹੋਵੇ ਜਾਂ ਕੋਈ ਰੁਕ ਜਾਵੇ ਤਾਂ ਉਸ ਦਾ ਉਪਾਅ ਕਰਨਾ। ਇਸ ਧਰਮ ਨੂੰ ਲੈ ਕੇ ਉਸ ਹੱਦ ਵਿਚ ਇਹ ਜਥੇ ਖਿਲਰ ਜਾਣ। ਇਹ ਜ਼ਰੂਰੀ ਨਹੀਂ, ਸਗੋਂ ਸਾਨੂੰ ਵਧਣ ਤੋਂ ਰੋਕਦਾ ਹੈ ਕਿ ਅਸੀਂ ਬ੍ਰਿਟਿਸ਼ ਕੋਲੰਬੀਆ ਤੇ ਕੈਲੀਫੋਰਨੀਆ ਵਿਚ ਹੀ ਬੈਠੇ ਰਹੀਏ। ਜ਼ਰੂਰੀ ਹੈ ਕਿ ਹਿੰਦੁਸਤਾਨੀ, ਅਮਰੀਕਾ ਤੇ ਕੈਨੇਡਾ ਦੇ ਇਕ-ਇਕ ਹਿੱਸੇ ਵਿਚ ਪਸਰ ਜਾਵੇ। ਅੱਜ ਕੱਲ੍ਹ ਬ੍ਰਿਟਿਸ਼ ਕੋਲੰਬੀਆ ਵਿਚ ਕੰਮਕਾਰ ਘੱਟ ਹੈ ਤਾਂ ਮੰਡਲੀਆਂ ਬਣ ਕੇ ਵਿਨੀਪਿਗ ਵੱਲ ਨੂੰ ਤੁਰ ਪਵੋ। ਉਥੇ ਹਾਲੀ ਹਜ਼ਾਰ ਆਦਮੀ ਦੀ ਫਸਲ ਸਾਂਭਣ ਲਈ ਲੋੜ ਹੈ। ਕੁਝ ਭਰਾ ਮੋਂਟਰੀਆਲ ਵਿਚ ਚੱਲ ਵੱਜੋ। ਕੰਮ ਦਾ ਕੋਈ ਘਾਟਾ ਨਹੀਂ।



*ਵੈਨਕੂਵਰ (ਕੈਨੇਡਾ) ਦੀ ਨਿਊ ਵੈਸਟਮਿਨਸਟਰ ਸਟ੍ਰੀਟ ਦੀ ਝਲਕ। ਇਹ ਤਸਵੀਰ 1908 ਦੀ ਹੈ*

ਜੋ ਇਕ ਜਗ੍ਹਾ ਬੈਠੇ ਰਹੇ ਹਨ, ਉਹ ਕਦੇ ਨਹੀਂ ਵਧ ਸਕੇ। ਹੁਣ ਸਾਨੂੰ ਚੰਗੀ ਤਰ੍ਹਾਂ ਇਸ ਮੁਲਕ ਦਾ ਪਤਾ ਲੱਗ ਗਿਆ ਹੈ, ਹਰ ਜਗ੍ਹਾ ਖਿਲਰ ਜਾਵੋ, ਜਿਥੇ ਜਾਵੋ, ਆਪਣੀ ਕੌਮ ਦੀ ਇੱਜ਼ਤ ਨੂੰ ਵਧਾਵੋ। ਸਾਡਾ ਮੁੱਖ ਮੰਤਵ ਅਮਰੀਕਾ ਤੇ ਕੈਨੇਡਾ ਵਿਚ ਆਪਣੀ ਕੌਮ ਨੂੰ ਟਿਕਾਉਣਾ ਹੈ। ਸੋ ਉਸ ਲਈ ਜ਼ਰੂਰੀ ਹੈ ਕਿ ਸਾਡੀ ਹਰ ਪਾਸੇ ਠਾਹਰ ਹੋਵੇ। ਡਾਕਟਰ ਸੁੰਦਰ ਸਿੰਘ ਜੀ ਈਸਟ ਕੈਨੇਡਾ ਵਿਚ ਜਾਣ ਦੀਆਂ ਤਿਆਰੀਆਂ ਵਿਚ ਹਨ। ਉਮੀਦ ਹੈ, ਕੁਝ ਭਰਾ ਉਨ੍ਹਾਂ ਦੇ ਨਾਲ ਭੀ ਉਧਰ ਜਾਣਗੇ। ਆਪ ਭੀ ਜੇ ਇਸ ਮੁਹਿੰਮ ਵਿਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਸਾਨੂੰ ਲਿਖ ਘਲੋ। ਉਧਰ ਕੰਮ ਕਾਰ ਦਾ ਵੀ ਚੰਗਾ ਬੰਦੋਬਸਤ ਹੋਵੇਗਾ। ਪ੍ਰਚਾਰ ਹੋਵੇਗਾ ਤੇ ਨਾਲੇ ਆਪਣੇ ਕੌਮੀ ਅੱਡੇ ਬਣਨਗੇ।

## ਇਕ ਹੋਰ ਵਾਰ

ਕੈਨੇਡਾ ਦੀ ਗਵਰਨਮੈਂਟ ਤਾਂ ਜੋ ਸਖਤੀ ਸਾਡੀਆਂ ਸਿੰਘਣੀਆਂ ਤੇ ਬੱਚਿਆਂ ਨੂੰ ਖੁੱਲ੍ਹ ਨਾ ਦੇ ਕੇ ਸਾਡੇ ਨਾਲ ਕਰ ਰਹੀ ਹੈ, ਉਸ ਦਾ ਸਾਡੇ ਨਾਲ ਢਾਹ ਪੈ ਚੁੱਕਾ ਹੈ ਤੇ ਅਸੀਂ ਉਸ ਦੇ ਇਲਾਜ ਲਈ ਹੱਥ ਪੈਰ ਮਾਰ ਰਹੇ ਹਾਂ, ਪਰ ਜੋ ਲੂਣ ਸਾਡੇ ਜ਼ਖਮਾਂ ਪੁਰ ਇੰਡੀਆ ਵਿਚੋਂ ਆਏ ਗੋਰੇ ਇਥੋਂ ਲੰਘਦੇ ਹੋਏ ਸਾਡੇ ਹੀ ਬਰਖਿਲਾਫ ਬੋਲ ਕੇ ਜਿਨ੍ਹਾਂ ਦੇ ਮੁਲਕ ਦੀ ਉਹ ਸਾਰੀ ਉਮਰ ਖੱਟੀ ਖਾਂਦੇ ਸੌਂਦੇ ਹਨ, ਸਿਟ ਜਾਂਦੇ ਹਨ, ਉਹ ਸਾਨੂੰ ਬਹੁਤ ਹੀ ਦੁਖੀ ਕਰਦਾ ਹੈ। ਇਕ ਨਹੀਂ, ਦੋ ਨਹੀਂ, ਦਰਜਨਾਂ ਹੀ ਮਿਸਾਲਾਂ ਬੀਤ ਚੁੱਕੀਆਂ ਹਨ ਕਿ ਇੰਡੀਆ ਤੋਂ ਆ ਰਹੇ ਗੋਰੇ ਕੈਨੇਡਾ ਵਿਚੋਂ ਸਾਨੂੰ ਕੱਢ ਦੇਣ ਲਈ ਇਥੇ ਆ ਕੇ ਰੌਲਾ ਪਾਉਂਦੇ ਹਨ। ਅਜੇ 35 ਨੰਬਰ ਸਿੱਖ ਪਲਟਨ ਦੇ ਮੇਜਰ ਦੇ ਵੈਨਕੂਵਰ ਵਿਚ ਸਾਡੇ ਉਲਟ ਕਹੇ ਹੋਏ ਲਫਜ਼ ਭੁੱਲੇ ਨਹੀਂ ਸਨ ਕਿ ਹੁਣ 11 ਅਗਸਤ ਨੂੰ ਵਿਕਟੋਰੀਏ ਵਿਚ ਸਰ ਈਟਡ ਜੇਮਜ਼ ਨੇ, ਜਿਸ ਦੀ ਸਾਰੀ ਉਮਰ ਇੰਡੀਆ ਵਿਚ ਗੁਜ਼ਰੀ ਤੇ ਹੁਣ ਤਾਂਈਂ ਉਥੇ ਦੀ ਪਿਨਸਨ ਖਾਂਦਾ ਹੈ, ਬੜੇ ਲਾਟ ਦੀ ਕੌਂਸਲ ਦਾ ਮੈਂਬਰ ਰਿਹਾ ਹੈ, ਵਿਕਟੋਰੀਏ ਦੇ ਇਕ ਅਖਬਾਰ ਵਿਚ ਕੈਨੇਡਾ ਵਾਲੇ ਗੋਰਿਆਂ ਨੂੰ ਨਸੀਹਤ ਕੀਤੀ ਹੈ ਕਿ ਹਿੰਦੂਆਂ ਨੂੰ ਕੈਨੇਡਾ ਵਿਚ ਵੜਨ ਤੋਂ ਰੋਕੋ। ਕਿਸੇ ਭੀ ਹਾਲਤ ਉਨ੍ਹਾਂ ਨੂੰ ਨਾ ਵੜਨ ਦਿਓ। ਇਹ ਕੁਝ ਕਹਿ ਕੇ ਇਸ ਮਾਮਲੇ ਪੁਰ ਬਹਿਸ ਕਰਨ ਤੋਂ ਨਾਂਹ ਕੀਤੀ।

ਸਾਨੂੰ ਹੁਣ ਤਾਂਈਂ ਖਿਆਲ ਸੀ ਕਿ ਸਾਡੇ ਇੰਡੀਆ ਦੇ ਗੋਰੇ ਅਫਸਰ ਜ਼ਰੂਰ ਕਹਿੰਦੇ ਹੋਣਗੇ ਕਿ ਸਾਡੇ ਨਾਲ ਇਥੇ ਜ਼ੁਲਮ ਹੋ ਰਿਹਾ ਹੈ, ਪਰ ਇਨ੍ਹਾਂ ਤਜਰਬਿਆਂ ਨੇ ਦੱਸ ਦਿੱਤਾ ਹੈ ਕਿ ਕੈਨੇਡਾ, ਆਸਟਰੇਲੀਆ, ਇੰਡੀਆ, ਅਮਰੀਕਾ ਸਭ ਜਗ੍ਹਾ ਦੇ ਗੋਰਿਆਂ ਨੂੰ ਹੀ ਸਾਡੇ ਬਰਖਿਲਾਫ ਹਵਾ ਫਿਰ ਗਈ ਹੈ। ਪਿਆਰੇ ਭਰਾਵੋ, ਜਦ ਸਾਰੀ ਉਮਰ ਸਾਡੇ ਮੁਲਕ ਦਾ ਲੂਣ ਖਾ ਕੇ ਆਉਣ ਵਾਲੇ ਹੀ ਸਾਡੇ ਬਰਖਿਲਾਫ ਇਥੇ ਜ਼ਹਿਰ ਉਗਲਣੋਂ ਖੈਰ ਨਹੀਂ ਕਰਦੇ ਤਾਂ ਹੋਰ ਸਾਡੀ ਇਥੇ ਮਦਦ ਕਿਨ੍ਹੇ ਕਰਨੀ ਹੈ! ਆਪ ਹੀ ਜਾਗੋ ਤੇ ਤਕੜੇ ਹੋ ਕੇ ਹੱਕ ਪੁਰ ਖੜੇ ਹੋਵੋ।

## ਨਵੇਂ ਸ਼ਗੂਫੇ

ਅੱਜ ਇਹ ਗੱਲ ਕੁਲ ਦੁਨੀਆਂ ਹੀ ਜਾਣਦੀ ਹੈ ਕਿ ਹਿੰਦੁਸਤਾਨੀਆਂ ਨੂੰ ਕੈਨੇਡਾ ਵੜਨ ਤੋਂ ਗਵਰਮੈਂਟ ਨੇ ਬੜੀ ਹੀ ਭੈੜੀ ਚਾਲ ਨਾਲ ਰੋਕਿਆ ਹੋਇਆ ਹੈ। ਇਕ ਪਾਸੇ ਕਾਨੂੰਨ ਤਾਂ ਕਹਿੰਦਾ ਹੈ

(ਬਾਕੀ ਅਗਲੇ ਸਫੇ 'ਤੇ)

## 'ਸੰਸਾਰ' ਦੀ ਵਰ੍ਹੇਗੰਢ

ਇਸ ਆਪਣੇ ਕੌਮੀ ਅਖਬਾਰ ਦੀ ਸੇਵਾ ਨੂੰ ਅਸੀਂ ਜੁਲਾਈ 1912 ਦੇ ਸ਼ੁਰੂ ਵਿਚ ਇਕ ਅਕਾਲ ਪੁਰਖ ਦੇ ਭਰੋਸੇ ਪੁਰ ਚੁੱਕਿਆ ਸੀ ਤੇ ਸਤੰਬਰ ਮਹੀਨੇ ਵਿਚ 'ਸੰਸਾਰ' ਦਾ ਪਹਿਲਾ ਪਰਚਾ ਪੱਥਰ ਦੇ ਛਾਪੇ ਵਿਚ ਛਪਵਾਇਆ ਗਿਆ। ਅਗਲਾ ਮਹੀਨਾ ਸਤੰਬਰ ਹੈ ਜਦ ਕਿ ਇਸ ਸੇਵਾ ਦਾ ਇਕ ਸਾਲ ਪੂਰਾ ਹੋਵੇਗਾ। ਪਿਛਲੇ ਸਤੰਬਰ ਵਿਚ ਅਸੀਂ ਛਾਪੇਖਾਨੇ ਵਾਲਿਆਂ ਗੋਰਿਆਂ ਦੀਆਂ ਮਿੰਨਤਾਂ ਕਰਕੇ ਇਹ ਅਖਬਾਰ ਛਪਵਾ ਰਹੇ ਸਾਂ, ਪਰ ਹੁਣ ਵਾਲੇ ਸਤੰਬਰ ਵਿਚ ਇਕ ਸਾਲ ਭਰ ਦੀ ਅਥੱਕ ਕੋਸ਼ਿਸ਼ ਦਾ ਨਤੀਜਾ ਹੈ ਕਿ ਸਾਡਾ ਆਪਣਾ ਗੁਰਮੁਖੀ ਅੰਗਰੇਜ਼ੀ ਛਾਪੇਖਾਨਾ ਕਾਇਮ ਹੈ। ਇਸ ਤੋਂ ਵਧ ਕੇ ਸੇਵਕਾਂ ਨੂੰ ਹੋਰ ਕੀ ਖੁਸ਼ੀ ਵਾਲਾ ਭਾਗਾਂ ਭਰਿਆ ਦਿਹਾੜਾ ਹੋ ਸਕਦਾ ਹੈ ਕਿ ਉਨ੍ਹਾਂ ਦੀ ਸੇਵਾ ਤੇ ਮਿਹਨਤ ਦਾ ਪਹਿਲਾ ਸਾਲ ਅਕਾਲ ਪੁਰਖ ਦੀ ਕਿਰਪਾ ਤੇ ਆਪ ਭਰਾਵਾਂ ਦੀ ਮਦਦ ਨਾਲ ਨਿਰਵਿਘਨ ਮੁਕਣ ਨੂੰ ਆਇਆ ਹੈ। ਇਸ ਖੁਸ਼ੀ ਭਰੇ ਸੰਸਾਰ ਦੀ ਪਹਿਲੇ ਵਰ੍ਹੇਗੰਢ ਪਰ 20 ਸਤੰਬਰ ਦਾ 'ਸੰਸਾਰ' ਇਕ ਖਾਸ ਸਾਲਾਨਾ ਨੰਬਰ ਕਰਕੇ ਨਿਕਲੇਗਾ ਜੋ ਵਧੀਆ ਕਾਗਜ਼ ਪਰ ਰੰਗਦਾਰ ਛਪੇਗਾ। ਹੁਣ ਦੇ ਹੀ 'ਸੰਸਾਰ' ਦੇ ਖਰਚ ਪੂਰੇ ਕਰਨੇ ਸਾਡੇ ਵਿਤੋਂ ਬਾਹਰ ਹੋ ਰਹੇ ਹਨ। ਸਾਡੇ ਪਾਸ ਮਾਇਆ ਨਹੀਂ ਹੈ, ਪਰ ਦਿਲ ਹੈ, ਸਰੀਰ ਹੈ, ਮਿਹਨਤ ਹੈ। ਅਸੀਂ ਚਾਹੁੰਦੇ ਹਾਂ ਕਿ 20 ਸਤੰਬਰ ਦੇ 'ਸੰਸਾਰ' ਵਿਚ ਕੈਨੇਡਾ ਤੇ ਅਮਰੀਕਾ ਦੇ ਹਰ ਥਾਂ ਦੇ ਭਰਾਵਾਂ ਦੀਆਂ ਤਸਵੀਰਾਂ ਦੇ ਪੂਰੇ ਹਾਲ ਹੋਣ ਜਿਸ ਨਾਲ ਕਿ ਦੂਰ ਬੈਠੇ ਭਰਾ ਇਕ ਦੂਜੇ ਦੇ ਦਰਸ਼ਨ ਕਰ ਸਕਣ ਤੇ ਸਾਡੇ ਇਸ ਸੇਵਕ ਦੇ ਤੁਫੈਲ ਦੂਰ ਬੈਠਿਆਂ ਹੀ ਪ੍ਰੇਮ ਵਧੇ ਤੇ ਇਕ ਦੂਜੇ ਦਾ ਪਤਾ ਲੱਗੇ।

ਅਸੀਂ ਆਪਣੇ ਵੱਲੋਂ ਇਸ ਸੇਵਾ ਲਈ ਸਿਰਫ ਦਿਨ ਰਾਤ ਮਿਹਨਤ ਕਰ ਸਕਦੇ ਹਾਂ। ਮਾਇਆ ਦੀ ਮਦਦ ਕਰਨੀ ਭਰਾਵਾਂ ਦੇ ਵੱਸ ਹੈ। ਸੋ ਜੇ ਸਾਨੂੰ ਸੱਠ ਡਾਲਰ ਇਸ ਪਰਚੇ ਦੇ ਸਾਮਾਨ ਲਈ ਮਿਲ ਜਾਣ ਤਾਂ ਅਸੀਂ ਮਿਹਨਤ ਵੱਲੋਂ ਤਾਂ ਕਸਰ ਰਹਿਣ ਹੀ ਨਹੀਂ ਦਿੰਦੇ। ਬੇਨਤੀ ਹੈ ਕਿ ਅਸੀਂ ਇਸ ਸੇਵਾ ਲਈ ਆਪਣਾ ਵਿਤੋਂ ਬਾਹਰਾ ਜ਼ੋਰ ਲਾਵਾਂਗੇ। ਜੇ ਆਪ ਭਰਾ ਭੀ ਸਾਡੀ ਥੋੜ੍ਹੀ ਮਦਦ ਕਰੋ ਤਾਂ 20 ਸਤੰਬਰ ਦਾ 'ਸੰਸਾਰ' ਇਕ ਸੁਗਾਤ ਬਣ ਸਕਦਾ ਹੈ।



*ਕੈਲੀਫੋਰਨੀਆ (ਅਮਰੀਕਾ) ਵਿਚ ਸਾਂਝੀ ਤਸਵੀਰ ਉਤਰਵਾ ਰਹੇ ਸਿੱਖ ਕਾਮੇ। ਇਹ ਤਸਵੀਰ 1910 ਦੀ ਹੈ*

ਪੋਰਟਲੈਂਡ, ਆਸਟਰੀਆ, ਵੈਨਕੂਵਰ, ਨੀਊ ਵੈਸਟਮਿਨਸਟਰ, ਯੂਨੀਅਨਬੇ, ਸਟਾਕਟਨ, ਗੋਲਡਨ ਹੋਲਟ ਪੇਰਟਮੁਢੀ, ਮਿਲਸਾਈਡ ਤੇ ਹੋਰ ਹਰ ਜਗ੍ਹਾ ਤੋਂ ਜਿਥੇ ਆਪ ਰਹਿੰਦੇ ਹੋ, ਸਾਨੂੰ ਹਰ ਥਾਂ ਦੇ ਜਥਿਆਂ ਦੀਆਂ ਤਸਵੀਰਾਂ ਹਰ ਤਸਵੀਰ ਨਾਲ ਪੰਜ ਡਾਲਰ ਛਪਣ ਲਈ ਤਾਂਬੇ ਦਾ ਕੱਟ ਬਣਾਉਣ ਲਈ ਤੇ ਇਕ ਉਸ ਜਗ੍ਹਾ ਦਾ ਸਾਰਾ ਖੋਲ੍ਹ ਕੇ ਲਿਖਿਆ ਹੋਇਆ ਪੂਰਾ ਹਾਲ, ਇਹ ਤਿੰਨ ਚੀਜ਼ਾਂ ਮਿਲ ਜਾਣ ਤਾਂ ਸਮਝੋ 20 ਸਤੰਬਰ ਦਾ 'ਸੰਸਾਰ' ਇਕ ਫੁੱਲਾਂ ਦੀ ਫੁਲਵਾੜੀ ਬਣ ਸਕਦਾ ਹੈ। ਇਹ ਤਿੰਨ ਚੀਜ਼ਾਂ 5 ਸਤੰਬਰ ਤਾਂਈਂ 'ਸੰਸਾਰ' ਦੇ ਦਫਤਰ ਵਿਚ ਪੁੱਜ ਜਾਣ। ਇਕ ਜਗ੍ਹਾ ਰਹਿਣ ਵਾਲੇ ਕਈ ਕਈ ਭਰਾਵਾਂ ਨੂੰ ਇਕ ਤਸਵੀਰ ਬਖਸ਼ ਦੇਣੀ ਤੇ ਪੰਜ ਡਾਲਰ ਉਸ ਦੀ ਬਣਵਾਈ ਲਈ ਘਲਣੇ, ਕੋਈ ਬੜੀ ਗੱਲ ਨਹੀਂ ਹੈ। ਜੇ ਆਪ ਨੇ ਨਾ ਹਿੰਮਤ ਕੀਤੀ ਤਾਂ ਸਾਡੇ ਕੁਝ ਵੱਸ ਨਹੀਂ। ਅਸੀਂ ਫੇਰ ਆਪਣੀ ਹੀ ਥੋੜ੍ਹੀ ਬਹੁਤ ਵਾਹ ਲਾਵਾਂਗੇ। ਸਾਨੂੰ ਉਮੀਦ ਹੈ ਕਿ ਆਪ ਢਿੱਲ ਨਹੀਂ ਕਰੋਗੇ।

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ

**ਕਿਸਾਨੀ ਦਰਦ**

*ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ ਤਾਂ ਇਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ ਹੈ। ਕਰਜ਼ੇ ਦੀ ਮਾਰ ਹੇਠ ਆਇਆ ਇਹ ਕਿਸਾਨ ਹੁਣ ਆਪਣੀ ਜੀਵਨ ਲੀਲ੍ਹਾ ਆਪ ਖਤਮ ਕਰਨ ਦੇ ਰਾਹ ਪੈ ਚੁਕਾ ਹੈ। ਫਿਰ ਵੀ ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਭਿਆਨਕ ਹਾਲਾਤ ਦੇ ਪਿਛੋਕੜ ਵਿਚ ਲਿਖਿਆ ਲੰਮਾ ਲੇਖ ਡਾ. ਗੋਬਿੰਦਰ ਸਿੰਘ ਸਮਰਾਓ ਨੇ 'ਪੰਜਾਬ ਟਾਈਮਜ਼' ਲਈ ਉਚੇਚਾ ਭੇਜਿਆ ਹੈ, ਜਿਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

ਸਭ ਨੂੰ ਪਤਾ ਹੈ, ਕਿਸਾਨ ਜ਼ਮੀਨ ਗਹਿਣੇ ਕਰ ਕੇ ਬੈਂਕਾਂ ਤੇ ਆੜ੍ਹਤੀਆਂ ਤੋਂ ਫਸਲ ਲਈ ਕਰਜ਼ਾ ਲੈਂਦੇ ਹਨ; ਆਮਦਨ ਪੂਰੀ ਨਾ ਹੋਣ ਕਰ ਕੇ ਮੋੜ ਨਹੀਂ ਸਕਦੇ। ਭਾਰੀ ਵਿਆਜ ਦਰਾਂ ਕਾਰਨ ਕਰਜ਼ਾ ਅਣਮਿਥੇ ਢੰਗ ਨਾਲ ਵਧਦਾ ਜਾਂਦਾ ਹੈ। ਅਜਿਹੀ ਸੂਰਤ ਵਿਚ ਕਰਜ਼ਾ ਦੇਣ ਵਾਲੇ ਉਨ੍ਹਾਂ ਦੀਆਂ ਜ਼ਮੀਨਾਂ ਕੁਰਕ ਕਰਵਾਉਂਦੇ ਹਨ। ਦੇਣਦਾਰੀ ਦੇ ਬੋਝ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਹ ਸਰਕਾਰ ਕੋਲ ਕਰਜ਼ਾ ਮੁਆਫੀ ਦੀ ਗੁਹਾਰ ਲਾਉਂਦੇ ਹਨ। ਉਧਰ ਖਜ਼ਾਨੇ ਦੀ ਵਧਦੀ ਕੰਗਾਲੀ ਤੇ ਕੇਂਦਰ ਦੇ ਨੀਰਸ ਰਵੱਈਏ ਕਾਰਨ ਰਾਜ ਸਰਕਾਰ ਕਰਜ਼ਾ ਮੁਆਫ ਕਰਨ ਤੋਂ ਅਸਮਰੱਥਾ ਜ਼ਾਹਰ ਕਰਦੀ ਹੈ। ਕਿਸਾਨ ਕਰਜ਼ਾ ਮੁਆਫੀ ਲਈ ਜੱਦੋ-ਜਹਿਦ ਵਿੱਢਦੇ ਹਨ ਤੇ ਰਾਜਸੀ ਦਲ ਇਸ 'ਤੇ ਸਿਆਸਤ ਕਰਦੇ ਹਨ। ਕਿਸਾਨੀ ਦਾ ਦੁਖਾਂਤ ਕਿਸਾਨੀ ਗਲ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹੀ ਪਾ ਦਿੱਤਾ ਜਾਂਦਾ ਹੈ, ਜੋ ਅਖੀਰ ਫਾਹਾ ਬਣ ਜਾਂਦਾ ਹੈ।

ਆਮ ਸਮਝਿਆ ਜਾਂਦਾ ਹੈ ਕਿ ਕਰਜ਼ਾ ਨਾ ਉਤਰਨ 'ਤੇ ਕਿਸਾਨ ਆਤਮ ਹੱਤਿਆ ਕਰ ਲੈਂਦੇ ਹਨ ਪਰ ਗੱਲ ਇੰਨੀ ਹੀ ਨਹੀਂ ਹੈ। ਕਰਜ਼ੇ ਤਾਂ ਬੜੇ-ਬੜੇ ਕਾਰੋਬਾਰੀਆਂ, ਬੈਂਕਾਂ, ਸਰਕਾਰਾਂ ਤੇ ਮੁਲਕਾਂ ਦੇ ਸਿਰ ਵੀ ਹੁੰਦੇ ਹਨ। ਪੰਜਾਬ ਸਰਕਾਰ ਆਪ ਲੱਖਾਂ ਕਰੋੜ ਰੁਪਏ ਦੀ ਕਰਜ਼ਈ ਹੈ। ਫਿਰ ਕਿਸਾਨ ਹੀ ਕਿਉਂ ਮਰਦਾ ਹੈ? ਕੀ ਉਸ ਦੀ ਕੋਈ ਵਿਸ਼ੇਸ਼ ਪੀੜਾ ਹੈ? ਹਾਂ ਹੈ, ਪਰ ਉਸ ਨੇ ਇਹ ਕਦੇ ਦੱਸੀ ਨਹੀਂ ਤੇ ਕਿਸੇ ਨੇ ਉਸ ਤੋਂ ਪੁੱਛੀ ਨਹੀਂ। ਇਹ ਮੁੱਦਾ ਕਦੇ ਗੰਭੀਰ ਸੋਚ ਦਾ ਕਰਨ ਬਣਿਆ ਹੀ ਨਹੀਂ ਕਿ ਕਿਸਾਨ ਦਾ ਮਰਨਾ ਕਿਸਾਨੀ ਸੰਕਟ ਦੇ ਕਈ ਹੋਰ ਪਹਿਲੂਆਂ ਕਰ ਕੇ ਵੀ ਹੋ ਸਕਦਾ ਹੈ ਜੋ ਭਾਰਤੀ ਅਰਥਚਾਰੇ ਦੇ ਉਲਾਰ ਵਿਕਾਸ ਕਰ ਕੇ ਹੋਂਦ ਵਿਚ ਆਏ ਹਨ ਤੇ ਅਰਥ ਸ਼ਾਸਤਰੀਆਂ ਦੀ ਸੋਚ ਦੀ ਕੰਗਾਲੀ ਕਾਰਨ ਦਬੇ ਪਏ ਹਨ।

ਸੰਨ 1965 ਨੂੰ ਹਰੇ ਇਨਕਲਾਬ ਦਾ ਆਧਾਰ ਸਾਲ ਮੰਨਿਆ ਜਾਂਦਾ ਹੈ। ਇਸੇ ਸਾਲ ਦੇਸ਼ ਭਰ ਵਿਚ ਅਨਾਜ ਦੇ ਭੰਡਾਰ ਖਾਲੀ ਹੋਣ ਕਾਰਨ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਇਕ ਡੰਗ ਦੀ ਰੋਟੀ ਛੱਡਣ ਦਾ ਨਾਅਰਾ ਦਿੱਤਾ ਸੀ। ਇਸ ਉਪਰੰਤ ਪੰਜਾਬ ਦੇ ਕਿਸਾਨਾਂ ਨੇ ਟਿਊਬਵੈਲ ਲਵਾ ਕੇ, ਖੇਤੀ ਮਸ਼ੀਨਾਂ ਵਰਤ ਕੇ, ਰਵਾਇਤੀ ਫਸਲ ਚੱਕਰ ਦੀ ਥਾਂ ਕਣਕ-ਧਾਨ ਦੇ ਨਵੇਂ ਬੀਜ ਬੀਜ ਕੇ ਪਹਿਲਾਂ ਨਾਲੋਂ ਵਧ ਝਾੜ ਪ੍ਰਾਪਤ ਕੀਤੇ; ਹੱਡ ਭੰਨ ਮਿਹਨਤ ਕਰ ਕੇ, ਜ਼ਮੀਨਾਂ ਉਤੇ ਆੜ-ਰਹਿਣ ਕਰਜ਼ੇ ਚੁੱਕ ਕੇ, ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਰਾਹੀਂ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਨਸ਼ਟ ਕਰ ਕੇ ਤੇ ਭੋਇੰ ਹੇਠਲਾ ਪਾਣੀ ਰੁੜ੍ਹਾ ਕੇ ਦੇਸ਼ ਨੂੰ ਖਾਦ-ਪਦਾਰਥਾਂ ਪਖੋਂ ਆਤਮ-ਨਿਰਭਰ ਬਣਾਇਆ। ਇਸ ਖਾਤਰ ਉਨ੍ਹਾਂ ਨੇ ਜਿਣਸਾਂ ਨੂੰ ਮੰਡੀ ਭਾਅ ਵੇਚਣ ਦੀ ਥਾਂ ਮੰਦੇ ਸਰਕਾਰੀ ਭਾਅ ਸਵੀਕਾਰ ਕੀਤੇ ਜਿਸ ਨਾਲ ਕਰੋੜਾਂ ਗਰੀਬਾਂ ਮਜ਼ਦੂਰਾਂ ਦੇ ਪੇਟ ਵਿਚ ਰੋਟੀ ਪੈਣੀ ਸੰਭਵ ਹੋਈ। ਹੁਣ ਜਦੋਂ ਅਨਾਜ ਦੀ ਬਹੁਤਾਤ ਹੋ ਗਈ ਹੈ, ਪਾਣੀ ਖਤਮ ਹੋ ਰਹੇ ਹਨ, ਜ਼ਮੀਨ ਬੰਜਰ ਹੋਣ 'ਤੇ ਆ ਗਈ ਹੈ, ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਜੀਰੀ-ਕਣਕ ਦਾ ਫਸਲੀ ਚੱਕਰ ਲਾਭ ਰਹਿਤ ਬਣ ਰਿਹਾ ਹੈ, ਸਨਅਤ ਖਤਮ ਹੋਣ 'ਤੇ ਹੈ, ਬੇਰੁਜ਼ਗਾਰੀ ਸਿਖਰ 'ਤੇ ਹੈ, ਚਾਰੇ ਪਾਸੇ ਨਸ਼ੇ ਤੇ ਗੈਂਗ ਛਾਏ ਹੋਏ ਹਨ, ਆਬਾਦੀ ਵਧ ਰਹੀ ਹੈ, ਜ਼ਮੀਨ ਦੀ ਪ੍ਰਤੀ ਪਰਿਵਾਰ ਮਲਕੀਅਤ ਸੁੰਗੜ ਰਹੀ ਹੈ ਤੇ ਸਿਰ ਚੜ੍ਹਿਆ ਕਰਜ਼ਾ ਦੂਣ-ਸਵਾਇਆ ਹੋ ਰਿਹਾ ਹੈ ਤਾਂ ਕੋਈ ਬਦਲਵਾਂ ਹੱਲ ਸਾਹਮਣੇ ਨਹੀਂ ਆ ਰਿਹਾ। ਨਾ ਕਿਸਾਨਾਂ ਨੂੰ ਕਰਜ਼ਾ ਮੁਕਤ ਕੀਤਾ ਗਿਆ ਹੈ ਤੇ ਨਾ ਹੀ ਉਨ੍ਹਾਂ ਦੇ ਬਚਾਅ ਲਈ ਸਰਕਾਰ ਕੋਈ ਬਦਲਵੀਂ ਖੇਤੀ ਨੀਤੀ ਲੈ ਕੇ ਸਾਹਮਣੇ ਆਈ ਹੈ। ਸਰਦਾਰਾ ਸਿੰਘ ਜੌਹਲ ਤੇ ਸੁੱਚਾ ਸਿੰਘ ਗਿੱਲ ਵਰਗੇ ਨੇਕਨੀਤ ਅਰਥ ਸ਼ਾਸਤਰੀਆਂ ਦੀ ਕਿਤੇ ਕੋਈ ਸੁਣਵਾਈ ਨਹੀਂ ਹੈ। ਕਿਸਾਨਾਂ ਦੀ ਸਥਿਤੀ ਨਿਚੋੜ ਕੇ ਸੁੱਟੇ ਨਿੰਬੂ ਵਾਂਗ ਹੋਈ ਪਈ ਹੈ। ਕੇਂਦਰ ਨੇ ਉਨ੍ਹਾਂ ਨੂੰ ਅੰਨ ਦਾਤਾ ਸਵੀਕਾਰਨ ਤੋਂ ਵੀ ਮੂੰਹ ਫੇਰ ਲਿਆ ਹੈ। ਕਿਸਾਨੀ ਬੇਅੰਤ ਬੇਆਸ ਤੇ ਨਿਰਾਸ਼ ਹੈ। ਅਜਿਹੀ ਹਾਲਤ ਵਿਚ ਨਿਸ਼ਚੇ ਹੀ ਉਨ੍ਹਾਂ ਨੂੰ ਆਪਣਾ ਭਵਿਖ ਹਨੇਰਾ ਦਿਖਾਈ ਦਿੰਦਾ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਮਜ਼ਦੂਰਾਂ, ਖੇਤ ਕਾਮਿਆਂ ਤੇ ਹੋਰ ਮਿਹਨਤਕਸ਼ ਵਰਗਾਂ ਤੇ ਆਰਥਕ ਦਲਿਤਾਂ ਦੀ ਹਾਲਤ ਸੁਖਾਵੀਂ ਹੈ। ਪਿਸ ਉਹ ਵੀ ਉਸੇ ਚੱਕੀ ਵਿਚ ਰਹੇ ਹਨ ਪਰ ਇਥੇ ਗੱਲ ਕਿਸਾਨ ਵੇਦਨਾ ਦੀ ਹੈ ਜੋ ਉਨ੍ਹਾਂ ਨੂੰ ਮੌਤ ਦੇ ਘਾਟ ਤੀਕ ਲੈ ਕੇ ਜਾਂਦੀ ਹੈ। ਜਿਥੇ ਦੂਜੇ ਵਰਗ ਕੇਵਲ ਜੀਵਨ ਨਿਰਬਾਹ ਲਈ ਜੂਝ ਰਹੇ ਹਨ, ਉਥੇ ਕਿਸਾਨ ਤਿੰਨ ਮੋਰਚਿਆਂ 'ਤੇ ਲੜ ਰਹੇ ਹਨ। ਜੀਵਨ ਨਿਰਬਾਹ, ਕਰਜ਼ਾ ਮੁਕਤੀ ਤੇ ਸਮਾਜਕ ਸਨਮਾਨ ਦੀ ਬਰਕਰਾਰੀ ਦੇ ਇਨ੍ਹਾਂ ਤਿੰਨੇ ਮੁਹਾਜ਼ਾਂ ਵਿਚੋਂ ਕਿਸੇ ਇਕ 'ਤੇ ਵੀ ਹਾਰਨ ਕਾਰਨ ਉਹ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ।

ਪਰ ਖੁਦਕੁਸ਼ੀਆਂ ਦਾ ਇਕ ਕਾਰਨ ਕਿਸਾਨ ਦਾ ਸੰਵੇਦਨਸ਼ੀਲ ਮਨ ਤੇ ਉਸ ਦੀ ਡੂੰਘੀ ਮਾਨਸਿਕ ਪੀੜਾ ਵੀ ਹੈ, ਜਿਸ ਨੂੰ ਸਮਝਣ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਉਹ ਮਿਹਨਤ ਕਰ-ਕਰ ਕੇ ਥੱਕ-ਹਾਰ ਜਾਂਦੇ ਹਨ ਤੇ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ। ਸਿਰ ਚੜ੍ਹੇ ਕਰਜ਼ੇ ਤੇ ਇਸ ਤੋਂ ਮਿਲਦੀ ਜ਼ਿਲਤ ਤੇ ਜ਼ਲਾਲਤ ਉਹ ਬਰਦਾਸ਼ਤ ਨਹੀਂ ਕਰ ਸਕਦੇ। ਸਵੈ-ਮਾਣ ਨੂੰ ਲੱਗੀ ਸੱਟ ਉਨ੍ਹਾਂ ਦੀ ਬਲਦੀ 'ਤੇ ਤੇਲ ਦਾ ਕੰਮ ਕਰਦੀ ਹੈ। ਉਹ ਜੀਵਨ ਲੀਲ੍ਹਾ ਖਤਮ ਕਰਨ ਨੂੰ ਹੀ ਨੇੜਲੀ ਰਾਹਤ ਸਮਝਦੇ ਹਨ। ਇਹ ਕੋਈ ਸਲਾਹੁਣ ਯੋਗ ਚੀਜ਼ ਨਹੀਂ ਹੈ ਪਰ ਭਾਰਤੀ ਵਿਕਾਸ ਦੇ ਅਜੋਕੇ ਦੌਰ ਦੀ ਹਕੀਕਤ ਹੈ। ਇਸ ਸਥਿਤੀ ਵਿਚ ਕਿਸਾਨੀ ਦਾ ਦਰਦ ਸਮਝਣਾ ਬੜਾ ਅਹਿਮ ਪਰ ਕਠਿਨ ਵਿਸ਼ਾ ਹੈ, ਪਰ ਇਸ ਬਾਰੇ ਪੜ੍ਹਨ, ਸੁਣਨ ਤੇ ਵਿਚਾਰਨ ਨੂੰ ਬਹੁਤਾ ਕੁਝ ਨਹੀਂ ਮਿਲਦਾ। ਇਸ ਵਿਸ਼ੇ ਬਾਰੇ ਕਿਸੇ ਨੇ ਕੋਈ ਝੱਬਵੀਂ ਖੋਜ ਨਹੀਂ ਕੀਤੀ ਤੇ ਖੋਜ ਹੋਣੀ ਵੀ ਮੁਸ਼ਕਿਲ ਹੈ। ਹੁਣ ਇਸ



ਵਿਸ਼ੇ ਨਾਲ ਤਰ੍ਹਾਂ ਤਰ੍ਹਾਂ ਦੇ ਜਜ਼ਬਾਤ ਜੁੜ ਗਏ ਹਨ ਤੇ ਇਹ ਬਹੁ-ਪਰਤੀ ਸਿਆਸਤ ਦੀ ਮਾਰ ਹੇਠ ਆ ਗਿਆ ਹੈ। ਸਮੱਸਿਆ ਦੇ ਇਸ ਪੱਖ ਨੂੰ ਸਮਝਣ ਲਈ ਸੱਚੀ ਘਟਨਾ ਰਾਹੀਂ ਪੇਸ਼ ਕਰ ਰਿਹਾ ਹਾਂ, ਜਿਸ ਵਿਚ ਨਾਂਵਾਂ-ਥਾਂਵਾਂ ਦੇ ਕੁਝ ਕੁ ਵੇਰਵੇ ਬਦਲੇ ਹੋਏ ਹਨ:

ਇਹ ਉਹ ਦਿਨ ਸਨ ਜਦੋਂ ਨਾ ਟਰੈਕਟਰ ਸਨ, ਨਾ ਕਰਜ਼ੇ ਤੇ ਨਾ ਖੁਦਕੁਸ਼ੀਆਂ। ਹਰਾ ਇਨਕਲਾਬ ਨਹੀਂ ਸੀ ਆਇਆ ਪਰ ਚੁਫੇਰੇ ਹਰਿਆਵਲ ਸੀ। ਪਿੰਡਾਂ ਵਿਚ ਚਾਰ ਚੁਫੇਰੇ ਅੰਬ, ਬੇਰੀਆਂ, ਪਿੱਪਲ, ਟੋਭੇ ਤੇ ਗਊਆਂ, ਮੱਝਾਂ, ਬਲਦ, ਬੋਤਿਆਂ ਦੀ ਰੌਣਕ ਸੀ। ਉਦੋਂ ਕਿਸਾਨੀ ਵਿਚ ਜ਼ਮੀਨ ਗਹਿਣੇ ਕਰ ਕੇ ਕਰਜ਼ਾ ਲੈਣ ਨੂੰ ਓਨੀ ਹੀ ਵੱਡੀ ਲਾਹਨਤ ਮੰਨਿਆ ਜਾਂਦਾ ਸੀ, ਜਿੰਨਾ ਦੁੱਧ ਘਿਓ ਵੇਚਣ ਨੂੰ। ਕਿਸਾਨ ਨੂੰ ਆਪਣੀ ਸਵੈ-ਨਿਰਭਰਤਾ 'ਤੇ ਓਨਾ ਹੀ ਮਾਣ ਸੀ, ਜਿੰਨਾ ਆਪਣੇ ਸਵੈ-ਮਾਣ 'ਤੇ। ਇਸ ਮਾਹੌਲ ਵਿਚ ਮੇਰੇ ਪਿਤਾ ਜੀ ਪਟਿਆਲੇ ਕੋਲ ਪੈਂਦੇ ਸਾਡੇ ਜੱਦੀ ਪਿੰਡ ਵਿਚ 36 ਏਕੜ ਜ਼ਮੀਨ ਦੇ ਖੁਦ-ਕਾਸ਼ਤਕਾਰ ਸਨ। ਅਸੀਂ ਤਿੰਨ ਭਰਾ ਸਾਂ ਤੇ ਸਾਡਾ ਸਾਂਝਾ ਪਰਿਵਾਰ ਸੀ। ਮੈਂ ਨੌਕਰੀ ਕਾਰਨ ਵਧੇਰੇ ਕਰ ਕੇ ਬਾਹਰ ਰਹਿੰਦਾ ਸਾਂ, ਇਸ ਲਈ ਸਾਰੀ ਜ਼ਮੀਨ ਦੀ ਪੈਦਾਵਾਰ ਮੇਰੇ ਮਾਤਾ-ਪਿਤਾ ਤੇ ਭਰਾ ਹੀ ਵਰਤਦੇ। ਪਰਿਵਾਰ ਨੂੰ ਸਾਲ ਭਰ ਵਿਚ ਖਾਣ ਲਈ ਕੇਵਲ ਤਿੰਨ ਚਾਰ ਕੁਇੰਟਲ ਕਣਕ ਹੀ ਮਿਲਦੀ ਸੀ ਤੇ ਅਸੀਂ ਇਸੇ ਨੂੰ ਬਹੁਤ ਵੱਡਾ ਸਹਾਰਾ ਸਮਝਦੇ ਸਾਂ।

ਸਾਡੇ ਹਾਲਾਤ ਕਈ ਸਾਲ ਇਕੋ ਜਿਹੇ ਰਹਿਣ ਤੋਂ ਬਾਅਦ 80ਵਿਆਂ ਦੇ ਸ਼ੁਰੂ ਵਿਚ ਬਦਲਣ ਲੱਗੇ। ਪਿਤਾ ਜੀ ਬਿਮਾਰ ਰਹਿਣ ਲੱਗੇ ਤੇ ਖੇਤੀਬਾੜੀ ਵਿਚ ਇਕ ਮੋਹਰੀ ਭਰਾ ਉਤੇ ਦੂਜੇ ਨੂੰ ਭਰੋਸਾ ਨਾ ਰਿਹਾ। ਦੋਹਾਂ ਨੇ ਅੱਡ ਹੋਣ ਦਾ ਫੈਸਲਾ ਕਰ ਲਿਆ ਤੇ ਜ਼ਮੀਨ ਮਨ ਮਰਜ਼ੀ ਨਾਲ ਵੰਡ ਲਈ। ਜਿਸ ਜ਼ਮੀਨ 'ਤੇ ਪਾਣੀ ਦਾ ਪੁਖਤਾ ਇੰਤਜ਼ਾਮ ਨਹੀਂ ਸੀ ਤੇ ਜੋ ਹੈ ਵੀ ਜ਼ਰਾ ਘਟ ਸੀ, ਉਹ ਮੇਰੇ ਵਾਹੁਣ ਲਈ ਛੱਡ ਦਿੱਤੀ ਗਈ। ਮੈਂ ਉਨ੍ਹੀਂ ਦਿਨੀਂ ਚੰਡੀਗੜ੍ਹ ਰਹਿ ਕੇ ਪੀਐਚ.ਡੀ. ਕਰ ਰਿਹਾ ਸਾਂ। ਇਸ ਹਾਲਤ ਵਿਚ ਜ਼ਮੀਨ ਦਾ ਜ਼ਿੰਮੇਵਾਰੀ ਗਲ ਪੈਣਾ ਮੈਨੂੰ ਮੁਫਤ ਦਾ ਝੰਜਟ ਲੱਗਾ। ਮੈਂ ਆਪਣੇ ਪਿਤਾ ਨਾਲ ਗੱਲ ਕੀਤੀ ਕਿ ਕੀ ਕਰਾਂ? ਉਨ੍ਹਾਂ ਬੜੀ ਬੇਰੁਖੀ ਨਾਲ ਕਿਹਾ, "ਜੋ ਮਰਜ਼ੀ ਕਰ। ਭਾਵੇਂ ਆਪ ਵਾਹ, ਭਾਵੇਂ ਕਿਸੇ ਨੂੰ ਠੇਕੇ-ਬਟਾਈ 'ਤੇ ਦੇਹ ਤੇ ਭਾਵੇਂ ਖਾਲੀ ਰੱਖ।"

ਮੈਨੂੰ ਝਟਕਾ ਜਿਹਾ ਲੱਗਾ। ਜੋ ਬਾਪ ਮੇਰਾ ਬੜਾ ਚਾਅ ਲਾਡ ਕਰਦਾ ਹੁੰਦਾ ਸੀ ਤੇ ਹਰ ਮਹੀਨੇ ਪੀਹਣਾ ਕਰਵਾ ਕੇ ਮੈਨੂੰ ਕਣਕ ਦੇ ਕੇ ਆਉਂਦਾ ਸੀ, ਉਹੀ ਹੁਣ ਜ਼ਮੀਨ ਵੰਡਣ 'ਤੇ ਇੰਨਾ ਮੂੰਹ ਫੇਰ ਗਿਆ ਕਿ ਮੈਨੂੰ ਮੰਗੀ ਸਲਾਹ ਵੀ ਨਹੀਂ ਦਿੰਦਾ! ਇਹ ਸੋਚ ਕੇ ਮੈਨੂੰ ਲੱਗਾ ਜਿਵੇਂ ਬਜ਼ੁਰਗ ਨੇ ਕੇਵਲ ਜ਼ਮੀਨ ਹੀ ਛੱਡੀ ਸੀ, ਲਾਲਸਾ ਨਹੀਂ ਸੀ ਛੱਡੀ। ਸ਼ਾਇਦ ਉਹ ਹਾਲੇ ਵੀ ਲਾਣੇਦਾਰ ਬਣਿਆ ਰਹਿਣਾ ਚਾਹੁੰਦਾ ਹੋਵੇ ਜਾਂ ਚਾਹੁੰਦਾ ਹੋਵੇ ਕਿ ਮੈਂ ਇਹ ਜ਼ਮੀਨ ਆਪਣੇ ਛੋਟੇ ਭਰਾ ਦੇ ਵਾਹੁਣ ਲਈ ਛੱਡ ਕੇ ਆਪ ਪਹਿਲਾਂ ਵਾਂਗ ਬਾਹਰ ਹੀ ਰਹਾਂ ਪਰ ਉਸ ਨੇ ਅਜਿਹਾ ਕੁਝ ਕਿਹਾ ਵੀ ਨਾ। ਕੋਈ ਗੱਲ ਪੱਲੇ ਨਾ ਪੈਣ 'ਤੇ ਮੈਂ ਉਥੋਂ ਬਾਹਰ ਨਿਕਲ ਆਇਆ।

ਬਾਹਰ ਵੇਖਿਆ ਕਿ ਗੇਟ ਅੱਗੇ ਸੱਤ ਅੱਠ ਜਣਿਆਂ ਦੀ ਭੀੜ ਜੁੜੀ ਹੋਈ ਸੀ। ਮੈਨੂੰ ਲੱਗਾ ਜਿਵੇਂ ਇਹ ਭੀੜ ਮੇਰੀ ਹੀ ਉਡੀਕ ਕਰ ਰਹੀ ਹੋਵੇ। ਝੱਟ ਉਨ੍ਹਾਂ ਵਿਚੋਂ ਸਾਡੀ ਗਲੀ ਦਾ ਅਤਿ ਗਰੀਬ ਕਿਸਾਨ ਸ਼ੇਰਾ ਦੋਵੇਂ ਹੱਥ ਜੋੜ ਕੇ ਸਾਹਮਣੇ ਆ ਖੜ੍ਹਾ ਹੋਇਆ ਤੇ ਬਾਕੀ ਸਾਰੇ ਵੀ ਉਸ ਨਾਲ ਅੱਗੇ ਸਰਕ ਆਏ। ਜਦੋਂ ਦਾ ਮੈਂ ਪਿੰਡ ਛੱਡਿਆ ਸੀ, ਮੇਰਾ ਕਦੇ ਇਨ੍ਹਾਂ ਕਿਸਾਨਾਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ ਰਿਹਾ ਪਰ ਸਾਹਮਣੇ ਖੜ੍ਹਿਆਂ ਨੂੰ ਵੇਖ ਮੈਂ ਪਛਾਣਦਾ ਜ਼ਰੂਰ ਸਾਂ। ਰਸਮ ਵਜੋਂ ਜਿਉਂ ਹੀ ਮੈਂ ਅੱਗੇ ਵਧ ਕੇ ਸ਼ੇਰੇ ਦਾ ਹਾਲ ਪੁੱਛਣ ਲੱਗਾ, ਉਸ ਨੇ ਦੋਵੇਂ ਹੱਥਾਂ ਨਾਲ ਮੇਰੇ ਗੋਡੇ ਫੜ੍ਹ ਲਏ। ਮੈਂ ਇਹ ਸਾਰਾ ਕੁਝ ਸਮਝਣ ਦੀ ਕੋਸ਼ਿਸ਼ ਹੀ ਕਰ ਰਿਹਾ ਸਾਂ ਕਿ ਉਸ ਦੇ ਸਮਰਥਕ ਕਹਿਣ ਲੱਗੇ, "ਬਾਈ, ਸ਼ੇਰੇ ਵਾਸਤੇ ਆਏ ਐਂ ਜੀ, ਕਿੱਲੇ ਬਟਾਈ ਪਰ ਇਸੇ ਨੂੰ ਦਿਓ। ਯੋਹ ਅੱਗੇ ਵੀ ਤਾਏ ਕੇ ਟੈਮ ਮਾਂ ਥਾਰੀ ਜ਼ਮੀਨ ਬਾਹੇ ਕਰੇ ਤਾ।"

ਗੋਡੇ ਛੱਡ ਦੋਵੇਂ ਹੱਥ ਜੋੜ ਸ਼ੇਰਾ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, "ਰੁਲਦੂ ਤੇ ਅੱਡ ਹੋ ਕੇ ਮੇਰੇ ਪਾਸ ਘਰ ਕੇ ਬੱਸ ਦੋ ਕਿੱਲੇ ਈ ਐਂ। ਬਾਕੀ ਬਟਾਈ ਪਰ ਲੇ ਕੇ ਬੱਸ ਥਾਰੇ ਆਸਰੇ ਤੇ ਟੱਬਰ ਕਾ ਪੇਟ ਪਾਲਾਂ ਬਾਈ।"

ਮੈਨੂੰ ਲੱਗਾ, ਕਿਸਾਨ ਸਮੇਂ ਦੀ ਗਰਦਸ਼ ਨੇ ਭਾਵੇਂ ਤੋੜ ਸੁੱਟਿਆ ਹੈ ਪਰ ਸਵੈਮਾਣ ਭੁੰਜੇ ਨਹੀਂ ਡਿੱਗਣ ਦਿੰਦਾ। ਬਟਾਈ ਲਈ ਜ਼ਮੀਨ ਮੰਗਦਾ ਹੋਇਆ ਵੀ ਆਪਣੇ ਘਰ ਦੇ ਦੋ ਕਿੱਲਿਆਂ ਦਾ ਜ਼ਿਕਰ ਉਪਰ ਰੱਖਦਾ ਹੈ। ਸ਼ਾਇਦ ਉਸ ਨੂੰ ਪਤਾ ਨਹੀਂ ਸੀ ਕਿ ਹੁਣ ਉਸ ਦੀ ਸਥਿਤੀ ਜ਼ਿਮੀਂਦਾਰਾਂ ਵਾਲੀ ਨਹੀਂ ਸੀ ਰਹੀ, ਉਸ ਨੇ ਖੇਤ ਮਜ਼ਦੂਰੀ ਵਲ ਪਹਿਲਾ ਕਦਮ ਪੁੱਟ ਲਿਆ ਸੀ। ਉਸ ਦੀ ਗੱਲ ਸੁਣ ਕੇ ਮੇਰੇ ਮਨ ਵਿਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਆਉਣ ਲੱਗੇ। ਫਰਾਂਸ, ਜਰਮਨੀ ਤੇ ਰੂਸ ਦੀ ਕਿਸਾਨੀ ਦਾ ਇਤਿਹਾਸ ਮੇਰੇ ਦਿਮਾਗ ਵਿਚ ਘੁੰਮਣ ਲੱਗਾ। 'ਕਮਿਊਨਿਸਟ ਮੈਨੀਫੈਸਟੋ' ਵਿਚ ਕਿਸਾਨੀ ਦੇ ਪ੍ਰੋਲੇਤਾਰੀ ਜਮਾਤ ਵਿਚ ਪਰਿਵਰਤਨ ਦਾ ਮਾਰਕਸੀ ਸਿਧਾਂਤ ਸਾਪੇਖ ਰੂਪ 'ਚ ਸਾਹਮਣੇ ਆ ਗਿਆ। ਲੱਗਾ, ਭਾਰਤ ਮਹਾਨ ਵਿਚ ਵੀ ਬਿਮਾਰੀ ਦੇ ਲੱਛਣ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਹੁਣ ਕਿਸਾਨੀ ਦੀ ਖੈਰ ਨਹੀਂ।

ਮੈਨੂੰ ਖਾਮੋਸ਼ ਵੇਖ ਸ਼ੇਰਾ ਫਸਲ ਦਾ ਹਿਸਾਬ ਇਮਾਨਦਾਰੀ ਨਾਲ ਦੇਣ ਦੀਆਂ ਕਸਮਾਂ ਖਾਣ ਲੱਗਾ ਤੇ ਉਸ ਦੇ ਸਾਥੀ ਉਸ ਦੀ ਸੱਚਾਈ-ਮਾਨੀ ਦੀ ਹਾਮੀ ਭਰਨ ਲੱਗੇ। ਮੈਂ ਸਿਰ ਝਟਕਿਆ। ਮੈਨੂੰ ਲੱਗਾ, ਮੇਰੀ ਸਮੱਸਿਆ ਦਾ ਪੂਰਾ ਹੱਲ ਮੇਰੇ ਸਾਹਮਣੇ ਖੜ੍ਹਾ ਹੈ ਤੇ ਮੈਂ ਕਿਧਰੇ ਹੋਰ ਹੀ ਸੋਚੀ ਜਾਂਦਾ ਹਾਂ। ਮੈਨੂੰ ਪਤਾ ਸੀ ਕਿ ਪਿੰਡ ਦੇ ਜ਼ਿਮੀਂਦਾਰ ਬਟਾਈ ਕਾਸ਼ਤਕਾਰਾਂ ਨੂੰ ਚੋਰ ਤੇ ਹੇਰਾ-ਫੇਰੀ ਮਾਸਟਰ ਸਮਝ ਕੇ ਉਨ੍ਹਾਂ 'ਤੇ ਕਰੜੀ ਨਿਗਰਾਨੀ ਰੱਖਦੇ ਹਨ। ਤਿਥ-ਤਿਓਹਾਰ ਨੂੰ ਗੰਨਾ ਛੱਲੀ ਵੀ ਭੰਨਣ ਨਹੀਂ ਸਨ ਦਿੰਦੇ ਤੇ ਬੋਹਲ ਦੀ ਤੁਲਾਈ ਵੇਲੇ ਸਿਰ 'ਤੇ ਖੜ੍ਹਦੇ ਸਨ। ਮੇਰਾ ਮਨ ਕਦੇ ਵੀ ਇਸ ਵਿਚਾਰਧਾਰਾ ਨਾਲ ਨਹੀਂ ਸੀ ਖੜ੍ਹਿਆ ਪਰ ਹੁਣ ਤਾਂ ਮੇਰੀ ਇਹ ਸਮੱਸਿਆ ਹੀ ਨਹੀਂ ਸੀ। ਮੈਨੂੰ ਤਾਂ ਉਹ ਕਾਸ਼ਤਕਾਰ ਚਾਹੀਦਾ ਸੀ ਜੋ ਘੱਟ ਵੱਧ ਵਟਾਈ ਦੇ ਕੇ ਜ਼ਮੀਨ ਵਾਹੀ ਚੱਲੇ ਤੇ ਮੈਨੂੰ ਸੁਰਖਰੂ ਰੱਖੇ। ਇਸ ਲਈ ਮੈਂ ਉਸ ਨੂੰ ਉਦਾਰਤਾ ਨਾਲ ਬਰੀ ਕਰਦਿਆਂ ਕਿਹਾ, "ਜਾਹ ਵਾਹ ਲੈ।" ਉਹ ਤੇ ਉਸ ਦੇ ਸਾਥੀ ਮੇਰੀ ਜੈ ਜੈ ਕਾਰ ਕਰਦੇ ਚਲੇ ਗਏ।

ਜਦੋਂ ਮੈਂ ਦੁਬਾਰਾ ਪਿੰਡ ਗਿਆ, ਸ਼ੇਰਾ ਉਦਾਸ ਜਿਹਾ ਮੂੰਹ ਲੈ ਕੇ ਆਇਆ ਤੇ ਸ਼ਿਕਾਇਤੀ ਲਹਿਜ਼ੇ ਵਿਚ ਕਹਿਣ ਲੱਗਾ, "ਪ੍ਰੋਫੈਸਰ, ਤਾਇਆ ਖੇਤ ਮਾਂ ਹਲ ਨੀ ਵੜਨ ਦਿੰਦਾ, ਗਾਲ੍ਹਾਂ ਕੱਢਾ।"

ਮੈਂ ਕਿਹਾ, "ਕੋਈ ਗੱਲ ਨਹੀਂ। ਤੂੰ ਹੁਣੇ ਹਲਾਈਂ ਕੱਢ, ਮੈਂ ਇਥੇ ਈ ਆਂ।" ਉਸ ਨੇ ਡਰਦੇ ਡਰਦੇ ਉਸੇ ਵੇਲੇ ਖੇਤ ਵਿਚ ਹਲ ਵਾੜਿਆ ਤੇ ਕੰਮ ਅਰੰਭ ਕਰ ਦਿੱਤਾ।

ਉਧਰ ਘਰ ਗਿਆ ਤਾਂ ਮੇਰੇ ਪਿਤਾ ਜੀ ਗੁੱਸੇ ਨਾਲ ਕਹਿਣ ਲੱਗੇ, "ਅਹੁ ਸਾਲਾ ਲਗਿਆ ਤੇਰੀ ਜ਼ਮੀਨ ਕਾ? ਕਰ ਬਾਹਰ ਉਸ ਚੋਰ ਨੂੰ ਉਥੇ ਤੇ।"

ਮੈਂ ਬਜ਼ੁਰਗ ਨੂੰ ਕਿਹਾ, "ਜ਼ਮੀਨ ਸਾਲ ਲਈ ਦਿੱਤੀ ਐ, ਅੱਧ ਦੀ ਵਟਾਈ 'ਤੇ। ਉਸੇ ਕੋਲ ਰਹੇਗੀ, ਛੁਡਾ ਨਹੀਂ ਸਕਦਾ।" ਪਿਤਾ ਜੀ ਲਾਲ ਪੀਲੇ ਹੋ ਕੇ ਬੋਲਦੇ ਰਹੇ, ਤੇ ਮੈਂ ਉਥੋਂ ਨਿਕਲ ਆਇਆ। ਟੁੱਟਦੇ ਜ਼ਿਮੀਂਦਾਰੀ ਨਿਜ਼ਾਮ ਦਾ ਸੰਕਟ ਉਨ੍ਹਾਂ 'ਤੇ ਵੀ ਘੱਟ ਗਹਿਰਾ ਨਹੀਂ ਸੀ ਗੁਜ਼ਰ ਰਿਹਾ।

ਉਸ ਸਾਲ ਭਾਰੀ ਬਾਰਸ਼ ਅਤੇ ਗੜ੍ਹਿਆਂ ਕਾਰਨ ਸਾਡੇ ਪਿੰਡ ਵਿਚ ਫਸਲ ਦਾ ਕੁਝ ਨੁਕਸਾਨ ਹੋ ਗਿਆ। ਸਰਕਾਰ ਨੇ ਖਾਸ ਗਿਰਦਾਵਰੀ ਕਰਵਾ ਕੇ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ। ਪਿਤਾ ਜੀ ਨੇ ਕਿਸੇ ਰਾਹੀਂ ਮੈਨੂੰ ਖਬਰ ਕਰਵਾ ਕੇ ਮੁਆਵਜ਼ਾ ਮਿਲਣ ਵਾਲੇ ਦਿਨ ਪਿੰਡ ਆਉਣ ਦਾ ਸੁਨੇਹਾ ਲਾਇਆ। ਪਟਵਾਰੀ ਨੇ ਭੁਗਤਾਨ ਕਰਨ ਲਈ ਸਕੂਲ ਵਿਚ ਇਕੱਠ ਕੀਤਾ। ਜਦੋਂ ਮੈਂ ਉਥੇ ਪਹੁੰਚਿਆ ਤਾਂ ਇਕੱਠ ਵਿਚ ਬੈਠੇ ਬਾਪੂ ਨੇ ਮੈਨੂੰ ਉਚੀ ਜਿਹੀ ਸੰਬੋਧਨ ਕਰ ਕੇ ਕਿਹਾ, "ਜ਼ਮੀਨ ਤੇਰੀ ਐ, ਪੈਸੇ ਵੀ ਤੇਰੇ ਐ, ਤੇਰੇ ਦਸਤਖਤਾਂ ਗੈਲ ਮਿਲੇਂਗੇ। ਕਿਸੇ ਗੀਆਂ ਬਾਤਾਂ ਮਾਂ ਨਾ ਆਜੀਂ।" ਫਿਰ ਉਹ ਸ਼ੇਰੇ ਵਲ ਬਾਂਹ ਕਰ ਕੇ ਬੋਲੇ, "ਹੋਰ ਕਿਸੇ ਨੂੰ ਦੁਆਨੀ ਨੀ ਦੇਣੀ, ਪਿਆ ਕੋਈ ਖੜ੍ਹਿਆ ਰੌਲਾ ਪਾਂਦਾ ਰਹੇ।" ਬਾਪੂ ਦੀ ਇਹ ਗੱਲ ਮੈਨੂੰ ਮੂਲੋਂ ਹੀ ਤਰਕਹੀਣ ਲੱਗੀ, ਕਿਉਂਕਿ ਮੁਆਵਜ਼ਾ ਫਸਲ ਮਾਰੇ ਜਾਣ ਦਾ ਸੀ, ਨਾ ਕਿ ਹੜ੍ਹ ਵਿਚ ਜ਼ਮੀਨ ਰੁੜ੍ਹ ਜਾਣ ਦਾ।

ਜਦੋਂ ਮੈਂ ਅੱਗੇ ਗਿਆ, ਸ਼ੇਰਾ ਵਾਹੋ ਦਾਹ ਮੇਰੇ ਵਲ ਆਇਆ ਤੇ ਧੀਮੀ ਆਵਾਜ਼ 'ਚ ਕਹਿਣ ਲੱਗਾ, "ਬਾਈ ਪੈਸੇ ਫਸਲ ਮਰੀ ਕੇ ਐਂ। ਜਿੰਨੇ ਤੰਨੂੰ ਮਿਲੇਂਗੇ, ਉਨ੍ਹਾਂ ਮਾਂ ਅੱਧ ਮੇਰਾ ਵੀ ਐ।"

ਮੈਨੂੰ ਲੱਗਾ ਜਿਵੇਂ ਬਾਪੂ ਮੇਰੇ ਆਉਣ ਤੋਂ ਪਹਿਲਾਂ ਉਸ ਨਾਲ ਖਹਿਬੜ ਕੇ ਹਟਿਆ ਹੋਵੇ ਤੇ ਉਸ ਨੂੰ ਉਥੋਂ ਭਜਾਉਣ ਦੀ ਨਾਕਾਮ ਕੋਸ਼ਿਸ਼ ਕਰ ਚੁਕਾ ਹੋਵੇ। ਮੈਂ ਕੁਝ ਬੋਲੇ ਬਿਨਾ ਸ਼ੇਰੇ ਨੂੰ ਪਰ੍ਹੇ ਹੋ ਕੇ ਬੈਠਣ ਦਾ ਇਸ਼ਾਰਾ ਕੀਤਾ। ਜਦੋਂ ਮੈਂ ਦਸਤਖਤ ਕਰਨ ਲਈ ਪਟਵਾਰੀ ਦੇ ਮੇਜ਼ ਕੋਲ ਗਿਆ, ਸ਼ੇਰਾ ਬੇਵਸਾਹੀ ਨਾਲ ਝੱਟ ਮੇਰੇ ਪਿੱਛੇ ਆਣ ਖੜ੍ਹਿਆ ਤੇ ਵੇਖਣ ਲੱਗਾ ਕਿ ਕਿੰਨੇ ਪੈਸੇ ਮਿਲੇ ਹਨ। ਉਸ ਨੂੰ ਦਿੱਤੀ ਜ਼ਮੀਨ ਦੇ ਡੇਢ ਸੌ ਰੁਪਏ ਕਿੱਲੇ ਦੇ ਹਿਸਾਬ ਮੈਨੂੰ ਛੇ ਸੌ ਮਿਲੇ ਤੇ ਮੈਂ ਸਭ ਦੇ ਸਾਹਮਣੇ ਗਿਣ ਕੇ ਤਿੰਨ ਸੌ ਰੁਪਏ ਉਸ ਨੂੰ ਫੜ੍ਹਾ ਦਿੱਤੇ। ਉਸ ਦੇ ਚਿਹਰੇ 'ਤੇ ਬਿਆਨ ਨਾ ਕਰ ਸਕਣ ਵਾਲੀ ਖੁਸ਼ੀ ਫਿਰ ਗਈ। ਮੈਂ ਕਈ ਆਵਾਜ਼ਾਂ ਇਕੱਠੀਆਂ ਆਉਂਦੀਆਂ ਸੁਣੀਆਂ, "ਵਾਹ ਬੇ ਪ੍ਰੋਫੈਸਰ ਵਾਹ!" ਉਸ ਦਾ ਹੱਕ ਉਸ ਨੂੰ ਦੇ ਕੇ ਮੈਨੂੰ ਵੀ ਉਹ ਅਨੰਦ ਆਇਆ ਜੋ ਪੰਜਾਬ ਦਾ ਮੁੱਖ ਮੰਤਰੀ ਬਣਨ 'ਤੇ ਵੀ ਨਾ ਆਵੇ। ਬਾਪੂ ਦੀ ਧੀਮੀ ਜਿਹੀ ਆਵਾਜ਼ ਕੰਨੀਂ ਪਈ, "ਬੇ-ਅਕਲ ਹੋਰ ਕਹੇ ਜੇ ਹੋਆਂ? ਇਸੇ ਬਰਗੇ ਤੋ ਹੋਆਂ।"

(ਚਲਦਾ)

## ਰੰਗ ਦੀ ਨਫਰਤ

*(ਪਿਛਲੇ ਸਫੇ ਦੀ ਬਾਕੀ)*

ਕਿ ਕਲਕੱਤੇ ਤੋਂ ਸਿੱਧਾ ਟਿਕਟ ਲੈ ਕੇ ਹਰ ਕੋਈ ਕੈਨੇਡਾ ਆ ਸਕਦਾ ਹੈ, ਪਰ ਦੂਜੇ ਪਾਸੇ ਕੰਪਨੀਆਂ ਨੂੰ ਚੰਗੀ ਤਰ੍ਹਾਂ ਤਾੜਨਾ ਹੈ ਕਿ ਇਨ੍ਹਾਂ ਨੂੰ ਟਿਕਟ ਹੀ ਨਾ ਦਿਉ। ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਪਰ੍ਹੂੰ ਜੁਲਾਈ ਮਹੀਨੇ ਵਿਚ ਜਾਪਾਨੀਆਂ ਦੀ ਨਿਪਨ ਯੂਫਨ ਕੇਠਾ ਕੰਪਨੀ ਨੇ ਦਸ ਦੇ ਕਰੀਬ ਸਿੱਧੇ ਟਿਕਟ ਦਿੱਤੇ ਸਨ, ਉਨ੍ਹਾਂ ਟਿਕਟਾਂ ਪੁਰ ਆਉਣ ਵਾਲੇ ਨਵੇਂ ਦੋ ਭਾਈ, ਇਕ ਸਿੰਘਣੀ ਤੇ ਬੱਚੇ 29 ਜੁਲਾਈ ਨੂੰ ਵਿਕਟੋਰੀਏ ਆਏ ਤੇ ਪਹਿਲੀ ਅਗਸਤ ਨੂੰ ਉਤਾਰੇ ਗਏ। ਇਨ੍ਹਾਂ ਨਵੇਂ ਸਰੀਰਾਂ ਦਾ ਉਤਰਨਾ ਸਾਫ ਦੱਸਦਾ ਹੈ ਕਿ ਸਿੱਧਾ ਟਿਕਟ ਵੀ ਮਿਲ ਸਕਦਾ ਹੈ। ਸਾਡੇ ਨਵੇਂ ਆਦਮੀ ਇਥੇ ਆ ਵੀ ਸਕਦੇ ਹਨ, ਪਰ ਸਾਡੇ ਰਸਤੇ ਵਿਚ ਪੱਥਰ ਸਿੱਟੇ ਜਾਂਦੇ ਹਨ। ਉਸ ਹੀ ਕੰਪਨੀ ਦੇ ਏਜੰਟ ਤੋਂ ਤੁਸੀਂ ਹੁਣ ਜਾ ਕੇ ਸਿੱਧਾ ਟਿਕਟ ਮੰਗੋ ਤਾਂ ਕੰਨਾਂ ਪੁਰ ਹੱਥ ਧਰਦਾ ਹੈ, ਨੋ-ਨੋ। ਆਪ ਪੁੱਛੋ ਕਿ ਤੁਹਾਡੇ ਜਹਾਜ਼ ਸਿੱਧੇ ਚਲਦੇ ਹਨ, ਸਾਡੇ ਨਵੇਂ ਆਦਮੀ ਤੁਹਾਥੋਂ ਟਿਕਟ ਲੈ ਕੇ ਆਏ ਹਨ, ਪਰ ਹੁਣ ਕੀ ਮਾਰ ਵਗ ਗਈ ਹੈ। ਇਸ ਦਾ ਕੋਈ ਉਤਰ ਨਹੀਂ। ਪਿੱਛੋਂ ਕੁੰਜੀਆਂ ਲੱਗੀਆਂ ਹੋਈਆਂ ਹਨ ਕਿ ਹਿੰਦੂਆਂ ਨੂੰ ਟਿਕਟ ਨਾ ਦਿਉ।

ਇਕ ਅਗਸਤ ਨੂੰ ਇਨ੍ਹਾਂ ਸਾਡੇ ਨਵੇਂ ਸਰੀਰਾਂ ਦੇ ਉਤਰਨ ਦੀ ਦੇਰ ਸੀ ਕਿ ਝਟਪਟ ਸ਼ਗੂਫੇ ਨਿਕਲਣ ਲੱਗ ਪਏ। 9 ਅਗਸਤ ਦੀ ਉਟਾਵੇ ਦੀ ਕਰਕੇ ਇਕ ਤਾਰ ਸਭ ਅਖਬਾਰਾਂ ਵਿਚ ਛਪੀ ਹੈ ਇਕ ਖਬਰ ਕਿ ਹਿੰਦੁਸਤਾਨੀ ਚਾਰ ਸਿੱਧੇ ਜਹਾਜ਼ ਭਾੜੇ ਕਰਕੇ ਕੈਨੇਡਾ ਨੂੰ ਆ ਰਹੇ ਹਨ ਤੇ ਇਹ ਬੰਦੋਬਸਤ ਇੰਡਿਆ ਦੇ ਤੇ ਕੈਨੇਡਾ ਬੜੇ-ਬੜੇ ਧਨੀ ਹਿੰਦੂਆਂ ਨੇ ਕੀਤਾ ਹੈ। ਹਿੰਦੁਸਤਾਨੀ ਭਰਾਵੋ: ਜ਼ਰਾ ਅੱਖਾਂ ਖੋਲ੍ਹੋ, ਤੁਹਾਡੇ ਨਰੜਨ ਲਈ ਕਿਹੋ ਜਿਹੇ ਤੂਫਾਨ ਉਡਾ ਕੇ ਇਥੇ ਦੇ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ। ਤੁਸੀਂ ਲੜਨ ਤੇ ਘੁਲਣ ਦਾ ਕੰਮ ਪਹਿਲਾਂ ਨਬੇੜ ਲਵੋ, ਫੇਰ ਵਿਹਲ ਹੋਵੇਗਾ ਤਾਂ ਕੰਮ ਕਰ ਲਵਾਂਗੇ। ਆਉ, ਸੰਭਲ ਜਾਉ। ਅਜੇ ਭੀ ਕੁਝ ਨਹੀਂ ਵਿਗੜਿਆ, ਤੁਹਾਡਾ ਮੁਕਾਬਲਾ ਬੜੇ ਚਾਲਬਾਜ਼ਾਂ ਨਾਲ ਹੈ।

###

# ਅੱਖਰਾਂ ਦੀ ਲੋਅ ਵਰਗਾ: ਰਵਿੰਦਰ ਸਹਿਰਾਅ

ਸੁਰਿੰਦਰ ਸੋਹਲ

28 ਮਈ 2017 ਦਾ ਸੂਰਜ ਮੁਹੱਬਤੀ ਕਿਰਨਾਂ ਦਾ ਕਟੋਰਾ ਭਰੀ ਦਰਵਾਜੇ 'ਤੇ ਖੜ੍ਹਾ ਹੈ। ਰਵਿੰਦਰ ਸਹਿਰਾਅ ਕਿਚਨ ਵਿਚ ਚਾਹ ਬਣਾ ਰਿਹਾ ਹੈ। ਨੀਰੂ ਭੈਣ ਅਜੇ ਆਪਣੇ ਸਟੋਰ ਤੋਂ ਵਾਪਸ ਨਹੀਂ ਆਈ। ਉਸ ਨੇ ਆਣ ਕੇ ਸਾਨੂੰ ਲੰਚ-ਬਰੰਚ ਕਰਾਉਣਾ ਹੈ। ਕਿਚਨ ਦੇ ਬਰਾਬਰ ਲਹਿੰਦੇ ਪਾਸੇ, ਬਾਹਰ ਡੈੱਕ 'ਤੇ ਛਾਂਵੇਂ ਕੁਰਸੀਆਂ ਡਾਹੀ ਬੈਠੇ ਸੁਸ਼ੀਲ ਦੁਸਾਂਝ ਅਤੇ ਗੁਰਮੀਤ ਸਿੰਘ ਸ਼ੁਗਲੀ 'ਖੱਬੀਆਂ' 'ਸੱਜੀਆਂ' ਗੱਲਾਂ ਦੀਆਂ ਪਤੰਗਾਂ ਪਰ੍ਹਾਂ ਖਿੜੀ ਹੋਈ ਧੁੱਪ ਵਿਚ ਉਡਾ ਰਹੇ ਨੇ। ਬਿੰਦਰ ਬਿਸਮਿਲ ਦਾ ਤਾਜ਼ੇ ਸ਼ਿਅਰ ਵਰਗਾ ਹਾਸਾ ਕਦੇ ਕਦੇ ਲਿਸ਼ਕ ਮਾਰ ਜਾਂਦਾ ਹੈ।

ਰਾਤ ਬਹੁਤ ਲੇਟ ਸੁੱਤੇ ਸਾਂ। ਬਾਲਟੀਮੋਰ ਵਿਚ ਧਰਮ ਸਿੰਘ ਗੋਰਾਇਆ ਦੀ ਕਿਤਾਬ ਦਾ ਰਿਲੀਜ਼ ਸਮਾਗਮ ਸੀ। ਮਾਸਟਰ ਧਰਮ ਪਾਲ ਉੱਗੀ ਦਾ ਪ੍ਰਬੰਧ, 'ਚੀ ਗਵੇਰਾ' ਬਾਰੇ ਕਿਤਾਬ ਅਤੇ ਰਵਿੰਦਰ ਸਹਿਰਾਅ



ਦਾ ਪ੍ਰੋਗਰਾਮ ਨੂੰ ਚਲਾਉਣ ਦਾ ਸੁਹਜ ਭਰਿਆ ਸਲੀਕਾ। ਏਨਾ ਕਾਮਯਾਬ ਸਮਾਗਮ ਕਦੇ ਕਦੇ ਹੀ ਦੇਖਣ ਨੂੰ ਮਿਲਦਾ ਹੈ। ਰਾਤੀਂ 10 ਵਜੇ ਪ੍ਰੋਗਰਾਮ ਖਤਮ ਹੋਇਆ ਸੀ। ਮਿੱਥੇ ਪ੍ਰੋਗਰਾਮ ਮੁਤਾਬਕ ਨਿਊ ਯਾਰਕ ਤੋਂ ਪਹੁੰਚੇ ਮੈਂ ਤੇ ਗੁਰਮੀਤ ਸਿੰਘ ਸ਼ੁਗਲੀ ('ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦੇ ਜਨਰਲ ਸਕੱਤਰ), ਪ੍ਰੋਗਰਾਮ ਤੋਂ ਬਾਅਦ ਰਵਿੰਦਰ ਸਹਿਰਾਅ ਦੇ ਘਰ ਬਾਰਾਂ ਕੁ ਵਜੇ ਦੇ ਕਰੀਬ ਪਹੁੰਚ ਗਏ ਸਾਂ। ਸ਼ਾਇਦ ਪ੍ਰੋਗਰਾਮ ਦੀ ਸਫਲਤਾ ਦੇ ਸਰੂਰ ਵਿਚ ਹੀ ਤੜਕੇ ਦੇ ਸਾਢੇ ਤਿੰਨ ਵਜੇ ਤੱਕ ਬੈਠੇ ਰਹੇ ਸਾਂ ਅਤੇ ਸਵੇਰੇ ਲੇਟ ਹੀ ਉਠ ਸਕੇ ਸਾਂ।

ਗੁਰਮੀਤ ਸਿੰਘ ਸ਼ੁਗਲੀ, ਸ਼ੁਰਲੀਆਂ ਛੱਡ ਰਿਹਾ ਹੈ। ਬਹੁਤੀਆਂ ਸ਼ੁਰਲੀਆਂ ਉਸ ਦੇ ਵਕੀਲੀ ਪੇਸ਼ੇ ਨਾਲ ਹੀ ਸਬੰਧਤ ਹਨ:

"ਭਾਈ ਜੀ, ਜੱਟ ਭੋਲੇ ਵੀ ਬੜੇ ਹੁੰਦੈ ਐ ਤੇ ਸ਼ਤਾਨ ਵੀ। ਇਕ ਵਾਰੀ ਇਕ ਜੱਟ ਨੇ ਪਿੰਡ ਵਿਚ ਡੇਰਾ ਖੋਲ੍ਹ ਲਿਆ। ਲੋਕਾਂ ਵਿਚ ਆਪਣੇ ਕਰਾਮਾਤੀ ਹੋਣ ਦਾ ਰੌਲਾ ਪੁਆ ਦਿੱਤਾ। ਕੁਝ ਅਗਾਂਹ-ਵਧੂ ਲੋਕਾਂ ਨੇ ਉਸ ਦੇ ਖਿਲਾਫ ਕੇਸ ਕਰ ਦਿੱਤਾ, ਬਈ ਇਹ ਪਖੰਡੀ ਐ, ਇਹਦੇ ਕੋਲ ਕੋਈ ਕਰਾਮਾਤ ਨਹੀਂ। ਅਦਾਲਤ ਵਿਚ ਕੇਸ ਚਲਾ ਗਿਆ। ਜੱਟ ਦਾ ਵਿਰੋਧੀ ਵਕੀਲ ਦਲੀਲ 'ਤੇ ਦਲੀਲ ਦੇ ਕੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਬਈ ਦੁਨੀਆਂ 'ਤੇ ਕਰਾਮਾਤ ਹੁੰਦੀ ਈ ਨਹੀਂ। ਜੱਟ ਅੜਿਆ ਰਿਹਾ। ਹਾਰ ਕੇ ਜੱਜ ਨੇ ਜੱਟ ਨੂੰ ਕਿਹਾ, 'ਕਿਉਂ ਬਈ! ਤੂੰ ਕੋਈ ਕਰਾਮਾਤ ਦਿਖਾ ਸਕਦੈਂ?'

ਜੱਟ ਕਹਿੰਦਾ, 'ਹਾਂ ਜੀ।'

ਜੱਜ ਨੇ ਕਿਹਾ, 'ਦਿਖਾ ਫਿਰ।'

ਜੱਟ ਕਹਿੰਦਾ, 'ਜਨਾਬ ਕਿਰਪਾਨ ਮੰਗਵਾਓ। ਤੁਸੀਂ ਮੇਰੇ ਵਿਰੋਧੀ ਵਕੀਲ ਦੀ ਧੌਣ ਵੱਢ ਦਿਉ। ਮੈਂ ਜੋੜ ਕੇ ਦਿਖਾ ਦਊਂ।'

ਕੰਬਦਾ ਕੰਬਦਾ ਵਿਰੋਧੀ ਵਕੀਲ ਕਹਿੰਦਾ, 'ਜਨਾਬ ਇਹ ਸੱਚ ਕਹਿੰਦਾ, ਇਹ ਕਰਾਮਾਤ ਕਰ ਸਕਦੈ। ਇਹਨੂੰ ਬਰੀ ਕਰ ਦਿਉ।"

ਇਸ ਸ਼ਗੂਫੇ ਦੇ ਹਾਸੇ ਦਾ ਰੰਗ ਫਿਜ਼ਾ ਵਿਚ ਅਜੇ ਸੁੱਕਿਆ ਨਹੀਂ ਸੀ, ਉਸ ਹੋਰ ਸ਼ੁਰਲੀ ਛੱਡ ਦਿੱਤੀ:

"ਭਰਾਵੋ ਮੈਂ ਵੀ ਵਕੀਲ ਆਂ। ਏਸੇ ਕਰਕੇ ਵਕੀਲਾਂ ਦੀਆਂ ਗੱਲਾਂ ਈਂ ਸੁਣਾਊਂ। ਇਕ ਵਾਰੀ ਇਕ ਜੱਟ ਕਹਿੰਦਾ, ਮੈਂ ਵਕੀਲ ਨਹੀਂ ਕਰਨਾ ਆਪਣਾ ਕੇਸ ਆਪ ਲੜਨਾ। ਜੱਜ ਕਹਿੰਦਾ ਲੜੋ। ਜੱਟ ਨੇ ਬੋਲਣਾ ਸ਼ੁਰੂ ਕੀਤਾ। ਜੱਜ ਕਹਿੰਦਾ, ਮੈਨੂੰ ਤੇਰੀ ਕੋਈ ਗੱਲ ਸਮਝ ਨਹੀਂ ਆਉਂਦੀ, ਵਕੀਲ ਕਰ ਲੈ। ਜੱਟ ਅੱਗੋਂ ਬੋਲਿਆ, ਕਮਾਲ ਐ, ਸਮਝ ਤੈਨੂੰ ਨਹੀਂ ਆਉਂਦੀ, ਵਕੀਲ ਮੈਂ ਕਰਾਂ।"

ਸੁਸ਼ੀਲ ਦੁਸਾਂਝ ਖਿੜ-ਖਿੜਾ ਕੇ ਹੱਸਿਆ। ਸਰੀਰ ਸਮੇਤ ਬਿੰਦਰ ਬਿਸਮਿਲ ਨੇ ਠਹਾਕਾ ਲਾਇਆ। ਸਵੇਰ ਦੀ ਮਹਿਕ ਵਿਚ ਹਾਸਾ ਖਿਲਾਰਦਾ ਮੈਂ ਕੁਰਸੀ ਤੋਂ ਉਠ ਕੇ ਡੈੱਕ ਦੇ ਕੋਨੇ 'ਤੇ ਖੜ੍ਹਾ ਸੱਤ-ਅੱਠ ਫੁੱਟ ਨੀਵੇਂ ਬੈਕ-ਯਾਰਡ ਵੱਲ ਦੇਖਦਾ ਹਾਂ। ਖੁਸ਼ਕ ਅਤੇ ਬੰਜਰ ਜਿਹੀ ਜਮੀਨ ਵਿਚ ਚੈਰੀ ਅਤੇ ਪਲੱਮ ਦੇ ਬੂਟੇ ਖਾਮੋਸ਼ ਭਾਸ਼ਾ ਵਿਚ ਕੋਈ ਤਬਸਰਾ ਕਰਦੇ ਜਾਪਦੇ ਨੇ। ਸ਼ਾਇਦ ਸਾਡੀਆਂ ਕਮਲੀਆਂ 'ਤੇ ਈ ਹੱਸਦੇ ਹੋਣ। ਇਨ੍ਹਾਂ ਸੁੰਦਰ ਅਤੇ ਕੋਮਲ ਬੂਟਿਆਂ ਦਾ ਜ਼ਿਕਰ ਕਰਦੀ ਨਜ਼ਮ ਰਵਿੰਦਰ ਨੇ ਕੁਝ ਦਿਨ ਪਹਿਲਾਂ ਹੀ ਫੋਨ 'ਤੇ ਸੁਣਾਈ ਸੀ:

ਕਿੰਨਾ ਚੰਗਾ ਲੱਗਦਾ ਹੈ
ਬੈਕ-ਯਾਰਡ ਵਿਚ ਜਮੀਨ ਤਿਆਰ ਕਰਦਿਆਂ
.....
ਪੂਦਨੇ ਦੀ ਮਹਿਕ
ਹਵਾਵਾਂ 'ਚ ਘੁਲ ਰਹੀ ਹੈ
ਦੋ ਵਰ੍ਹੇ ਪਹਿਲਾਂ ਲਾਏ
ਚੈਰੀ ਅਤੇ ਪਲੱਮ ਦੇ ਬੂਟੇ
ਐਤਕੀਂ ਫੁੱਲਾਂ ਨਾਲ
ਫਿਰ ਫਲਾਂ ਨਾਲ ਭਰ ਗਏ
ਭੱਜ ਅੰਦਰ ਆਉਂਦਾ
ਤੇ ਘਰਵਾਲੀ ਨੂੰ ਖੁਸ਼ਖਬਰੀ ਸੁਣਾਉਂਦਾ ਹਾਂ
ਚੈਰੀ ਦਾ ਬੂਟਾ ਉਸ ਦਾ ਹੈ
ਤੇ ਪਲੱਮ ਮੇਰਾ
ਖੁਸ਼ ਹੈ ਉਹ ਵੀ ਬਹੁਤ।
ਸੋਚਦਾ ਹਾਂ
ਰੁੱਖਾਂ ਨਾਲ ਗੱਲਾਂ ਕਰਨਾ
ਕਈ ਵੇਰਾਂ ਮਨੁੱਖਾਂ ਨਾਲੋਂ ਚੰਗਾ ਹੁੰਦਾ...।

ਬੂਟਿਆਂ ਵਾਲੀ ਥਾਂ ਨੂੰ ਮੈਂ ਜ਼ਰਾ ਗੌਰ ਨਾਲ ਦੇਖਦਾ ਹਾਂ। ਇਹੀ ਥਾਂ ਸੀ, ਜਿੱਥੇ ਰਵਿੰਦਰ ਨੇ ਬਲੂ ਲੇਬਲ ਦੀ ਬੋਤਲ ਇਸ ਵਾਅਦੇ ਨਾਲ ਦੱਬੀ ਸੀ ਕਿ ਮੇਰੇ ਆਉਣ 'ਤੇ ਹੀ ਪੁੱਟਾਂਗੇ। ਮੈਂ ਡੈੱਕ ਦੀਆਂ ਪੌੜੀਆਂ ਉਤਰ ਕੇ ਬੈਕ-ਯਾਰਡ ਵਿਚ ਲੱਗੇ ਬੂਟਿਆਂ ਵੱਲ ਤੁਰ ਪਿਆ ਹਾਂ।

—

4 ਜੁਲਾਈ ਸੀ, 2014 ਸੰਨ ਦੀ। ਮੇਰਾ ਅਤੇ ਦਲਜੀਤ ਮੋਖਾ ਦਾ ਪਰਿਵਾਰ ਪੈਨਸਿਲਵੇਨੀਆ ਰਵਿੰਦਰ ਦੇ ਘਰ ਆਜ਼ਾਦੀ ਦਿਵਸ ਮਨਾਉਣ ਗਏ ਸਾਂ। ਉਦੋਂ ਅਸੀਂ ਅੰਦਰ ਬੈਠੇ ਸਾਂ। ਰਵਿੰਦਰ ਸਹਿਰਾਅ ਨੇ ਮੈਨੂੰ ਅੱਖ ਨਾਲ ਇਸ਼ਾਰਾ ਕੀਤਾ। ਅਸੀਂ ਘਰ ਦੇ ਬੈਕ-ਯਾਰਡ ਵਿਚ



*ਨੀਰੂ ਸਹਿਰਾਅ ਅਤੇ ਰਵਿੰਦਰ ਸਹਿਰਾਅ*

ਚਲੇ ਗਏ। ਉਸ ਦੀਆਂ ਅੱਖਾਂ ਵਿਚ ਸ਼ਰਾਰਤ ਭਰੀ ਚਮਕ ਸੀ ਅਤੇ ਬੁੱਲ੍ਹਾਂ 'ਤੇ ਮਨਮੋਹਕ ਮੁਸਕਰਾਹਟ। ਪੈਰਾਂ ਭਾਰ ਬੈਠ ਕੇ ਉਸ ਨੇ ਨਿੱਕੀ ਜਿਹੀ ਰੰਬੀ ਨਾਲ ਬੰਜਰ ਜਿਹੀ ਜਮੀਨ ਪੁੱਟੀ। ਨਿੱਕੀਆਂ ਨਿੱਕੀਆਂ ਬੱਟੀਆਂ ਤੇ ਰੋੜਾਂ ਵਾਲੀ ਖੁਸ਼ਕ ਮਿੱਟੀ ਪਾਸੇ ਕਰਦਿਆਂ ਬਲੂ ਲੇਬਲ ਦੀ ਬੋਤਲ ਜਮੀਨ ਵਿਚੋਂ ਮੂਲੀ ਵਾਂਗ ਧੂਹ ਲਈ। ਉਸ ਨੂੰ ਸਾਫ ਕੀਤਾ ਤੇ ਮੇਰੇ ਵੱਲ ਕਰ ਕੇ ਹਿਲਾਇਆ। ਉਸ ਨੇ ਜਿਵੇਂ ਬੰਜਰ ਜਿਹੀ ਮਿੱਟੀ ਨਹੀਂ ਸੀ ਪੁੱਟੀ, ਸਗੋਂ ਸਮੁੰਦਰ ਮੱਥ ਕੇ ਤੇਰਵਾਂ ਰਤਨ ਕੱਢਿਆ ਸੀ।

ਉਸ ਨੇ ਦਾਰੂ ਪੀਣੀ ਅਤੇ ਘਰ ਵਾੜਨੀ ਬੰਦ ਕੀਤੀ ਹੋਈ ਸੀ। ਉਨ੍ਹੀਂ ਦਿਨੀਂ ਉਸ ਦੇ ਘਰ ਸਭ ਲਈ ਦਾਰੂ ਬੰਦ ਸੀ। ਸਿਰਫ ਮੈਂ ਅਤੇ ਗੁਰਬਚਨ (ਚੰਡੀਗੜ੍ਹੀਆ) ਹੀ ਪੀ ਸਕਦੇ ਸਾਂ।

ਬੰਜਰ ਜਮੀਨ ਨਾਲ ਰਵਿੰਦਰ ਦੀ ਪੁਰਾਣੀ ਸਾਂਝ ਸੀ। ਜਦੋਂ ਉਸ ਦਾ ਬਾਪ ਪੂਰਾ ਹੋਇਆ, ਰਵਿੰਦਰ ਮਸਾਂ ਤਿੰਨ ਕੁ ਸਾਲ ਦਾ ਹੋਏਗਾ। ਸ਼ਰੀਕਾਂ ਨੇ ਵਾਹੀ ਯੋਗ ਜਮੀਨ ਆਪ ਸਾਂਭ ਲਈ ਸੀ ਤੇ ਬੰਜਰ, ਬੀਆਬਾਨ ਇਨ੍ਹਾਂ ਦੇ ਹਿੱਸੇ ਆ ਗਈ ਸੀ। ਉਸ ਬੰਜਰ ਨੂੰ ਰਵਿੰਦਰ ਨੇ ਆਪਣੀ ਮਿਹਨਤ ਨਾਲ ਅਜਿਹੀ ਸ਼ੱਕਰ ਵਰਗੀ ਨਰਮ ਤੇ ਉਪਜਾਊ ਬਣਾ ਲਿਆ ਸੀ ਕਿ ਸਮੁੰਦਰ ਵਿਚੋਂ ਨਿਕਲਦੇ ਰਤਨਾਂ ਵਾਂਗ ਫਸਲਾਂ ਦਾ ਝਾੜ ਦੇਖ ਕੇ ਆਂਢੀ-ਗੁਆਂਢੀ ਵੀ ਦੇਖਦੇ ਰਹਿ ਗਏ ਸਨ।

ਹਰਦੋ ਫਰਾਲੇ ਤੋਂ ਪ੍ਰਾਇਮਰੀ ਕਰਕੇ, ਮਹੇੜੂ ਤੋਂ ਮੈਟ੍ਰਿਕ ਕਰਕੇ ਜਦੋਂ ਰਵਿੰਦਰ ਰਾਮਗੜੀਆ ਕਾਲਜ, ਫਗਵਾੜਾ ਦਾਖਲ ਹੋਇਆ ਤਾਂ ਖੱਬੇ ਪੱਖੀ ਲਹਿਰ ਜ਼ੋਰ ਫੜ੍ਹ ਚੁਕੀ ਸੀ। ਬੰਜਰ ਜ਼ਿੰਦਗੀਆਂ ਵਿਚ ਖੁਸ਼ੀਆਂ ਦੇ ਗੁਲਾਬ ਖਿੜ੍ਹਾਉਣ ਦਾ ਸੁਪਨਾ ਰਵਿੰਦਰ ਦੀਆਂ ਅੱਖਾਂ ਵੀ ਦੇਖਣ ਲੱਗ ਪਈਆਂ ਸਨ। ਜੇ ਉਹ ਬੰਜਰ ਜਮੀਨ ਨੂੰ ਉਪਜਾਊ ਬਣਾ ਸਕਦਾ ਸੀ ਤਾਂ ਬੰਜਰ ਜ਼ਿੰਦਗੀਆਂ ਵਿਚ ਇਨਕਲਾਬ ਦੇ ਸਾਵਣ ਬਰਸਾ ਕੇ ਹਾਸਿਆਂ ਦੇ ਗੇਂਦੇ ਕਿਉਂ ਨਹੀਂ ਸੀ ਖਿੜਾ ਸਕਦਾ? ਉਸ ਨੂੰ ਲਗਦਾ ਸੀ, ਇਨਕਲਾਬ ਦੇ ਸੂਰਜ ਅੱਗੇ ਜਰਜਰ ਸਿਆਸਤ ਦਾ ਨਿਜ਼ਾਮ ਅਤੇ ਸਰਮਾਏਦਾਰੀ ਦੇ ਮਹਿਜ਼ ਬੱਦਲ ਹੀ ਨੇ। ਉਸ ਨੇ ਤੇ ਉਸ ਦੇ ਸਾਥੀਆਂ ਨੇ ਹਨੇਰੀ ਬਣ ਕੇ ਝੁੱਲਣਾ ਹੈ ਅਤੇ ਸਾਰਾ ਕੁਝ ਉਡਾ ਕੇ ਲੈ ਜਾਣਾ ਹੈ। ਸੂਰਜ ਨੇ ਆਪਣੇ ਪ੍ਰਕਾਸ਼ ਨਾਲ ਹਨੇਰੀਆਂ ਝੁੱਗੀਆਂ ਦਾ ਕਿਣਕਾ ਕਿਣਕਾ ਸੋਨੇ ਦਾ ਬਣਾ ਦੇਣਾ ਹੈ।

ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ਦੀ ਯੂਨੀਅਨ ਨੇ ਹੜਤਾਲ ਕੀਤੀ ਤਾਂ ਉਨ੍ਹਾਂ ਦੇ ਹੱਕ ਵਿਚ ਸਾਰੀਆਂ ਯੂਨੀਅਨਾਂ ਨੇ ਹੜਤਾਲ ਕਰ ਦਿੱਤੀ। ਬੀ. ਏ. ਭਾਗ ਪਹਿਲਾ ਦਾ ਵਿਦਿਆਰਥੀ, ਤੂਤ ਦੀ ਛਿਟੀ ਵਰਗਾ ਪਤਲਾ ਤੇ ਬਾਜ਼ ਵਰਗਾ ਫੁਰਤੀਲਾ ਰਵਿੰਦਰ ਛਾਲ ਮਾਰ ਕੇ ਕਾਲਜ ਦੀ ਕੰਧ 'ਤੇ ਚੜ੍ਹ ਗਿਆ। ਉਸ ਦਾ ਚਿਹਰਾ ਇੰਜ ਲਿਸ਼ਕ ਰਿਹਾ ਸੀ, ਜਿਵੇਂ ਸੂਰਜ ਕੰਧ 'ਤੇ ਉਤਰ ਆਇਆ ਹੋਵੇ। ਉਸ ਦੇ ਬੋਲ ਸ਼ੱਰਾਰਿਆਂ ਵਾਂਗ ਕਾਲੀਆਂ ਤਾਕਤਾਂ ਦੇ ਪਿੰਡਿਆਂ 'ਤੇ ਨਿਸ਼ਾਨ ਪਾ ਰਹੇ ਸਨ। ਪੁਲਿਸ ਦੀ ਧਾੜ ਨੇ ਸੁਨਹਿਰੀ ਤਕਰੀਰ ਕਰਦੇ ਨੂੰ ਗ੍ਰਿਫਤਾਰ ਕਰ ਲਿਆ। ਲੋਕ ਸੋਚ ਰਹੇ ਸਨ, ਏਨਾ ਮਾੜਕੂ ਜਿਹਾ ਪੁਲਿਸ ਦਾ ਤਸ਼ੱਦਦ ਸਹਿ ਲਵੇਗਾ? ਪਰ ਸ਼ਾਇਦ ਉਸ ਅੰਦਰਲੀ ਪਕਿਆਈ ਤੋਂ ਉਹ ਨਾਵਾਕਿਫ ਸਨ। ਮਘਦੇ ਬੋਲਾਂ ਨੂੰ ਡੇਢ ਮਹੀਨੇ ਲਈ ਹਨੇਰੀ ਗੁਫਾ ਵਿਚ ਬੰਦ ਕਰ ਦਿੱਤਾ ਸੀ। ਇਹ ਘਟਨਾ ਜਨਵਰੀ 1974 ਦੀ ਸੀ। ਪਹਿਲਾਂ ਵੀ ਉਸ ਨੂੰ ਇਕ ਵਾਰ ਗ੍ਰਿਫਤਾਰ ਕੀਤਾ ਸੀ, ਪਰ ਕੋਈ ਸਬੂਤ ਨਾ ਹੋਣ ਕਾਰਨ ਥਾਣਿਓਂ ਹੀ ਤੋਰ ਦਿੱਤਾ ਸੀ।

ਉਸ ਅੰਦਰ ਸੁਪਨੇ ਅਗੜਾਈਆਂ ਲੈ ਰਹੇ ਸਨ। ਜਵਾਨੀ ਮਹਿਕਣ ਤੇ ਟਹਿਕਣ ਲੱਗ ਪਈ ਸੀ।

ਹਵਾਵਾਂ ਸੂਹੀਏ ਬਣ ਗਈਆਂ। ਬੱਸ ਅੱਡੇ ਉਨ੍ਹਾਂ ਦੀਆਂ ਢਾਣੀਆਂ ਨੂੰ ਪਛਾਣਨ ਲੱਗ ਪਏ ਸਨ। ਦਿਨ ਦੀ ਲੋਅ ਮੁਖਬਰ ਬਣ ਗਈ ਸੀ। ਮੰਜ਼ਿਲ 'ਤੇ ਪਹੁੰਚਣ ਲਈ ਉਹ ਰਾਤ ਬਰਾਤੇ ਨਿਕਲਦੇ। ਮਹਿਬੂਬਾ ਦੀਆਂ ਜ਼ੁਲਫਾਂ 'ਚ ਤਾਰੇ ਟੰਗਣ ਦੇ ਲਾਰਿਆਂ ਤੋਂ ਅਗਾਂਹ ਦਾ ਸੀ, ਉਨ੍ਹਾਂ ਦਾ ਸਫਰ:

ਅਸੀਂ ਮਹਿਬੂਬਾ ਨੂੰ
ਅੰਬਰਾਂ ਤੋਂ ਤਾਰੇ ਤੋੜ ਕੇ
ਮੀਢੀਆਂ ਵਿਚ ਜੜਨ ਦਾ
ਲੁਭਾਉਣਾ ਲਾਰਾ ਨਹੀਂ ਦਿੰਦੇ
ਅਸੀਂ ਤਾਂ ਤਾਰਿਆਂ ਦੀ ਛਾਂਵੇਂ
ਤੁਰਨ ਵਿਚ ਵਿਸ਼ਵਾਸ ਰਖਦੇ ਹਾਂ।
ਅਸੀਂ ਤਾਂ ਪੰਛੀ ਦੇ ਬੋਟ ਦੀ
ਪਹਿਲੀ ਉਡਾਣ ਹਾਂ
ਜੋ ਉਡਦਾ ਹੈ
ਡਿੱਗਦਾ ਹੈ ਤੇ ਫਿਰ ਉਡਦਾ ਹੈ
ਅਤੇ ਇੰਜ ਵਕਫਾ ਤੈਅ ਕਰਦਾ ਹੈ...।

ਮਾਰਕਸੀ ਫਲਸਫੇ ਨੇ ਸੋਚ ਨੂੰ ਤਰਕ ਦੀ ਸਾਣ 'ਤੇ ਚਾੜ੍ਹ ਰੱਖਿਆ ਸੀ। ਪਰ ਦਿਲ ਦੇ ਜਜ਼ਬਿਆਂ ਦਾ ਕੋਈ ਕੀ ਕਰੇ?

ਬੇਨਾਮ ਮੁਹੱਬਤ ਦਾ ਖਤ ਉਸ ਨੂੰ ਮਿਲਿਆ। ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਾਨ। ਦਿਲ 'ਚ ਪਹਿਲੀ ਮੁਹੱਬਤ ਦੀ ਤਰੰਗ। ਪਰ ਝੱਟ ਮਸਤਕ ਵਿਚ ਚਲਦੇ ਤਰਕ ਦੇ ਆਰੇ ਦਾ ਜ਼ੋਰ ਪਿਆ। ਖਤ ਲੀਰੋ-ਲੀਰ ਕਰ ਦਿੱਤਾ। ਸੁੱਟਣ ਲੱਗਾ ਤਾਂ ਦਿਲ ਦਾ ਜਜ਼ਬਾ ਭਾਰੂ ਹੋ ਗਿਆ। ਖਤ ਪਾੜ ਤਾਂ ਦਿੱਤਾ ਪਰ ਸੁੱਟਿਆ ਨਾ ਗਿਆ। ਕਮਰੇ ਦੇ ਇਕ ਖੂੰਜੇ ਸੰਭਾਲ ਲਿਆ, ਜਿਵੇਂ ਦਿਲ ਦੇ ਖੂੰਜੇ ਕੋਈ ਮਿੱਠੀ ਜਿਹੀ ਯਾਦ ਸੰਭਾਲ ਲਈਦੀ ਹੈ। ਤੇ ਬੇਨਾਮ ਖਤ ਆਉਂਦੇ ਗਏ। ਲੀਰੋ-ਲੀਰ ਹੁੰਦੇ ਗਏ ਤੇ ਕਮਰੇ ਦੇ ਖੂੰਜੇ ਵਿਚ ਸੰਭਾਲ ਹੁੰਦੇ ਗਏ।

ਅਚਾਨਕ ਇਕ ਕਾਮਰੇਡ ਨੂੰ ਲੱਭ ਗਏ। ਉਸ ਨੇ ਟੁਕੜਿਆਂ ਨੂੰ ਜੋੜਿਆ। ਪੜ੍ਹਿਆ। ਤਿੜ੍ਹਿਆ। ਖਿਝਿਆ, 'ਇਹ ਕੀ ਕਾਮਰੇਡ! ਸਾਡੀ ਮੰਜ਼ਿਲ ਇਹ ਨਹੀਂ, ਇਨਕਲਾਬ ਹੈ।'

'ਏਸੇ ਕਰ ਕੇ ਤਾਂ ਮੈਂ ਖਤ ਪਾੜੀ ਜਾਨਾਂ। ਮੈਂ ਤਾਂ ਨਹੀਂ ਲਿਖਦਾ ਨਾ। ਦੂਜਾ ਲਿਖੀ ਜਾਵੇ ਤਾਂ ਮੈਂ ਕੀ ਕਰ ਸਕਦਾਂ?' ਰਵਿੰਦਰ ਨੇ ਕਿਹਾ, ਪਰ ਉਹ ਖਤਾਂ ਦੇ ਕਾਗਜ਼ ਨੂੰ ਤਾਂ ਪਾੜ ਦਿੰਦਾ ਸੀ, ਖਤਾਂ ਦੀ ਇਬਾਰਤ ਨੂੰ ਕੋਈ ਕਿਵੇਂ ਪਾੜ ਸਕਦਾ ਹੈ! ਪਰ ਇਹ ਰਹੱਸ ਰਹੱਸ ਹੀ ਬਣਿਆ ਰਿਹਾ, ਸਿਰਫ ਮੁਹੱਲਾ ਸਤਨਾਮ ਪੁਰਾ, ਫਗਵਾੜਾ ਦੀ ਮੋਹਰ ਕਦੇ ਕਦੇ ਉਸ ਦੀਆਂ ਅੱਖਾਂ ਵਿਚ ਤੈਰ ਜਾਂਦੀ।

ਮੁਹੱਬਤ ਦਾ ਜਜ਼ਬਾ ਕਿੰਨਾ ਬੇਰੋਕ ਹੁੰਦਾ ਹੈ, ਸੂਕਦਾ ਝਨਾਂ ਨਜ਼ਰ ਨਹੀਂ ਆਉਂਦਾ, ਤਪਦਾ ਥਲ ਪੈਰਾਂ ਨੂੰ ਛੂੰਹਦਾ ਹੀ ਨਹੀਂ, ਸਲੀਬ ਜਿਵੇਂ ਮਹਿਬੂਬ ਵਾਂਗ ਆਸ਼ਕ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਲੋਕਾਈ ਦੀ ਮੁਹੱਬਤ ਦਾ ਇਹੀ ਜਜ਼ਬਾ ਰਵਿੰਦਰ ਨੂੰ ਡੋਲਣ ਨਹੀਂ ਸੀ ਦਿੰਦਾ। ਉਸ ਲਈ 'ਜ਼ਿੰਦਗੀ' ਹੀ ਮਹਿਬੂਬਾ ਸੀ:

ਜ਼ਿੰਦਗੀ!
ਤੂੰ ਤੇ ਉਹ ਹੁਸੀਨਾ ਏਂ
ਜਿਹਦੇ ਹੁਸਨ ਨੂੰ ਮਾਣਨ ਲਈ
ਅਸੀਂ ਜਿਸਮ ਦੇ ਚੀਥੜੇ ਕਰਵਾਏ
ਦਹਿਸ਼ਤ ਦੇ ਕਾਲੇ ਦੌਰ ਅੰਦਰ ਵੀ
ਆਪਣੇ ਹਮਸਫਰਾਂ ਦੀਆਂ
ਲਾਸ਼ਾਂ 'ਤੇ ਰੋਣ ਦੀ ਥਾਂਵੇਂ
ਉਨ੍ਹਾਂ ਦੇ ਲਹੂ ਨੂੰ ਮੁੱਠੀ 'ਚ ਲੈ ਕੇ
ਤੇਰੇ ਮਸਤਕ 'ਤੇ ਟਿੱਕਾ ਲਾਉਣ ਦਾ
ਅਰਮਾਨ ਰੱਖਦੇ ਸਾਂ...।

ਵਕਤ ਹਨੇਰੀ ਵਾਂਗ ਲੰਘਿਆ ਤੇ ਕਮਰੇ ਦੇ ਖੂੰਜੇ ਵਿਚ ਸਾਂਭੇ ਹੋਏ ਖਤਾਂ ਦੇ ਟੁਕੜੇ ਆਪਣੀ ਅਉਧ ਹੰਢਾ ਗਏ ਹੋਣਗੇ, ਪਰ ਯਾਦਾਂ 'ਨਿੱਤ ਨਵੀਆਂ' ਰਹਿੰਦੀਆਂ ਨੇ। ਖਤਾਂ ਦੇ ਉਹ ਟੁਕੜੇ ਜ਼ਰੂਰ ਬੱਦਲਾਂ ਦੀ ਜੂਨ ਪੈ ਗਏ ਹੋਣਗੇ ਤੇ ਉਸ ਨੂੰ ਮਿਲਣ ਲਈ ਤਾਂਘਦੇ ਹੋਣਗੇ। ਤਾਂ ਹੀ ਤਾਂ ਹਵਾਈ ਸਫਰ ਕਰਦਾ ਰਵਿੰਦਰ ਕਦੇ ਉਨ੍ਹਾਂ ਬੱਦਲਾਂ ਵਿਚ ਦੀ ਲੰਘਿਆ ਹੋਵੇਗਾ ਤਾਂ ਇਸ ਕਵਿਤਾ ਦਾ ਜਨਮ ਹੋਇਆ ਹੋਵੇਗਾ:


ਉਸ ਕਿਹਾ,
ਕਿਵੇਂ ਰਿਹਾ ਸਫਰ?
...ਬਹੁਤ ਖੂਬਸੂਰਤ

ਕੋਈ ਅਭੁੱਲ ਯਾਦ?
ਹਾਂ...
ਬੱਦਲ ਦਾ ਇਕ ਟੋਟਾ
ਉੱਡ ਰਿਹਾ ਸੀ ਨਾਲ ਨਾਲ
ਅਚਾਨਕ ਕੋਲ ਆਇਆ
ਤਾਂ ਮੈਂ ਉਸ ਉਪਰ
ਤੇਰਾ ਨਾਂ ਲਿਖ ਦਿੱਤਾ...।

ਬੱਦਲਾਂ ਨਾਲ ਰਵਿੰਦਰ ਦੀ ਗਹਿਰੀ ਸਾਂਝ ਹੈ, ਸਾਂਝ ਹੀ ਨਹੀਂ, ਜ਼ਿੰਦ ਵੀ। ਬੱਦਲ ਆਪਣੀ ਅੱਖ 'ਚੋਂ ਕਣੀ ਕੇਰਨ ਲਈ ਤਾਂ ਭੋਰਾ ਸੋਚਦਾ ਹੋਵੇਗਾ, ਪਰ ਰਵਿੰਦਰ ਦੀਆਂ ਅੱਖਾਂ ਝੱਟ ਝੜੀਆਂ ਲਾ ਦਿੰਦੀਆਂ ਹਨ। ਇਹ ਹੰਝੂ ਹੀ ਉਸ ਦੇ ਦਿਲ ਦੀ ਝੀਲ ਦੇ ਸਾਫ ਤੇ ਸ਼ੱਫਾਫ ਹੋਣ ਦਾ ਬਿੰਬ ਹਨ।

ਸਾਥੀਆਂ ਨਾਲ ਮਿਲਣ ਦਾ ਰਾਹ ਵੀ ਵੱਖਰਾ ਕੱਢ ਲਿਆ। ਮਿਲਣਾ ਹੁੰਦਾ, ਪੋਸਟ ਕਾਰਡ ਲਿਖਦਾ, 'ਅਗਲੇ ਹਫਤੇ ਫਿਲਮ ਦੇਖਣ ਚਲੀਏ?'

ਫਿਲਮ ਦਾ ਮਤਲਬ 'ਮੀਟਿੰਗ' ਹੁੰਦਾ।



*ਜਵਾਨੀ ਵੇਲੇ ਰਵਿੰਦਰ ਸਹਿਰਾਅ*

1976 ਦੀ ਫਰਵਰੀ ਚੜ੍ਹੀ ਨੂੰ ਕੁਝ ਦਿਨ ਹੋਏ ਸਨ। ਨਰਿੰਦਰ ਸਿਨੇਮੇ 'ਫਿਲਮ' ਦੇਖਣ ਦਾ ਪ੍ਰੋਗਰਾਮ ਬਣ ਗਿਆ। ਗੁਲਾਬੀ ਧੁੱਪ, ਹਲਕੀ ਹਲਕੀ ਠੰਢ, ਦਿਲ 'ਚ ਮਘਦੇ ਜਜ਼ਬੇ। ਕਾਲੇ ਦਿਨਾਂ ਦਾ ਦੌਰ। ਸੂਹੀਆ ਹਵਾ ਨੇ ਪਹਿਲਾਂ ਹੀ ਮੁਖਬਰੀ ਕਰ ਦਿੱਤੀ ਸੀ। ਪੁਲਿਸ ਜਾਲ ਵਿਛਾਈ ਬੈਠੀ ਸੀ। 'ਫਿਲਮ' ਦੇਖਣ ਤੋਂ ਪਹਿਲਾਂ ਹੀ ਸੂਬਾ ਕਮੇਟੀ, ਜਿਸ ਦਾ ਉਹ ਪ੍ਰਧਾਨ ਸੀ, ਦੇ ਬੰਦੇ ਫੜ੍ਹੇ ਗਏ।

ਪੁਲਿਸ ਨੇ ਜਾਸੂਸੀ ਨਾਵਲ ਵਾਂਗ ਕਹਾਣੀ ਘੜੀ, "ਰਵਿੰਦਰ ਅਤੇ ਉਸ ਦਾ ਸਾਥੀ ਕਮਲਜੀਤ ਵਿਰਕ, ਕਪੂਰਥਲੇ ਬਸ ਅੱਡੇ ਤੋਂ ਹਥਿਆਰਾਂ ਸਮੇਤ ਫੜ੍ਹੇ ਗਏ। ਇਹ ਖਤਰਨਾਕ ਮੁਜਰਮ ਬੱਸ ਅੱਡੇ ਦੇ ਨਾਲ ਨਾਲ ਹੋਰ ਵੀ ਸਰਕਾਰੀ ਇਮਾਰਤਾਂ ਉਡਾਉਣਾ ਚਾਹੁੰਦੇ ਸਨ। ਅਸੀਂ ਜਾਨ 'ਤੇ ਖੇਲ੍ਹ ਕੇ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ, ਕਿਉਂਕਿ ਇਨ੍ਹਾਂ ਨੂੰ ਜ਼ਿੰਦਾ ਫੜ੍ਹਨਾ ਲਾਜ਼ਮੀ ਸੀ।"

ਐਸ. ਡੀ. ਐਮ. ਦੇ ਪੇਸ਼ ਕਰਕੇ ਰਿਮਾਂਡ ਲੈ ਲਿਆ। ਅੱਖਾਂ 'ਤੇ ਪੱਟੀਆਂ ਬੰਨ੍ਹ ਕੇ ਜਦੋਂ ਤੋਰਿਆ ਤਾਂ ਰਵਿੰਦਰ ਉਸ ਵਕਤ ਨੂੰ ਕਦੇ ਭੁੱਲ ਨਹੀਂ ਸਕਿਆ, 'ਸਾਨੂੰ ਲੱਗਦਾ ਸੀ, ਬਸ ਹੁਣ ਮੁਕਾਬਲਾ ਬਣ ਗਿਆ।'

'ਡਰ ਤਾਂ ਲੱਗਿਆ ਹੋਏਗਾ?' ਮੈਂ ਪੁੱਛਿਆ।

"ਡਰ? ਯਾਰ ਉਦੋਂ ਡਰ ਲੱਗਦਾ ਈ ਨਹੀਂ ਸੀ। ਮੌਤ ਤਾਂ ਸਮਝ ਲੈ ਅਸੀਂ ਹੱਥਾਂ 'ਤੇ ਚੁੱਕੀ ਫਿਰਦੇ ਸੀ। ਸਾਨੂੰ ਪਤਾ ਸੀ, ਸਾਡਾ ਅੰਤ ਕਿਸੇ ਦਿਨ ਇਹੋ ਈ ਹੋਣੈਂ। ਰਾਤਾਂ ਨੂੰ ਵੀ ਤੁਰੇ ਫਿਰਦੇ ਸੀ, ਆਪਣੇ ਮਿਸ਼ਨ 'ਤੇ ਨਿਗਾਹ ਸੀ, ਡਰ ਨਹੀਂ ਸੀ ਲੱਗਦਾ। ਹੁਣ ਸੋਚੀਦੈ, ਕਿਹੜੀ ਚੀਜ਼ ਸਾਨੂੰ ਏਦਾਂ ਚੁੱਕੀ ਫਿਰਦੀ ਸੀ।" ਉਹ ਮੁਸਕਰਾਇਆ, ਰਤਾ ਕੁ ਭਾਵੁਕ ਹੋਇਆ।

ਕਹਾਣੀ ਅਗਾਂਹ ਤੋਰੀ, "ਜਦੋਂ ਅੱਖਾਂ ਖੋਲ੍ਹੀਆਂ, ਇੰਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ। ਬੜਾ ਬਦਨਾਮ ਸੈਂਟਰ ਸੀ, ਸਮੱਗਲਰਾਂ ਵਾਸਤੇ ਬਣਾਇਆ ਸੀ। ਉਨ੍ਹਾਂ ਦੀ ਰੀਤ ਸੀ, ਅੰਦਰ ਵੜਦਿਆਂ ਨੂੰ ਅਲਫ ਨੰਗੇ ਕਰਕੇ ਭਜਾਓ। ਸਾਹਮਣੀ ਕੰਧ ਨੂੰ ਹੱਥ ਲਾ ਕੇ ਫਿਰ ਵਾਪਸ ਆਉ। ਇਕ ਪੁਲਿਸ ਵਾਲਾ ਸੀ ਉਥੇ। ਕਹਿਣ ਲੱਗਾ, 'ਯਾਰ ਇਹ ਸਮੱਗਲਰ ਥੋੜ੍ਹੋਂ ਆਂ, ਵਿਦਿਆਰਥੀ ਆ, ਇਨ੍ਹਾਂ ਨਾਲ ਨਾ ਕਰੋ ਏਦਾਂ।' ਤੇ ਅਸੀਂ ਬਚ ਗਏ।"

ਉਹ ਚੁੱਪ ਕਰ ਗਿਆ। ਸ਼ਾਇਦ ਉਸ ਪੁਲਿਸ ਵਾਲੇ ਦਾ ਚਿਹਰਾ ਯਾਦ ਕਰ ਰਿਹਾ ਹੋਵੇਗਾ। ਜੇਲ੍ਹ ਵਿਚ ਰਹਿੰਦਿਆਂ, ਉਸ ਦੀਆਂ ਕਵਿਤਾਵਾਂ ਨੂੰ ਜੇਲ੍ਹੋਂ ਬਾਹਰ ਕੱਢਣ ਵਾਲਾ ਦੁਰਗਾ ਭੰਗੀ ਵੀ ਉਸ ਨੂੰ ਕਦੇ ਨਹੀਂ ਭੁੱਲਿਆ, ਉਸ ਦਾ ਜ਼ਿਕਰ ਉਸ ਨੇ ਦੋ ਕਵਿਤਾਵਾਂ ਵਿਚ ਕੀਤਾ ਹੈ:

ਕਿਤਿਉਂ ਵੀ ਸ਼ੁਰੂ ਕਰ ਲਈਏ
ਕਣਕ ਦੇ ਵੱਢਾਂ 'ਚ ਫਿਰਦਿਆਂ

(ਬਾਕੀ ਅਗਲੇ ਸਫੇ 'ਤੇ)

ਪੈਰਾਂ 'ਚ ਹੋਈਆਂ ਮੋਰੀਆਂ ਤੋਂ
ਸੈਂਕੜੇ ਬੰਦਿਆਂ ਦਾ ਗੰਦ ਹੂੰਝਦੇ
ਦੂਰਗੇ ਭੰਗੀ ਦੇ
ਪੈਰਾਂ ਦੀਆਂ ਕਰੋਹੀਆਂ ਤੋਂ
ਜਾਂ ਕੱਚੀਆਂ ਕੰਧਾਂ ਨੂੰ
ਅੱਡੀਆਂ ਚੁੱਕ ਚੁੱਕ ਕੇ ਲਿੱਪਦੀ
ਕੰਮੀਆਂ ਦੀ ਭੋਲਾਂ ਦੇ ਅੱਧ-ਕੱਜੇ ਜਿਸਮ ਤੋਂ
ਗੱਲ ਤਾਂ ਆਖਰ ਏਥੇ ਹੀ ਮੁੱਕਣੀ ਹੈ।
.....
ਤੇ ਹੁਣ ਅਸੀਂ ਉਦਾਸ ਮੌਸਮਾਂ ਦਾ
ਕਾਰਣ ਹੀ ਨਹੀਂ ਲੱਭਣਾ
ਸਗੋਂ ਚੁਰਾਏ ਪਲਾਂ ਦਾ ਹਿਸਾਬ ਹੈ ਲੈਣਾ...।

ਮਜ਼ਦੂਰ ਮਜ਼ਦੂਰ ਹੀ ਹੈ, ਚਾਹੇ ਹਿੰਦੋਸਤਾਨ ਦਾ ਦੂਰਗਾ ਭੰਗੀ ਹੋਵੇ, ਚਾਹੇ ਅਮਰੀਕਾ ਦਾ ਜੌਰਜ:

ਜੌਰਜ
ਗੂੜ੍ਹੇ ਕਾਲੇ ਰੰਗ ਦੀ ਚਮੜੀ
ਅਣਧੋਤੇ ਪਰ ਤਹਿਜ਼ੀਬ ਨਾਲ ਪਹਿਨੇ ਕੱਪੜੇ
ਸਿਰ ਉਪਰ ਹੈਟ
ਤੇ ਮੂੰਹ ਵਿਚ ਸਿਗਾਰ ਪਾਈ
ਉਹ ਹਰ ਲੰਘਦੇ ਵੜਦੇ ਨੂੰ
ਦੁਆ ਸਲਾਮ ਕਰਦਾ ਹੈ
ਉਮਰ ਦੇ ਸੱਤਵੇਂ ਦਹਾਕੇ 'ਚ ਵੀ
ਜਦ ਉਸ ਨੂੰ ਕੰਮ ਕਰਦਿਆਂ
ਅਤੇ ਮੜਕ ਨਾਲ ਤੁਰਦਿਆਂ ਤੱਕਦਾ ਹਾਂ
ਤਾਂ ਪੰਦਰਾਂ ਵਰ੍ਹੇ ਪਹਿਲਾਂ
ਕਪੂਰਥਲਾ ਜੇਲ੍ਹ 'ਚ ਕੰਮ ਕਰਦਾ
ਦੂਰਗਾ ਭੰਗੀ ਯਾਦ ਆਉਂਦਾ ਹੈ...।

"ਬਹੁਤ ਕੁੱਟ ਪਈ ਇੰਟੈਰੋਗੇਸ਼ਨ ਸੈਂਟਰ ਵਿਚ।" ਰਵਿੰਦਰ ਨੇ ਬੁੱਲ੍ਹਾਂ ਵਿਚ ਮਿਕਨਾਤੀਸੀ ਮੁਸਕਾਨ ਲਿਆ ਕੇ ਕਿਹਾ। ਫਿਰ ਅੱਖਾਂ ਭਰ ਕੇ ਭਾਵੁਕ ਆਵਾਜ਼ ਵਿਚ ਬੋਲਿਆ, "ਪਰ ਕਮਲਜੀਤ ਵਿਰਕ ਨੂੰ ਸਭ ਤੋਂ ਵੱਧ ਕੁੱਟ ਪਈ। ਉਹ 19 ਸਾਲਾਂ ਦਾ ਸੀ ਉਦੋਂ। ਪੁਲਿਸ ਵਾਲੇ ਕੁੱਟਦੇ, ਤੇ ਉਹ ਭੁੰਜੇ ਪਿਆ ਨਾਅਰਾ ਮਾਰਦਾ-ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ... ਭਗਤ ਸਿੰਘ ਦਾ ਰਾਹ ਸਾਡਾ ਰਾਹ... ਨਕਸਲਬਾੜੀ ਜ਼ਿੰਦਾਬਾਦ...। ਬਿੱਕਰ ਕੰਮੇਆਣਾ ਵੀ ਸਾਡੇ ਨਾਲ ਸੀ।"

ਇਕ ਪੁਲਿਸ ਵਾਲੇ ਨੇ ਬਹੁਤ ਹੀ ਪਿਆਰ ਨਾਲ ਪਲੋਸਦਿਆਂ ਰਵਿੰਦਰ ਨੂੰ ਕਿਹਾ, "ਦੇਖ ਤੂੰ ਵੀ ਰਾਮਗੜ੍ਹੀਆ ਤੇ ਗਿਆਨੀ ਜ਼ੈਲ ਸਿੰਘ ਵੀ ਰਾਮਗੜ੍ਹੀਆ। ਤੂੰ ਸਿਰਫ ਏਨਾ ਲਿਖ ਕੇ ਦੇ ਦੇਹ ਕਿ ਅਸੀਂ ਗਲਤ ਸਾਂ। ਸਾਡਾ ਰਾਹ ਗਲਤ ਸੀ। ਬਸ ਜਿਹੜੀ ਨੌਕਰੀ ਕਹੇਂਗਾ, ਜਿੱਥੇ ਕਹੇਂਗਾ, ਸੈਟ ਕਰਵਾ ਦਿਆਂਗੇ।"

ਰਵਿੰਦਰ ਅੰਦਰਲੀ ਅੱਗ ਦੇ ਸੇਕ 'ਚ ਪੁਲਿਸ ਵਾਲੇ ਦੀ ਇਹ 'ਲੁਭਾਉਣੀ ਪੇਸ਼ਕਸ਼' ਮੋਮ ਦੀ ਮੂਰਤ ਵਾਂਗ ਪਿਘਲ ਕੇ ਪੁਲਿਸ ਵਾਲੇ ਦੀ ਵਰਦੀ ਨੂੰ ਹੀ ਚਿੰਬੜ ਗਈ।

ਮੀਸਾ (ਮੇਂਟੀਨੈਂਸ ਆਫ ਇੰਟਰਨਲ ਸਿਕਿਓਰਿਟੀ ਐਕਟ) ਲੱਗ ਗਿਆ ਤੇ ਉਹ ਡੇਢ ਸਾਲ ਵਾਸਤੇ ਜੇਲ੍ਹ ਵਿਚ ਬੰਦ ਹੋ ਗਏ। ਐਮਰਜੈਂਸੀ ਮੁੱਕੀ। ਰਿਹਾਈ ਹੋਈ ਤੇ ਜਨਤਾ ਪਾਰਟੀ ਵਲੋਂ ਜਲੰਧਰ ਕੈਂਟ ਤੋਂ ਐਮ. ਐਲ. ਏ. ਦੀ ਸੀਟ ਦੀ 'ਲੁਭਾਉਣੀ ਪੇਸ਼ਕਸ਼' ਆ ਗਈ, ਉਸ ਦਾ ਹਸ਼ਰ ਵੀ ਪਹਿਲੀ ਮੋਮ ਦੀ ਮੂਰਤੀ ਵਾਲਾ ਹੀ ਹੋਇਆ।

ਲੋਕਾਂ ਲਈ ਲੜਦਾ ਲੜਦਾ ਸ਼ਾਇਰ ਕਾਲਜੀ ਪੜ੍ਹਾਈ ਤੋਂ ਪਛੜਦਾ ਗਿਆ। ਬੜੀ ਦੇਰ ਨਾਲ ਖਾਲਸਾ ਕਾਲਜ ਤੋਂ ਐਮ. ਏ. ਪੰਜਾਬੀ ਮੁਕੰਮਲ ਕੀਤੀ। ਪ੍ਰੋ. ਨਿਰੰਜਨ ਸਿੰਘ ਢੇਸੀ, ਦਰਸ਼ਨ ਖਟਕੜ, ਜਸਵੰਤ ਖਟਕੜ, ਪਾਸ਼, ਸੁਖਵਿੰਦਰ ਕੰਬੋਜ, ਮਾਸਟਰ ਧਰਮ ਪਾਲ ਉੱਗੀ ਦੀ ਦੋਸਤੀ, ਉਸ ਦੀ ਜ਼ਿੰਦਗੀ ਦਾ ਹਾਸਿਲ ਰਹੇ।

"ਪਤਾ ਨਈਂ ਯਾਰ ਪਿੰਡ ਦੀ ਸਰਪੰਚੀ ਕਰਨੀ ਕਿਵੇਂ ਮੰਨ ਗਿਆ?" ਉਸ ਦੀ ਆਵਾਜ਼ ਵਿਚ ਹਲਕਾ ਜਿਹਾ ਪਛਤਾਵਾ ਸੀ। ਫਿਰ ਰਤਾ ਕੁ ਚਮਕ ਕੇ ਕਿਹਾ, "ਪਰ ਕੋਈ ਗਲਤ ਕੰਮ ਨਹੀਂ ਕੀਤਾ, ਕਿਸੇ ਤੋਂ ਕੁਛ ਲਿਆ ਨਹੀਂ, ਸਹੀ ਬੰਦੇ ਦੀ ਮਦਦ ਕੀਤੀ। ਪਰ ਲੋਕਾਂ ਨੂੰ ਏਨੀ ਇਮਾਨਦਾਰੀ ਵੀ ਚੰਗੀ ਨਹੀਂ ਲੱਗਦੀ।"

1970 ਵਿਚ ਭੈਣ ਨੇ ਅਮਰੀਕਾ ਵਿਚ ਪੜ੍ਹਾਈ ਦੇ ਆਧਾਰ 'ਤੇ ਲਿਆਉਣ ਲਈ ਪੂਰਾ ਪ੍ਰਬੰਧ ਕਰ ਲਿਆ, ਪਰ ਰਵਿੰਦਰ ਨੇ ਕਿਹਾ, "ਮੈਂ ਨਈਂ ਜਾਣਾ ਸਾਮਰਾਜੀ ਮੁਲਕ ਵਿਚ।"

ਭੋਲੀ ਭੈਣ ਨੇ ਪੁੱਛਿਆ, "ਇਹ 'ਸਾਮਰਾਜੀ ਮੁਲਕ' ਕੀ ਹੁੰਦਾ?"

"ਪਰ ਵਿਡੰਬਨਾ ਦੇਖੋ", ਰਵਿੰਦਰ ਲੰਬਾ ਸਾਹ ਖਿੱਚ ਕੇ ਬੋਲਿਆ, "1984 ਵਿਚ ਮੈਨੂੰ ਏਥੇ ਈ ਆਉਣਾ ਪਿਆ।"

ਖਾਲੀ ਹੱਥ, ਬੰਜਰ ਵਰਗੀ ਜ਼ਿੰਦਗੀ ਲੈ ਕੇ ਅਮਰੀਕਾ ਪਹੁੰਚੇ ਰਵਿੰਦਰ ਨੇ ਸਖਤ ਮਿਹਨਤ ਨਾਲ ਫਿਰ ਚੈਰੀ ਅਤੇ ਪਲੱਮ ਵਰਗੇ ਖੂਬਸੂਰਤ ਸੁਪਨੇ ਸਾਕਾਰ ਕੀਤੇ।

ਉਸ ਦੇ ਸਟੋਰ 'ਤੇ ਇਕ ਵਾਰ ਇਕ ਕਾਲੇ ਬੰਦੇ ਨੇ ਹੰਗਾਮਾ ਕਰ ਦਿੱਤਾ। ਕਾਲੇ ਦਾ ਕਸੂਰ ਸੀ, ਕਾਲੇ ਨੂੰ ਅਦਾਲਤ ਵਿਚ ਪੇਸ਼ ਹੋਣਾ ਪਿਆ। ਰਵਿੰਦਰ ਸਹਿਰਾਅ ਗਵਾਹ ਦੇ ਤੌਰ 'ਤੇ ਅਦਾਲਤ ਵਿਚ ਪੇਸ਼ ਹੋਇਆ। ਜੱਜ ਸਾਹਮਣੇ ਕਾਲਾ ਰੋ ਰਿਹਾ ਸੀ, ਘਨਘੋਰ ਬੱਦਲ ਵਾਂਗ। ਸ਼ਾਇਦ ਰਵਿੰਦਰ ਨੇ ਮਹਿਸੂਸ ਕੀਤਾ ਹੋਵੇਗਾ, ਹੰਝੂਆਂ ਦਾ ਦਰਦ ਸਾਂਝਾ ਹੁੰਦਾ ਹੈ, ਰੰਗ ਸਾਂਝਾ ਹੁੰਦਾ ਹੈ। ਹੰਝੂਆਂ ਦੀ ਭਾਸ਼ਾ ਸਾਂਝੀ ਹੁੰਦੀ ਹੈ। ਰਵਿੰਦਰ ਨੇ ਕੇਸ ਵਾਪਸ ਲੈ ਲਿਆ।

ਰਵਿੰਦਰ ਸਹਿਰਾਅ ਦੇ ਘਰ ਜਾਣ ਦਾ ਚਾਅ ਮੈਨੂੰ ਵਿਆਹ 'ਤੇ ਜਾਣ ਵਰਗਾ ਹੁੰਦਾ ਹੈ। ਉਸ ਦੇ ਘਰ ਦੀਆਂ ਕੰਧਾਂ ਵੀ ਅਹਿਮਦ ਸਲੀਮ, ਜਗਤਾਰ, ਕੁਲਵਿੰਦਰ (ਗਜ਼ਲਗੋ), ਸਫੀਰ ਰਾਮਾਹ (ਅਪਨਾ), ਜਾਵੇਦ ਬੂਟਾ (ਪਾਕਿਸਤਾਨੀ ਸੂਝਵਾਨ ਤੇ ਲਿਪੀ ਅੰਤਰਕਾਰ), ਦਲਜੀਤ ਮੋਖਾ, ਗੁਰਬਚਨ, ਬਲਦੇਵ ਸਿੰਘ ਧਾਲੀਵਾਲ, ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਧਰਮ ਪਾਲ ਉੱਗੀ, ਨਿਰੰਜਨ ਸਿੰਘ ਢੇਸੀ, ਹਰਵਿੰਦਰ ਰਿਆੜ, ਉਂਕਾਰਪ੍ਰੀਤ (ਕੈਨੇਡਾ) ਦੀਆਂ ਆਵਾਜ਼ਾਂ, ਸਾਹਿਤਕ ਮਹਿਫਿਲਾਂ ਦਾ ਰੰਗ ਪਛਾਣਦੀਆਂ ਹਨ। ਇਨ੍ਹਾਂ ਮਹਿਫਿਲਾਂ ਵਿਚ ਭਰੀ ਹਾਜ਼ਰੀ ਮੈਨੂੰ 'ਅਸਲੀ ਕਮਾਈ' ਜਾਪਦੀ ਹੈ।

ਉਸ ਦੇ ਘਰ ਮੈਂ ਬਹੁਤ ਰਾਤਾਂ ਰਿਹਾ ਹਾਂ। ਖੂਬਸੂਰਤ ਪਲੰਘ ਅਤੇ ਮੁਲਾਇਮ ਗੱਦਿਆਂ ਦੀ ਥਾਂ ਹਮੇਸ਼ਾ ਮੈਂ ਫਰਸ਼ 'ਤੇ ਬਿਸਤਰ ਲਾ ਕੇ ਸੌਂਦਾ ਹਾਂ। ਇਹ ਨੀਂਦ ਮੈਨੂੰ ਧੂਹ ਕੇ ਬਚਪਨ ਦੇ ਉਸ ਪੜਾਅ ਵਿਚ ਲੈ ਜਾਂਦੀ ਹੈ, ਜਦੋਂ ਮੈਂ ਆਪਣੀ ਬੀਬੀ ਨਾਲ 'ਬਾਬੇ ਮੱਲ' ਦੀ ਚੌਂਕੀ ਭਰਨ ਮਾਲੜੀ ਜਾਂਦਾ ਹੁੰਦਾ ਸਾਂ। ਬੀਬੀ ਦਾ ਵਿਸ਼ਵਾਸ ਸੀ, ਬਾਬੇ ਮੱਲ ਦੀ ਚੌਂਕੀ ਭਰਨ ਨਾਲ ਜੋੜਾਂ ਦਾ ਦਰਦ ਹਟ ਜਾਂਦਾ ਹੈ। ਰਵਿੰਦਰ ਦੇ ਘਰ ਭਰੀਆਂ ਚੌਂਕੀਆਂ ਨਾਲ ਮੈਂ ਹਮੇਸ਼ਾ ਰੂਹ ਨੂੰ 'ਨਾਕਾਰਾਤਮਕ ਸੋਚ' ਦੇ ਰੋਗਾਂ ਤੋਂ ਸੁਰਖਰੂ ਹੁੰਦੇ ਮਹਿਸੂਸ ਕੀਤਾ ਹੈ।

ਨੀਰੂ ਭੈਣ ਜਦੋਂ ਹੱਸਦੀ ਹੋਈ ਸਵਾਗਤ ਕਰਦੀ ਹੈ ਤਾਂ ਉਸ ਦੇ ਚਿਹਰੇ 'ਤੇ ਲਿਸ਼ਕੀ ਮਮਤਾ ਦੀ ਭਾਅ ਨਾਲ ਰੂਹ ਦ੍ਰਵਿਤ ਹੋ ਜਾਂਦੀ ਹੈ। ਜਦੋਂ ਉਹ ਮੈਨੂੰ ਬੱਚਿਆਂ ਵਾਂਗ ਕਲਾਵੇ ਵਿਚ ਲੈਂਦੀ ਹੈ ਤਾਂ ਉਸ ਅਪਣੱਤ ਅਤੇ ਮੋਹ ਨੂੰ ਸ਼ਬਦਾਂ ਵਿਚ ਬੰਨ੍ਹਣਾ ਅਸੰਭਵ ਪ੍ਰਤੀਤ ਹੁੰਦਾ ਹੈ।

ਅਸੀਂ ਤਾਂ ਪੰਛੀ ਦੇ ਬੋਟ ਦੀ
ਪਹਿਲੀ ਉਡਾਣ ਹਾਂ
ਜੋ ਉਡਦਾ ਹੈ
ਡਿੱਗਦਾ ਹੈ ਤੇ ਫਿਰ ਉਡਦਾ ਹੈ
ਅਤੇ ਇੰਜ ਵਕਫਾ ਤੈਅ ਕਰਦਾ ਹੈ...।

ਸਤਰਾਂ ਸਿਰਫ ਰਵਿੰਦਰ ਦੀ ਕਵਿਤਾ ਦੀਆਂ ਨਹੀਂ, ਉਸ ਦੀ ਜ਼ਿੰਦਗੀ ਦਾ ਤੱਤ-ਸਾਰ ਹਨ। ਉਹ ਪੁਲਿਸ ਤਸ਼ੱਦਦ ਵਿਚ ਦੀ ਗੁਜ਼ਰਿਆ ਹੈ, ਜੇਲ੍ਹ ਕੱਟੀ ਹੈ, ਰਿਸ਼ਤਿਆਂ ਦੀ ਸਲੀਬ 'ਤੇ ਟੰਗ ਹੋਇਆ ਹੈ, ਕਾਰੋਬਾਰ ਦੀ ਹੇਠ-ਉਤ ਹੰਢਾਈ ਹੈ, ਜਿਗਰ ਦੇ ਟੁਕੜੇ ਦੀ ਅਰਥੀ ਨੂੰ ਮੋਢਾ ਦੇਣ ਤੱਕ ਦਾ ਦਰਦ ਉਸ ਦੀਆਂ ਆਂਦਰਾਂ ਵਿਚ ਦੀ ਲੰਘਿਆ ਹੈ। ਪਰ ਉਹ ਡਿੱਗਦਾ ਤੇ ਫਿਰ ਉਠਦਾ, ਜ਼ਿੰਦਗੀ ਦਾ ਸਫਰ ਤੈਅ ਕਰਦਾ ਰਿਹਾ ਹੈ। ਉਸ ਦੇ ਕਵਿਤਾ ਦੇ ਅੱਖਰਾਂ ਦੀ ਲੋਅ ਮੱਧਮ ਨਹੀਂ ਹੋਈ। ਉਸ ਦੀ ਨਿੱਗਰ ਸੋਚ ਨੂੰ ਨਿਰਾਸ਼ਾ ਦਾ ਘੁਣ ਨਹੀਂ ਲੱਗਿਆ। ਵਕਤ ਦਾ ਰੇਗਮਾਰ ਉਸ ਦੇ ਦਿਲ ਤੋਂ ਲੋਕਾਈ ਦੀ ਮੁਹੱਬਤ ਦੇ ਨਕਸ਼ ਮਿਟਾ ਨਹੀਂ ਸਕਿਆ, ਸਗੋਂ ਮੁਹੱਬਤ ਦੀ ਇਹ ਇਬਾਰਤ ਹੋਰ ਗੂੜ੍ਹੀ ਹੋਈ ਹੈ।

ਰਵਿੰਦਰ ਸਹਿਰਾਅ ਤੁਰਦਾ ਹੈ ਤਾਂ ਦਰਿਆ ਹੈ, ਰੁਕਦਾ ਹੈ ਤਾਂ ਪਹਾੜ, ਖਿੜਦਾ ਹੈ ਤਾਂ ਗੁਲਾਬ, ਡੁੱਲ੍ਹਦਾ ਹੈ ਤਾਂ ਤਰੇਲ, ਤਪਦਾ ਹੈ ਤਾਂ ਹਾੜ ਦਾ ਸੂਰਜ, ਨਿੱਘਾ ਹੈ ਤਾਂ ਪੋਹ ਦੀ ਧੁੱਪ, ਬੋਲਦਾ ਹੈ ਤਾਂ ਕਵਿਤਾ, ਚੁੱਪ ਹੈ ਤਾਂ ਖੰਡਰ, ਉਦਾਸ ਹੈ ਤਾਂ ਵੀਪਿੰਗ ਟ੍ਰੀ, ਸਿਸਕਦਾ ਹੈ ਤਾਂ ਪਪੀਹਾ। ਆਸ਼ਾਵਾਦੀ ਸਟ੍ਰਾਬੇਰੀ ਦੀ ਵੇਲ ਵਾਂਗ ਹੈ, ਜੋ ਸਨੋਅ ਵਿਚ ਦੱਬੀ ਜਾਂਦੀ ਹੈ, ਪਰ ਸਨੋਅ ਪਿਘਲਣ ਮਗਰੋਂ ਫਿਰ ਮੁਸਕਾਉਂਦੀ ਹੋਈ ਚਿੱਟੇ ਫੁੱਲਾਂ ਨਾਲ ਨਵੇਂ ਮੌਸਮ ਦਾ ਸਵਾਗਤ ਕਰਦੀ ਹੈ। ਰਵਿੰਦਰ ਸਹਿਰਾਅ ਨੂੰ ਮਿਲ ਕੇ ਕੁਦਰਤ ਦੇ ਸਾਰੇ ਮੌਸਮਾਂ ਨਾਲ ਮੇਲ ਹੋ ਜਾਂਦਾ ਹੈ।

ਉਸ ਨੇ ਬੰਜਰ, ਬੀਆਬਾਨਾਂ, ਉਜਾੜਾਂ ਭਰੇ ਰਾਹਾਂ ਦਾ ਸਫਰ ਕਰਦਿਆਂ ਵੀ ਮਨ ਦੀ ਜਮੀਨ ਨੂੰ ਜ਼ਰਖੇਜ਼ ਤੇ ਉਪਜਾਊ ਰੱਖਿਆ ਹੈ। 'ਚੁਰਾਏ ਪਲਾਂ ਦਾ ਹਿਸਾਬ', 'ਜ਼ਖਮੀਂ ਪਲ', 'ਰਿਸ਼ਤਾ ਸ਼ਬਦ ਸਲੀਬਾਂ ਦਾ' ਅਤੇ 'ਅੱਖਰਾਂ ਦੀ ਲੋਅ' ਕਾਵਿ-ਸੰਗ੍ਰਿਹ ਵਿਚਲੀਆਂ ਕਵਿਤਾਵਾਂ ਇਸ ਦੀ ਗਵਾਹੀ ਹਨ।

ਰਵਿੰਦਰ ਸਹਿਰਾਅ ਉਨ੍ਹਾਂ ਹਸਤਾਖਰਾਂ ਵਿਚ ਸ਼ੁਮਾਰ ਹੈ, ਜਿਨ੍ਹਾਂ ਦੀਆਂ ਕਿਤਾਬਾਂ ਨੂੰ ਕੋਈ ਵੀ ਪ੍ਰਕਾਸ਼ਕ ਸਰਕਾਰੀ ਦਮਨ ਤੋਂ ਡਰਦਾ ਛਾਪਣ ਤੋਂ ਇਨਕਾਰ ਕਰ ਦਿੰਦਾ ਹੈ। 'ਚੁਰਾਏ ਪਲਾਂ ਦਾ ਹਿਸਾਬ' ਲਹਿਰ ਦੇ ਹਮਦਰਦ ਹਰਭਜਨ ਸਿੰਘ ਤਰਨਤਾਰਨ (ਬੀ. ਡੀ. ਓ.) ਦੀ ਮਦਦ ਨਾਲ ਛਪੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਆਪਣਾ ਵੱਖਰਾ ਹੀ ਇਤਿਹਾਸ ਰੱਖਦੀ ਹੈ। 'ਹੁਣ' ਰਿਸਾਲੇ ਨਾਲ ਰਿਸ਼ਤਾ ਉਸ ਅੰਦਰਲੇ ਜਾਗਦੇ ਮਨੁੱਖ ਦਾ ਬਿੰਬ ਹੈ।

ਉਹ ਜ਼ਿੰਦਗੀ ਦੀ ਭਰਪੂਰ ਬਹਾਰ ਵਿਚ ਦੀ ਲੰਘਿਆ ਹੈ ਅਤੇ ਸਿਖਰ ਦੀ ਪੱਤਝੜ ਉਸ ਦੀ ਰੂਹ ਵਿਚ ਦੀ ਗੁਜ਼ਰੀ ਹੈ। ਉਸ ਨੇ 'ਪਰ' ਦੇ ਪਸੀਨੇ ਨੂੰ ਆਪਣੇ ਖੂਨ ਨਾਲੋਂ ਵੱਧ ਜਾਣਿਆ ਹੈ ਅਤੇ ਆਪਣੇ 'ਨਿੱਜ' ਦੇ ਹੰਝੂਆਂ ਨੂੰ ਖਾਮੋਸ਼, ਤਨਹਾ ਹਨੇਰਿਆਂ ਵਿਚ ਆਪਣੀਆਂ ਪਲਕਾਂ ਤੋਂ ਵੀ ਚੋਰੀ ਅੰਦਰੇ ਅੰਦਰ ਪੀਤਾ ਹੈ। ਬਹਾਰ ਤੇ ਪੱਤਝੜ ਦੇ ਪਾਸਾਰ ਜਦੋਂ ਕਾਇਨਾਤ ਤਕ ਫੈਲਦੇ ਹਨ ਤਾਂ ਸਹਿਰਾਅ ਦੀ ਕਵਿਤਾ ਜਨਮ ਲੈਂਦੀ ਹੈ। ਹੰਝੂ, ਪਸੀਨਾ ਅਤੇ ਲਹੂ ਆਪਸ ਵਿਚ ਘੁਲਦੇ ਹਨ ਤਾਂ ਉਸ ਦੀ ਕਵਿਤਾ ਦਾ ਸੁਹਜ ਨਿਵੇਕਲੇ ਅੰਦਾਜ਼ ਵਿਚ ਪ੍ਰਗਟ ਹੁੰਦਾ ਹੈ। ਉਸ ਦੀ ਕਵਿਤਾ ਦਿਲ ਤੇ ਦਿਮਾਗ ਨੂੰ ਇਕੋ ਵੇਲੇ, ਇਕੋ ਜਿੰਨਾ ਹੁਲਾਰਾ ਦੇਣ ਤੇ ਚੇਤਨਾ ਪ੍ਰਦਾਨ ਕਰਨ ਦਾ ਬਲ ਰੱਖਦੀ ਹੈ।

ਉਸ ਨੇ ਦਿਲ ਤੇ ਦਿਮਾਗ ਦਾ ਤੋਲ ਹਮੇਸ਼ਾ ਬਰਾਬਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਮੁਹੱਬਤ ਦੇ ਖਤਾਂ ਨੂੰ ਪਾੜਨਾ ਤੇ ਸੰਭਾਲਣਾ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ।

ਮੈਂ ਚੈਰੀ ਅਤੇ ਪਲੱਮ ਨੂੰ ਪਲੋਸ ਰਿਹਾ ਹਾਂ। ਤਰੇਲ ਨਾਲ ਭਿੱਜੇ ਬੂਟਿਆਂ ਵਿਚੋਂ ਮੁਹੱਬਤ ਵਰਗੀ ਮਹਿਕ ਆ ਰਹੀ ਹੈ। ਰਵਿੰਦਰ ਦੀ ਆਵਾਜ਼ ਆਉਂਦੀ ਹੈ, "ਚਾਹ ਤਿਆਰ ਹੈ ਬਈ। ਛੇਤੀ ਕਰੋ। ਨੀਰੂ ਆ ਗਈ ਹੈ, ਖਾਣਾ ਵੀ ਤਿਆਰ ਹੋ ਰਿਹਾ ਹੈ।"

ਡੈੱਕ ਤੋਂ ਸਾਵਣ ਦੀ ਫੁਹਾਰ ਵਰਗਾ ਗੁਰਮੀਤ ਸਿੰਘ ਸ਼ੁਗਲੀ ਦਾ ਤਲਿਸਮੀ ਹਾਸਾ ਅਤੇ ਗਜ਼ਲਗੋ ਬਿੰਦਰ ਬਿਸਮਿਲ ਦਾ ਬਾ-ਬਹਿਰ ਕਹਿਕਹਾ ਫੈਲਦਾ ਹੋਇਆ ਮੇਰੇ ਤੱਕ ਪਹੁੰਚਦਾ ਹੈ। ਸ਼ਾਇਦ ਸ਼ੁਰਲੀ ਸੁਸ਼ੀਲ ਦੁਸਾਂਝ ਨੇ ਛੱਡੀ ਹੈ...।

###



*ਰਵਿੰਦਰ ਸਹਿਰਾਅ ਦੇ ਘਰ ਸਾਹਿਤਕਾਰਾਂ ਦੀ ਮਹਿਫਿਲ (ਖੱਬਿਓਂ ਸੱਜੇ) ਕਮਲ ਦੁਸਾਂਝ, ਜਾਵੇਦ ਬੂਟਾ, ਰਵਿੰਦਰ ਸਹਿਰਾਅ, ਬਲਦੇਵ ਸਿੰਘ ਧਾਲੀਵਾਲ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਸੁਰਿੰਦਰ ਸੋਹਲ, ਮਾਸਟਰ ਧਰਮ ਪਾਲ ਉਗੀ, ਬਿੰਦਰ ਬਿਸਮਿਲ ਅਤੇ ਨੀਰੂ ਸਹਿਰਾਅ*

## ਰਵਿੰਦਰ ਸਹਿਰਾਅ ਦੀਆਂ ਕੁਝ ਰਚਨਾਵਾਂ

### ਸਿਆਲ

ਲੋੜੋਂ ਵੱਧ
ਸਵੈਟਰ ਹਨ ਜੈਕਟਾਂ ਹਨ
ਘਰ ਦੀਆਂ ਕਲੌਜ਼ਿਟਾਂ
ਤੁੰਨੀਆਂ ਪਈਆਂ ਹਨ
ਤੂੜੀ ਵਾਲੇ ਕੁੱਪਾਂ ਵਾਂਗ।
ਘਰ ਵਿਚ, ਕਾਰ ਵਿਚ, ਕੰਮ 'ਤੇ
ਲਗਾਤਾਰ ਹੀਟ ਚੱਲਦੀ ਹੈ
ਪਰ ਫਿਰ ਵੀ
ਕਿਉਂ ਠੰਢ ਲੱਗਦੀ ਹੈ...!

ਠੰਢ ਲੱਗਦੀ ਹੈ
ਜਦ ਮੈਂ ਸੋਚਦਾਂ ਉਨ੍ਹਾਂ ਬਾਰੇ
ਜਿਨ੍ਹਾਂ ਕੋਲ ਛੱਤ ਨਹੀਂ
ਜਿਹੜੇ ਸੜਕਾਂ 'ਤੇ ਸੌਂਦੇ ਨੇ
ਗੱਤਿਆਂ ਦੀ ਓਟ ਲੈ ਕੇ
ਸੌਣ ਦੀ ਕੋਸ਼ਿਸ਼ ਕਰਦੇ ਹਨ
ਬਹਾਨਾ ਕਰਦੇ ਹਨ
ਪਰ ਨੀਂਦ ਤੋਂ ਵਾਂਝੇ ਰਹਿੰਦੇ ਹਨ।

ਮੌਸਮ ਬਦਲੇਗਾ
ਸ਼ਹਿਰ ਦੇ ਅਧਿਕਾਰੀ ਤੇ ਮੀਡੀਆ
ਸਰਗਰਮ ਹੋਵੇਗਾ
ਅੰਕੜੇ ਪੇਸ਼ ਕਰੇਗਾ
ਕਿੰਨੇ ਮਰੇ ਹਨ ਠੰਢ ਨਾਲ
ਕਿੰਨਾ ਮਾਰੂ ਰਿਹਾ
ਇਸ ਵੇਰ ਸਿਆਲ...!

### ਚਾਹਤ

ਕੁਝ ਵੀ ਕਰ ਸਕਦੇ ਹੋ
ਜੇ ਕਰਨਾ ਚਾਹੋ ਤਾਂ
ਧਰਤੀ ਨੂੰ ਨਤਮਸਤਕ ਹੋ ਕੇ
ਅੰਬਰਾਂ ਨੂੰ ਛੂਹ ਸਕਦੇ ਹੋ

ਨ੍ਹੇਰੀਆਂ ਰਾਤਾਂ 'ਚ
ਚਾਨਣ ਦੀ ਲੀਕ ਬਣ
ਕਾਲਖ ਚੀਰ ਸਕਦੇ ਹੋ

ਰੁੱਸਿਆਂ ਨੂੰ
ਦੋਸਤੀ ਦੀ ਲਾਟ ਬਣ
ਜਗਮਗਾ ਸਕਦੇ ਹੋ

ਜਾਣੇ-ਅਣਜਾਣੇ
ਰਾਹਾਂ 'ਤੇ ਤੁਰਦਿਆਂ
ਮੰਜ਼ਿਲ ਪਾ ਸਕਦੇ ਹੋ

ਕੁਝ ਵੀ ਕਰ ਸਕਦੇ ਹੋ
ਪਰ ਕਰਨ ਦੀ ਚਾਹਤ ਜ਼ਰੂਰੀ ਹੈ।

### ਚਾਹੁੰਦਾ ਹਾਂ ਤੈਨੂੰ

ਚਾਹੁੰਦਾ ਹਾਂ ਤੈਨੂੰ
ਕਾਲਖ ਦੀ ਹਿੱਕ ਚੀਰਦੀ
ਦੀਵੇ ਦੀ ਲਾਟ ਵਾਂਗੂੰ

ਪਾਣੀ ਦੀ ਇਕ ਬੂੰਦ ਨੂੰ
ਮੁੱਦਤ ਤੋਂ ਤਰਸਦੇ ਸਹਿਰਾਅ ਵਾਂਗੂੰ

ਮਨ-ਪਸੰਦ ਖਿਡਾਉਣਾ ਵੇਖ ਕੇ
ਬੱਚੇ ਦੇ ਚਿਹਰੇ 'ਤੇ ਆਈ
ਮਾਸੂਮ ਮੁਸਕਾਨ ਵਾਂਗੂੰ

ਮਨ-ਮਸਤਕ ਵਿਚ ਖਲਬਲੀ ਪਾਉਂਦੀ
ਕਿਸੇ ਪਿਆਰੀ ਨਜ਼ਮ ਵਾਂਗੂੰ

ਅਸਮਾਨ ਵਿਚ ਉਡਦੇ
ਪੰਛੀਆਂ ਦੀ ਬੇਰੋਕ ਪਰਵਾਜ਼ ਵਾਂਗੂੰ

ਹਰ ਇਕ ਨੂੰ ਆਪਣੀ ਹਿੱਕ ਨਾਲ ਲਾਉਂਦੀ
ਧਰਤ ਵਾਂਗੂੰ

ਚਾਹੁੰਦਾ ਹਾਂ ਬਸ
ਸਿਰਫ ਤੈਨੂੰ ਤੇਰੇ ਵਾਂਗੂੰ।

### ਨਜ਼ਮ

ਸੌਂ ਰਿਹਾ ਸੀ ਘੂਕ
ਦਰਵਾਜੇ 'ਤੇ
ਹਲਕੀ ਜਿਹੀ ਠੱਕ-ਠੱਕ ਹੋਈ
ਉਠਿਆ, ਦੇਖਿਆ
ਕੋਈ ਨਹੀਂ ਸੀ
ਰਾਤ ਅੱਧਿਓਂ ਵੀ ਟੱਪ ਚੁੱਕੀ ਸੀ
ਪਲਸੇਟੇ ਮਾਰਦਾ
ਫਿਰ ਸੌਂ ਗਿਆ
ਅੱਖਾਂ ਮਲਦਾ ਸਵੇਰੇ ਉਠਿਆ
ਤਾਂ ਦੰਗ ਰਹਿ ਗਿਆ
ਦਰਵਾਜੇ 'ਤੇ ਨਜ਼ਮ ਖੜ੍ਹੀ ਸੀ...।

## ਕਾਵਿ-ਜਗਤ

### ਦਿਮਾਗ ਦੀ ਦਾਤ

ਧਰਤ ਦੇ ਦੂਜੇ ਪਾਸੇ ਬੈਠਾਂ, ਬਦਲ ਕੇ ਆਉਂਦੇ ਦਿਨ ਤੇ ਰਾਤ।
ਨਿੱਤ ਦੀਆਂ ਅਖਬਾਰਾਂ ਪੜ੍ਹਦਾਂ, ਨੈਟ ਦੀ ਇਹ ਹੈ ਕਰਾਮਾਤ।
ਗਿਆਨ-ਵਿਗਿਆਨ ਦਾ ਸਾਗਰ ਹੈ, ਬੜੀਆਂ ਫਾਈਲਾਂ ਬਹੁਤ ਕਿਤਾਬਾਂ
ਛੋਟੇ ਜਿਹੇ ਇੱਕ ਆਈ ਪੈਡ ਉਤੇ ਜਿੱਧਰ ਮਰਜੀ ਮਾਰਾਂ ਝਾਤ।

ਧਰਤ ਦੇ ਦੂਜੇ ਪਾਸੇ ਬੈਠਾਂ, ਬਦਲ ਕੇ ਆਉਂਦੇ ਦਿਨ ਤੇ ਰਾਤ।
ਮੋਬਾਈਲ ਫੋਨ ਮੈਨੂੰ ਬੜਾ ਪਿਆਰਾ, ਹੋ ਜਾਂਦੀ ਮਨ-ਚਾਹੀ ਬਾਤ।
ਦੂਰ ਬੈਠਿਆਂ ਸੁਣ ਲੈਂਦਾ ਹਾਂ, ਮਿੱਤਰ-ਪਿਆਰਿਆਂ ਦੀ ਆਵਾਜ਼
ਇੰਜ ਲੱਗਦੈ ਜਿਵੇਂ ਹੋ ਜਾਂਦੀ ਏ, ਅੱਧ-ਪਚੱਧੀ ਮੁਲਾਕਾਤ।

ਧਰਤ ਦੇ ਦੂਜੇ ਪਾਸੇ ਬੈਠਾਂ, ਬਦਲ ਕੇ ਆਉਂਦੇ ਦਿਨ ਤੇ ਰਾਤ।
ਟੀ. ਵੀ. ਦੀ ਇਸ ਕਿਰਪਾ ਸਦਕਾ, ਮਿਲ ਜਾਂਦੀ ਕੀਰਤਨ ਦੀ ਦਾਤ।
ਇੰਜ ਲੱਗੇ ਜਿਵੇਂ ਪਹੁੰਚ ਜਾਂਦਾ ਹਾਂ, ਸ੍ਰੀ ਹਰਿਮੰਦਰ ਜੀ ਦੇ ਦੁਆਰ
ਰੋਜ਼ ਦੀ ਸੰਗਤ ਹੋ ਜਾਂਦੀ ਏ, ਇਹ ਵੀ ਤਾਂ ਇੱਕ ਵੱਡੀ ਸੌਗਾਤ।

ਧਰਤ ਦੇ ਦੂਜੇ ਪਾਸੇ ਬੈਠਾਂ, ਬਦਲ ਕੇ ਆਉਂਦੇ ਦਿਨ ਤੇ ਰਾਤ।
ਈ-ਮੇਲ ਮੇਰੀ ਬਣੀ ਡਾਕੀਆ, ਆਉਂਦੀ ਜਾਂਦੀ ਦੇਖਾਂ ਡਾਕ।
ਇਸ ਦੇ ਰਾਹੀਂ ਰਚਨਾਵਾਂ ਭੇਜਾਂ, ਇਸ ਦੇ ਰਾਹੀਂ ਚਿੱਠੀਆਂ
ਮੇਲ ਬਾਕਸ ਏ ਤੱਕਦਾ ਰਹਿਨਾਂ, ਮੇਲ ਆਉਣ ਦੀ ਰਹਿੰਦੀ ਝਾਕ।

ਧਰਤ ਦੇ ਦੂਜੇ ਪਾਸੇ ਬੈਠਾਂ, ਬਦਲ ਕੇ ਆਉਂਦੇ ਦਿਨ ਤੇ ਰਾਤ।
ਲੈਪਟਾਪ ਜਾਂ ਫੋਨ ਸਮਾਰਟ, ਮੇਰੇ ਲਈ ਨੇ ਇੱਕ ਸੌਗਾਤ।
ਕੰਪਿਊਟਰ ਦੀ ਇਸ ਦੁਨੀਆਂ ਸਦਕਾ, ਦੁਨੀਆਂ ਹੋਈ ਛੋਟੀ
ਇਹ ਸਾਰਾ ਕੁਝ ਤਾਂ ਹੀ ਹੋਇਆ, ਦਾਤੇ ਦਿੱਤੀ ਦਿਮਾਗ ਦੀ ਦਾਤ।

*-ਸੁਖਦੇਵ ਸਿੰਘ ਸ਼ਾਂਤ, ਅਵੋਨ, ਇੰਡੀਆਨਾ*

ਕਹਾਣੀ

# ਗ੍ਰਹਿਣ

**ਰਾਜਿੰਦਰ ਸਿੰਘ ਬੇਦੀ**
**ਅਨੁਵਾਦ: ਮਹਿੰਦਰ ਬੇਦੀ, ਜੈਤੋ**

ਰੂਪੋ, ਸ਼ਿਬੂ, ਕੁੱਥੂ ਤੇ ਮੁੰਨਾ-ਹੋਲੀ ਨੇ ਅਸਾੜੀ ਦੇ ਕਾਇਸਥਾਂ ਨੂੰ ਚਾਰ ਬੱਚੇ ਦਿੱਤੇ ਸਨ ਤੇ ਪੰਜਵਾਂ ਹੋਣ ਵਾਲਾ ਸੀ। ਉਸ ਦੀਆਂ ਅੱਖਾਂ ਦੁਆਲੇ ਗੂੜ੍ਹੇ-ਕਾਲੇ ਘੇਰੇ ਪੈ ਗਏ ਸਨ, ਗੱਲ੍ਹਾਂ ਦੀਆਂ ਹੱਡੀਆਂ ਉਭਰ ਆਈਆਂ ਸਨ ਤੇ ਮਾਸ ਪਿਚਕ ਗਿਆ ਸੀ। ਉਹ ਹੋਲੀ, ਜਿਸ ਨੂੰ ਪਹਿਲੋਂ-ਪਹਿਲ ਮਈਆ ਪਿਆਰ ਨਾਲ ਚਾਂਦਨੀ ਕਹਿ ਕੇ ਬੁਲਾਉਂਦੀ ਸੀ ਤੇ ਰਸੀਲਾ, ਜਿਸ ਦੀ ਸਿਹਤ ਤੇ ਰੂਪ ਦਾ 'ਵੈਰੀ' ਸੀ, ਝੜੇ ਹੋਏ ਪੱਤੇ ਵਾਂਗ ਪੀਲੀ ਤੇ ਮੁਰਝਾਈ ਹੋਈ ਸੀ।

ਅੱਜ ਰਾਤੀਂ ਚੰਦ ਗ੍ਰਹਿਣ ਲੱਗਣਾ ਸੀ। ਸ਼ਾਮ ਹੁੰਦਿਆਂ ਹੀ ਚੰਦ ਗ੍ਰਹਿਣ ਦਾ ਲਗਨ ਸ਼ੁਰੂ ਹੋ ਜਾਣਾ ਹੈ, ਹੋਲੀ ਨੂੰ ਹੁਕਮ ਨਹੀਂ ਕਿ ਉਹ ਕੋਈ ਕਪੜਾ ਪਾੜੇ-ਪੇਟ ਵਿਚਲੇ ਬੱਚੇ ਦਾ ਨੱਕ-ਕੰਨ ਪਾਟ ਜਾਵੇਗਾ; ਉਹ ਸਿਉਂ ਨਹੀਂ ਸੀ ਸਕਦੀ-ਮੂੰਹ ਸਿਉਂਤਾ ਬੱਚਾ ਪੈਦਾ ਹੋਵੇਗਾ। ਆਪਣੇ ਪੇਕੇ ਖਤ ਨਹੀਂ ਸੀ ਲਿਖ ਸਕਦੀ-ਉਸ ਦੇ ਟੇਢੇ-ਮੇਢੇ ਅੱਖਰ ਬੱਚੇ ਚਿਹਰੇ 'ਤੇ ਝਰੀਟੇ ਜਾਣਗੇ, ਤੇ ਆਪਣੇ ਪੇਕਿਆਂ ਨੂੰ ਖਤ ਲਿਖਣ ਦਾ ਉਸ ਨੂੰ ਬੜਾ ਚਾਅ ਸੀ।

ਪੇਕਿਆਂ ਦੀ ਯਾਦ ਆਉਂਦਿਆਂ ਹੀ ਉਸ ਦੀ ਦੇਹ ਇਕ ਅਣਜਾਣ ਜਜ਼ਬੇ ਨਾਲ ਕੰਬਣ ਲਗਦੀ। ਉਹ ਪੇਕੇ ਹੁੰਦੀ ਸੀ ਤਾਂ ਉਸ ਨੂੰ ਸਹੁਰਿਆਂ ਦਾ ਕਿੰਨਾ ਚਾਅ ਹੁੰਦਾ ਸੀ। ਪਰ ਹੁਣ ਸਹੁਰਿਆਂ ਤੋਂ ਏਨੀ 'ਨਿਹਾਲ' ਹੋ ਚੁੱਕੀ ਸੀ ਕਿ ਉਥੋਂ ਭੱਜ ਜਾਣਾ ਚਾਹੁੰਦੀ ਸੀ। ਉਸ ਨੇ ਕਈ ਵਾਰੀ ਕੋਸ਼ਿਸ਼ ਵੀ ਕੀਤੀ, ਪਰ ਹਰ ਵੇਰ ਅਸਫਲ ਰਹੀ। ਉਸ ਦਾ ਪੇਕਾ ਪਿੰਡ ਅਸਾੜੀ ਪਿੰਡ ਤੋਂ ਪੰਜਾਹ ਕੁ ਮੀਲ ਦੂਰ ਸੀ। ਸਮੁੰਦਰ ਕੰਢੇ ਹਰਫੂਲ ਬੰਦਰਗਾਹ ਤੋਂ ਸ਼ਾਮ ਵੇਲੇ ਸਟੀਮਰ ਲਾਂਚ ਮਿਲ ਜਾਂਦੀ ਸੀ ਤੇ ਕਿਨਾਰੇ ਦੇ ਨਾਲ ਨਾਲ ਡੇਢ ਦੋ ਘੰਟਿਆਂ ਦੇ ਸਫਰ ਪਿੱਛੋਂ ਉਸ ਦੇ ਪੇਕੇ-ਪਿੰਡ ਦੇ ਵੱਡੇ ਮੰਦਿਰ ਦੇ ਜਰ-ਖਾਧੇ ਕਲਸ ਦਿਖਾਈ ਦੇਣ ਲੱਗ ਪੈਂਦੇ ਸੀ।

ਅੱਜ ਸ਼ਾਮ ਹੋਣ ਤੋਂ ਪਹਿਲਾਂ ਰੋਟੀ-ਟੁੱਕ ਤੇ ਚੌਂਕੇ-ਚੁੱਲ੍ਹੇ ਦੀ ਸਫਾਈ ਤੋਂ ਵਿਹਲਿਆਂ ਹੋਣਾ ਸੀ। ਮਈਆ ਕਹਿੰਦੀ ਸੀ, ਗ੍ਰਹਿਣ ਤੋਂ ਪਹਿਲਾਂ ਰੋਟੀ ਖਾ ਲੈਣੀ ਚਾਹੀਦੀ ਹੈ, ਵਰਨਾ ਹਰ ਹਰਕਤ ਢਿੱਡ ਦੀ ਡੱਡ ਦੇ ਸਰੀਰ ਅਤੇ ਕਿਸਮਤ 'ਤੇ ਪੈਂਦੀ ਹੈ। ਜਿਵੇਂ ਉਸ ਬਦਰੂਪ ਚੌੜੀਆਂ ਨਾਸਾਂ ਵਾਲੀ ਅੜੀਅਲ ਮਈਆ ਨੇ ਆਪਣੀ ਨੂੰਹ ਹਮੀਦਾ ਬਾਨੋ ਦੇ ਢਿੱਡੋਂ ਕਿਸੇ ਅਕਬਰ ਅਜ਼ੀਮ ਦੀ ਆਸ ਲਾਈ ਹੋਈ ਹੋਵੇ। ਚਾਰ ਬੱਚਿਆਂ, ਤਿੰਨ ਆਦਮੀਆਂ, ਦੋ ਤੀਵੀਆਂ, ਚਾਰ ਮੱਝਾਂ ਵਾਲਾ ਇਹ ਵੱਡਾ ਟੱਬਰ ਤੇ ਇਕੱਲੀ ਹੋਲੀ-ਦੁਪਹਿਰ ਤਾਈਂ ਤਾਂ ਹੋਲੀ ਭਾਂਡਿਆਂ ਦਾ ਢੇਰ ਮਾਂਜਦੀ ਰਹੀ। ਫੇਰ ਡੰਗਰਾਂ ਲਈ ਵੜੇਵੇਂ, ਖਲ ਤੇ ਛੋਲੇ ਭਿਓਣ ਚਲੀ ਗਈ। ਇੱਥੋਂ ਤਾਈਂ ਕਿ ਉਸ ਦਾ ਲੱਕ ਪੀੜ ਨਾਲ ਟੁੱਟਣ ਲੱਗ ਪਿਆ ਤੇ ਬਗਾਵਤ ਪਸੰਦ ਬੱਚਾ ਪੇਟ ਵਿਚ ਆਪਣੇ ਹੱਕ-ਪਰ ਹੋਲੀ ਨੂੰ ਤੜਫਾ ਦੇਣ ਵਾਲੀਆਂ ਹਰਕਤਾਂ ਨਾਲ ਵਿਰੋਧ ਪ੍ਰਗਟਾਉਣ ਲੱਗ ਪਿਆ। ਹੋਲੀ ਹਾਰ ਕੇ ਫੱਟੀ 'ਤੇ ਬੈਠ ਗਈ ਪਰ ਦੇਰ ਤਾਈਂ ਫੱਟੀ ਜਾਂ ਫਰਸ਼ ਉਤੇ ਬੈਠਣ ਦੇ ਕਾਬਿਲ ਨਹੀਂ ਸੀ ਉਹ...ਨਾਲੇ ਮਈਆ ਦੇ ਖਿਆਲ ਅਨੁਸਾਰ ਚੌੜੀ ਫੱਟੀ ਉਤੇ ਦੇਰ ਤਾਈਂ ਬੈਠਣ ਨਾਲ ਬੱਚੇ ਦਾ ਸਿਰ ਚਪਟਾ ਹੋ ਜਾਂਦਾ ਹੈ। ਮੂੜ੍ਹਾ ਹੋਵੇ ਤਾਂ ਠੀਕ ਹੈ। ਕਦੀ ਕਦੀ ਹੋਲੀ ਮਈਆ ਤੇ ਕਾਇਸਥਾਂ ਦੀ ਅੱਖ ਬਚਾ ਕੇ ਮੰਜੀ 'ਤੇ ਸਿੱਧੀ ਲੇਟ ਜਾਂਦੀ ਤੇ ਸੂਣ ਵਾਲੀ ਕੁੱਤੀ ਵਾਂਗ ਲੱਤਾਂ ਪਸਾਰ ਕੇ ਲੰਮੀ ਆਕੜ ਭੰਨਦੀ ਤੇ ਫੇਰ ਉਦੋਂ ਹੀ ਕੰਬਦੇ ਹੱਥਾਂ ਨਾਲ ਆਪਣੇ ਨੰਨ੍ਹੇ ਜਿਹੇ ਨਰਕ ਨੂੰ ਪਲੋਸਣ ਲੱਗ ਪੈਂਦੀ।

ਇਹ ਖਿਆਲ ਆਉਂਦਿਆਂ ਹੀ ਕਿ ਉਹ ਸੀਤਲ ਦੀ ਧੀ ਹੈ, ਉਹ ਆਪਣੇ ਆਪ ਨੂੰ ਰੋਕ ਨਾ ਸਕਦੀ-ਸੀਤਲ ਸਾਰੰਗਦੇਵ ਪਿੰਡ ਦਾ ਇਕ ਮਾਲਦਾਰ ਸਾਹੂਕਾਰ ਸੀ ਤੇ ਸਾਰੰਗਦੇਵ ਪਿੰਡ ਦੇ ਚਾਰੇ ਪਾਸੇ ਵੱਸਦੇ ਵੀਹ ਪਿੰਡਾਂ ਦੇ ਕਿਸਾਨ ਉਸ ਤੋਂ ਵਿਆਜੂ ਰਕਮ ਲੈਂਦੇ ਸਨ; ਫਿਰ ਵੀ ਉਸ ਨੂੰ ਕਾਇਸਥਾਂ ਦੇ ਇੱਥੇ ਜਲੀਲ ਕੀਤਾ ਜਾਂਦਾ ਸੀ। ਹੋਲੀ ਨਾਲ ਕੁੱਤਿਆਂ ਤੋਂ ਵੀ ਮਾੜਾ ਸਲੂਕ ਹੁੰਦਾ ਸੀ। ਕਾਇਸਥਾਂ ਨੂੰ ਤਾਂ ਬੱਚੇ ਚਾਹੀਦੇ ਨੇ, ਹੋਲੀ ਪਵੇ ਢੱਠੇ ਖੂਹ 'ਚ। ਕੀ ਸਾਰੇ ਗੁਜਰਾਤ ਵਿਚ ਇਹ ਕਾਇਸਥ ਹੀ ਕੁਲਬਧੂ ਦਾ ਸਹੀ ਮਤਲਬ ਸਮਝਦੇ ਸੀ!

ਹਰ ਸਾਲ, ਡੇਢ ਸਾਲ ਬਾਅਦ ਉਹ ਇਕ ਨਵਾਂ ਕੀੜਾ ਘਰੇ ਰੀਂਘਦਾ ਹੋਇਆ ਦੇਖ ਕੇ ਖੁਸ਼ ਹੁੰਦੇ ਸਨ ਤੇ ਬੱਚੇ ਕਰਕੇ ਖਾਧਾ ਪੀਤਾ ਹੋਲੀ ਦੇ ਜਿਸਮ ਨੂੰ ਨਹੀਂ ਸੀ ਲੱਗਦਾ। ਸ਼ਾਇਦ ਉਸ ਨੂੰ ਰੋਟੀ ਵੀ ਇਸੇ ਲਈ ਦਿੱਤੀ ਜਾਂਦੀ ਸੀ ਕਿ ਢਿੱਡ ਵਿਚ ਬੱਚਾ ਮੰਗਦਾ ਹੈ ਤੇ ਇਸੇ ਲਈ ਉਸ ਨੂੰ ਹਮਲ ਦੇ ਮੁੱਢਲੇ ਦਿਨਾਂ ਵਿਚ ਚਾਟ ਤੇ ਹੁਣ ਫਲ ਖੁੱਲ੍ਹੇ ਦਿਲ ਨਾਲ ਦਿੱਤੇ ਜਾਂਦੇ ਸਨ।

"ਦਿਓਰ ਐ ਤਾਂ ਉਹ ਅੱਡ ਕੁੱਟ ਲੈਂਦੈ।" ਹੋਲੀ ਸੋਚਦੀ ਸੀ, "ਸੱਸ ਦੇ ਮਿਹਣੇ, ਕੁੱਟਮਾਰ ਤੋਂ ਕਿਤੇ ਵੱਧ ਭੇੜੇ ਹੁੰਦੇ ਐ ਤੇ ਵੱਡੇ ਕਾਇਸਥ ਜਦੋਂ ਝਾੜ ਪਾਉਣ ਲੱਗਦੇ ਐ ਤਾਂ ਪੈਰਾਂ ਹੇਠਲੀ ਜਮੀਨ ਹਿੱਲਣ ਲੱਗ ਪੈਂਦੀ ਐ। ਉਨ੍ਹਾਂ ਨੂੰ ਭਲਾ ਮੇਰੀ ਜਾਨ ਲੈਣ ਦਾ ਕੀ ਹੱਕ? ਰਸੀਲੇ ਦੀ ਗੱਲ ਹੋਰ ਐ। ਸ਼ਾਸਤਰਾਂ ਨੇ ਉਸ ਨੂੰ ਰੱਬ ਦਾ ਦਰਜਾ ਦਿਤਾ ਹੋਇਐ। ਉਹ ਜਿਸ ਛੁਰੀ ਨਾਲ ਮਾਰੇ, ਉਸੇ ਛੁਰੀ ਦਾ ਭਲਾ! ਪਰ ਕੀ ਸ਼ਾਸਤਰ ਕਿਸੇ ਔਰਤ ਨੇ ਬਣਾਏ ਐ? ਤੇ ਮਾਨਤਾ ਦੀ ਗੱਲ ਹੀ ਵੱਖਰੀ ਐ। ਸ਼ਾਸਤਰ ਕਿਸੇ ਔਰਤ ਨੇ ਲਿਖੇ ਹੁੰਦੇ ਤਾਂ ਆਪਣੀ ਜਾਤੀ ਉਤੇ ਇਸ ਨਾਲੋਂ ਵੀ ਵਧ ਪਾਬੰਦੀਆਂ ਲਾ ਦੇਂਦੀ।"

ਰਾਹੂ ਆਪਣੇ ਨਵੇਂ ਭੇਸ ਵਿਚ ਬੈਠਾ ਮੌਜ ਨਾਲ ਅਮ੍ਰਿਤ ਪੀ ਰਿਹਾ ਸੀ। ਚੰਦ ਤੇ ਸੂਰਜ ਨੇ ਵਿਸ਼ਨੂੰ ਮਹਾਰਾਜ ਨੂੰ ਉਸ ਦੀ ਸ਼ਿਕਾਇਤ ਕਰ ਦਿਤੀ ਤੇ ਭਗਵਾਨ ਨੇ ਸੁਦਰਸ਼ਨ ਚੱਕਰ ਨਾਲ ਰਾਹੂ ਦੇ ਦੋ ਟੁਕੜੇ ਕਰ ਦਿੱਤੇ। ਉਸ ਦਾ ਸਿਰ ਤੇ ਧੜ ਦੋਵੇਂ ਅਸਮਾਨ ਵਿਚ ਜਾ ਕੇ ਰਾਹੂ ਤੇ ਕੇਤੂ ਬਣ ਗਏ। ਸੂਰਜ ਤੇ ਚੰਦ-ਦੋਵਾਂ ਨੇ ਉਹਦਾ ਕਰਜਾ ਦੇਣਾ ਹੈ। ਹੁਣ ਉਹ ਹਰ ਸਾਲ ਦੋ ਵਾਰੀ ਚੰਦ ਤੇ ਸੂਰਜ ਤੋਂ ਬਦਲਾ ਲੈਂਦੇ ਨੇ, ਤੇ ਹੋਲੀ ਸੋਚਦੀ ਸੀ, "ਭਗਵਾਨ ਦੇ ਰੰਗ ਵੀ ਨਿਆਰੇ ਐ...ਤੇ ਰਾਹੂ ਦੀ ਸ਼ਕਲ ਕੇਡੀ ਅਜੀਬ ਐ! ਇਕ ਕਾਲਾ ਜਿਹਾ ਰਾਖਸ਼, ਸ਼ੇਰ ਉਤੇ ਚੜ੍ਹਿਆ, ਕਿੰਨਾ ਡਰ ਲਗਦੈ! ਰਸੀਲਾ ਵੀ ਤਾਂ ਸ਼ਕਲੋਂ ਰਾਹੂ ਈ ਤਾਂ ਲੱਗਦੈ। ਮੁੰਨੇ ਦੇ ਜੰਮਣ ਪਿੱਛੋਂ ਅਜੇ ਚਾਲ੍ਹੀਵਾਂ ਵੀ ਨਹੀਂ ਸੀ ਨਹਾਤੀ ਕਿ ਆ ਢਾਹਿਆ ਸੀ; ਮੈਂ ਵੀ ਤਾਂ ਉਸ ਦਾ ਕਰਜਾ ਈ ਦੇਣੈ?"

ਉਦੋਂ ਹੀ ਹੋਲੀ ਦੇ ਕੰਨਾਂ ਵਿਚ ਮਾਂ-ਪੁੱਤਰ ਦੇ ਆਉਣ ਦੀ ਬਿੜਕ ਪਈ। ਹੋਲੀ ਦੋਵਾਂ ਹੱਥਾਂ ਨਾਲ ਪੇਟ ਸੰਭਾਲਦਿਆਂ ਉਠ ਖੜ੍ਹੀ ਹੋਈ। ਤੇ ਕਾਹਲ ਨਾਲ ਤਵਾ ਬਲ ਰਹੀ ਮੱਠੀ ਮੱਠੀ ਅੱਗ ਉਤੇ ਰੱਖ ਦਿੱਤਾ। ਹੁਣ ਉਸ ਵਿਚ ਝੁਕਣ ਦੀ ਹਿੰਮਤ ਵੀ ਨਹੀਂ ਸੀ ਰਹੀ ਕਿ ਫੂਕਨੀ ਨਾਲ ਫੂਕ ਮਾਰ ਕੇ ਅੱਗ ਬਾਲ ਲਵੇ।

ਰਸੀਲਾ ਇਕ ਨਵਾਂ ਮੁਰੰਮਤ ਕੀਤਾ ਛੱਜ ਹੱਥ ਵਿਚ ਫੜ੍ਹੀ ਅੰਦਰ ਵੜਿਆ, ਹੱਥ ਧੋਤੇ ਤੇ ਕੁਝ ਬੁੜਬੁੜ ਕਰਨ ਲੱਗਾ। ਉਸ ਦੇ ਪਿੱਛੇ ਮਈਆ ਆਈ ਤੇ ਆਉਂਦੀ ਹੀ ਬੋਲੀ, "ਬਹੂ, ਅਨਾਜ ਕੱਢ ਕੇ ਰੱਖਿਐ ਨਾ?"

ਹੋਲੀ ਡਰਦੀ ਡਰਦੀ ਬੋਲੀ, "ਹਾਂ, ਹਾਂ ਰੱਖਿਐ, ਨਹੀਂ ਰੱਖਿਆ, ਯਾਦ ਨਹੀਂ ਰਿਹਾ, ਭੁੱਲ ਗਈ ਮਈਆ।"

"ਤੂੰ ਬੈਠੀ ਕਰਦੀ ਕੀ ਰਹੀ ਨੀਂ, ਨਵਾਬਜਾਦੀਏ?"

ਹੋਲੀ ਨੇ ਸਹਿਮੀਆਂ ਅੱਖਾਂ ਨਾਲ ਰਸੀਲੇ ਵੱਲ ਦੇਖਿਆ ਤੇ ਬੋਲੀ, "ਜੀ ਮੈਥੋਂ ਅਨਾਜ ਦੀ ਬੋਰੀ ਹਿਲਾਈ ਜਾਂਦੀ ਐ ਭਲਾਂ?"

ਮਈਆ ਨੂੰ ਕੋਈ ਜਵਾਬ ਨਾ ਆਇਆ। ਤੇ ਉਂਜ ਵੀ ਉਸ ਨੂੰ ਹੋਲੀ ਦੀ ਥਾਂ ਉਸ ਦੇ ਢਿੱਡ ਵਿਚਲੇ ਬੱਚੇ ਦਾ ਵੱਧ ਫਿਕਰ ਸੀ। ਸ਼ਾਇਦ ਇਸੇ ਲਈ ਹੋਲੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲੀ, "ਤੂੰ ਸੁਰਮਾ ਕਿਉਂ ਪਾਇਆ ਹੋਇਐ ਨੀਂ ਰੰਡੀਏ? ਜਾਣਦੀ ਨਹੀਂ ਅੱਜ ਗ੍ਰਹਿਣ ਲੱਗਣੈ। ਜੇ ਬੱਚਾ ਅੰਨ੍ਹਾ ਹੋ ਗਿਆ ਤਾਂ ਤੇਰੇ ਵਰਗੀ ਰੰਡੀ ਉਸ ਨੂੰ ਪਾਲ ਲਊ?"


ਹੋਲੀ ਚੁੱਪ ਰਹੀ ਤੇ ਨਜ਼ਰਾਂ ਜਮੀਨ ਉਤੇ ਗੱਡੀ ਰੱਖੀਆਂ। ਫੇਰ ਮੂੰਹ ਵਿਚ ਬੁੜਬੁੜ ਕਰਨ ਲੱਗੀ। ਹੋਰ ਕੁਝ ਵੀ ਹੋ ਜਾਏ ਪਰ ਰੰਡੀ ਦੀ ਗਾਲ੍ਹ ਉਸ ਤੋਂ ਬਰਦਾਸ਼ਤ ਨਹੀਂ ਸੀ ਹੁੰਦੀ। ਉਸ ਨੂੰ ਬੁੜਬੁੜ ਕਰਦਿਆਂ ਦੇਖ ਮਈਆ ਹੋਰ ਭੜਕ ਗਈ ਤੇ ਚਾਬੀਆਂ ਵਾਲਾ ਗੁੱਛਾ ਲੱਭਣ ਲੱਗ ਪਈ। ਇਕ ਮੈਲੇ ਜਿਹੇ ਲੈਂਪ ਕੋਲ ਸੁਰਮਾ ਰਗੜਨ ਵਾਲੀ ਖਰਲ ਪਈ ਸੀ। ਉਸ ਹੇਠੋਂ ਚਾਬੀਆਂ ਵਾਲਾ ਗੁੱਛਾ ਕੱਢ ਕੇ ਉਹ ਦਾਣਿਆਂ ਵਾਲੇ ਕੋਠੇ ਵੱਲ ਤੁਰ ਗਈ। ਰਸੀਲੇ ਨੇ ਇਕ ਵਾਰੀ ਹਵਸ ਭਰੀਆਂ ਅੱਖਾਂ ਨਾਲ ਹੋਲੀ ਵੱਲ ਤੱਕਿਆ, ਹੋਲੀ ਇਕੱਲੀ ਸੀ। ਰਸੀਲੇ ਨੇ ਹੌਲੀ ਜਿਹੀ ਪੱਲੇ ਨੂੰ ਛੂਹਿਆ। ਹੋਲੀ ਨੇ ਹੱਥ ਝਟਕ ਦਿਤਾ ਤੇ ਦਿਓਰ ਨੂੰ ਆਵਾਜ਼ ਮਾਰੀ, ਜਿਵੇਂ ਦੂਜੇ ਆਦਮੀ ਦੀ ਮੌਜੂਦਗੀ ਚਾਹੁੰਦੀ ਹੋਵੇ। ਇਸ ਹਾਲਤ ਵਿਚ ਮਰਦ ਨੂੰ ਠੁਕਰਾ ਦੇਣਾ ਮਾਮੂਲੀ ਗੱਲ ਨਹੀਂ ਹੁੰਦੀ। ਰਸੀਲਾ ਸ਼ਬਦਾਂ ਨੂੰ ਚਿੱਥ-ਚਿੱਥ ਕੇ ਬੋਲਿਆ, "ਮੈਂ ਪੁੱਛਦਾਂ, ਭਲਾ, ਏਨੀ ਜਲਦੀ ਕਾਹਦੀ ਸੀ?"

"ਜਲਦੀ ਕਿਹੜੀ?"

ਰਸੀਲਾ ਉਸ ਦੇ ਪੇਟ ਵੱਲ ਇਸ਼ਾਰਾ ਕਰਦਾ ਬੋਲਿਆ, "ਇਹੀ, ਤੂੰ ਵੀ ਤਾਂ ਕੁੱਤੀ ਐਂ, ਕੁੱਤੀ?"

ਹੋਲੀ ਨੇ ਬਿਨਾ ਵਿਚਾਰੇ ਰਸੀਲੇ ਨੂੰ ਵਹਿਸ਼ੀ, ਬਦਚਲਨ, ਕਮੀਨਾ-ਸਭੋ ਕੁਝ ਆਖ ਦਿੱਤਾ। ਵਾਰ ਥਾਂਵੇਂ ਲੱਗਾ। ਰਸੀਲੇ ਕੋਲ ਕੋਈ ਜਵਾਬ ਨਹੀਂ ਸੀ। ਜਵਾਬ ਵਿਹੂਣੇ ਆਦਮੀ ਦਾ ਜਵਾਬ ਥੱਪੜ ਹੁੰਦਾ ਹੈ ਤੇ ਦੂਜੇ ਪਲ ਉਂਗਲਾਂ ਦੇ ਨਿਸ਼ਾਨ ਹੋਲੀ ਦੀ ਗੱਲ੍ਹ ਉਤੇ ਪੈ ਗਏ। ਉਦੋਂ ਹੀ ਮਈਆ ਪਸ਼ੂਆਂ ਦੇ ਦਾਣੇ ਵਾਲੀ ਟੋਕਰੀ ਚੁੱਕੀ ਬਾਹਰ ਆਈ ਤੇ ਬਹੂ ਨਾਲ ਬਦਸਲੂਕੀ ਕਰਨ ਕਰਕੇ ਪੁੱਤਰ ਨੂੰ ਤਾੜਨ ਲੱਗੀ। ਹੋਲੀ ਨੂੰ ਰਸੀਲੇ ਉਤੇ ਤਾਂ ਗੁੱਸਾ ਨਹੀਂ ਸੀ ਆਇਆ-ਹਾਂ, ਮਈਆ ਦੀ ਇਸ ਆਦਤ ਉਤੇ ਸੜ-ਬੁਝੀ ਸੀ ਉਹ, 'ਰੰਡੀ ਆਪ ਮਾਰੇ ਤਾਂ ਇਸ ਤੋਂ ਵੀ ਵੱਧ, ਜੇ ਪੁੱਤ ਕੁਸ਼ ਕਹੇ ਤਾਂ ਹਮਦਰਦੀ ਦਿਖਾਉਂਦੀ ਆ, ਵੱਡੀ ਆਈ।'

ਹੋਲੀ ਸੋਚਣ ਲੱਗੀ ਕਿ 'ਕੱਲ੍ਹ ਰਸੀਲੇ ਨੇ ਇਸ ਲਈ ਮਾਰਿਆ ਸੀ ਕਿ ਮੈਂ ਉਸ ਦੀ ਗੱਲ ਦਾ ਜਵਾਬ ਨਹੀਂ ਸੀ ਦਿੱਤਾ ਤੇ ਅੱਜ ਇਸ ਲਈ ਕਿ ਮੈਂ ਗੱਲ ਦਾ ਜਵਾਬ ਦਿੱਤਾ ਐ-ਮੈਂ ਜਾਣਦੀ ਹਾਂ ਉਹ ਮੇਰੇ ਨਾਲ ਕਿਉਂ ਨਾਰਾਜ਼ ਐ, ਕਿਉਂ ਗਾਲ੍ਹਾਂ ਕੱਢਦਾ ਐ। ਮੇਰੇ ਪਕਾਉਣ-ਖਾਣ, ਉਠਣ, ਬੈਠਣ ਵਿਚ ਕਿਉਂ ਨੁਕਸ ਕੱਢਦਾ ਐ...ਤੇ ਮੇਰੀ ਇਹ ਹਾਲਤ ਐ ਕਿ ਨੱਕ ਵਿਚ ਦਮ ਆ ਜਾਂਦਾ ਐ ਤੇ ਮਰਦ, ਔਰਤ ਨੂੰ ਮੁਸੀਬਤ ਵਿਚ ਧਰੀਕ ਕੇ ਆਪ ਪਾਸੇ ਹੋ ਜਾਂਦੇ ਐ; ਇਹ ਮਰਦ!'



ਮਈਆ ਨੇ ਕੁਝ ਬਾਸਮਤੀ, ਦਾਲਾਂ ਤੇ ਲੂਣ ਰਸੋਈ ਵਿਚ ਢੇਰੀ ਕਰ ਦਿੱਤੇ ਤੇ ਫੇਰ ਇਕ ਭਿੱਜੀ ਤੱਕੜੀ ਵਿਚ ਤੋਲਣ ਲੱਗੀ। ਤੱਕੜੀ ਗਿੱਲੀ ਸੀ, ਇਹ ਮਈਆ ਵੀ ਦੇਖ ਰਹੀ ਸੀ ਤੇ ਜਦੋਂ ਬਾਸਮਤੀ ਚੌਲ ਪੱਲੜੇ ਨਾਲ ਚਿਪਕ ਗਏ ਤਾਂ ਬਹੂ ਮੋਈ ਕੁੱਡਰ ਹੋ ਗਈ ਤੇ ਆਪ ਏਨੀ ਸੁਘੜ ਕਿ ਨਵੇਂ ਦੁਪੱਟੇ ਨਾਲ ਪੱਲੜਾ ਸਾਫ ਕਰਨ ਲੱਗੀ। ਜਦੋਂ ਖਾਸਾ ਮੈਲਾ ਹੋ ਗਿਆ ਤਾਂ ਦੁਪੱਟੇ ਨੂੰ ਸਿਰ ਤੋਂ ਲਾਹ ਕੇ ਹੋਲੀ ਵੱਲ ਸੁੱਟ ਕੇ ਬੋਲੀ, "ਲੈ ਧੋ ਦੇਹ।"

ਹੁਣ ਵਿਚਾਰੀ ਹੋਲੀ ਇਹ ਨਹੀਂ ਜਾਣਦੀ ਕਿ ਉਹ ਪਹਿਲਾਂ ਰੋਟੀਆਂ ਪਕਾਏ ਜਾਂ ਦੁਪੱਟਾ ਧੋਵੇ-ਬੋਲੇ ਜਾਂ ਨਾ ਬੋਲੇ, ਕੁੱਤੀ ਹੈ ਜਾਂ ਨਵਾਬਜਾਦੀ। ਉਸ ਨੇ ਦੁਪੱਟਾ ਧੋਣ ਵਿਚ ਹੀ ਭਲਾਈ ਸਮਝੀ। ਉਦੋਂ ਚੰਦ ਗ੍ਰਹਿਣ ਸ਼ੁਰੂ ਹੋਣ ਵਾਲਾ ਹੋਵੇਗਾ। ਜੇ ਬੱਚਾ ਧੋਤੇ ਹੋਏ ਕਪੜੇ ਵਾਂਗ ਵੱਟੋ-ਵੱਟ ਪੈਦਾ ਹੋਇਆ ਤੇ ਮਹੀਨੇ ਦੋ ਮਹੀਨੇ ਪਿੱਛੋਂ ਬੱਚੇ ਦਾ ਵਟਿਆਇਆ ਚਿਹਰਾ ਦੇਖ ਕੇ ਉਹਨੂੰ ਨੇਹਨਿਆਂ ਜਾਣ ਲੱਗਾ ਤਾਂ ਉਸ ਵਿਚ ਹੋਲੀ ਦਾ ਕੀ ਕਸੂਰ ਹੋਵੇਗਾ? ਪਰ ਕਸੂਰ ਤੇ ਬੇਕਸੂਰ ਦੀ ਤਾਂ ਗੱਲ ਹੋਰ ਹੈ ਕਿਉਂਕਿ ਕੋਈ ਸੁਣਨ ਲਈ ਤਿਆਰ ਹੀ ਨਹੀਂ ਕਿ ਹੋਲੀ ਦਾ ਕਸੂਰ ਕਿੰਨਾ ਹੈ; ਸਾਰਾ ਕਸੂਰ ਹੋਲੀ ਦਾ ਹੀ ਹੋਵੇਗਾ।

ਉਸ ਸਮੇਂ ਹੋਲੀ ਨੂੰ ਸਾਰੰਗਦੇਵ ਪਿੰਡ ਚੇਤੇ ਆਇਆ-ਕਿਸ ਤਰ੍ਹਾਂ ਉਹ ਅੱਸੂ ਦੇ ਸ਼ੁਰੂ ਵਿਚ ਹੋਰ ਔਰਤਾਂ ਨਾਲ ਗਰਬਾ ਨੱਚਦੀ ਹੁੰਦੀ ਸੀ ਤੇ ਭਾਬੀ ਦੇ ਸਿਰ ਉਤੇ ਰੱਖੇ ਘੜੇ ਦੇ ਸੁਰਾਖਾਂ ਵਿਚੋਂ ਰੌਸ਼ਨੀ ਛਣ ਛਣ ਕੇ ਦਾਲਾਨ ਦੇ ਚਾਰੇ ਖੂੰਜਿਆਂ ਨੂੰ ਰੁਸ਼ਨਾ ਦੇਂਦੀ ਸੀ। ਉਦੋਂ ਸੱਭੇ ਔਰਤਾਂ ਮਹਿੰਦੀ ਰੰਗੇ ਹੱਥਾਂ ਨਾਲ ਗਿੱਧਾਂ ਪਾਉਂਦੀਆਂ ਤੇ ਗਾਉਂਦੀਆਂ ਸਨ:

ਮੇਂਹਦੀ ਤਾਂ ਆਵਦਾ ਈ ਮਾਲ ਵੇ
ਏਹ ਨੇ ਰੰਗ ਦਿਤਾ ਗੁਜਰਾਤ ਏ
ਮੇਂਹਦੀ ਰੰਗ ਲਿਆਈ ਏ।

ਉਦੋਂ ਉਹ ਇਕ ਅੱਲੜ੍ਹ ਕੁੜੀ ਹੁੰਦੀ ਸੀ; ਬਹਿਰ ਤੇ ਕਾਫੀਏ ਤੋਂ ਆਜ਼ਾਦ ਨਜ਼ਮ। ਜੋ ਚਾਹੁੰਦੀ, ਪੂਰਾ ਹੋ ਜਾਂਦਾ-ਘਰ 'ਚ ਸਭ ਤੋਂ ਛੋਟੀ ਜੋ ਸੀ। ਨਵਾਬਜਾਦੀ ਤਾਂ ਨਹੀਂ ਸੀ ਤੇ ਉਸ ਦੀਆਂ ਸਹੇਲੀਆਂ-ਉਹ ਵੀ ਆਪੋ ਆਪਣੇ ਕਰਜੇ ਲਾਹੁਣ ਜਾ ਚੁੱਕੀਆਂ ਹੋਣਗੀਆਂ।

ਸਾਰੰਗਦੇਵ ਪਿੰਡ ਵਿਚ ਗ੍ਰਹਿਣ ਦੇ ਮੌਕੇ ਜੀਅ ਖੋਲ੍ਹ ਕੇ ਦਾਨ ਪੂੰਨ ਕੀਤਾ ਜਾਂਦਾ ਹੈ। ਔਰਤਾਂ ਇਕੱਠੀਆਂ ਹੋ ਕੇ ਤ੍ਰਿਵੇਦੀ ਘਾਟ 'ਤੇ ਇਸ਼ਨਾਨ ਲਈ ਚਲੀਆਂ ਜਾਂਦੀਆਂ ਨੇ, ਫੁੱਲ, ਨਾਰੀਅਲ, ਪਤਾਸੇ ਸਮੁੰਦਰ ਵਿਚ ਤਾਰਦੀਆਂ ਨੇ-ਪਾਣੀ ਦੀ ਇਕ ਛੱਲ ਮੂੰਹ ਅੱਡੀ ਆਉਂਦੀ ਹੈ ਤੇ ਸਾਰੇ ਤਿਲ ਫੁੱਲ ਕਬੂਲ ਕਰ ਲੈਂਦੀ ਹੈ। ਉਸ ਸਮੇਂ ਦੇ ਇਸ਼ਨਾਨ ਨਾਲ ਸਾਰੇ ਮਰਦ-ਔਰਤਾਂ ਦੇ ਪਾਪ ਧੋਤੇ ਜਾਂਦੇ ਨੇ। ਤਨ ਤੇ ਆਤਮਾ ਪਵਿੱਤਰ ਹੋ ਜਾਂਦੀ ਹੈ। ਸਮੁੰਦਰ ਦੀਆਂ ਲਹਿਰਾਂ ਸਾਰੇ ਪਾਪਾਂ ਨੂੰ ਰੋੜ੍ਹ ਕੇ, ਬੜੀ ਦੂਰ-ਇਕ ਅਗਿਆਤ, ਪਹੁੰਚ ਤੋਂ ਪਰ੍ਹੇ, ਅਥਾਹ ਡੂੰਘਾਈ ਵਿਚ ਲੈ ਜਾਂਦੀਆਂ-ਇਕ ਸਾਲ ਬਾਅਦ ਫੇਰ ਲੋਕਾਂ ਦੇ ਤਨ ਮਨ-ਪਾਪਾਂ ਨਾਲ ਲਿੱਬੜ ਜਾਂਦੇ ਨੇ, ਫੇਰ ਅਪਵਿੱਤਰ ਹੋ ਜਾਂਦੇ ਨੇ, ਫੇਰ ਦਯਾ ਦੀ ਇਕ ਲਹਿਰ ਆਉਂਦੀ ਹੈ ਤੇ ਫੇਰ ਸਭੇ ਪਾਕ ਤੇ ਪਵਿੱਤਰ।

ਜਦੋਂ ਗ੍ਰਹਿਣ ਲਗਦਾ ਹੈ ਤੇ ਚੰਦ ਦੀ ਨੂਰਾਨੀ ਇਸਮਤ ਉਤੇ ਦਾਗ ਲੱਗਦਾ ਹੈ ਤਾਂ ਕੁਝ ਪਲ ਲਈ ਚਾਰੇ ਪਾਸੇ ਚੁੱਪ ਤੇ ਫੇਰ ਰਾਮ ਨਾਮ ਦਾ ਜਾਪ ਸ਼ੁਰੂ ਹੋ ਜਾਂਦਾ ਹੈ-ਫੇਰ ਘੰਟੇ, ਤਾਸ਼ੇ, ਸੰਖ ਯਕਦਮ ਵੱਜਣ ਲੱਗ ਪੈਂਦੇ ਨੇ। ਇਸ ਸ਼ੋਰ ਤੇ ਗੁਣਗਾਣ ਵਿਚਕਾਰ ਇਸ਼ਨਾਨ ਦੇ ਬਾਅਦ ਸਾਰੇ ਮਰਦ ਔਰਤਾਂ ਜਲੂਸ ਦੀ ਸ਼ਕਲ ਵਿਚ ਗਾਉਂਦੇ ਵਜਾਉਂਦੇ ਹੋਏ ਪਿੰਡ ਵਾਪਸ ਪਰਤਦੇ ਨੇ।

ਗ੍ਰਹਿਣ ਦੌਰਾਨ ਗਰੀਬ ਲੋਕ ਬਾਜ਼ਾਰਾਂ ਤੇ ਗਲੀਆਂ ਮੁਹੱਲਿਆਂ ਵਿਚ ਦੌੜੇ ਫਿਰਦੇ ਨੇ। ਲੰਗੜੇ ਬਿਸਾਖੀਆਂ ਘੁਮਾਉਂਦੇ ਝੋਲੀਆਂ ਤੇ ਬਗਲੀਆਂ ਚੁੱਕੀ, ਪਲੇਗ ਦੇ ਚੂਹਿਆਂ ਵਾਂਗ ਇਕ ਦੂਜੇ ਉਤੇ ਡਿੱਗਦੇ ਢਹਿੰਦੇ, ਭੱਜੇ ਤੁਰੇ ਜਾਂਦੇ ਨੇ ਕਿਉਂਕਿ ਰਾਹੂ ਤੇ ਕੇਤੂ ਨੇ ਖੂਬਸੂਰਤ ਚੰਦ ਨੂੰ ਆਪਣੀ ਪਕੜ ਵਿਚ ਜਕੜ ਲਿਆ ਹੈ। ਨਰਮ ਦਿਲ ਹਿੰਦੂ ਦਾਨ ਦੇਂਦਾ ਹੈ ਤਾਂਕਿ ਗਰੀਬ ਚੰਦ ਨੂੰ ਛਡ ਦਿਤਾ ਜਾਏ ਤੇ ਦਾਨ ਲੈਣ ਲਈ ਭੱਜਣ-ਦੌੜਨ ਵਾਲੇ ਭਿਖਾਰੀ 'ਛੱਡ ਦਿਓ, ਛੱਡ ਦਿਓ-ਦਾਨ ਦਾ ਵੇਲਾ ਏ' ਦਾ ਰੌਲਾ ਪਾਉਂਦੇ ਮੀਲਾਂ ਦਾ ਪੰਧ ਕੱਛ ਲੈਂਦੇ ਨੇ।

ਚੰਦ ਨੂੰ ਗ੍ਰਹਿਣ ਲੱਗਣ ਵਾਲਾ ਸੀ। ਹੋਲੀ ਨੇ ਬੱਚਿਆਂ ਨੂੰ ਵੱਡੇ ਕਾਇਸਥ ਕੋਲ ਛੱਡਿਆ। ਇਕ ਮੈਲੀ ਕੁਚੈਲੀ ਧੋਤੀ ਬੰਨ੍ਹੀ ਤੇ ਔਰਤਾਂ ਨਾਲ ਹਰਫੂਲ ਬੰਦਰ ਵੱਲ ਇਸ਼ਨਾਨ ਲਈ ਤੁਰ ਪਈ। ਹੁਣ ਮਈਆ, ਰਸੀਲਾ, ਵੱਡਾ ਮੁੰਡਾ ਸ਼ਿਬੂ ਤੇ ਹੋਲੀ ਸਾਰੇ ਸਮੁੰਦਰ ਵੱਲ ਜਾ ਰਹੇ ਸਨ, ਹੱਥਾਂ ਵਿਚ ਫੁੱਲ ਸਨ, ਗਜਰੇ ਤੇ ਅੰਬ ਦੇ ਪੱਤੇ ਸਨ ਤੇ ਵੱਡੀ ਅੰਮਾਂ ਦੇ ਹੱਥ ਵਿਚ ਰੁਦਰਾਕਸ਼ ਦੀ ਮਾਲਾ ਦੇ ਇਲਾਵਾ ਮੁਸ਼ਕ-ਕਾਫੂਰ ਸੀ, ਜਿਸ ਨੂੰ ਬਾਲ ਕੇ ਉਹ ਪਾਣੀ ਦੀਆਂ ਲਹਿਰਾਂ ਵਿਚ ਵਹਾਅ ਦੇਣਾ ਚਾਹੁੰਦੀ ਸੀ ਤਾਂਕਿ ਮਰਨ ਪਿੱਛੋਂ ਸਫਰ ਵਿਚ ਉਸ ਦੇ ਰਸਤੇ ਵਿਚ ਚਾਨਣ ਹੋ ਜਾਵੇ। ਤੇ ਹੋਲੀ ਡਰਦੀ ਸੀ ਕਿ ਕੀ ਉਸ ਦੇ ਪਾਪ ਸਮੁੰਦਰ ਦੇ ਪਾਣੀ ਨਾਲ ਧੋਤੇ ਜਾਣਗੇ!

ਸਮੁੰਦਰ ਦੇ ਕਿਨਾਰੇ, ਘਾਟ ਤੋਂ ਪੌਣਾ ਕੁ ਮੀਲ ਇਕ ਲਾਂਚ ਖੜ੍ਹੀ ਸੀ। ਉਹ ਜਗ੍ਹਾ ਹਰਫੂਲ ਬੰਦਰ ਦਾ ਇਕ ਹਿੱਸਾ ਸੀ, ਬੰਦਰ ਦੇ ਛੋਟੇ ਜਿਹੇ ਉਗੜ-ਦੁਗੜੇ ਕਿਨਾਰੇ 'ਤੇ ਇਕ ਸੀਮਿਤ ਜਿਹੇ ਡਾਕ 'ਤੇ ਕੁਝ ਟੈਂਟ ਡੁੱਬਦੇ ਸੂਰਜ ਦੇ ਚਾਨਣ ਤੇ ਹਨੇਰੇ ਦੀ ਇਕ ਕਸ਼ਮਕਸ਼ ਦੇ ਵਿਰੁਧ ਨਿੱਕੇ ਨਿੱਕੇ ਅਣਘੜ ਖਾਕੇ ਜਿਹੇ ਬਣਾ ਰਹੇ ਸਨ ਤੇ ਲਾਂਚ ਦੇ ਕਿਸੇ ਕੈਬਿਨ 'ਚੋਂ ਇਕ ਮੱਧਮ ਜਿਹੀ ਰੌਸ਼ਨੀ ਪਾਰੇ ਵਾਂਗ ਥਿਰਕਦੀ ਪਾਣੀ ਦੀਆਂ ਲਹਿਰਾਂ 'ਤੇ ਨੱਚ ਰਹੀ ਸੀ। ਕੁਝ ਧੁੰਦਲੇ ਜਿਹੇ ਪਰਛਾਵੇਂ ਇਕ ਅਜਗਰ ਵਰਗੇ ਰੱਸੇ ਨੂੰ ਖਿੱਚਣ ਲੱਗੇ-ਅੱਠ ਵਜੇ ਸਟੀਮਰ ਲਾਂਚ ਦੀ ਆਖਰੀ ਸੀਟੀ ਵੱਜੇਗੀ, ਫੇਰ ਉਹ ਸਾਰੰਗਦੇਵ ਪਿੰਡ ਵੱਲ ਰਵਾਨਾ ਹੋਵੇਗਾ। ਜੇ ਹੋਲੀ ਉਸ ਵਿਚ ਸਵਾਰ ਹੋ ਜਾਵੇ ਤਾਂ ਡੇਢ ਦੋ ਘੰਟਿਆਂ ਵਿਚ ਹੀ ਉਹਨੂੰ ਚਾਨਣੀ ਵਿਚ ਨਹਾਉਂਦੇ ਹੋਏ, ਭਾਵੇਂ ਸਦੀਆਂ ਪੁਰਾਣੇ ਹੀ ਸਹੀ, ਕਲਸ਼ ਦਿਸਣ ਲੱਗ ਪੈਣਗੇ, ਤੇ ਫੇਰ ਉਹੀ ਅੰਮਾ, ਕੁਆਰਾਪਨ ਤੇ ਗਰਬਾ ਨਾਚ!

ਹੋਲੀ ਨੇ ਇਕ ਨਜ਼ਰ ਸ਼ਿਬੂ ਵੱਲ ਤੱਕਿਆ। ਸ਼ਿਬੂ ਹੈਰਾਨ ਸੀ ਉਸ ਦੀ ਮਾਂ ਨੇ ਏਨੀ ਭੀੜ ਵਿਚ ਝੁਕ ਕੇ ਉਸ ਦਾ ਮੂੰਹ ਕਿਉਂ ਚੁੰਮਿਆ ਸੀ ਤੇ ਇਕ ਗਰਮ ਗਰਮ ਤੁਪਕਾ ਕਿੱਥੋਂ ਉਸ ਦੀ ਗੱਲ੍ਹ ਉਤੇ ਆ ਡਿੱਗਿਆ ਸੀ! ਉਸ ਨੇ ਅੱਗੇ ਵਧ ਕੇ ਰਸੀਲੇ ਦੀ ਉਂਗਲ ਫੜ੍ਹ ਲਈ। ਹੁਣ ਘਾਟ ਆ ਚੁਕਾ ਸੀ ਜਿੱਥੋਂ ਮਰਦ ਤੇ ਔਰਤਾਂ ਵੱਖ ਹੁੰਦੇ ਸਨ-ਹਮੇਸ਼ਾ ਲਈ ਨਹੀਂ, ਸਿਰਫ ਕੁਝ ਘੰਟਿਆਂ ਲਈ। ਉਸੇ ਪਾਣੀ ਦੀ ਗਵਾਹੀ ਨਾਲ ਉਹ ਆਪਣੇ ਮਰਦਾਂ ਨਾਲ ਬੰਨ੍ਹ ਦਿਤੀਆਂ ਗਈਆਂ ਸਨ। ਪਾਣੀ ਵਿਚ ਕੇਡੀ ਰਹੱਸਮਈ ਖਿੱਚ ਤੇ ਤਾਕਤ ਹੈ-ਤੇ ਦੂਰੋਂ ਲਾਂਚ ਦੀ ਟਿਮਟਿਮਾਉਂਦੀ ਰੌਸ਼ਨੀ ਹੋਲੀ ਤਾਈਂ ਪਹੁੰਚ ਰਹੀ ਸੀ।

ਹੋਲੀ ਨੇ ਭੱਜ ਕੇ ਜਾਣਾ ਚਾਹਿਆ, ਪਰ ਉਹ ਭੱਜ ਨਹੀਂ ਸੀ ਸਕਦੀ। ਅੱਧੇ ਘੰਟੇ ਵਿਚ ਉਹ ਲਾਂਚ ਦੇ ਸਾਹਮਣੇ ਖੜ੍ਹੀ ਸੀ। ਲਾਂਚ ਦੇ ਸਾਹਮਣੇ ਨਹੀਂ, ਸਾਰੰਗਦੇਵ ਪਿੰਡ ਦੇ ਸਾਹਮਣੇ। ਉਹ ਕਲਸ਼, ਮੰਦਿਰ ਦੇ ਘੰਟੇ, ਲਾਂਚ ਦੀ ਸੀਟੀ ਤੇ ਹੋਲੀ ਨੂੰ ਯਾਦ ਆਇਆ ਕਿ ਉਸ ਕੋਲ ਤਾਂ ਟਿਕਟ ਲਈ ਵੀ ਪੈਸੇ ਨਹੀਂ।

ਉਹ ਕੁਝ ਚਿਰ ਲਈ ਲਾਂਚ ਦੇ ਇਕ ਖੂੰਜੇ ਵਿਚ ਬੌਂਦਲੀ ਜਿਹੀ ਬੈਠੀ ਰਹੀ। ਪੌਣੇ ਅੱਠ ਵਜੇ ਇਕ ਟੇਂਡਲ ਆਇਆ ਤੇ ਹੋਲੀ ਤੋਂ ਟਿਕਟ ਮੰਗਣ ਲੱਗਾ। ਟਿਕਟ ਨਾ ਮਿਲਣ 'ਤੇ ਉਹ ਚੁੱਪਚਾਪ ਉਥੋਂ ਚਲਾ ਗਿਆ। ਕੁਝ ਚਿਰ ਪਿੱਛੋਂ ਮੁਲਾਜ਼ਮਾਂ ਦੀ ਕਾਨਾਫੂਸੀ ਸੁਣਾਈ ਦੇਣ ਲੱਗੀ, ਫੇਰ ਹਨੇਰੇ ਵਿਚ ਗੁੱਝਾ-ਗੁੱਝਾ ਹੱਸਣ ਤੇ ਗੱਲਾਂ ਕਰਨ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕੋਈ ਕੋਈ ਸ਼ਬਦ ਹੋਲੀ ਦੇ ਕੰਨੀਂ ਵੀ ਪੈ ਜਾਂਦਾ, 'ਮੁਰਗੀ ਐ', 'ਟੰਗ ਦੇ', 'ਚਾਬੀਆਂ ਮੇਰੇ ਕੋਲ ਆ', 'ਪਾਣੀ ਜ਼ਿਆਦਾ ਹੋਏਗਾ।'

ਇਸ ਪਿੱਛੋਂ ਕੁਝ ਵਹਿਸ਼ੀ ਜਿਹੇ ਠਹਾਕੇ ਗੂੰਜੇ ਤੇ ਕੁਝ ਦੇਰ ਬਾਅਦ ਤਿੰਨ ਚਾਰ ਆਦਮੀ ਹੋਲੀ ਨੂੰ ਲਾਂਚ ਦੇ ਇਕ ਹਨੇਰੇ ਕੋਨੇ ਵੱਲ ਧਰੀਕਣ ਲੱਗੇ। ਉਸੇ ਵੇਲੇ ਨਹਿਰੀ ਵਿਭਾਗ ਦਾ ਇਕ ਸਿਪਾਹੀ ਲਾਂਚ ਵਿਚ ਵੜ ਆਇਆ, ਐਨ ਉਦੋਂ, ਜਦੋਂ ਦੁਨੀਆਂ ਹੋਲੀ ਦੀਆਂ ਅੱਖਾਂ ਸਾਹਮਣੇ ਧੁੰਦਲੀ ਹੁੰਦੀ ਜਾ ਰਹੀ ਸੀ, ਹੋਲੀ ਨੂੰ ਉਮੀਦ ਦੀ ਇਕ ਕਿਰਨ ਦਿਸੀ। ਉਹ ਸਿਪਾਹੀ ਸਾਰੰਗਦੇਵ ਪਿੰਡ ਦਾ ਇਕ ਮੁੰਡਾ ਸੀ ਤੇ ਪੇਕਿਆਂ ਦੇ ਪਿੰਡ ਦਾ ਹੋਣ ਕਰਕੇ ਭਰਾ ਸੀ। ਛੇ ਸਾਲ ਪਹਿਲਾਂ ਉਹ ਬੜੀਆਂ ਉਮੀਦਾਂ ਨਾਲ ਪਿੰਡੋਂ ਬਾਹਰ ਗਿਆ ਸੀ ਤੇ ਸਾਬਰਮਤੀ ਲੰਘ ਕੇ ਕਿਸੇ ਅਣਜਾਣੇ ਦੇਸ਼ ਵਿਚ ਚਲਾ ਗਿਆ ਸੀ। ਕਦੀ ਕਦੀ ਮੁਸੀਬਤ ਸਮੇਂ ਆਦਮੀ ਦੀ ਅਕਲ ਕੰਮ ਕਰ ਜਾਂਦੀ ਹੈ। ਹੋਲੀ ਨੇ ਸਿਪਾਹੀ ਨੂੰ ਆਵਾਜ਼ ਤੋਂ ਹੀ ਪਛਾਣ ਲਿਆ ਤੇ ਕੁਝ ਹੌਸਲੇ ਨਾਲ ਬੋਲੀ, "ਕੱਥੂ ਰਾਮ।"

ਕੱਥੂ ਰਾਮ ਨੇ ਵੀ ਸੀਤਲ ਦੀ ਕੁੜੀ ਦੀ ਆਵਾਜ਼ ਪਛਾਣ ਲਈ। ਬਚਪਨ ਵਿਚ ਉਹ ਉਸ ਨਾਲ ਖੇਡਦਾ ਹੁੰਦਾ ਸੀ। ਕੱਥੂ ਰਾਮ ਬੋਲਿਆ, "ਹੋਲੇ।"

ਹੋਲੀ ਭਰੜਾਈ ਆਵਾਜ਼ ਵਿਚ ਬੋਲੀ, "ਕੱਥੂ ਭਰਾ...ਮੈਨੂੰ ਸਾਰੰਗਦੇਵ ਪਿੰਡ ਪਹੁੰਚਾ ਦੇਹ।"

ਕੱਥੂ ਰਾਮ ਨੇੜੇ ਆਇਆ। ਇਕ ਟੇਂਡਲ ਨੂੰ ਘੂਰਦਿਆਂ ਬੋਲਿਆ, "ਸਾਰੰਗਦੇਵ ਜਾਣਾ ਈਂ ਸੁਣਿਆਂ।" ਤੇ ਫੇਰ ਸਾਹਮਣੇ ਖੜ੍ਹੇ ਆਦਮੀ ਵੱਲ ਭੌਂ ਕੇ ਬੋਲਿਆ, "ਤੂੰ ਇਸ ਨੂੰ ਇੱਥੇ ਕਿਉਂ ਲਿਆਂਦਾ ਏ ਬਈ?"

ਟੇਂਡਲ ਜਿਹੜਾ ਸਭ ਤੋਂ ਨੇੜੇ ਖੜ੍ਹਾ ਸੀ, ਬੋਲਿਆ, "ਵਿਚਾਰੀ ਕੋਈ ਦੁੱਖਾਂਮਾਰੀ ਲੱਗਦੀ ਏ। ਇਸ ਕੋਲ ਟਿਕਟ ਦੇ ਪੈਸੇ ਵੀ ਨਹੀਂ ਸੀ। ਅਸੀਂ ਸੋਚ ਰਹੇ ਸੀ, ਅਸੀਂ ਇਸ ਦੀ ਕੀ ਮਦਦ ਕਰ ਸਕਦੇ ਹਾਂ ਜੀ?"

ਕੱਥੂ ਰਾਮ ਨੇ ਹੋਲੀ ਨੂੰ ਨਾਲ ਲਿਆ ਤੇ ਲਾਂਚ ਤੋਂ ਹੇਠਾਂ ਉਤਰ ਆਇਆ। ਡਾਕ 'ਤੇ ਪੈਰ ਧਰਦਿਆਂ ਬੋਲਿਆ, "ਹੋਲੇ, ਕੀ ਤੂੰ ਅਸਾੜੀ ਤੋਂ ਭੱਜ ਆਈ ਏਂ?"

*(ਬਾਕੀ ਅਗਲੇ ਸਫੇ 'ਤੇ)*


# ਜੀਵਨ ਦਾਨ ਕਿਸੇ ਦਾ, ਸ਼ੁਕਰਾਨਾ ਕਿਸੇ ਹੋਰ ਦਾ!

**ਦੁੱਖ ਪਰਦੇਸਾਂ ਦੇ**

*ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਸੇ ਨੂੰ ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਵਿਚ ਉਨ੍ਹਾਂ ਸਾਡੇ ਲੋਕਾਂ ਦੇ ਵਹਿਮਾਂ-ਭਰਮਾਂ ਵਿਚ ਫਸੇ ਹੋਣ ਦੀ ਗੱਲ ਕੀਤੀ ਹੈ, ਜੋ ਕਦੀ ਫਰੇਬੀ, ਧੋਖੇਬਾਜ਼ ਜੋਤਸ਼ੀਆਂ ਦੇ ਚੱਕਰ 'ਚ ਫਸ ਜਾਂਦੇ ਹਨ, ਰਾਹੂ ਕੇਤੂਆਂ ਦੇ ਇਲਾਜ ਕਰਨ ਲੱਗ ਪੈਂਦੇ ਹਨ ਜਾਂ ਧਾਗੇ-ਤਵੀਤਾਂ ਟੂਣੇ-ਟਾਮਣਿਆਂ 'ਚ ਖੁੱਬੇ, ਗੋਤੇ ਖਾਂਦੇ ਪੈਸਾ ਰੋੜ੍ਹੀ ਜਾਂਦੇ ਹਨ, ਪਰ ਬਿਮਾਰ ਦੇ ਬਚ ਜਾਣ 'ਤੇ ਉਨ੍ਹਾਂ ਡਾਕਟਰਾਂ ਦਾ ਧੰਨਵਾਦ ਨਹੀਂ ਕਰਦੇ ਜਿਨ੍ਹਾਂ ਨੇ ਮਰੀਜ ਨੂੰ ਬਚਾਇਆ ਹੁੰਦਾ ਹੈ। ਉਹ ਕਹਿੰਦੇ ਹਨ ਕਿ ਪਾਠ ਪੂਜਾ ਤੇ ਹੋਰ ਵਹਿਮਾਂ-ਭਰਮਾਂ 'ਤੇ ਖਰਚਣ ਦੀ ਥਾਂ ਇਹ ਪੈਸਾ ਉਨ੍ਹਾਂ ਨੂੰ ਹਸਪਤਾਲਾਂ ਨੂੰ ਦਾਨ ਕਰਨਾ ਚਾਹੀਦਾ ਹੈ। -ਸੰਪਾਦਕ*

ਜਦੋਂ ਹਾਈਟੈਕ ਪੜ੍ਹੇ-ਲਿਖੇ ਭਰਮਾਂ 'ਚ ਫਸੇ ਹੋਣ ਤਾਂ ਸੋਚ ਗਿਲੇ ਸ਼ਿਕਵਿਆਂ ਨਾਲ ਝੁੰਜਲਾ ਉਠਦੀ ਹੈ। ਡਾਕਟਰੀ ਚਮਤਕਾਰ ਸਦਕਾ ਸਿਹਤਯਾਬ ਹੋਏ ਇੱਕ ਬਹੁਤ ਹੀ ਨਜ਼ਦੀਕੀ ਹਾਈਟੈਕ ਪੜ੍ਹੇ-ਲਿਖੇ ਅਜ਼ੀਜ਼ ਨੇ ਜਦੋਂ ਸ਼ੁਕਰਾਨਾ ਪਾਠ ਕਰਵਾਇਆ ਤਾਂ ਮੈਨੂੰ ਵੀ ਸੱਦਾ ਦਿੱਤਾ। ਰੂਹ ਤੜਪ ਉਠੀ। ਉਏ ਭਲਿਓ ਲੋਕੋ! ਥੋੜ੍ਹਾ ਸੋਚੋ, ਜ਼ਰਾ ਗੌਰ ਤਾਂ ਕਰੋ! ਜਦ ਤੁਸੀਂ ਜ਼ਿੰਦਗੀ ਤੇ ਮੌਤ ਵਿਚਾਲੇ ਲਟਕ ਰਹੇ ਸੀ, ਉਦੋਂ ਕਿਉਂ ਨਾ ਪਾਠ ਕਰਵਾਏ? ਉਦੋਂ ਕਿਉਂ ਨਾ ਉਸ ਦੇ ਰਹਿਮੋ-ਕਰਮ 'ਤੇ ਰਹੇ? ਉਦੋਂ ਕਿਉਂ ਹਸਪਤਾਲਾਂ ਵੱਲ ਭੱਜੇ?

ਡਰੇ ਅੰਧਵਿਸ਼ਵਾਸੀ, ਕਰਮਕਾਂਡੀ ਮੇਰੇ ਵੀਰ ਤੇ ਭੈਣਾਂ ਡਾਕਟਰੀ ਇਲਾਜਾਂ ਦੇ ਨਾਲ ਨਾਲ ਸ਼ਾਇਦ ਅਰਦਾਸਾਂ ਵੀ ਕਰਦੇ ਰਹੇ ਹੋਣਗੇ। ਹਰ ਪੂਜਾ ਅਸਥਾਨ ਅੱਗੇ ਨਤਮਸਤਕ ਹੁੰਦੇ ਰਹੇ ਹੋਣਗੇ। ਸ਼ਾਇਦ ਲੁਕਵੇਂ ਤੌਰ 'ਤੇ ਧਾਗੇ ਤਵੀਤ ਵੀ



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਕਰਵਾਏ ਹੋਣਗੇ। ਸੋਚਦੇ ਹੋਣਗੇ, ਜਾਨ ਬਚ ਜਾਏ, ਭਾਵੇਂ ਕਿਸੇ ਦੀ ਰਹਿਮਤ ਹੋ ਜਾਏ। ਉਹ ਇੰਨੇ ਡਰ ਗਏ ਹੁੰਦੇ ਹਨ ਕਿ ਡਾਕਟਰੀ ਇਲਾਜ ਦੇ ਨਾਲ ਹਰ ਪਾਸੇ ਭਟਕਦੇ ਫਿਰਦੇ ਹਨ। ਜੋ ਵੀ ਕੋਈ ਦੱਸਦਾ ਹੈ, ਜਿਵੇਂ ਵੀ ਕਰਨ ਨੂੰ ਕਹਿੰਦਾ ਹੈ, ਓਵੇਂ ਹੀ ਕਰੀ ਜਾਂਦੇ ਹਨ। ਹੁਣ ਜਦੋਂ ਡਾਕਟਰ ਰੱਬ ਬਣ ਬਹੁੜੇ ਹਨ, ਆਪ ਵੀ ਮੰਨਦੇ ਹਨ, ਪਰ ਹਸਪਤਾਲ ਤਾਂ ਭੁੱਲ ਗਏ ਨੇ, ਅਤੇ ਤੁਰ ਪਏ ਨੇ ਸ਼ੁਕਰਾਨੇ ਦੇ ਰਸਮੀ ਪੂਜਾ ਪਾਠਾਂ ਵੱਲ!

ਗੰਭੀਰਤਾ ਨਾਲ ਜ਼ਰਾ ਸੋਚੋ ਤਾਂ ਸਹੀ। ਜੇ ਤੁਹਾਡਾ ਪੂਜਨੀਕ, ਸਤਿਕਾਰਯੋਗ 'ਰਾਖਾ ਸਭਨੀਂ ਥਾਈਂ" ਹੈਗਾ ਸੀ, ਤਾਂ ਤੁਹਾਨੂੰ ਉਸ ਨੇ ਬਿਮਾਰ ਹੀ ਕਿਉਂ ਕੀਤਾ? ਤੁਹਾਨੂੰ ਉਸ ਨੇ ਜਾਨਲੇਵਾ ਰੋਗ ਲੱਗਣ ਹੀ ਕਿਉਂ ਦਿੱਤਾ? ਤੁਸੀਂ ਤਾਂ ਉਦੋਂ ਵੀ ਉਸ ਦੀ ਬਾਕਾਇਦਾ ਅਰਾਧਨਾ ਕਰਦੇ ਹੁੰਦੇ ਸੀ। ਹਰ ਰੋਜ਼ ਉਸ ਅੱਗੇ ਨਤਮਸਤਕ ਹੁੰਦੇ ਸੀ। ਭਲਾ ਨਾਸਤਕਾਂ ਨੂੰ ਤਾਂ ਕੋਈ ਰੋਗ ਲੱਗ ਜਾਣ, ਪਰ ਤੁਹਾਨੂੰ ਕਿਉਂ ਲੱਗਣ! ਉਹ ਤੁਹਾਡਾ ਸੀ, ਤੁਸੀਂ ਉਹਦੇ ਸੀ। ਤੁਸੀਂ ਤਾਂ ਉਸ ਦੇ ਅੰਨੇ ਉਪਾਸ਼ਕ, ਸੇਵਕ ਸੀ, ਉਸ ਦੇ ਸ਼ਰਧਾਲੂ ਸੀ। ਫਿਰ ਤੁਹਾਨੂੰ ਕਿਉਂ ਇਹ ਬਿਪਤਾ ਪਾਈ? ਮੁਸੀਬਤ 'ਚ ਕਿਉਂ ਝੋਕਿਆ?

ਸਿਖਰ ਦਾ ਸਵਾਲ ਹੈ: ਰੋਗ ਕਿਉਂ ਲੱਗਦੇ ਹਨ? ਜਾਂ ਬੰਦਾ ਰੋਗੀ ਕਿਵੇਂ ਬਣਦਾ ਹੈ? ਇਹ ਹਰ ਕਿਸੇ ਨੂੰ ਲੱਗ ਸਕਦੇ ਹਨ, ਭਾਵੇਂ ਹੋਵੇ ਕੋਈ ਆਸਤਕ ਤੇ ਭਾਵੇਂ ਕੋਈ ਨਾਸਤਕ। ਸਰੀਰ ਦੀ ਹਰ ਅਹੁਰ ਦੇ ਕੁਝ ਕਾਰਨ ਹੁੰਦੇ ਹਨ। ਵਿਗਿਆਨੀ ਉਨ੍ਹਾਂ ਦੀ ਖੋਜ ਕਰ ਚੁਕੇ ਹਨ ਅਤੇ ਅੱਗੇ ਹੋਰ ਖੋਜਾਂ ਚੱਲ ਰਹੀਆਂ ਹਨ। ਬੱਸ ਇੰਨਾ ਸਮਝ ਲਵੋ, ਨਹੀਂ ਤਾਂ ਐਵੇਂ ਭਟਕਦੇ ਰਹੋਂਗੇ। ਡਰਪੋਕ ਨਾ ਬਣੋ! ਦਲੇਰ ਬਣੋ! 'ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ।'

ਮੇਰੇ ਉਸ ਅਜੀਜ਼ ਦੀ ਜ਼ਿੰਦਗੀ 'ਚ ਇੱਕ ਸਮਾਂ ਆ ਗਿਆ ਸੀ, ਜਦੋਂ ਜੇ ਦੋ ਪਲ ਹੋਰ ਉਹਦੇ ਦਿਲ ਦੀ ਹਰਕਤ ਮੁੜ ਚਾਲੂ ਨਾ ਹੁੰਦੀ ਤਾਂ ਕਹਾਣੀ ਮੁੱਕ ਜਾਂਦੀ। ਦਿਲੀ ਕਾਮਨਾ ਹੈ, ਅਜਿਹੀ ਸਥਿਤੀ ਕਿਸੇ ਦੁਸ਼ਮਣ 'ਤੇ ਵੀ ਨਾ ਆਵੇ। ਮਾਫ ਕਰਨਾ, ਜੇ ਇਹ ਸ਼ਬਦ ਬੁਰੇ ਲੱਗਣ, ਪਰ ਹੈਨ ਇਹ ਠੋਸ ਸੱਚ। ਡਾਕਟਰਾਂ ਦੀ ਸੰਕਟੀ ਟੀਮ ਤੁਰੰਤ ਹਰਕਤ 'ਚ ਆਈ। ਆਕਸੀਜਨ ਲੱਗੀ, ਦਿਲ ਨੂੰ ਥਪਥਪਾਇਆ, ਕ੍ਰਿਆਸ਼ੀਲ ਕੀਤਾ ਤੇ ਬਣਾਵਟੀ ਸਾਹ ਦਿੱਤਾ। ਤਕਨੀਕੀ ਯੰਤਰਾਂ ਨਾਲ ਕੁਝ ਸਮੇਂ 'ਚ ਹੀ ਉਹਦੀ ਨਬਜ਼ ਚੱਲਣ ਲਾ ਦਿੱਤੀ। ਇਸ ਤਰ੍ਹਾਂ ਇੱਕ ਵਾਰੀ ਨਹੀਂ, ਦੋ-ਤਿੰਨ ਵਾਰੀ ਇਹ ਭਾਣਾ ਵਰਤਿਆ। ਤੁਰੰਤ ਮਦਦ ਮਿਲਦੀ ਰਹੀ। ਜੀਵਨ ਨਬਜ਼ ਬੰਦ ਹੁੰਦੀ ਹੁੰਦੀ ਚੱਲਦੀ ਕੀਤੀ ਜਾਂਦੀ ਰਹੀ, ਕਿਉਂਕਿ ਇੰਡੀਕੇਟਰ ਯੰਤਰਾਂ 'ਤੇ ਨਰਸ ਦੀ ਨਿਗਾਹ ਸੀ। ਫਿਰ ਰੱਬ ਡਾਕਟਰ ਹੋਇਆ ਕਿ ਇਹ ਕਾਲਪਨਿਕ ਸ਼ਕਤੀਆਂ? ਜਿਨ੍ਹਾਂ ਨੂੰ ਹਾਲੀ ਤੱਕ ਕਿਸੇ ਮਨੁੱਖ ਨੇ ਵੇਖਿਆ ਤੱਕ ਨਹੀਂ, ਅਤੇ ਨਾ ਹੀ ਕੋਈ ਵੇਖ ਸਕੇਗਾ, ਕਿਉਂਕਿ ਹੋਣ ਤਾਂ ਦਿੱਸਣ।

ਸਾਡੇ ਵਡੇਰੇ ਵੀ ਗੱਲਾਂ ਕਰਦੇ ਹੁੰਦੇ ਸੀ, ਜੇ ਕਿਤੇ ਹੈ ਤਾਂ ਆਪਣੇ ਨੇਕ ਮਿਹਨਤੀ ਗਰੀਬ ਭਗਤਾਂ 'ਤੇ ਤਾਂ ਤਰਸ ਕਰੇ, ਜੋ ਹਰ ਰੋਜ਼ ਆਪਣੇ ਘਰਾਂ 'ਚ ਉਨ੍ਹਾਂ ਦੀਆਂ ਮੂਰਤੀਆਂ ਨੂੰ ਪੂਜਦੇ, ਧੂਫਾਂ ਦਿੰਦੇ ਤੇ ਭੋਗ ਵੀ ਲਵਾਉਂਦੇ ਹਨ, ਉਹ ਜੋ ਪਸੂਆਂ ਤੋਂ ਬਦਤਰ ਜ਼ਿੰਦਗੀ ਜੀਅ ਰਹੇ ਹਨ। ਇਹ ਕਿਹੋ ਜਿਹਾ ਦਿਆਲੂ ਸਰਬਸ਼ਕਤੀਮਾਨ ਹੈ! ਮਿਹਰਾਂ ਦੇ ਗੱਫੇ ਅਮੀਰਾਂ 'ਤੇ ਹੀ ਕਿਉਂ ਸੁੱਟਦਾ ਤੁਰਿਆ ਜਾ ਰਿਹੈ? ਉਹ, ਜੋ ਗਰੀਬ ਬੱਚਿਆਂ ਦੇ ਮੂੰਹੋਂ ਖੋਹੀ ਰੋਟੀ ਦੇ ਚੜ੍ਹਾਵਿਆਂ ਨਾਲ ਵੀ ਨਹੀਂ ਪਸੀਜਦਾ। ਉਹ ਕਿਹੋ ਜਿਹੀ ਅਕਾਲ ਮੂਰਤ ਹੈ, ਜੋ ਚੜ੍ਹਾਵਿਆਂ 'ਤੇ ਹੀ ਤੁੱਠੀ ਫਿਰੇ! ਅਜਿਹੇ ਬੇਰਹਿਮ, ਬੇਨਿਆਜ਼ ਰੱਬ ਨੂੰ ਮੈਂ ਨਹੀਂ ਮੰਨਦਾ!

ਸਿਹਤਯਾਬ ਹੋਣ ਪਿੱਛੋਂ ਸਾਖਸ਼ਾਤ ਜੀਵਨ ਦਾਤਿਆਂ ਡਾਕਟਰਾਂ ਨੂੰ ਭੁੱਲ ਕੇ ਅਸੀਂ ਸਰਬ ਸ਼ਕਤੀਮਾਨ ਰੱਬ, ਪਰਮਾਤਮਾ, ਵਾਹਿਗੁਰੂ, ਅੱਲ੍ਹਾ, ਰਾਮ, ਰਹੀਮ ਦੀ ਮਿਹਰ ਦਾ ਨਾਮ ਜਪਣ ਲੱਗ ਪੈਂਦੇ ਹਾਂ। ਇਹ ਕਿੱਧਰ ਦਾ ਨਿਆਂ ਹੈ? ਜਾਨ ਬਚੀ ਦਾ ਸ਼ੁਕਰਾਨਾ ਹਸਪਤਾਲਾਂ ਦਾ ਕਰਨਾ ਚਾਹੀਦਾ ਹੈ, ਵਿਗਿਆਨੀਆਂ, ਡਾਕਟਰਾਂ ਤੇ ਨਰਸਾਂ ਦਾ ਕਰਨਾ ਬਣਦਾ ਹੈ। ਆਓ ਲੋਕੋ! ਕੋਈ ਹੱਕ ਸੱਚ ਦਾ ਰਸਤਾ ਫੜ੍ਹੀਏ! ਕੋਈ ਨਿਆਂ ਕਰੀਏ। ਮੇਰੇ ਭੋਲਿਓ ਵੀਰੋ! ਭਰਮਾਂ, ਵਹਿਮਾਂ 'ਚੋਂ ਨਿਕਲੋ। ਚਾਨਣ ਦੇ ਬੀਜ ਬੀਜੋ, ਸਵੱਛ ਵਿਗਿਆਨਕ ਰਾਹਾਂ 'ਤੇ ਚੱਲੋ। ਆਪਣੇ ਉਨ੍ਹਾਂ ਲੋਕਾਂ ਦੀ ਅਗਵਾਈ ਕਰੋ, ਜਿਨ੍ਹਾਂ ਤੁਹਾਨੂੰ ਪੜ੍ਹੇ-ਗੁੜ੍ਹੇ ਸਮਝ ਤੁਹਾਡੇ ਕੋਲੋਂ ਜੀਵਨ ਜਾਚ ਸਿੱਖਣੀ ਹੈ।

ਅੱਜ ਬਹੁਗਿਣਤੀ ਸਮਝਦਾਰ ਲੋਕ ਡਾਕਟਰਾਂ ਨੂੰ ਜੀਵਨ ਦਾਤਾ ਮੰਨਣ ਲੱਗ ਪਏ ਹਨ। ਉਹ ਕੋਈ ਤਰਫਦਾਰੀ ਨਹੀਂ ਕਰਦੇ, ਅਟੱਲ ਸੱਚ ਨੂੰ ਪ੍ਰਵਾਨ ਕਰ ਰਹੇ ਹਨ। ਇਸ ਵਿਚ ਉਨ੍ਹਾਂ ਦੀ ਸਿਆਣਪ ਤੇ ਦਾਨਸ਼ਮੰਦੀ ਟਪਕਦੀ ਹੈ। ਮੇਰਾ ਇੱਕ ਬਹੁਤ ਸੁਹਿਰਦ ਦੋਸਤ ਹਰ ਰੋਜ਼ ਕਿਸੇ ਮਹਾਨ ਦਾਰਸ਼ਨਿਕ ਦੀ ਇੱਕ ਟੂਕ ਭੇਜਦਾ ਹੈ, ਜੋ ਕਿਸੇ ਮਹਾਨ ਸੱਚ ਵੱਲ ਧਿਆਨ ਦਿਵਾਉਂਦੀ ਹੈ। ਅੱਜ ਜਿੱਥੇ ਉਨ੍ਹੇ ਇਸ ਸਮਾਗਮ ਦੀ ਜਾਣਕਾਰੀ ਦਿੱਤੀ, ਉਥੇ ਇਹ ਟੂਕ ਵੀ ਭੇਜੀ, 'ਦਾਨਸ਼ਮੰਦੀ ਦੀ ਇੱਕ ਵਿਸ਼ੇਸ਼ਤਾ: ਕਦੀ ਵੀ ਨਿਰਾਸ਼ਾਮਈ, ਭਰਮੀ, ਵਹਿਮੀ ਕਾਰਜ ਨਾ ਕਰੋ।' (ਥੋਰੋ)

ਸੁਣਨਾ ਔਖਾ ਹੋ ਜਾਂਦਾ ਹੈ, ਜਦੋਂ ਉਸੇ ਹੀ ਸਮਾਗਮ 'ਚ ਜੁੜੀ ਸੰਗਤ ਕਹਿੰਦੀ ਹੋਵੇ, 'ਉਹਦੀ ਵਧੀ ਹੋਈ ਸੀ, ਬਚ ਗਿਆ', 'ਉਸ ਨੇ ਹੱਥ ਦੇ



ਕੇ ਰੱਖ ਲਿਆ', 'ਉਸ ਦੀ ਮਿਹਰ ਬਿਨਾ ਕੁਝ ਨਹੀਂ ਵਾਪਰਦਾ', 'ਉਹ ਹੀ ਜੀਵਨ ਦਾਤਾ ਹੈ' ਆਦਿ। ਦੋਸਤੋ! ਦੁਰਘਟਨਾਵਾਂ ਵਾਪਰਦੀਆਂ ਹਨ। ਉਨ੍ਹਾਂ 'ਚ ਕੋਈ ਨਾ ਕੋਈ ਮਨੁੱਖੀ ਗਲਤੀ ਜ਼ਰੂਰ ਹੁੰਦੀ ਹੈ। ਬਿਨਾ ਕਾਰਨ ਕੁਝ ਨਹੀਂ ਵਾਪਰਦਾ। ਨਾ ਵਾਪਰਿਆ ਹੈ, ਨਾ ਕਦੀ ਵਾਪਰੇਗਾ। ਜਦੋਂ ਦੀ ਹੋਸ਼ ਸੰਭਾਲੀ ਹੈ, ਉਪਰਲੀਆਂ ਘਸੀਆਂ-ਪਿਟੀਆਂ ਗੱਲਾਂ ਸੁਣਦਾ ਆ ਰਿਹਾ ਹਾਂ। ਭੋਲੇ ਲੋਕ ਕਦੀ ਦਸਵੇਂ ਪਾਤਸ਼ਾਹ ਦਾ ਬਾਜ ਗੁਰਦੁਆਰੇ ਦੀ ਪਾਲਕੀ 'ਤੇ ਬੈਠੇ ਦੀ ਗੱਲ ਕਰਨ ਲੱਗ ਜਾਂਦੇ ਹਨ, ਕਦੀ ਸਟੋਵ ਦੇਵਤਾ ਬਣ ਤੁਰਨ ਲੱਗ ਪੈਂਦਾ ਹੈ, ਕਦੀ ਗਣੇਸ਼ ਜੀ ਦੁੱਧ ਪੀਣ ਲੱਗ ਪੈਂਦਾ ਹੈ, ਕਦੀ ਬੱਚਾ ਖੰਭ ਨਾਲ ਹੀ ਦੀਰਘ ਰੋਗੀਆਂ ਨੂੰ ਸਿਹਤਯਾਬੀ ਕਰਨ ਲਾ ਦਿੰਦਾ ਹੈ, ਅਤੇ ਅਨੇਕਾਂ ਹੋਰ ਕਿੱਸੇ ਕਹਾਣੀਆਂ ਚੱਲ ਪੈਂਦੀਆਂ ਹਨ। ਪਰ ਥੋੜ੍ਹੇ ਚਿਰ ਬਾਅਦ ਉਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਰਹਿੰਦਾ।

ਇਹ ਵਰਤਾਰੇ ਮੇਰੇ ਜ਼ਿਹਨ ਵਿਚ ਸਵਾਲਾਂ ਦਾ ਇੱਕ ਵੱਡਾ ਘੋਲ ਵਿੱਢ ਦਿੰਦੇ ਹਨ। ਬੜਾ ਬੇਚੈਨ ਹੋ ਜਾਂਦਾ ਹਾਂ। ਇਹ ਲੋਕ ਏਦਾਂ ਕਿਉਂ ਕਰਦੇ ਹਨ? ਉਹ ਕੌਣ ਹੈ? ਜਿਸ ਨੂੰ ਕਦੀ ਕਿਸੇ ਨੇ ਵੇਖਿਆ ਹੀ ਨਹੀਂ। ਰਹਿੰਦੀ ਕਸਰ ਸਾਡੇ ਧਾਰਮਿਕ ਕੀਰਤਨੀਏ ਤੇ ਕਥਾਕਾਰ ਅਰਥਾਂ ਦੇ ਅਨਰਥ ਕਰਦੇ ਇਨ੍ਹਾਂ ਬਾਰੇ ਹੋਰ ਮਿਥਿਹਾਸਕ ਸਾਖੀਆਂ ਸੁਣਾ ਪੱਕਾ ਕਰਦੇ ਰਹਿੰਦੇ ਹਨ। ਲੋਕਾਂ ਨੂੰ ਭਾਵੁਕ ਕਰ ਮਾਇਆ ਇਕੱਠੀ ਕਰਨ ਦੇ ਰਾਹੇ ਪਏ ਹੋਏ ਹਨ ਅਤੇ ਅੱਗੋਂ ਲਈ ਵੀ ਇਸ ਤਰ੍ਹਾਂ ਹੀ ਕਰਦੇ ਰਹਿਣ ਦੇ ਬਾਨਣੂੰ ਬੰਨ੍ਹੀ ਜਾ ਰਹੇ ਹਨ। ਸੰਗਤ ਨੂੰ 'ਸ਼ਬਦ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ' ਨਾਲ ਨਹੀਂ ਜੋੜਦੇ। ਗੁਰ ਸ਼ਬਦ ਤੋਂ ਟੁੱਟੇ ਲੋਕ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਕਿਸੇ ਗੈਬੀ ਸ਼ਕਤੀ ਦਾ ਨਾਮ ਲੈ ਚੁੱਪ ਰਹਿਣ, ਬਿਨਸਣ ਦੇ ਰਾਹ ਪਾਉਂਦੇ ਹਨ। ਆਪਣੇ ਆਪ ਦੇ ਦਾਨਸ਼ਮੰਦ ਹੋਣ ਦਾ ਭਰਮ ਭਾਲਦੇ ਹਨ। ਸੌਖਾ ਰਸਤਾ। ਸ਼ਬਦਾਂ ਨੂੰ ਕੋਈ ਵਾਚਦਾ ਨਹੀਂ, ਰਸਮਵਾਦ, ਪੂਜਾਵਾਦ ਦੀ ਪ੍ਰਧਾਨਗੀ ਵਧੀ ਜਾ ਰਹੀ ਹੈ।

ਡੂੰਘਾਈ 'ਚ ਸੋਚ ਚਲੀ ਜਾਂਦੀ ਹੈ। ਇਨ੍ਹਾਂ ਵਰਤਾਰਿਆਂ ਦੀ ਜੜ੍ਹ ਅਗਿਆਨ, ਦਲੇਰੀ ਦੀ ਘਾਟ, ਡਰ ਤੇ ਬੇਵਿਸ਼ਵਾਸੀ ਹੈ। ਇਸ ਵਿਚੋਂ ਨਿਕਲਣ ਲਈ ਮਿਹਨਤ ਕਰਨੀ ਪੈਂਦੀ ਹੈ। ਅਸੀਂ ਪੜ੍ਹਨ, ਗੁੜ੍ਹਨ ਤੋਂ ਭੱਜਦੇ ਹਾਂ। ਬੱਸ ਰਟੇ-ਰਟਾਏ ਸ਼ਬਦ: ਉਹਦਾ ਹਾਲੀ ਦਾਣਾ ਪਾਣੀ ਹੈਗਾ ਸੀ, ਜਿਸ ਨੂੰ ਰੱਖੇ ਸਾਈਆਂ ਉਹਨੂੰ ਮਾਰ ਨਾ ਸਕੇ ਕੋਈ, ਦੀ ਕਾਂਵਾਂ ਰੌਲੀ 'ਚ ਜਿਸ ਨੇ ਬਚਾਇਆ ਹੁੰਦੈ, ਉਸ ਮਹਾਨ ਡਾਕਟਰ ਨੂੰ ਕੋਈ ਯਾਦ ਨਹੀਂ ਕਰਦਾ, ਜਿਸ ਦੀ ਮਿਹਨਤ, ਸੂਝ, ਤਕਨੀਕ ਤੇ ਗਿਆਨ-ਵਿਗਿਆਨ ਸਦਕਾ ਮੁੜ ਜੀਵਨ ਮਿਲਿਆ ਹੈ।

ਕਮਜ਼ੋਰਾਂ ਦੇ ਮਨ 'ਚ ਡਰ ਤੇ ਬੇਵਿਸ਼ਵਾਸੀ ਓੜਕਾਂ ਦੀ ਹੁੰਦੀ ਹੈ। ਉਨ੍ਹਾਂ ਨੂੰ ਤਾਂ ਆਪਣੇ ਅਕੀਦੇ 'ਤੇ, ਨਾ ਹੀ ਆਪਣੇ ਧਰਮ ਗ੍ਰੰਥ (ਗੁਰੂਆਂ ਦੀ ਬਾਣੀ) 'ਤੇ ਵਿਸ਼ਵਾਸ ਹੁੰਦਾ ਹੈ। ਉਹ ਹਰ ਪਾਸੇ ਭਟਕਦੇ ਫਿਰਦੇ ਹਨ। ਕਦੀ ਫਰੇਬੀ, ਧੋਖੇਬਾਜ਼ ਜੋਤਸ਼ੀਆਂ ਦੇ ਚੱਕਰ 'ਚ ਫਸ ਜਾਂਦੇ ਹਨ, ਰਾਹੂ ਕੇਤੂਆਂ ਦੇ ਇਲਾਜ ਕਰਨ ਲੱਗ ਪੈਂਦੇ ਹਨ ਜਾਂ ਧਾਗੇ-ਤਵੀਤਾਂ ਟੂਣੇ-ਟਾਮਣਿਆਂ 'ਚ ਖੁੱਬੇ, ਗੋਤੇ ਖਾਂਦੇ ਪੈਸਾ ਰੋੜ੍ਹੀ ਜਾਂਦੇ ਹਨ। ਇਹ ਪੈਸਾ ਉਨ੍ਹਾਂ ਨੂੰ ਹਸਪਤਾਲਾਂ ਨੂੰ ਦਾਨ ਕਰਨਾ ਚਾਹੀਦਾ ਹੈ। ਸਮਾਜਕ, ਆਰਥਕ ਤੇ ਵਿਦਿਅਕ ਸੰਸਥਾਵਾਂ, ਜੋ ਮਨੁੱਖ ਦੀ ਆਰਥਕ ਤੇ ਸਮਾਜਕ ਮੁਕਤੀ ਦੇ ਚਾਨਣ ਮੁਨਾਰੇ ਹਨ, ਜੀਵਨਦਾਤਾ ਹਨ, ਨੂੰ ਦੇਣਾ ਚਾਹੀਦਾ ਹੈ ਜਾਂ ਲੋਕਾਂ ਦੇ ਭਲੇ ਲਈ ਸਰਗਰਮ ਜਥੇਬੰਦੀਆਂ ਨੂੰ ਦੇਣੇ ਚਾਹੀਦੇ ਹਨ-ਉਹ, ਜੋ ਗਿਆਨ, ਚਾਨਣ ਦੇ ਛੱਟੇ ਦਿੰਦੀਆਂ ਹਨ। ਘਸੇ-ਪਿੱਟੇ, ਦਕੀਆਨੂਸੀ, ਰੂੜੀਵਾਦੀ ਰਵਾਇਤਾਂ 'ਤੇ ਤੋਰਨ ਵਾਲੇ ਪ੍ਰਚਾਰਕਾਂ ਨੂੰ ਨਹੀਂ ਦੇਣੇ ਚਾਹੀਦੇ। ਸ਼ੁਕਰਾਨੇ ਵਜੋਂ ਮਾਇਆ ਉਤੇ ਹਸਪਤਾਲਾਂ ਅਤੇ ਵਿਦਿਅਕ ਸੰਸਥਾਵਾਂ ਦਾ ਹੱਕ ਬਣਦਾ ਹੈ। ਉਹ ਹੀ ਇਸ ਦੀਆਂ ਸਹੀ ਹੱਕਦਾਰ ਹੁੰਦੀਆਂ ਹਨ।

ਜ਼ਰਾ ਸੋਚੋ! ਹਸਪਤਾਲਾਂ ਵਿਚ ਇੰਤਜ਼ਾਰ ਸਮੇਂ ਕਿਉਂ ਲੰਬੇ ਹਨ? ਕਿਉਂਕਿ ਇਨ੍ਹਾਂ ਸੰਸਥਾਵਾਂ ਕੋਲ ਫੰਡ ਨਹੀਂ ਹਨ, ਪਰ ਅਸੀਂ ਸਰਕਾਰਾਂ ਨੂੰ ਕੋਸਦੇ ਹਾਂ। ਕਦੀ ਸੋਚਦੇ ਨਹੀਂ ਕਿ ਇਸ ਵੇਲੇ ਜੋ ਸਹੂਲਤਾਂ ਮਿਲ ਰਹੀਆਂ ਹਨ, ਉਹ ਦੁਨੀਆਂ ਵਿਚ ਚੋਟੀ ਦੀਆਂ ਹਨ। ਇਸ ਵਿਚ ਵੀ ਸਰਕਾਰਾਂ ਦਾ ਹੀ ਵੱਡਾ ਹਿੱਸਾ ਹੈ। ਦਾਨੀਆਂ ਦਾ ਵੀ ਹੈ, ਤੁਹਾਡੇ ਮੇਰੇ ਵਰਗਿਆਂ ਦੇ ਤਿਲ-ਫੁੱਲ ਦਾ ਵੀ ਹੈ।

ਮੈਨੂੰ ਹਸਪਤਾਲ 'ਚੋਂ ਇੱਕ ਚਿੱਠੀ ਮਿਲੀ, ਜਿਸ ਵਿਚ ਇੱਕ ਮਰੀਜ਼ ਕਹਿੰਦਾ, "ਜ਼ਿੰਦਗੀ ਦੇ ਯਥਾਰਥਾਂ ਨੇ ਮਾਪਿਆਂ ਦੇ ਤੋਲਾ ਮਾਸਾ ਦੇ ਫਰਕ ਨੇ ਹੀ ਜ਼ਿੰਦਗੀ ਨੂੰ ਤੋਲਾ ਮਾਸਾ ਬਣਾ ਧਰਿਆ ਹੋਇਐ।"

ਆਓ! ਵੱਡੇ ਜੀਵਨ ਦਾਨੀ ਬਣੀਏ! ਅਸੀਂ ਵੱਡੀਆਂ ਜਾਇਦਾਦਾਂ ਬੱਚਿਆਂ ਲਈ ਛੱਡ ਜਾਂਦੇ ਹਾਂ। ਉਨ੍ਹਾਂ ਨੂੰ ਭੁਲਾ ਦਿੰਦੇ ਹਾਂ, ਜਿਨ੍ਹਾਂ ਤੁਹਾਡੇ ਜੀਵਨ ਦੇ ਔਖੇ ਸਮੇਂ ਨੂੰ ਸੌਖਾ ਬਣਾਇਆ ਸੀ। ਸਾਡੀਆਂ ਕਮਾਈਆਂ, ਛੱਡ ਕੇ ਜਾਣ ਵਾਲੀਆਂ ਵਿਰਾਸਤਾਂ ਵਿਚ ਅਜਿਹੀਆਂ ਸੰਸਥਾਵਾਂ ਦਾ ਵੀ ਹੱਕ ਹੈ।

ਅਜੋਕੇ ਪੁੱਤਾਂ ਤੇ ਨੂੰਹਾਂ ਦੀ ਇੱਕ ਬਾਤ ਸੁਣਦੇ ਜਾਓ। ਸਸਕਾਰ ਵੇਲੇ ਪਰਿਵਾਰ ਨੂੰ ਮਾਂ ਦੇ ਨੱਕ ਦਾ ਕੋਕਾ ਯਾਦ ਆ ਜਾਂਦੈ। ਔਲਾਦ ਮਾਂ ਦੇ ਨੱਕ ਵਿਚ ਪਾਏ (ਫਸੇ) ਕੋਕੇ ਦੀ ਖਾਤਰ ਪਹਿਲਾਂ ਤਾਂ ਮਾਂ ਦਾ ਨੱਕ ਪਾੜਨ ਤੁਰ ਪਏ। ਕਿਸੇ ਨੇ ਸਮਝਾਇਆ, ਉਹਦੀ ਰਾਖ 'ਚੋਂ ਤਲਾਸ਼ ਲਿਓ। ਪਹਿਲਾਂ ਉਨ੍ਹਾਂ ਛੱਤ ਤੱਕ ਵੰਡ-ਵੰਡਾਈ ਕਰ ਲਈ ਹੋਈ ਸੀ, ਲੱਕੜਾਂ, ਸਸਕਾਰ ਦੇ ਖਰਚੇ ਵੀ ਵੰਡ ਲਏ ਗਏ ਸਨ। ਬੱਸ ਇਹ ਇੱਕ ਕੋਕਾ ਰਹਿ ਗਿਆ ਸੀ, ਨੱਕ 'ਚ ਫਸਿਆ। ਪੁੱਤ-ਨੂੰਹਾਂ 'ਰਾਖ ਦੀ ਢੇਰੀ ਦੀ ਰਾਖੀ' ਬਹਿ ਗਏ। ਰਾਖ ਫੋਲੀ, ਕੋਕਾ ਨਾ ਲੱਭਾ। ਕਿਸੇ ਕਿਹਾ, ਹੱਡੀ 'ਚ ਫਸਿਆ ਹੋਵੇਗਾ। ਹੱਡੀਆਂ (ਫੁੱਲ) ਤੋੜੇ ਗਏ, ਨਾ ਲੱਭਾ। ਹੋ ਸਕਦੈ, ਖੋਪੜੀ 'ਚ ਹੋਵੇ। ਖੋਪੜੀ ਤੋੜੀ ਗਈ, ਉਸ ਵਿਚੋਂ ਅਚਾਨਕ ਆਵਾਜ਼ ਆਈ, "ਮੇਰੇ ਅਫਸਰ ਪੁੱਤਰੋ! ਵੱਡੇ ਪੁੱਤਰੋ! ਮੈਂ ਹੁਣ ਕੀ ਕਰਾਂ? ਜੇ ਮੈਂ ਜਿਉਂਦੀ ਹੁੰਦੀ, ਆਪਣੀਆਂ ਲਾਡਲੀਆਂ ਨੂੰਹਾਂ ਨੂੰ ਇੱਕ ਇੱਕ ਕੋਕਾ ਬਣਵਾ ਦਿੰਦੀ। ਹੁਣ ਮੈਂ ਕੀ ਕਰਾਂ, ਮੈਂ ਤਾਂ ਰਾਖ 'ਚੋਂ ਪੈਦਾ ਹੋਈ ਤੇ ਆਖਰ ਰਾਖ 'ਚ ਹੀ ਮਿਲ ਗਈ ਆਂ...।"

ਅਚਾਨਕ ਹਵਾ ਦਾ ਇੱਕ ਵੱਡਾ ਬੁੱਲਾ ਆਇਆ ਅਤੇ ਮਾਂ 'ਰੱਖੋ' ਦੀ ਰਾਖ ਅੱਧ ਅਸਮਾਨੇ ਲੈ ਗਿਆ। ਮਾਂ ਦੀ ਆਵਾਜ਼ ਦੇਰ ਤੱਕ ਰਾਖ ਦੇ ਰਖਵਾਲਿਆਂ ਦੇ ਕੰਨਾਂ 'ਚ ਗੂੰਜਦੀ ਰਹੀ!

###

# ਗ੍ਰਹਿਣ

*(ਪਿਛਲੇ ਸਫੇ ਦੀ ਬਾਕੀ)*

"ਹਾਂ।"

"ਇਹ ਸ਼ਰੀਫਜ਼ਾਦੀਆਂ ਦਾ ਕੰਮ ਏਂ? ਤੇ ਜੇ ਮੈਂ ਕਾਇਸਥਾਂ ਨੂੰ ਖਬਰ ਕਰ ਦਿਆਂ ਫੇਰ?"

ਹੋਲੀ ਡਰ ਨਾਲ ਕੰਬਣ ਲੱਗ ਪਈ। ਉਹ ਨਾ ਤਾਂ ਨਵਾਬਜਾਦੀ ਸੀ ਤੇ ਨਾ ਸ਼ਰੀਫਜਾਦੀ। ਇਸ ਜਗ੍ਹਾ 'ਤੇ ਅਜਿਹੀ ਹਾਲਤ ਵਿਚ ਉਹ ਕੱਥੂ ਰਾਮ ਨੂੰ ਕੁਝ ਕਹਿ ਵੀ ਤਾਂ ਨਹੀਂ ਸੀ ਸਕਦੀ। ਉਹ ਆਪਣੀ ਕਮਜ਼ੋਰੀ ਨੂੰ ਮਹਿਸੂਸ ਕਰਦੀ ਚੁੱਪਚਾਪ ਸਮੁੰਦਰ ਦੀਆਂ ਲਹਿਰਾਂ ਦੇ ਜਵਾਰ ਭਾਟੇ ਦੀਆਂ ਆਵਾਜ਼ਾਂ ਸੁਣਨ ਲੱਗੀ। ਫੇਰ ਉਸ ਦੇ ਸਾਹਮਣੇ ਲਾਂਚ ਦੇ ਰੱਸੇ ਢਿੱਲੇ ਕੀਤੇ ਗਏ। ਇਕ ਨਿੱਕੀ ਜਿਹੀ ਵਿਸਲ ਵੱਜੀ ਤੇ ਹੌਲੀ ਹੌਲੀ ਸਾਰੰਗਦੇਵ ਪਿੰਡ ਹੋਲੀ ਦੀਆਂ ਅੱਖਾਂ ਤੋਂ ਓਹਲੇ ਹੋ ਗਿਆ। ਉਸ ਇਕ ਵਾਰੀ ਪਿੱਛੇ ਭੌਂ ਕੇ ਦੇਖਿਆ। ਲਾਂਚ ਦੀ ਹਲਕੀ ਜਿਹੀ ਰੌਸ਼ਨੀ ਵਿਚ ਝੱਗ ਦੀ ਇਕ ਲੰਮੀ ਲਕੀਰ ਲਾਂਚ ਦਾ ਪਿੱਛਾ ਕਰਦੀ ਦਿਸੀ ਉਸ ਨੂੰ।

ਕੱਥੂ ਰਾਮ ਬੋਲਿਆ, "ਡਰ ਨਾ ਹੋਲੇ, ਮੈਂ ਤੇਰੀ ਹਰ ਮਦਦ ਕਰਾਂਗਾ। ਇੱਥੋਂ ਕੁਛ ਦੂਰ ਕਿਸ਼ਤੀ ਚੱਲਦੀ ਏ। ਪਹੁ-ਫੁਟਾਲੇ ਚੱਲਾਂਗੇ। ਇੰਜ ਘਬਰਾ ਨਾ। ਰਾਤੀਂ ਸਰਾਂ ਵਿਚ ਆਰਾਮ ਕਰ ਲੈ।"

ਕੱਥੂ ਰਾਮ ਹੋਲੀ ਨੂੰ ਸਰਾਂ ਵਿਚ ਲੈ ਗਿਆ। ਸਰਾਂ ਦਾ ਮਾਲਕ ਬੜੀ ਹੈਰਾਨੀ ਨਾਲ ਕੱਥੂ ਰਾਮ ਤੇ ਉਸ ਦੀ ਸਾਥਣ ਨੂੰ ਦੇਖ ਰਿਹਾ ਸੀ। ਆਖਰ ਜਦੋਂ ਉਸ ਤੋਂ ਰਿਹਾ ਨਾ ਗਿਆ ਤਾਂ ਉਸ ਨੇ ਕੱਥੂ ਰਾਮ ਨੂੰ ਹੌਲੀ ਜਿਹੀ ਪੁੱਛਿਆ, "ਇਹ ਕੌਣ ਏਂ?"

ਕੱਥੂ ਰਾਮ ਨੇ ਧੀਮੀ ਆਵਾਜ਼ ਵਿਚ ਹੀ ਜਵਾਬ ਦਿਤਾ, "ਮੇਰੀ ਪਤਨੀ ਏਂ।"

ਹੋਲੀ ਦੀਆਂ ਅੱਖਾਂ ਪਥਰਾਉਣ ਲੱਗੀਆਂ। ਇਕ ਵਾਰੀ ਉਸ ਨੇ ਆਪਣੇ ਪੇਟ ਨੂੰ ਟੋਹਿਆ ਤੇ ਕੰਧ ਦਾ ਸਹਾਰਾ ਲੈ ਕੇ ਬੈਠ ਗਈ।

ਕੱਥੂ ਰਾਮ ਨੇ ਸਰਾਂ ਵਿਚ ਇਕ ਕਮਰਾ ਕਿਰਾਏ ਉਤੇ ਲਿਆ। ਹੋਲੀ ਨੇ ਡਰਦੇ ਡਰਦੇ ਉਸ ਕਮਰੇ ਵਿਚ ਪੈਰ ਧਰਿਆ। ਕੁਝ ਚਿਰ ਮਗਰੋਂ ਕੱਥੂ ਰਾਮ ਅੰਦਰ ਆਇਆ ਤਾਂ ਉਸ ਦੇ ਮੂੰਹ ਵਿਚੋਂ ਸ਼ਰਾਬ ਦੀ ਬੋ ਆ ਰਹੀ ਸੀ।

ਸਮੁੰਦਰ ਦੀ ਇਕ ਬੜੀ ਭਾਰੀ ਛੱਲ ਆਈ-ਸਾਰੇ ਫੁੱਲ, ਪਤਾਸੇ, ਅੰਬ ਦੇ ਪੱਤਿਆਂ ਤੇ ਟਾਹਣੀਆਂ, ਗਜਰੇ ਤੇ ਬਲਦਾ ਮੁਸ਼ਕ-ਕਪੂਰ ਨਾਲ ਵਹਾ ਕੇ ਲੈ ਗਈ। ਉਨ੍ਹਾਂ ਦੇ ਨਾਲ ਹੀ ਬੰਦੇ ਦੇ ਮਹਾਂਪਾਪ ਵੀ ਲੈ ਗਈ-ਦੂਰ, ਬਹੁਤ ਦੂਰ, ਇਕ ਅਗਿਆਤ, ਅਮੁੱਕ ਤੇ ਅਥਾਹ ਡੂੰਘੇ ਸਮੁੰਦਰ ਵਿਚ, ਜਿੱਥੇ ਹਨੇਰਾ ਹੀ ਹਨੇਰਾ ਸੀ। ਫੇਰ ਸੰਖ ਵੱਜਣ ਲੱਗੇ। ਉਸੇ ਵੇਲੇ ਸਰਾਂ ਵਿਚੋਂ ਕੋਈ ਔਰਤ ਨਿਕਲ ਕੇ ਭੱਜੀ-ਤੇਜ਼, ਡਿੱਗਦੀ, ਉਠਦੀ ਤੇ ਫੇਰ ਭੱਜ ਪੈਂਦੀ; ਢਿੱਡ ਫੜ੍ਹ ਕੇ ਬੈਠ ਜਾਂਦੀ, ਹੌਂਕਦੀ ਤੇ ਫੇਰ ਦੌੜਨ ਲੱਗਦੀ। ਉਸ ਸਮੇਂ ਅਸਮਾਨ ਵਿਚ ਪੂਰਾ ਚੰਦ ਨਿਕਲ ਆਇਆ ਸੀ, ਰਾਹੂ ਤੇ ਕੇਤੂ ਨੇ ਜੀਅ ਭਰ ਕੇ ਕਰਜਾ ਵਸੂਲ ਕੀਤਾ ਸੀ...ਦੋ ਧੁੰਦਲੇ ਜਿਹੇ ਪਰਛਾਵੇਂ ਉਸ ਔਰਤ ਨੂੰ ਲੱਭਣ ਲਈ ਹੈਰਾਨ ਪ੍ਰੇਸ਼ਾਨ ਇਧਰ ਉਧਰ ਦੌੜ ਰਹੇ ਸਨ, ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ ਤੇ ਦੂਰ, ਅਸਾੜੀ ਵੱਲੋਂ ਧੀਮੀਆਂ ਧੀਮੀਆਂ ਆਵਾਜ਼ਾਂ ਆ ਰਹੀਆਂ ਸਨ, "ਦਾਨ ਦਾ ਵੇਲਾ ਏ। ਛੱਡ ਦਿਓ...ਛੱਡ ਦਿਓ...ਛੱਡ ਦਿਓ

ਹਰਫੂਲ ਬੰਦਰ ਵੱਲੋਂ ਆਵਾਜ਼ ਆਈ, "ਫੜ੍ਹ ਲਓ...ਫੜ੍ਹ ਲਓ...ਫੜ੍ਹ ਲਓ।"

"ਛੱਡ ਦਿਓ...ਛੱਡ ਦਿਓ...ਦਾਨ ਦਾ ਵੇਲਾ ਏ।"

"ਫੜ੍ਹ ਲਓ...!", "ਛੱਡ ਦਿਓ...!"

## ਲਤੀਫਾ

ਇਕ ਇੰਟਰਵਿਊ ਦੌਰਾਨ ਇਕ ਹੁਸ਼ਿਆਰ ਮੁੰਡਾ ਸਾਰੇ ਸਵਾਲਾਂ ਦੇ ਜਵਾਬ ਬਿਲਕੁਲ ਠੀਕ ਦੇਈ ਗਿਆ। ਇੰਟਰਵਿਊ ਲੈਣ ਵਾਲਿਆਂ ਵਿਚੋਂ ਇਕ ਨੇ ਕਿਹਾ, "ਇਕ ਆਖਰੀ ਸਵਾਲ, ਫਰਜ਼ ਕਰ ਕਿ ਤੂੰ ਇਕੱਲਾ ਜੰਗਲ ਵਿਚ ਹੋਵੇਂ, ਤੇਰੇ ਕੋਲ ਕੋਈ ਹਥਿਆਰ ਨਹੀਂ, ਨਾ ਹੀ ਨੇੜੇ ਕੋਈ ਦਰਖਤ ਹੈ, ਉਤੋਂ ਸ਼ੇਰ ਆ ਜਾਵੇ ਤਾਂ ਤੂੰ ਕੀ ਕਰੇਂਗਾ?"

"ਐਸੀ ਹਾਲਤ ਵਿਚ ਤਾਂ ਜੋ ਕਰਨਾ ਹੈ ਸ਼ੇਰ ਹੀ ਕਰੇਗਾ, ਮੈਂ ਕੁਝ ਕਰ ਹੀ ਨਹੀਂ ਸਕਣਾ।" ਮੁੰਡੇ ਦਾ ਜਵਾਬ ਸੀ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਮਿਹਰਬਾਨ ਮਾਂ-ਮਿੱਟੀ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਨੁੱਖੀ ਸ਼ਖਸੀਅਤ ਸ਼ਾਇਸਤਗੀ ਦੀ ਗੱਲ ਕਰਦਿਆਂ ਕਿਹਾ ਸੀ, "ਸ਼ਾਇਸਤਗੀ, ਕਦੇ ਨਹੀਂ ਜ਼ਰਖਰੀਦ, ਮਾਨਸਿਕ ਗੁਲਾਮੀ ਤੋਂ ਆਜ਼ਾਦ ਸ਼ਬਦੀ ਉਪਮਾ ਤੋਂ ਉਪਰ, ਬੋਲਾਂ ਦੀ ਮੁਥਾਜ਼ੀ ਤੋਂ ਨਿਰਲੇਪ ਅਤੇ ਹਰਫ-ਦਾਇਰਿਆਂ ਤੋਂ ਬਾਹਰ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਿੱਟੀ ਦੀ ਗੱਲ ਕਰਦਿਆਂ ਕਿਹਾ ਹੈ ਕਿ ਬੰਦਾ ਮਿੱਟੀ ਵਿਚੋਂ ਜੰਮਦਾ ਹੈ ਤੇ ਮਿੱਟੀ ਵਿਚ ਹੀ ਸਮਾ ਜਾਂਦਾ ਹੈ। "ਮਿੱਟੀ ਨਾ ਫਰੋਲ ਜੋਗੀਆ ਨਹੀਂਉਂ ਲੱਭਣੇ ਲਾਲ ਗਵਾਚੇ ਦੀ ਗੂੰਜ ਜਦ ਮਨ-ਮੰਦਿਰ ਵਿਚ ਸਿਸਕਣ ਲੱਗ ਪਵੇ ਤਾਂ ਸਾਹ-ਸਾਰੰਗੀ ਵੀ ਸਿਸਕੀਆਂ ਲੈਣ ਲੱਗ ਪੈਂਦੀ ਏ।" ਡਾ. ਭੰਡਾਲ ਦਾ ਰੁਦਨ ਹੈ ਕਿ ਮਿੱਟੀ ਜਦ ਬੰਬਾਂ ਦੇ ਧੂੰਏਂ ਵਿਚ ਸਾਹ ਲੈਣ ਤੋਂ ਆਤੁਰ ਹੋ ਜਾਵੇ। ਰਸਾਇਣਕ ਹਥਿਆਰਾਂ ਕਾਰਨ ਨੈਣਾਂ ਦੀ ਜੋਤ ਗਵਾਵੇ। ਖੂਨ ਵਿਚ ਰੰਗੀ ਦਿੱਖ ਦਾ ਭੁਲੇਖਾ ਬਣ ਜਾਵੇ। ਜਦ ਅਨਾਥ ਹੋਏ ਬੱਚਿਆਂ, ਲਾਚਾਰ ਵਿਧਵਾਵਾਂ ਅਤੇ ਅਪੰਗ ਮਨੁੱਖਾਂ ਦੀ ਹੋਣੀ ਨੂੰ ਦੀਦਿਆਂ ਵਿਚ ਬਿਠਾਵੇ ਤਾਂ ਉਸ ਦੀ ਬੇਚੈਨੀ ਅਤੇ ਉਦਾਸੀਨਤਾ ਦੇ ਕੋਈ ਵੀ ਹਰਫ/ਬੋਲ ਮੇਚ ਨਾ ਆਵੇ। -ਸੰਪਾਦਕ*

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮਿੱਟੀ, ਮਾਂ ਵਰਗੀ ਜ਼ਹਿਨੀਅਤ ਦਾ ਮਾਣ, ਸੁਲੱਖਣੀ ਕੁੱਖ, ਜੀਵਨ ਮੁਹਾਂਦਰਾ ਸਿਰਜਣਹਾਰ ਮੁੱਖ ਅਤੇ ਆਪਣੇ ਆਪ 'ਚ ਸਮਾਉਂਦੀ ਸਮੂਹ ਦੁੱਖ। ਮਿੱਟੀ, ਜਿਉਂਦਿਆਂ ਪੈਰਾਂ ਲਈ ਸੁਖਨ ਅਤੇ ਮਰਨ ਤੋਂ ਬਾਅਦ ਮਨੁੱਖ ਦਾ ਸਦੀਵੀ ਕਫਨ।

ਮਿੱਟੀ, ਜੀਵ ਦਾ ਜੀਵਨ-ਆਧਾਰ, ਲੋੜ-ਪੂਰਤੀ ਦਾ ਸੰਸਾਰ ਅਤੇ ਉਨ੍ਹਾਂ ਲਈ ਰਹਿਮਤਾਂ ਭਰਿਆ ਪਰਵਰਦਗਾਰ।

ਮਿੱਟੀ ਕਣ ਕਣ ਹੋ ਕੇ ਜੁੜਦੀ ਤਾਂ ਮਿੱਟੀ ਦੀਆਂ ਮੂਰਤਾਂ ਵੱਖ-ਵੱਖ ਆਕਾਰ ਧਾਰਦੀਆਂ, ਕਲਾਮਈ ਹੱਥਾਂ ਦੇ ਸਦਕੇ ਜਾਂਦੀਆਂ ਅਤੇ ਬੋਲਦੀਆਂ ਕਲਾ-ਕਿਰਤਾਂ ਹਰੇਕ ਮਸਤਕ-ਸੋਚ ਨੂੰ ਸਹਿਲਾਉਂਦੀਆਂ।

ਮਿੱਟੀ ਦੀਆਂ ਮੂਰਤਾਂ ਜਦ ਅਹਿਸਾਸ ਵਿਹੂਣੀ ਤਕਦੀਰ ਦਾ ਪਹਿਲਾ ਪੰਨਾ ਬਣਦੀਆਂ ਤਾਂ ਇਸ ਨੂੰ ਨਿਹਾਰਨ ਵਾਲਿਆਂ ਦੇ ਮਨਾਂ ਵਿਚ ਜਗਦੇ ਚਿਰਾਗ ਬੁੱਝ ਜਾਂਦੇ ਅਤੇ ਉਨ੍ਹਾਂ ਦੇ ਮਨ ਮਿੱਟੀ ਦੀਆਂ ਮੂਰਤਾਂ ਤੋਂ ਉਚਾਟ ਹੋ, ਖੁਦ ਹੀ ਮਿੱਟੀ ਸੰਗ ਮਿੱਟੀ ਹੋਣ ਨੂੰ ਅਹੁਲਦੇ।

ਮਿੱਟੀ, ਮਮਤਾ ਸੰਗ ਲਬਰੇਜ਼, ਮੋਹਵੰਤੀ ਸੂਰਤ ਤੇ ਸੀਰਤ ਦਾ ਸੰਗਮ ਬਣ ਜਦ ਸੋਚ-ਦਹਿਲੀਜ਼ 'ਤੇ ਸੁੱਚਾ ਪਾਣੀ ਡੋਲ੍ਹਦੀ ਤਾਂ ਮਨ ਵਿਚ ਮਿੱਟੀ ਬਣਨ ਦਾ ਚਾਅ ਉਮਡਦਾ। ਇਸ ਚਾਅ ਵਿਚੋਂ ਹੀ ਸੁਹੰਢਣੇ ਅਤੇ ਸਾਰਥਕ ਕਿਰਦਾਰਾਂ ਦੀ ਸਿਰਜਣਾ ਹੁੰਦੀ ਜੋ ਮਨੁੱਖੀ ਵਿਰਾਸਤ ਦਾ ਮਾਣਮੱਤਾ ਸਿਰਨਾਵਾਂ ਬਣਦੇ।

ਮਿੱਟੀ, ਰਾਹਾਂ ਦੀ ਧੁੱਧਲ ਬਣ, ਵਾਗੀ ਦੇ ਮੱਥੇ 'ਤੇ ਚਿਪਕਦੀ ਤਾਂ ਇਕ ਸਕੂਨ ਤੇ ਫਕੀਰਾਨਾ ਤਰਬੀਅਤ ਵੱਗ ਚਾਰਨ ਵਾਲੇ ਦੇ ਨਾਮ ਹੁੰਦੀ। ਜਦ ਇਹ ਹੱਲ ਵਾਹੁੰਦੇ ਹਾਲੀ ਜਾਂ ਸੁਹਾਗੇ ਦੀ ਕੰਨੀਂ ਫੜ੍ਹ ਕੇ ਹੂਟੇ ਲੈਂਦੇ ਨਿੱਕੇ ਜਿਹੇ ਜੁਆਕ ਨੂੰ ਆਪਣੇ ਰੰਗ ਵਿਚ ਰੰਗਦੀ ਤਾਂ ਬੱਚੇ ਦੇ ਮੁੱਖ 'ਤੇ ਖਿੜੀ ਦੁਪਹਿਰ ਅਤੇ ਉਸ ਦੀ ਸੁਪਨ-ਉਡਾਣ ਨੂੰ ਮਿਲੀ ਪਰਵਾਜ਼ ਦਾ ਅਹਿਸਾਸ ਉਹੀ ਕਰ ਸਕਦਾ ਜਿਸ ਨੇ ਬਚਪਨੇ ਵਿਚ ਬਾਪ ਦੀਆਂ ਲੱਤਾਂ 'ਚ ਬੈਠ ਕੇ ਸੁਹਾਗੇ ਦੇ ਹੂਟੇ ਮਾਣੇ ਹੋਣ।

*ਮਿੱਟੀ ਦਾ ਕਾਹਦਾ ਮਾਣ ਵੇ ਬੀਬਾ, ਜਿਸ ਨੇ ਮਿੱਟੀ ਹੋਣਾ।*
*ਮਿੱਟੀ ਪਹਿਨਣ, ਖਾਣਾ, ਪੀਣਾ ਅਤੇ ਪਿੰਡੇ ਮਿੱਟੀ ਢੋਣਾ।*
*ਮਿੱਟੀ ਦੇ ਸੰਗ ਮੋਹ ਕਰਦਿਆਂ, ਜੀਵਨ ਚੱਕੀ ਝੋਣਾ।*
*ਮਿੱਟੀ ਨੂੰ ਗਲ ਨਾਲ ਲਾ ਕੇ, ਦਿਲ ਦਾ ਦਰਦ ਸੁਣਾਉਣਾ।*
*ਮਿੱਟੀ ਵਿਚੋਂ ਮਿੱਟੀ ਦੇਖਣੀ ਅਤੇ ਮਿੱਟੀ ਦਾ ਰੁਤਬਾ ਪਾਉਣਾ।*
*ਮਿੱਟੀ ਸਾਡਾ ਹਸਤੀ-ਹਉਕਾ ਤੇ ਮਿੱਟੀ ਸੰਗ ਬਹਿ ਕੇ ਰੋਣਾ।*
*ਮਿੱਟੀ ਨੂੰ ਮਿੱਟੀ ਕਹਿ ਕੇ, ਦੱਸ ਕੀ ਖੋਹਣਾ ਕੀ ਪਾਉਣਾ।*
*ਮਿੱਟੀ ਨਿੱਘੀ ਬੁੱਕਲ ਵਰਗੀ, ਮਿੱਟੀ ਦਾ ਸਾਥ ਲੰਮੇਰਾ।*
*ਮਿੱਟੀ ਦੀ ਸੋਚ 'ਚ ਕਦੇ ਨਾ ਆਵੇ, ਇਹ ਤੇਰਾ ਜਾਂ ਮੇਰਾ।*
*ਮਿੱਟੀ ਕਬਰ ਅਤੇ ਮਿੱਟੀ ਸਿਵਾ ਏ, ਮਿੱਟੀ ਨਾਮ-ਨਿਸ਼ਾਨ।*
*ਆਖਰ ਮਿੱਟੀ ਗੱਲ ਨਾਲ ਲਾਵੇ, ਮਿੱਟੀ ਬਣਦੀ ਮਾਣ।*

ਮਿੱਟੀ ਦਾ ਮੋਹ ਸਭ ਤੋਂ ਉਤਮ। ਇਸ ਮੋਹ ਕਾਰਨ ਹੀ ਜਿਮੀਂਦਾਰ ਖੁਦ ਨਾਲੋਂ ਜਮੀਨ ਨੂੰ ਜ਼ਿਆਦਾ ਪਿਆਰ ਕਰਦਾ ਅਤੇ ਮਿੱਟੀ ਨਾਲ ਮਿੱਟੀ ਹੋਣ ਲਈ ਸਾਝਰੇ ਖੇਤ ਵਿਚ ਪੈਰ ਧਰਨ ਲੱਗਿਆਂ ਮਿੱਟੀ ਨੂੰ ਨਮਸਕਾਰਦਾ।

ਮਿੱਟੀ ਸਾਡਾ ਵਿਰਸਾ। ਜੜ੍ਹਾਂ ਦੀ ਇਬਾਦਤ। ਬਜ਼ੁਰਗਾਂ ਦੇ ਪੈਰ-ਛੋਹ ਦੀ ਨਿੱਘੀ ਯਾਦ, ਪੁਰਖਿਆਂ ਦਾ ਬੀਤਿਆ ਇਤਿਹਾਸ ਅਤੇ ਨਵੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਨਾਲ ਸੰਗਤਾ ਨਿਭਾਉਣ ਦੀ ਭਾਵੀ-ਪਿਆਸ। ਇਹ ਮਿੱਟੀ ਦਾ ਮੋਹ ਹੀ ਹੁੰਦਾ ਕਿ ਪੁਰਖਿਆਂ ਦੇ ਦੇਸ਼ 'ਚੋਂ ਲਿਆਂਦੀ ਮਿੱਟੀ ਅਕੀਦਤਯੋਗ ਹੁੰਦੀ, ਮਾਂ-ਬਾਪ ਦੇ ਸਿਵੇ ਦੀ ਰਾਖ ਵਾਰ ਵਾਰ ਮੱਥੇ ਲਾਉਣ ਨੂੰ ਜੀਅ ਕਰਦਾ ਅਤੇ ਵਿਦੇਸ਼ੀਂ ਵੱਸਦੇ ਪਿਆਰਿਆਂ ਦੀ ਮਰਨ-ਮਿੱਟੀ ਵੀ ਆਪਣੇ ਦੇਸ਼ ਦੇ ਪਾਣੀਆਂ ਵਿਚ ਜਲਪ੍ਰਵਾਹ ਕੀਤੀ ਜਾਂਦੀ। ਆਪਣੀ ਮਿੱਟੀ ਨਾਲ ਜੁੜੇ ਹੋਣ ਦਾ ਅਹਿਸਾਸ ਅਤੇ ਇਸ ਦੀ ਸ਼ੁਕਰਗੁਜ਼ਾਰੀ ਨੂੰ ਰੂਹ ਵਿਚ ਸਮਾਉਣ ਵਾਲੇ ਹੀ ਵਿਰਸੇ ਦੇ ਸੱਚੇ ਸੁੱਚੇ ਵਾਰਸ ਹੁੰਦੇ।

ਮਿੱਟੀ ਹੈ ਤਾਂ ਹੱਦਾਂ-ਸਰਹੱਦਾਂ ਨੇ, ਜਮੀਨਾਂ 'ਤੇ ਦਆਵੇਦਾਰੀਆਂ, ਰਾਜ਼ੀਨਾਮੇ ਅਤੇ ਉਸਰਦੀਆਂ ਕੰਧਾਂ, ਪੈਂਦੀਆਂ ਵੱਟਾਂ, ਮਮਟੀਆਂ ਦੀ ਉਸਾਰੀ ਅਤੇ ਬਜ਼ੁਰਗਾਂ ਦੀਆਂ ਕਬਰਾਂ ਹਨ। ਮਿੱਟੀ ਹੈ ਤਾਂ ਕੱਸੀਆਂ, ਕਿਆਰੀਆਂ, ਬੰਨੇ, ਪਗਡੰਡੀਆਂ, ਪਹੇ ਅਤੇ ਪਹੀਆਂ ਹਨ। ਰਾਹਾਂ, ਪੈੜਾਂ ਅਤੇ ਦਿਸਹੱਦਿਆਂ ਦੀ ਨਿਸ਼ਾਨਦੇਹੀ ਲਈ ਮਿੱਟੀ ਦਾ ਹੋਣਾ ਅਤਿ ਜ਼ਰੂਰੀ।

ਮਿੱਟੀ, ਰੰਗ-ਬਿਰੰਗੀ ਅਤੇ ਚਿੱਤਰਖੰਭੀ ਹੈ, ਇਸ ਦੀ ਕਿਸਮਤ। ਇਤਿਹਾਸ ਜੰਗਾਂ, ਜ਼ੁਲਮ, ਕਹਿਰ, ਕੁਕਰਮ ਅਤੇ ਕਮੀਨਗੀਆਂ ਕਾਰਨ ਕਿਸੇ ਥਾਂ ਦੀ ਮਿੱਟੀ ਨੂੰ ਕੁਕਰਮੀ ਕਹਿੰਦਾ; ਪੈਗੰਬਰਾਂ, ਪੀਰਾਂ, ਗੁਰੂਆਂ ਅਤੇ ਦੇਵਤਿਆਂ ਦੀ ਜਨਮ/ਛੋਹ ਪ੍ਰਾਪਤ ਭੋਂ ਨੂੰ ਪਾਕੀਜ਼ਗੀ ਦਾ ਰੁਤਬਾ ਪ੍ਰਦਾਨ ਕਰਦਾ। ਕਰਬਲਾ ਦਾ ਮੈਦਾਨ, ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ, ਮਾਛੀਵਾੜੇ ਦੇ ਜੰਗਲ ਦੀ ਮਿੱਟੀ ਨੂੰ ਹਰ ਕੋਈ ਨਤਮਸਤਕ ਹੁੰਦਾ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜੀਆਂ ਕਰਕੇ ਖਰੀਦੀ ਜਮੀਨ ਦੁਨੀਆਂ ਦੀ ਸਭ ਤੋਂ ਮਹਿੰਗੀ ਅਤੇ ਪਾਵਨ ਜਗਾ ਦਾ ਸਿਰਨਾਵਾਂ, ਜਿਸ ਨੂੰ ਸਿਜਦਾ ਕਰਦਿਆਂ ਨੈਣਾਂ ਦਾ ਨੀਰ ਬੇਮੁਹਾਰਾ ਹੋ ਜਾਂਦਾ।

ਮਿੱਟੀ ਦੀ ਵੱਖੋ ਵੱਖਰੀ ਤਾਸੀਰ। ਕੋਈ ਆਵੇ ਵਿਚ ਰੜ ਕੇ ਪਕਿਆਈ ਦਾ ਸਬੂਤ ਹੁੰਦੀ ਪਰ ਕੁਝ ਕੱਚਾ ਘੜਾ ਹੁੰਦਿਆਂ ਵੀ ਪੱਕੀ ਸੋਚ ਦਾ ਮੁਜਾਹਰਾ ਕਰਦੀ, ਝਨਾਂ ਦੇ ਪਾਣੀ ਨਾਲ ਆਢਾ ਲਾਉਂਦੀ।

ਮਿੱਟੀ, ਘੁਮਿਆਰ ਦੇ ਹੱਥਾਂ ਵਿਚ ਅਨੇਕ ਰੂਪ ਧਾਰਦੀ। ਕੋਈ ਚਿਰਾਗ ਦਾ ਰੂਪ ਧਾਰ ਕਿਸੇ ਸਮਾਧ ਜਾਂ ਮਮਟੀ ਨੂੰ ਰੌਸ਼ਨੀ ਨਾਲ ਭਰਦਾ। ਕਦੇ ਮਿੱਟੀ ਅਜਿਹੇ ਘੜੇ ਦਾ ਰੂਪ ਧਾਰਦੀ ਜੋ ਚਿੱਪਰ ਚਿੱਪਰ ਹੋ, ਮਰਨੇ ਦਾ ਸੋਗ ਮਨਾਉਣ ਜੋਗਾ ਰਹਿ ਜਾਂਦਾ। ਕੋਈ ਘੜਾ ਅੰਮ੍ਰਿਤ ਸਰੋਤ ਹੁੰਦਾ ਤੇ ਪਾਲੀ ਦੀ ਕੱਛ ਵਿਚ ਪਾਣੀ ਨਾਲ ਉਛਲਦਾ ਕੋਈ ਘੜਾ ਕੀਮੇ ਨੂੰ ਪਾਣੀ ਪਿਆਉਣ ਲਈ ਤਰਲੋਮੱਛੀ ਹੁੰਦਾ।

ਮਿੱਟੀ, ਮਿੱਟੀ ਦੇ ਪੁਤਲੇ ਤੇ ਖਿਡੌਣੇ ਜੋ ਪਲ ਭਰ ਦੇ ਪ੍ਰਾਹੁਣੇ। ਮਿੱਟੀ ਜਿਹੀ ਔਕਾਤ ਦਾ ਇਸ ਧਰਤ 'ਤੇ ਆਉਣਾ ਅਤੇ ਸਾਹ ਦੇ ਬੁਲਬੁਲੇ ਦਾ ਪਲ 'ਚ ਤੁਰ ਜਾਣਾ। ਮਿੱਟੀ, ਮਿੱਟੀ ਨਾਲ ਮੋਹ ਕਰਦੀ, ਮਿੱਟੀ 'ਚੋਂ ਮਿੱਟੀ ਜਨਮਦੀ ਅਤੇ ਮਿੱਟੀ, ਆਖਰ ਨੂੰ ਮਿੱਟੀ ਬਣ ਕੇ ਮਿੱਟੀ ਵਿਚ ਹੀ ਸਦਾ ਲਈ ਅਭੇਦ ਹੋ ਜਾਂਦੀ।

ਮਿੱਟੀ, ਚੁੱਲ੍ਹਾ-ਚੌਂਕਾ, ਓਟੇ 'ਤੇ ਪਾਈਆਂ ਮੋਰ-ਘੁੱਗੀਆਂ ਅਤੇ ਵੇਲ-ਬੂਟਿਆਂ ਦੀ ਚਿੱਤਰਕਾਰੀ ਦਾ ਰੂਪ ਧਾਰ, ਮਿੱਟੀ ਦਾ ਮਾਣ ਅਤੇ ਵਿਰਾਸਤੀ ਬਿੰਬ ਬਣਦੀ, ਜੋ ਹੁਣ ਅਲੋਪ ਹੋਣ ਕਿਨਾਰੇ।

ਮਿੱਟੀ, ਕੰਧਾਂ ਦੇ ਰੂਪ ਵਿਚ ਕਮਰਿਆਂ ਨੂੰ ਤਰਤੀਬ, ਕਮਰਿਆਂ ਵਿਚੋਂ ਘਰ ਦਾ ਉਦੈ ਹੋਣਾ ਅਤੇ ਇਨ੍ਹਾਂ ਘਰਾਂ ਵਿਚਲੇ ਘਰਾਂ ਵਾਲੇ ਇਹ ਭੁੱਲ ਹੀ ਜਾਂਦੇ ਕਿ ਮਿੱਟੀ ਨੂੰ ਹੁੰਦਾ ਮਿੱਟੀ 'ਤੇ ਮਾਣ ਕਿਉਂਕਿ ਮਿੱਟੀ ਦਾ ਮਕਾਨ ਵੀ ਪਿਆਰੀ ਜਿਹੀ ਜ਼ਿੰਦਜਾਨ।

ਮਿੱਟੀ, ਜਦ ਨੈਣਾਂ 'ਚ ਹਿੰਝ ਭਰਦੀ। ਅੰਤਰੀਵੀ ਪੀੜ ਨੂੰ ਪੌਣਾਂ ਦੇ ਨਾਮ ਕਰਦੀ, ਅੰਦਰੂਨੀ ਹਿਰਸ ਨੂੰ ਬੋਲਾਂ ਦੀ ਪਰਦਾਦਾਰੀ ਕਰਦੀ ਅਤੇ ਮਾਨਸਿਕ ਦਵੰਦ ਨੂੰ ਹਰਫਾਂ ਦੇ ਛੱਜ 'ਚ ਪਾ ਕੇ ਛੱਟਦੀ ਤਾਂ ਅਰਥੀ-ਹੂਕ ਇਕ ਵੇਦਨਾ ਫਿਜ਼ਾ ਦੇ ਨਾਮ ਕਰਦੀ।

ਮਿੱਟੀ ਦਾ ਕਾਹਦਾ ਮਾਣ ਵੇ ਬੀਬਾ, ਜਿਸ ਨੇ ਮਿੱਟੀ ਹੋਣਾ। ਮਿੱਟੀ ਪਹਿਨਣ, ਖਾਣਾ, ਪੀਣਾ ਅਤੇ ਪਿੰਡੇ ਮਿੱਟੀ ਢੋਣਾ। ਮਿੱਟੀ ਦੇ ਸੰਗ ਮੋਹ ਕਰਦਿਆਂ, ਜੀਵਨ ਚੱਕੀ ਝੋਣਾ। ਮਿੱਟੀ ਨੂੰ ਗਲ ਨਾਲ ਲਾ ਕੇ, ਦਿਲ ਦਾ ਦਰਦ ਸੁਣਾਉਣਾ। ਮਿੱਟੀ ਵਿਚੋਂ ਮਿੱਟੀ ਦੇਖਣੀ ਅਤੇ ਮਿੱਟੀ ਦਾ ਰੁਤਬਾ ਪਾਉਣਾ। ਮਿੱਟੀ ਸਾਡਾ ਹਸਤੀ-ਹਉਕਾ ਤੇ ਮਿੱਟੀ ਸੰਗ ਬਹਿ ਕੇ ਰੋਣਾ। ਮਿੱਟੀ ਨੂੰ ਮਿੱਟੀ ਕਹਿ ਕੇ, ਦੱਸ ਕੀ ਖੋਹਣਾ ਕੀ ਪਾਉਣਾ। ਮਿੱਟੀ ਨਿੱਘੀ ਬੁੱਕਲ ਵਰਗੀ, ਮਿੱਟੀ ਦਾ ਸਾਥ ਲੰਮੇਰਾ। ਮਿੱਟੀ ਦੀ ਸੋਚ 'ਚ ਕਦੇ ਨਾ ਆਵੇ, ਇਹ ਤੇਰਾ ਜਾਂ ਮੇਰਾ। ਮਿੱਟੀ ਕਬਰ ਅਤੇ ਮਿੱਟੀ ਸਿਵਾ ਏ, ਮਿੱਟੀ ਨਾਮ-ਨਿਸ਼ਾਨ। ਆਖਰ ਮਿੱਟੀ ਗੱਲ ਨਾਲ ਲਾਵੇ, ਮਿੱਟੀ ਬਣਦੀ ਮਾਣ। ਮਿੱਟੀ ਕਰਦੀ ਮੋਹ ਮਿੱਟੀ ਦਾ, ਮਿੱਟੀ ਸਗਲ-ਸਰੂਪ। ਮਿੱਟੀ ਦਾ ਮਿੱਟੀ ਸੰਗ ਰਿਸ਼ਤਾ, ਸੰਦਰ, ਸੁਘੜ, ਅਨੂਪ।

ਮਿੱਟੀ ਜਦ ਮਰਨ-ਮਿੱਟੀ ਦਾ ਲੇਪਣ ਮੱਥੇ ਚਿਪਕਾਉਂਦੀ ਤਾਂ ਸਦੀਆਂ ਦੀ ਖੁਨਾਮੀ ਅਤੇ ਕੁਤਾਹੀ ਅਜਿਹੇ ਪਲ ਦੇ ਨਾਮ ਲਾਉਂਦੀ, ਜੋ ਸਦੀਆਂ ਦੇ ਪਛਤਾਵੇ ਬਾਅਦ ਵੀ ਇਸ ਤੋਂ ਨਿਜ਼ਾਤ ਨਾ ਪਾਉਂਦੀ।

ਮਿੱਟੀ, ਕਿਸ ਨੂੰ ਆਪਣਾ ਦਰਦ ਸੁਣਾਵੇ ਜਦ ਮਿੱਟੀਹਾਰਾ ਹੀ ਇਸ ਦੀ ਕੁੱਖ ਵਿਚ ਜ਼ਹਿਰ ਮਿਲਾਵੇ, ਪਰਤ ਦਰ ਪਰਤ ਜੀਵ ਹੱਤਿਆ ਦੀ ਸਾਜਿਸ਼ ਰਚਾਵੇ, ਇਸ ਦੀ ਜੰਮਣ ਰੁੱਤ ਵਿਚ ਰੱਕੜ ਦੀ ਮਜਲਿਸ ਲਾਵੇ ਅਤੇ ਇਸ ਦੇ ਪਿੰਡੇ ਨੂੰ ਪਲਿੱਤਣਾਂ ਦਾ ਲਿਬਾਸ ਪਹਿਨਾਵੇ।

ਬੰਦੇ ਜੰਮਣ ਵਾਲੀ ਮਿੱਟੀ ਜਦ ਕੱਲਰ ਬਣ ਜਾਵੇ। ਚਾਹੀ, ਮਾਰੂਥਲ ਦੀ ਜੂਨ ਹੰਢਾਵੇ। ਵੱਤਰ ਪੈਲੀ, ਬੰਜਰ ਦਾ ਸੰਤਾਪ ਬਣ ਜਾਵੇ ਅਤੇ ਸਾਉਣ ਮਹੀਨਾ, ਸੋਕਿਆਂ ਦੀ ਝੜੀ ਮਿੱਟੀ ਨੂੰ ਲੂਹ ਜਾਵੇ ਤਾਂ ਮਿੱਟੀ ਕਿਸ ਕੋਠੇ ਚੜ੍ਹ ਆਪਣੀ ਹੋਣੀ ਦਾ ਦਰਦ ਸੁਣਾਵੇ।

ਮਿੱਟੀ ਜਦ ਬੰਬਾਂ ਦੇ ਧੂੰਏਂ ਵਿਚ ਸਾਹ ਲੈਣ ਤੋਂ ਆਤੁਰ ਹੋ ਜਾਵੇ। ਰਸਾਇਣਕ ਹਥਿਆਰਾਂ ਕਾਰਨ ਨੈਣਾਂ ਦੀ ਜੋਤ ਗਵਾਵੇ। ਖੂਨ ਵਿਚ ਰੰਗੀ ਦਿੱਖ ਦਾ ਭੁਲੇਖਾ ਬਣ ਜਾਵੇ। ਜਦ ਅਨਾਥ ਹੋਏ ਬੱਚਿਆਂ, ਲਾਚਾਰ ਵਿਧਵਾਵਾਂ ਅਤੇ ਅਪੰਗ ਮਨੁੱਖਾਂ ਦੀ ਹੋਣੀ ਨੂੰ ਦੀਦਿਆਂ ਵਿਚ ਬਿਠਾਵੇ ਤਾਂ ਉਸ ਦੀ ਬੇਚੈਨੀ ਅਤੇ ਉਦਾਸੀਨਤਾ ਦੇ ਕੋਈ ਵੀ ਹਰਫ/ਬੋਲ ਮੇਚ ਨਾ ਆਵੇ।

ਮਿੱਟੀ, ਸੱਖਣੀ ਕੁੱਖ ਦੀ ਪੀੜਾ, ਬੁੱਢੇ ਬਿਰਖ ਦੀ ਬੇਰੌਣਕੀ, ਫਸਲਾਂ 'ਤੇ ਮੰਡਰਾਉਂਦੀ ਮੌਤ ਦਾ ਸਾਇਆ ਜਾਂ ਕਿਸੇ ਪੀੜ੍ਹੀ ਦੀ ਜਵਾਨੀ ਤੇ ਮਰਦਾਨਗੀ ਦੀ ਗੁੰਮਸ਼ੁਦਗੀ ਦੀ ਹੂਕ ਬਣ ਜਾਵੇ ਤਾਂ ਮਿੱਟੀ, ਮਿੱਟੀ ਬਣਨ ਦਾ ਧਰਮ ਭਲਾ ਕਿੰਜ ਨਿਭਾਵੇ ਅਤੇ ਉਹ ਮਿੱਟੀਉਂ, ਰਾਖ ਬਣ ਜਾਵੇ।

ਮਿੱਟੀ, ਜਾਗਦੀਆਂ ਅੱਖਾਂ, ਲਏ ਸੁਪਨਿਆਂ, ਚਾਨਣੇ ਰਾਹਾਂ, ਮੰਜ਼ਲਾਂ ਦੀ ਲਿਸ਼ਕੋਰ ਅਤੇ ਤੁਰਦੇ ਪੈਰਾਂ ਦਾ ਨਾਮਕਰਨ ਬਣ ਜਾਵੇ ਤਾਂ ਮਿੱਟੀ ਆਪਣੀ ਕਰਮਯੋਗਤਾ ਦਾ ਮਾਣ ਵਧਾਵੇ ਅਤੇ ਆਪਣੀ ਤਰਕਸੰਗਤਾ ਤੇ ਸੰਜੀਦਗੀ ਨਾਲ ਸਦੀਆਂ ਦਾ ਮਾਰਗ ਰੁਸ਼ਨਾਵੇ।

ਮਿੱਟੀ ਨੂੰ ਮਿੱਟੀ ਹੀ ਰਹਿਣ ਦਿਓ। ਇਸ ਨੂੰ ਕਬਰਗਾਹ ਨਾ ਬਣਾਓ। ਇਸ ਨੂੰ ਸੰਗਮਰਮਰੀ ਮਹਿਲਾਂ ਅਤੇ ਪੱਥਰਾਂ ਦੇ ਸ਼ਹਿਰ 'ਚ ਤਬਦੀਲ ਨਾ ਕਰੋ ਕਿਉਂਕਿ ਇੱਟਾਂ ਦੀਆਂ ਬਸਤੀਆਂ ਦੇ ਬਾਸ਼ਿੰਦੇ ਪੱਥਰ ਵਰਗੀ ਸੋਚ-ਰਹਿਤਲ ਹੀ ਸਿਰਜਦੇ ਨੇ। ਮਿੱਟੀ ਦੀ ਮੁਲਾਇਮੀ ਨੂੰ ਕਠੋਰਤਾ ਦਾ ਰੂਪ ਨਾ ਦਿਓ। ਸਦੀਆਂ ਲੱਗ ਜਾਂਦੀਆਂ ਨੇ ਪੱਥਰ ਨੂੰ ਮਿੱਟੀ ਬਣਦਿਆਂ।

ਮਿੱਟੀ, ਸੰਜੀਵਤਾ ਦੀ ਮੂਰਤ। ਮਿੱਟੀ ਵਿਚੋਂ ਹੀ ਮੂਰਤਾਂ ਜਨਮਦੀਆਂ, ਮਿੱਟੀ ਵਿਚੋਂ ਮਹਾਨਤਾ ਪਨਪਦੀ ਅਤੇ ਮਿੱਟੀ ਵਿਚੋਂ ਹੀ ਪਾਕੀਜ਼ਗੀ ਦਾ ਪਹਿਰ, ਮਨੁੱਖੀ ਮਨ ਦੀ ਦਸਤਕ।

ਮਿੱਟੀ, ਮਨੁੱਖਤਾਵਾਦੀ ਦਸਤਕ ਦਿੰਦੀ ਰਹੇ ਤਾਂ ਕਿ ਮਨੁੱਖ ਨੂੰ ਮਿੱਟੀ ਹੋਣ ਦਾ ਅਹਿਸਾਸ ਰਹੇ। ਮਨੁੱਖ ਵਿਚੋਂ ਮਿੱਟੀ ਵਰਗੀ ਮਹਾਨਤਾ ਹੁੰਦਿਆਂ ਵੀ ਨਿਰਮਾਣਤਾ ਤੇ ਅਧੀਨਗੀ ਦੀ ਸੁਰ ਪੈਦਾ ਹੁੰਦੀ ਰਹੇ ਅਤੇ ਮਿੱਟੀ ਨਾਲ ਜੁੜਨ ਦੀ ਭਾਵਨਾ ਭਾਰੂ ਰਹੇ ਤਾਂ ਮਨੁੱਖ, ਮਨੁੱਖ ਬਣਿਆ, ਹੈਵਾਨੀਅਤ ਤੋਂ ਕੋਹਾਂ ਦੂਰ ਰਹੇ। ਮਿੱਟੀ ਨਾਲ ਜੁੜੇ ਮਨੁੱਖ ਹਮੇਸ਼ਾ ਮਹਾਨ। ਜਿਹੜੇ ਮਿੱਟੀ ਨੂੰ ਭੁੱਲ ਜਾਂਦੇ, ਉਹ ਬੇਘਰੇ, ਬੇਪੀਰੇ ਹੋ, ਬੇਗਾਨਗੀ ਦਾ ਬਹਿਰਾ ਬੋਲ ਬਣ, ਸਾਹਾਂ ਵਿਚ ਸਿਵੇ ਬਾਲਣ ਜੋਗੇ ਰਹਿ ਜਾਂਦੇ।

'ਮਿੱਟੀ ਨਾ ਫਰੋਲ ਜੋਗੀਆ ਨਹੀਂਉਂ ਲੱਭਣੇ ਲਾਲ ਗਵਾਚੇ' ਦੀ ਗੂੰਜ ਜਦ ਮਨ-ਮੰਦਿਰ ਵਿਚ ਸਿਸਕਣ ਲੱਗ ਪਵੇ ਤਾਂ ਸਾਹ-ਸਾਰੰਗੀ ਵੀ ਸਿਸਕੀਆਂ ਲੈਣ ਲੱਗ ਪੈਂਦੀ ਏ। 'ਮਾਟੀ ਖੁਦੀ ਕਰੇਂਦੀ ਯਾਰ' ਦੀ ਸੱਦ ਜਦ ਸਰਘੀ ਵੇਲੇ ਕਿਸੇ ਫੱਕਰ ਦੇ ਬੋਲਾਂ ਵਿਚ ਲਰਜ਼ਦੀ ਤਾਂ ਇਕ ਪਾਕੀਜ਼ਗੀ ਬੀਹੀ ਦੀ ਫਿਜ਼ਾ ਦੇ ਨਾਮ ਹੋ ਜਾਂਦੀ।

ਮਿੱਟੀ ਦੀ ਅਹਿਮੀਅਤ, ਉਹ ਜਾਣਦੇ ਜੋ ਆਪਣੀ ਮਿੱਟੀ ਤੋਂ ਪਰਵਾਸ ਕਰਕੇ, ਮਿੱਟੀ ਨੂੰ ਨਤਮਸਤਕ ਹੋਣ ਲਈ ਵਾਪਸ ਪਰਤਣਾ ਲੋਚਦੇ ਪਰ ਮਜਬੂਰੀਆਂ ਅਤੇ ਲੋੜਾਂ-ਥੁੜਾਂ ਉਨ੍ਹਾਂ ਲਈ ਜੰਜੀਰਾਂ ਬਣਦੀਆਂ। ਪਰਤਣ 'ਤੇ ਵਤਨ ਦੀ ਮਿੱਟੀ ਮੱਥੇ ਲਾਉਣ ਵਾਲੇ ਧੰਨਭਾਗ ਦਾ ਸੁੱਚਮ ਜਿਨ੍ਹਾਂ ਦੇ ਬਲਿਹਾਰੇ ਜਨਮ ਭੋਂ ਜਾਂਦੀ।



*ਬੰਦਾ ਵੀ ਤਾਂ ਮਿੱਟੀ ਦਾ ਭਾਂਡਾ ਈ ਐ ਨਾ...*

ਮਿੱਟੀ ਮਰ ਕੇ ਵੀ ਮਿੱਟੀ ਹੋਣ ਦਾ ਧਰਮ ਨਿਭਾਉਂਦੀ, ਮਨੁੱਖੀ ਮਿੱਟੀ ਨੂੰ ਗਲ ਨਾਲ ਲਾਉਂਦੀ, ਅੰਤਿਮ ਰਸਮਾਂ 'ਚ ਸ਼ਰੀਕ ਹੋ ਕਬਰ ਬਣਦੀ।

ਮਿੱਟੀ ਦੀ ਤਾਸੀਰ ਹੀ ਮਿੱਟੀ ਦੀ ਪਰਖ। ਮਿੱਟੀ ਵਿਚੋਂ ਕੀ ਉਗਿਆ ਅਤੇ ਕਿਸ ਤਰ੍ਹਾਂ ਦੀ ਪੈਦਾਵਾਰ ਹੈ, ਇਹ ਮਿੱਟੀ ਦੇ ਗੁਣ ਨਿਰਧਾਰਤ ਕਰਦੇ। ਮਿੱਟੀ ਇਕ ਸਭਿਆਚਾਰ, ਵਿਰਾਸਤ ਅਤੇ ਪਰੰਪਰਾ ਜਿਸ ਦੀ ਕੜੀ ਮਿੱਟੀ ਵਿਚੋਂ ਸ਼ੁਰੂ ਹੋ ਕੇ ਮਿੱਟੀ ਵਿਚ ਹੀ ਸਿਮਟਦੀ।

ਮਿੱਟੀ ਵਿਚਲੇ ਤੱਤ, ਮਨੁੱਖ ਲਈ ਸੰਜੀਵਨੀ। ਮਿੱਟੀ ਵਿਚ ਖੇਡ ਕੇ ਜਵਾਨ ਹੋਏ ਬੱਚੇ ਜ਼ਿਆਦਾ ਅਰੋਗ। ਮਿੱਟੀ ਵਿਚੋਂ ਮਿਹਨਤ-ਮੁਸ਼ੱਕਤ ਦਾ ਮੁੜਕਾ-ਮੋਤੀ ਪੈਦਾ ਕਰਨ ਵਾਲੇ ਮਨੁੱਖਤਾ ਦਾ ਮਾਣ। ਕਿਰਤੀ, ਮਿੱਟੀ ਦਾ ਹਾਣ ਤੇ ਸਨਮਾਨ।

ਮਾਂ-ਮਿੱਟੀ ਹੀ ਨਿਰਧਾਰਤ ਕਰਦੀ ਏ ਮਨੁੱਖੀ ਰੰਗ, ਨਕਸ਼, ਰੂਪ, ਵਿਅਕਤੀਤਵ ਅਤੇ ਸੋਚ ਵਿਚਲੀ ਤੀਖਣਤਾ, ਤਰਲਤਾ, ਤੇਜੱਸਵੀਪੁਣਾ ਅਤੇ ਤ੍ਰਿਲੋਕੀ ਸਰੂਪ।

ਮਿੱਟੀ ਕੁਦਰਤ ਦੀ ਅਜ਼ੀਮ ਨਿਆਮਤ। ਇਸ ਅਮਾਨਤ ਵਿਚ ਖਿਆਨਤ ਕਰਨ 'ਤੇ ਆਉਂਦੀ ਹੈ, ਕਿਆਮਤ। ਇਸ ਦੀਆਂ ਸੱਤਵਰਗੀ ਸੋਚਾਂ, ਸੰਭਾਵਨਾਵਾਂ, ਸੁਹਜ, ਉਪਨਾਵਾਂ ਅਤੇ ਸਾਰਥਕਤਾ ਨੂੰ ਸਮਰਪਣ, ਜੀਵਨੀ ਬੰਨੇਰਿਆਂ 'ਤੇ ਚੜ੍ਹ ਰਿਹਾ ਚੰਦਰਮਾ।

ਮਿੱਟੀ ਨਾਲ ਜੁੜੀਆਂ ਯਾਦਾਂ ਬੜੀਆਂ ਅਜੀਬ ਹੁੰਦੀਆਂ ਜੋ ਭੀੜ ਵਿਚ ਬੈਠਿਆਂ ਵੀ ਇਕੱਲਾ ਕਰ ਦਿੰਦੀਆਂ। ਰੇਤ ਦੇ ਘਰ ਬਣਾਉਣਾ, ਸੈਲਾਬੀ ਰੇਤ 'ਚੋਂ ਪਾਣੀਆਂ ਦੀਆਂ ਚੂਲਾਂ ਬਣਾ ਕੇ ਪਾਣੀ ਪੀਣਾ, ਘਰ ਘਰ ਖੇਡਣਾ ਅਤੇ ਰੇਤਲੀਆਂ ਕੰਧਾਂ ਨੂੰ ਸੁਪਨਈ ਘਰ ਦਾ ਮਰਤਬਾ ਪ੍ਰਦਾਨ ਕਰਨਾ। ਕਈ ਵਾਰ ਇਹ ਯਾਦਾਂ ਪੀੜ-ਪਰੁੱਚੇ ਪਲਾਂ ਵਿਚ ਹੰਝੂਆਂ ਦਾ ਸੈਲਾਬ ਬਣਦੀਆਂ।

ਮਾਂ-ਮਿੱਟੀ ਦੀ ਖਾਮੋਸ਼ੀ ਨੂੰ ਸਮਝਣ ਵਾਲੇ, ਇਸ ਦੀਆਂ ਰਹਿਮਤਾਂ ਦੇ ਅਨਮੋਲ ਖਜ਼ਾਨੇ ਦੇ ਤਾਬਿਆਦਾਰ ਬਣਦੇ। ਖਾਮੋਸ਼ੀ ਵਿਚ ਹਰਫਾਂ/ਅਰਥਾਂ ਅਤੇ ਬੋਲਾਂ ਦੀ ਚੁੱਪ ਹੁੰਗਾਰੇ ਭਰਦੀ।

ਮਿੱਟੀ ਵਰਗਾ ਮੀਤ ਨਾ ਕੋਈ, ਇਸ ਵਰਗੀ ਨਾ ਅਸੀਸ ਵੀ ਕੋਈ, ਇਸ ਵਰਗੀ ਮਹਿਕ ਨਾ ਕੋਈ ਅਤੇ ਨਾ ਹੀ ਇਸ ਜਿਹੀ ਟਹਿਕ ਹੀ ਕੋਈ।

ਕੇਹੀ ਰੁੱਤ ਸਾਡੇ ਦਰੀਂ ਆਈ ਕਿ ਬੰਦੇ ਨੂੰ ਮਿੱਟੀ ਭੁੱਲੀ, ਚਾਰੇ ਪਾਸੇ ਮਿੱਟੀ ਖੁੱਲ੍ਹੀ, ਮਿੱਟੀ ਉਪਰ ਮਿੱਟੀ ਡੁੱਲ੍ਹੀ ਅਤੇ ਮਿੱਟੀ ਦੇ ਸੰਗ ਮਿੱਟੀ ਰੁੱਲੀ। ਮਿੱਟੀ ਹੱਸੇ ਤੇ ਮਿੱਟੀ ਰੋਵੇ, ਮਿੱਟੀ ਖੁਦ ਨੂੰ ਹੱਥੀਂ ਕੋਹਵੇ, ਖੁਦ ਕਬਰ ਦੇ ਕੋਲ ਖਲੋਵੇ ਅਤੇ ਅੰਤ ਮਿੱਟੀ ਦਾ ਮਿੱਟੀ ਹੋਵੇ।

ਮਿੱਟੀ ਕਬਰਿਸਤਾਨ ਵੀ ਅਤੇ ਫਸਲਾਂ ਲੱਧੇ ਖੇਤ ਵੀ। ਜੰਗ ਦਾ ਮੈਦਾਨ ਵੀ ਅਤੇ ਇਬਾਦਤ ਰੂਪੀ ਅਸਥਾਨ ਵੀ। ਨਿੱਕੇ ਨਿੱਕੇ ਦਾਇਰਿਆਂ 'ਚ ਵੰਡੇਂਦੀ ਵੱਟ ਵੀ ਅਤੇ ਸਮੁੱਚਾ ਖੇਡ ਮੈਦਾਨ ਵੀ। ਮੱਥੇ ਨੂੰ ਲਾਇਆ ਤਿਲਕ ਵੀ ਅਤੇ ਪੈਰਾਂ ਨਾਲ ਉਡਾਈ ਖੇਹ ਵੀ। ਤੁਸੀਂ ਮਿੱਟੀ ਦੀ ਸੰਗਤ ਕਿਸ ਰੂਪ ਅਤੇ ਕਿਹੜੀ ਲੱਜ਼ਤ ਨਾਲ ਮਹਿਸੂਸ ਕਰਦੇ ਹੋ, ਇਹ ਤੁਹਾਡੇ ਨਿੱਜ 'ਤੇ ਨਿਰਭਰ।

ਮਨ ਦੀ ਮਿੱਟੀ ਵਿਚੋਂ ਸੰਸਕਾਰ, ਸੁਘੜ-ਸਿਆਣਪਾਂ, ਸੁਪਨੇ, ਸੁੱਚਮ, ਸੰਜੀਦਗੀ, ਸਹਿਣਸ਼ੀਲਤਾ, ਸਧਾਰਨਤਾ, ਸਹਿਜ ਤੇ ਸਕੂਨ ਜਾਂ ਸੰਕੀਰਨਤਾ, ਸੱਖਣਤਾ, ਸਨਕੀਪੁਣਾ, ਸਾਜਿਸ਼ੀ ਸੁਭਾਅ ਪੈਦਾ ਹੁੰਦੇ। ਇਹ ਮਿੱਟੀ ਦੀ ਤਾਸੀਰ 'ਤੇ ਨਿਰਭਰ।

ਮਨ-ਮਿੱਟੀ ਵਿਚ ਪਾਪ, ਕੁਕਰਮ, ਕੂੜ, ਕਪਟ, ਕੁਲਹਿਣੇ-ਕਰਮ, ਕਲਯੁਗੀ ਸੋਚ ਅਤੇ ਕਰੂਰਤਾ ਨੂੰ ਦਫਨਾ ਦੇਈਏ ਤਾਂ ਇਸ ਵਿਚੋਂ ਸੁੰਦਰਤਾ, ਸਦੀਵਤਾ ਅਤੇ ਸਹਿਜ ਭਰਪੂਰ ਸੋਚ ਦੇ ਫੁੱਲ ਟਹਿਕਣਗੇ।

ਮਨ-ਮਿੱਟੀ ਵਿਚ ਸੁਪਨਿਆਂ ਦੇ ਬੀਜ ਬੀਜੋ, ਇਹਨੂੰ ਸਮਰਪਣ ਅਤੇ ਸਖਤ ਮਿਹਨਤ ਦਾ ਪਾਣੀ ਪਾਓ। ਇਸ ਨੂੰ ਸਾਦਗੀ, ਸਦਭਾਵਨਾ ਅਤੇ ਸਹਿਯੋਗ ਦੀ ਵਾੜ ਕਰੋ, ਅਨੁਸ਼ਾਸਨ ਨਾਲ ਕਾਂਟ-ਛਾਂਟ ਕਰੋ ਤਾਂ ਮਾਨਸਿਕ ਧਰਾਤਲ 'ਤੇ ਸੁਪਨਿਆਂ ਦੀ ਸੰਪੂਰਨਤਾ ਅਤੇ ਨਵੇਂ ਦਿਸਹੱਦਿਆਂ ਦੇ ਦੀਦਾਰੇ ਹੋਣਗੇ।

# ਪੰਜਾਬੀ ਸਿਨਮਾ: 1936 ਤੋਂ 1990 ਤਕ

**ਸੁਖਵਿੰਦਰ ਕੰਦੋਲਾ**

ਪੰਜਾਬੀ ਫਿਲਮਾਂ ਦਾ ਇਤਿਹਾਸ ਭਾਰਤ ਵਿਚ ਬੋਲਦੀਆਂ ਫਿਲਮਾਂ ਦੇ ਪੰਜ ਵਰ੍ਹੇ ਤੋਂ ਬਾਅਦ ਸ਼ੁਰੂ ਹੁੰਦਾ ਹੈ। ਪਹਿਲੀ ਬੋਲਦੀ ਫਿਲਮ 'ਆਲਮਆਰਾ' 1931 ਨੂੰ ਭਾਰਤ ਵਿਚ ਰਿਲੀਜ਼ ਹੋਈ ਅਤੇ ਮਹਾਂਨਗਰ ਕਲਕੱਤਾ ਅਤੇ ਮੁੰਬਈ ਫਿਲਮਾਂ ਦੇ ਨਿਰਮਾਣ ਕੇਂਦਰ ਬਣ ਗਏ। ਇਸ ਤੋਂ ਲਗਪਗ ਪੰਜ ਵਰ੍ਹਿਆਂ ਬਾਅਦ ਪਹਿਲੀ ਪੰਜਾਬੀ ਫਿਲਮ 1936 ਵਿਚ ਕੇ.ਡੀ. ਮੇਹਰਾ ਨੇ ਬਣਾਈ ਜਿਸ ਦਾ ਨਾਮ 'ਸ਼ੀਲਾ' ਰੱਖਿਆ ਅਤੇ ਫਿਰ ਇਹ ਫਿਲਮ 'ਪਿੰਡ ਦੀ ਕੁੜੀ' ਦੇ ਨਾਮ ਨਾਲ ਚਰਚਿਤ ਹੋਈ। ਖੂਬਸੂਰਤ ਨੂਰ ਜਹਾਂ ਨੇ ਨਾਇਕਾ ਅਤੇ ਗਾਇਕਾ ਵਜੋਂ ਇਸ ਫਿਲਮ ਰਾਹੀਂ ਸ਼ੁਰੂਆਤ ਕੀਤੀ। ਇਹ ਫਿਲਮ ਕਲਕੱਤਾ ਵਿਚ ਬਣੀ ਅਤੇ ਲਾਹੌਰ 'ਚ ਪ੍ਰਦਰਸ਼ਿਤ ਹੋਈ। ਇਹ ਬਹੁਤ ਸਫਲ ਰਹੀ। ਕੇ.ਡੀ. ਮਹਿਰਾ ਨੇ ਇਸ ਦੀ ਕਾਮਯਾਬੀ ਨੂੰ ਵੇਖਦੇ ਹੋਏ ਬਿੱਲੋ ਮਹਿਰਾ ਦੇ ਸਹਿਯੋਗ ਨਾਲ ਫਿਰ 1938 ਵਿਚ ਦੂਜੀ ਫਿਲਮ 'ਹੀਰ ਸਿਆਲ' ਬਣਾਈ। ਇਸ ਵਿਚ ਨੂਰ ਜਹਾਂ ਨੇ 'ਬਾਲੋ' ਦਾ ਕਿਰਦਾਰ ਨਿਭਾਇਆ। ਇਨ੍ਹਾਂ ਫਿਲਮਾਂ ਦੇ ਨਿਰਮਾਣ ਨਾਲ ਪੰਜਾਬੀ ਬੋਲੀ ਦੀ ਫਿਲਮੀ ਮਾਰਕੀਟ ਬਣ ਗਈ ਕਿਉਂਕਿ ਬਹੁਤਾ ਪੰਜਾਬੀ ਭਾਈਚਾਰਾ ਲਾਹੌਰ ਦੇ ਇਰਦ-ਗਿਰਦ ਪੰਜਾਬ ਦੇ ਇਸੇ ਖੇਤਰ ਵਿਚ ਰਹਿੰਦਾ ਸੀ, ਇਸ ਲਈ ਇਥੇ ਸਟੂਡੀਓ ਖੁੱਲ੍ਹ ਗਏ ਅਤੇ ਬਹੁਤ ਸਾਰੇ ਨਿਰਮਾਤਾ, ਨਿਰਦੇਸ਼ਕ, ਤਕਨੀਸ਼ੀਅਨ ਅਤੇ ਅਦਾਕਾਰ ਕਲਕੱਤਾ ਅਤੇ ਮੁੰਬਈ ਤੋਂ ਲਾਹੌਰ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚੋਂ ਕੇ. ਸ਼ਾਤਾ ਆਪਟੇ, ਮੋਤੀ ਲਾਲ, ਚੰਦਰਾ ਮੋਹਨ, ਹੀਰਾ ਲਾਲ, ਨੂਰ ਜਹਾਂ ਅਤੇ ਬਲਦੇਵ ਰਾਜ ਚੋਪੜਾ ਆਦਿ ਲਾਹੌਰ ਫਿਲਮੀ ਉਦਯੋਗ ਅੰਦਰ ਖਾਸ ਪਛਾਣ ਰੱਖਦੇ ਸਨ। ਬਲਦੇਵ ਰਾਜ ਚੋਪੜਾ ਨੇ ਨਿਰਮਾਤਾ ਅਤੇ ਨਿਰਦੇਸ਼ਕ ਦੇ ਤੌਰ 'ਤੇ ਆਪਣੀ ਪਛਾਣ ਬਣਾਈ। ਲਾਹੌਰ ਵਿਚ ਉਸ ਨੇ 'ਸਿਨੇ ਹੇਰਾਲਡ' ਨਾਮ ਦੀ ਫਿਲਮੀ ਪੱਤ੍ਰਿਕਾ ਵੀ ਪ੍ਰਕਾਸ਼ਿਤ ਕੀਤੀ।




ਜਦੋਂ ਅੰਗਰੇਜ਼ਾਂ ਨੇ ਭਾਰਤ ਛੱਡਣ ਦਾ ਫੈਸਲਾ ਕੀਤਾ ਤਾਂ ਇਸ ਦੇ ਨਾਲ ਹੀ ਦੇਸ਼ ਨੂੰ ਦੋ ਹਿੱਸਿਆਂ 'ਚ ਰਾਜਨੀਤਕ ਤੌਰ 'ਤੇ ਵੰਡਣ ਦਾ ਮਨਹੂਸ ਅਹਿਦ ਵੀ ਹੋਇਆ। ਇਸ ਤਰ੍ਹਾਂ ਪੰਜਾਬ ਵੀ ਦੋ ਪੰਜਾਬੀ ਕੌਮਾਂ ਵਿਚਕਾਰ ਵੰਡਿਆ ਗਿਆ। ਜਿਸ ਤਰ੍ਹਾਂ ਸਮੁੱਚੀ ਪੰਜਾਬੀ ਕੌਮ ਇਸ ਕੁਟਲ ਰਾਜਨੀਤਕ ਸਾਜ਼ਿਸ਼ ਦਾ ਸ਼ਿਕਾਰ ਹੋਈ, ਉਸੇ ਤਰ੍ਹਾਂ ਹੀ ਪੰਜਾਬੀ ਸਿਨਮਾ ਵੀ ਅਸਰ-ਅੰਦਾਜ਼ ਹੋਇਆ। ਅਨੇਕਾਂ ਹੀ ਮੁਸਲਿਮ ਅਦਾਕਾਰ ਅਤੇ ਫਨਕਾਰ ਪਾਕਿਸਤਾਨ ਨੂੰ ਰਵਾਨਾ ਹੋ ਗਏ। ਇਸੇ ਤਰ੍ਹਾਂ ਸਿੱਖ ਅਤੇ ਹਿੰਦੂ ਅਦਾਕਾਰ ਤੇ ਫਨਕਾਰ ਮੁੰਬਈ ਨੂੰ ਹਿਜਰਤ ਕਰ ਗਏ। ਇਸ ਵੰਡ ਦੇ ਦੌਰਾਨ ਹੋਈ ਆਪਾ-ਧਾਪੀ 'ਚੋਂ ਪੰਜਾਬੀ ਸਿਨਮੇ ਨੂੰ ਮੁੜ ਸੁਰਜੀਤ ਹੋਣ ਲਈ ਤਿੰਨ ਵਰ੍ਹੇ ਲੱਗੇ। ਫਿਲਮਾਂ ਬਣਾਉਣ ਵਾਲਿਆਂ ਨੇ 1950 ਵਿਚ ਕੁਝ ਪੰਜਾਬੀ ਫਿਲਮਾਂ ਦਾ ਨਿਰਮਾਣ ਕੀਤਾ। ਇਨ੍ਹਾਂ ਵਿਚੋਂ 'ਪੋਸਤੀ', 'ਦੋ ਲੱਛੀਆਂ' ਦੇ ਨਾਮ ਗਿਣੇ ਜਾ ਸਕਦੇ ਹਨ। ਇਨ੍ਹਾਂ ਫਿਲਮਾਂ 'ਚੋਂ ਕੁਝ ਕਾਮਯਾਬ ਹੋਈਆਂ, ਪਰ ਇਨ੍ਹਾਂ ਨਾਲ ਪੰਜਾਬੀ ਸਿਨਮਾ ਇਸ ਯੋਗ ਨਹੀਂ ਹੋਇਆ ਕਿ ਉਸ ਦੀ ਸਥਾਪਤੀ ਦਾ ਮੁੱਢ ਬੰਨ੍ਹਿਆ ਜਾ ਸਕੇ।

ਇਸ ਸਭ ਦੇ ਬਾਵਜੂਦ ਵੰਡ ਤੋਂ ਪਹਿਲਾਂ ਦਾ ਹਾਸਾ-ਮਖੌਲ ਵਾਲਾ ਰੁਝਾਨ ਪੰਜਾਬੀ ਫਿਲਮਾਂ 'ਚ ਜਾਰੀ ਰਿਹਾ। ਮੁਲਖ ਰਾਜ ਭਾਖੜੀ ਨੇ ਹਾਸੇ ਠੱਠੇ ਦੇ ਮਾਹੌਲ ਵਾਲੀ ਕਾਮਯਾਬ ਫਿਲਮ 'ਭੰਗੜਾ' 1958 ਵਿਚ ਬਣਾਈ। ਇਸ ਦੇ ਸਿਤਾਰੇ ਸੁੰਦਰ ਅਤੇ ਨਿਸ਼ੀ ਸਨ। ਇਸ ਫਿਲਮ ਦਾ ਸੰਗੀਤ ਹੰਸਰਾਜ ਬਹਿਲ ਨੇ ਦਿੱਤਾ ਅਤੇ ਗੀਤ ਵਰਮਾ ਮਲਿਕ ਨੇ ਲਿਖੇ। ਇਨ੍ਹਾਂ ਨੂੰ ਅਵਾਜ਼ ਨਾਲ ਮੁਹੰਮਦ ਰਫੀ ਅਤੇ ਸ਼ਮਸ਼ਾਦ ਬੇਗਮ ਨੇ ਸ਼ਿੰਗਾਰਿਆ। ਇਸ ਫਿਲਮ ਦਾ 'ਬੱਤੀ ਬਾਲ ਕੇ ਬਨੇਰੇ ਉਤੇ ਰੱਖਨੀ ਆਂ, ਰਾਹ ਭੁੱਲ ਨਾ ਜਾਵੇ ਚੰਨ ਮੇਰਾ' ਗੀਤ ਬਹੁਤ ਹੀ ਹਰਮਨਪਿਆਰਾ ਹੋਇਆ। ਇਸ ਦੇ ਗੀਤ ਲਗਪਗ ਇੱਕ ਦਹਾਕਾ ਰੇਡੀਓ 'ਤੇ ਗੂੰਜਦੇ ਰਹੇ। 'ਭੰਗੜਾ' ਨੂੰ ਦੁਬਾਰਾ 1980 ਵਿਚ ਮੋਹਨ ਭਾਖੜੀ ਨੇ 'ਜੱਟੀ' ਦੇ ਰੂਪ 'ਚ ਬਣਾਇਆ। ਇਸ ਦੇ ਸਿਤਾਰੇ ਮਿਹਰ ਮਿੱਤਲ ਅਤੇ ਅਰਪਨਾ ਚੌਧਰੀ ਸਨ। ਇਸ ਫਿਲਮ ਨੇ ਇੱਕ ਵਾਰ ਫਿਰ ਟਿਕਟ ਖਿੜਕੀ 'ਤੇ ਕਾਮਯਾਬੀ ਹਾਸਲ ਕੀਤੀ।

ਨਿਰਦੇਸ਼ਕ ਪਦਮ ਪ੍ਰਕਾਸ਼ ਮਹੇਸ਼ਵਰੀ ਨੇ ਵੱਡੇ ਬਜਟ ਵਾਲੀ ਪ੍ਰੇਮ ਕਹਾਣੀ 'ਤੇ ਆਧਾਰਿਤ 1964 ਵਿਚ ਫਿਲਮ 'ਸਤਲੁਜ ਦੇ ਕੰਢੇ' ਰਿਲੀਜ਼ ਕੀਤੀ। ਇਸ ਦੇ ਸਿਤਾਰੇ ਬਲਰਾਜ ਸਾਹਨੀ, ਨਿਸ਼ੀ, ਵਾਸਟੀ ਅਤੇ ਮਿਰਜ਼ਾ ਮੁਸ਼ਰਫ ਸਨ। ਇਸ ਨੂੰ ਸੰਗੀਤ ਨਾਲ ਸ਼ਿੰਗਾਰਿਆ ਹੰਸਰਾਜ ਬਹਿਲ ਨੇ। ਇਹ ਫਿਲਮ ਬਹੁਤ ਮਕਬੂਲ ਹੋਈ। ਇਸ ਨੇ ਕੌਮੀ ਪੁਰਸਕਾਰ ਹਾਸਲ ਕੀਤਾ। ਫਿਰ 1969 ਵਿਚ ਧਾਰਮਿਕ ਫਿਲਮ 'ਨਾਨਕ ਨਾਮ ਜਹਾਜ਼ ਹੈ' ਆਈ। ਇਸ ਦੇ ਸਿਤਾਰੇ ਪ੍ਰਿਥਵੀ ਰਾਜ ਕਪੂਰ, ਆਈ ਐਸ ਜਹੌਰ, ਵਿੰਮੀ, ਸੋਮਨਾਥ, ਨਿਸ਼ੀ ਅਤੇ ਡੇਵਿਡ ਇਬਰਾਹਿਮ ਸਨ। ਇਹ ਪਹਿਲੀ ਪੰਜਾਬੀ ਫਿਲਮ ਸੀ ਜਿਸ ਨੇ ਆਜ਼ਾਦੀ ਤੋਂ ਬਾਅਦ ਸਿਖਰ ਦੀ ਕਾਮਯਾਬੀ ਹਾਸਲ ਕੀਤੀ। ਇਸ ਫਿਲਮ ਨਾਲ ਭਾਰਤ ਅੰਦਰ ਪੰਜਾਬੀ ਫਿਲਮ ਉਦਯੋਗ ਦੀ ਪਛਾਣ ਤਾਜ਼ਾ ਹੋ ਗਈ। ਇਸ ਫਿਲਮ ਦੀ ਸਫਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਨੂੰ ਦੇਖਣ ਲਈ ਦਰਸ਼ਕ ਕਿਲੋਮੀਟਰ ਲੰਮੀ ਕਤਾਰ ਵਿਚ ਵੀ ਟਿਕਟ ਲੈਣ ਲਈ ਇੰਤਜ਼ਾਰ ਕਰਦੇ ਸਨ।

'ਨਾਨਕ ਨਾਮ ਜਹਾਜ਼ ਹੈ' ਦੀ ਮਕਬੂਲੀਅਤ ਤੋਂ ਬਾਅਦ ਸਤਰਵਿਆਂ ਦੇ ਦੌਰਾਨ ਹਿੰਦੀ ਫਿਲਮਾਂ ਦੇ ਅਦਾਕਾਰ ਵੀ ਪੰਜਾਬੀ ਫਿਲਮਾਂ ਵਿਚ ਕੰਮ ਕਰਨ ਵਾਸਤੇ ਉਤਸ਼ਾਹਿਤ ਹੋ ਗਏ। 'ਕਣਕਾਂ ਦੇ ਓਹਲੇ' ਵਿਚ ਧਰਮਿੰਦਰ, ਆਸ਼ਾ ਪਾਰੇਖ ਅਤੇ ਰਵਿੰਦਰ ਕਪੂਰ ਆਦਿ ਨੇ ਕੰਮ ਕੀਤਾ। ਇਸ ਤੋਂ ਇਲਾਵਾ 'ਨਾਨਕ ਦੁਖੀਆ ਸਭ ਸੰਸਾਰ', 'ਮੇਲੇ ਮਿੱਤਰਾਂ ਦੇ', 'ਮਨ ਜੀਤੇ ਜਗੁ ਜੀਤੇ', 'ਭਗਤ ਧੰਨਾ ਜੱਟ', 'ਸੱਚਾ ਮੇਰਾ ਰੂਪ ਹੈ' ਅਤੇ 'ਦੁੱਖ ਭੰਜਨ ਤੇਰਾ ਨਾਮ' ਫਿਲਮਾਂ ਵਿਚ ਧਰਮਿੰਦਰ, ਬਲਰਾਜ ਸਾਹਨੀ, ਸੁਨੀਲ ਦੱਤ, ਰਾਜਿੰਦਰ ਕੁਮਾਰ, ਫਿਰੋਜ਼ ਖਾਨ, ਮਨਮੋਹਨ ਕ੍ਰਿਸ਼ਨ, ਦਾਰਾ ਸਿੰਘ ਅਤੇ ਜੌਨੀ ਵਾਕਰ ਵਰਗੇ ਅਦਾਕਾਰਾਂ ਨੇ ਅਦਾਕਾਰੀ ਕੀਤੀ।

ਵਰਿੰਦਰ ਨੇ 1975 ਵਿਚ ਫਿਲਮ 'ਤੇਰੀ ਮੇਰੀ ਇੱਕ ਜਿੰਦੜੀ' ਰਾਹੀਂ ਪੰਜਾਬੀ ਫਿਲਮ ਜਗਤ ਅੰਦਰ ਕਦਮ ਰੱਖਿਆ। 1976 ਵਿਚ ਬਹੁਤ ਸਾਰੀਆਂ ਫਿਲਮਾਂ ਰਿਲੀਜ਼ ਹੋਈਆਂ, ਜਿਵੇਂ 'ਦਾਜ ਅਤੇ ਗਿੱਧਾ', 'ਮੈਂ ਪਾਪੀ ਤੂ ਬਖ਼ਸ਼ਣਹਾਰ', 'ਸੰਤੋ ਬੰਤੋ', 'ਸਰਦਾਰੇ ਆਜ਼ਮ' ਅਤੇ 'ਸਵਾ ਲਾਖ ਸੇ ਏਕ ਲੜਾਊਂ'। 'ਸਵਾ ਲਾਖ ਸੇ ਏਕ ਲੜਾਊਂ' ਫਿਲਮ ਨਾਨਕ ਸਿੰਘ ਦੇ ਨਾਵਲ 'ਗਗਨ ਦਮਾਮਾ ਵਾਜਿਓ' 'ਤੇ ਆਧਾਰਿਤ ਸੀ। ਦਾਰਾ ਸਿੰਘ ਦਾ ਨਿਰਮਾਤਾ ਅਤੇ ਨਿਰਦੇਸ਼ਕ ਦੇ ਤੌਰ 'ਤੇ ਇਹ ਸ਼ਲਾਘਾਯੋਗ ਯਤਨ ਸੀ। ਇਸ ਫਿਲਮ ਵਿਚ ਦਾਰਾ ਸਿੰਘ ਨੇ ਨਾਇਕ ਦੇ ਤੌਰ 'ਤੇ ਅਤੇ ਰਾਜੇਸ਼ ਖੰਨਾ ਨੇ ਕੱਵਾਲ ਦੇ ਰੂਪ 'ਚ ਮਹਿਮਾਨ ਅਦਾਕਾਰ ਵਜੋਂ ਭੂਮਿਕਾ ਨਿਭਾਈ। ਇਹ ਫਿਲਮ ਵਾਦ-ਵਿਵਾਦ ਦਾ ਸ਼ਿਕਾਰ ਹੋਣ ਕਾਰਨ ਇਸ ਦੇ ਪ੍ਰਦਰਸ਼ਨ ਹੋਣ ਤੋਂ ਬਾਅਦ ਜਲਦੀ ਹੀ ਇਸ 'ਤੇ ਪਾਬੰਦੀ ਲੱਗ ਗਈ।





ਦਹਾਕੇ ਦੇ ਅੱਧ ਤੋਂ ਬਾਅਦ ਤਕ 'ਜੈ ਮਾਤਾ ਦੀ', 'ਸਾਲ ਸੋਲ੍ਹਵਾਂ ਚੜਿਆ', 'ਸਤ ਸ੍ਰੀ ਅਕਾਲ' ਅਤੇ 'ਸ਼ਹੀਦ ਕਰਤਾਰ ਸਿੰਘ ਸਰਾਭਾ' ਵਰਗੀ ਫਿਲਮਾਂ ਰਿਲੀਜ਼ ਹੋ ਚੁੱਕੀਆਂ ਸਨ, ਪਰ ਪੰਜਾਬੀ ਫਿਲਮ ਉਦਯੋਗ 1977 ਤਕ ਕੋਈ ਵੱਡੀ ਪ੍ਰਾਪਤੀ ਨਾ ਕਰ ਸਕਿਆ। ਅਸਲ ਵਿਚ ਇਨ੍ਹਾਂ ਫਿਲਮਾਂ ਦਾ ਮਿਆਰ ਹੇਠਲੇ ਪੱਧਰ ਦਾ ਹੋਣ ਦੇ ਨਾਲ ਤਕਨੀਕੀ ਤੌਰ 'ਤੇ ਵੀ ਇਨ੍ਹਾਂ ਦਾ ਕੰਮ ਤਸੱਲੀਬਖ਼ਸ਼ ਨਹੀਂ ਸੀ। 'ਸਤ ਸ੍ਰੀ ਅਕਾਲ' ਜ਼ਰੂਰ ਕਾਮਯਾਬ ਫਿਲਮ ਸਿੱਧ ਹੋਈ ਸੀ। ਇਸ ਦੇ ਮੁੱਖ ਸਿਤਾਰੇ ਸੁਨੀਲ ਦੱਤ ਅਤੇ ਪ੍ਰੇਮ ਨਾਥ ਸਨ। ਇਸ ਤੋਂ ਬਾਅਦ 1978 ਵਿਚ 'ਉਡੀਕਾਂ' ਰਿਲੀਜ਼ ਹੋਈ। ਇਸ ਦਾ ਨਿਰਦੇਸ਼ਨ ਹਰੀ ਦੱਤ ਨੇ ਕੀਤਾ। ਇਸ ਦੇ ਸਿਤਾਰੇ ਪ੍ਰੀਕਸ਼ਤ ਸਾਹਨੀ, ਸਿੰਮੀ ਗਰੇਵਾਲ ਅਤੇ ਮਿਹਰ ਮਿੱਤਲ ਸਨ। ਇਸ ਦੀ ਗਿਣਤੀ ਵਧੀਆ ਫਿਲਮਾਂ 'ਚ ਕੀਤੀ ਜਾ ਸਕਦੀ ਹੈ। ਇਸ ਸਮੇਂ ਫਿਲਮ 'ਜਿੰਦੜੀ ਯਾਰ ਦੀ' ਵੀ ਰਿਲੀਜ਼ ਹੋਈ, ਪਰ 'ਉਡੀਕਾਂ' ਦਾ ਪ੍ਰਦਰਸ਼ਨ ਵਧੀਆ ਰਿਹਾ। ਕਈ ਹੋਰ ਫਿਲਮਾਂ ਵੀ ਇਸ ਵਰ੍ਹੇ ਰਿਲੀਜ਼ ਹੋਈਆਂ, ਜਿਵੇਂ 'ਵਲਾਈਤੀ ਬਾਬੂ'। ਇਸ ਵਿਚ ਅਮਿਤਾਭ ਬੱਚਨ ਨੇ ਟਾਂਗੇ ਵਾਲੇ ਦੀ ਭੂਮਿਕਾ ਨਿਭਾਈ ਸੀ।

1979 ਵਿਚ 'ਗੁਰੂ ਮਾਨਿਓ ਗ੍ਰੰਥ', 'ਜੱਟ ਪੰਜਾਬੀ', 'ਸੁਖੀ ਪਰਿਵਾਰ' ਅਤੇ 'ਤਿਲ ਤਿਲ ਦਾ ਲੇਖਾ' ਜਿਹੀਆਂ ਫਿਲਮਾਂ ਆਈਆਂ। 'ਜੱਟ ਪੰਜਾਬੀ' ਹਿੰਦੀ ਫਿਲਮੀ ਸਿਤਾਰਿਆਂ ਨੂੰ ਲੈ ਕੇ ਬਣਾਈ ਗਈ ਸੀ। ਇਸ ਵਿਚ ਮਨੋਜ ਕੁਮਾਰ ਨੇ ਮੁੱਖ ਭੂਮਿਕਾ ਨਿਭਾਈ। ਫਿਲਮ 'ਤਿਲ ਤਿਲ ਦਾ ਲੇਖਾ' ਦੇ ਸਿਤਾਰੇ ਰਾਜੇਸ਼ ਖੰਨਾ, ਧਰਮਿੰਦਰ ਅਤੇ ਮਿਹਰ ਮਿੱਤਲ ਸਨ। ਇਸ ਫਿਲਮ ਨੇ ਟਿਕਟ ਖਿੜਕੀ 'ਤੇ ਗੋਲਡਨ ਜੁਬਲੀ ਮਨਾਈ ਅਤੇ ਇਹ ਰਾਜੇਸ਼ ਖੰਨਾ ਦੀ ਦੂਜੀ ਅਤੇ ਮੁੱਖ ਭੂਮਿਕਾ ਵਜੋਂ ਪਹਿਲੀ ਪੰਜਾਬੀ ਫਿਲਮ ਸੀ। ਇਸ ਫਿਲਮ ਦੇ ਲੇਖਕ ਨੂੰ 1979 ਵਿਚ ਪੰਜਾਬ ਸਰਕਾਰ ਨੇ ਫੀਚਰ ਫਿਲਮ ਦੇ ਕਹਾਣੀਕਾਰ ਵਜੋਂ ਸਨਮਾਨ ਨਾਲ ਨਿਵਾਜਿਆ। ਫਿਲਮ 'ਚੰਨ ਪ੍ਰਦੇਸੀ' 1980 ਵਿਚ ਆਈ। ਇਸ ਨੇ ਰਾਸ਼ਟਰੀ ਪੁਰਸਕਾਰ ਜਿੱਤਿਆ। ਇਹ ਫਿਲਮ ਪੰਜਾਬੀ ਸਿਨਮੇ ਨੂੰ ਵਿਕਸਤ ਰੂਪ 'ਚ ਵੇਖਣ ਵਾਲੇ ਬਲਰਾਜ ਸਾਹਨੀ ਨੂੰ ਸਮਰਪਿਤ ਕੀਤੀ ਗਈ। ਇਸ ਦੇ ਨਿਰਮਾਤਾ ਸਵਰਨ ਤੇ ਜੋਗਰਾਜ ਸੇਡਾ ਅਤੇ ਨਿਰਦੇਸ਼ਕ ਰਵਿੰਦਰ ਪੀਪਟ ਸਨ। ਫੋਟੋਗ੍ਰਾਫੀ ਮਨਮੋਹਨ ਸਿੰਘ ਨੇ ਕੀਤੀ ਸੀ। ਇਸ ਨੂੰ ਸੰਗੀਤ ਨਾਲ ਮਹਿੰਦਰ ਕੋਹਲੀ ਨੇ ਸ਼ਿੰਗਾਰਿਆ। ਇਸ ਦੇ ਮੁੱਖ ਸਿਤਾਰੇ ਰਾਜ ਬੱਬਰ, ਰਮਾ ਵਿਜ, ਓਮ ਪੁਰੀ, ਅਮਰੀਸ਼ ਪੁਰੀ ਅਤੇ ਕੁਲਭੂਸ਼ਣ ਖਰਬੰਦਾ ਸਨ। ਇਸ ਫਿਲਮ ਵਿਚ ਮਿਹਰ ਮਿੱਤਲ ਨੇ ਆਪਣੀ ਭੂਮਿਕਾ ਛੋਟੀ ਹੋਣ ਦਾ ਇਤਰਾਜ਼ ਕੀਤਾ ਸੀ। ਉਸ ਦੀ ਭੂਮਿਕਾ ਛੋਟੀ ਹੋਣ ਕਰ ਕੇ ਕੁਝ ਫਿਲਮ ਡਿਸਟੀਬੀਊਟਰ ਇਸ ਨੂੰ ਖਰੀਦਣ ਅਤੇ ਰਿਲੀਜ਼ ਕਰਨ ਤੋਂ ਝਿਜਕਦੇ ਸਨ ਕਿਉਂਕਿ ਉਸ ਸਮੇਂ ਮਿਹਰ ਮਿੱਤਲ ਨੂੰ ਪੰਜਾਬੀ ਫਿਲਮਾਂ 'ਚ ਹਾਸਰਸ ਦਾ ਬਾਦਸ਼ਾਹ ਮੰਨਿਆ ਜਾਂਦਾ ਸੀ ਅਤੇ ਉਸ ਤੋਂ ਬਿਨਾਂ ਪੰਜਾਬੀ ਫਿਲਮ ਦੀ ਕਾਮਯਾਬੀ ਨਾਂ-ਮੁਮਕਿਨ ਵਾਂਗ ਸੀ। ਜਦੋਂ 'ਚੰਨ ਪ੍ਰਦੇਸੀ' ਰਿਲੀਜ਼ ਹੋਈ ਤਾਂ ਇਹ ਉਸ ਸਾਲ ਦੀ ਬੇਹੱਦ ਕਾਮਯਾਬ ਫਿਲਮ ਸਾਬਤ ਹੋਈ। ਇਹ ਬਾਰਾਂ ਲੱਖ ਰੁਪਏ ਦੀ ਲਾਗਤ ਨਾਲ ਬਣੀ ਅਤੇ ਇਸ ਨੇ ਪੰਜਾਹ ਲੱਖ ਰੁਪਇਆ ਕਮਾਇਆ।




ਕੁਝ ਹੋਰ ਫਿਲਮਾਂ ਜੋ ਇਸੇ ਵਰ੍ਹੇ ਰਿਲੀਜ਼ ਹੋਈਆਂ, ਉਨ੍ਹਾਂ ਵਿਚ 'ਸੱਸੀ ਪੁੰਨੂੰ' ਅਤੇ 'ਫੌਜੀ ਚਾਚਾ' ਮੁੱਖ ਹਨ। ਫੌਜੀ ਚਾਚਾ ਵਿਚ ਸੰਜੀਵ ਕੁਮਾਰ ਨੇ ਮੁੱਖ ਭੂਮਿਕਾ ਨਿਭਾਈ ਸੀ, ਪਰ ਇਨ੍ਹਾਂ ਫਿਲਮਾਂ ਨੂੰ ਕੋਈ ਖਾਸ ਕਾਮਯਾਬੀ ਨਾ ਮਿਲੀ। ਉਸ ਤੋਂ ਬਾਅਦ 1981 ਵਿਚ ਆਈ ਫਿਲਮ 'ਬਲਵੀਰੋ ਭਾਬੀ' ਕਾਮਯਾਬ ਫਿਲਮ ਰਹੀ। ਇਸ ਵਿਚ ਨਾਇਕ ਦੀ ਭੂਮਿਕਾ ਵਰਿੰਦਰ ਅਤੇ ਖ਼ਲਨਾਇਕ ਦੀ ਭੂਮਿਕਾ ਗੁਰਚਰਨ ਪੋਲੀ ਨੇ ਨਿਭਾਈ। ਇਨ੍ਹਾਂ ਵਰ੍ਹਿਆਂ ਦੌਰਾਨ ਪੰਜਾਬ ਦੇ ਹਾਲਾਤ ਸਾਜ਼ਗਾਰ ਨਹੀਂ ਸਨ ਅਤੇ ਪੰਜਾਬ ਦਾ ਬਹੁਪੱਖੀ ਵਿਕਾਸ ਲਗਪਗ ਠੱਪ ਹੋ ਚੁੱਕਾ ਸੀ। ਇਸ ਸਮੇਂ ਦੌਰਾਨ ਪੰਜਾਬ ਅੰਦਰ ਫਿਲਮਾਂ ਬਣਾਉਣੀਆਂ ਅਤੇ ਰਿਲੀਜ਼ ਕਰਨੀਆਂ ਜੋਖਮ ਵਾਲਾ ਕੰਮ ਸੀ। ਇਸ ਕਾਰਨ ਇਸ ਦਹਾਕੇ ਦੇ ਸ਼ੁਰੂ ਵਿਚ ਪੰਜਾਬੀ ਫਿਲਮਾਂ ਸੀਮਤ ਗਿਣਤੀ ਵਿਚ ਹੀ ਬਣ ਸਕੀਆਂ।

ਉਂਜ, 1983-84 'ਚ ਆਈਆਂ ਫਿਲਮਾਂ 'ਪੁੱਤ ਜੱਟਾਂ ਦੇ', 'ਯਾਰੀ ਜੱਟ ਦੀ' ਤੇ 'ਮਾਮਲਾ ਗੜਬੜ ਹੈ' ਨੇ ਚੰਗੀ ਕਮਾਈ ਕੀਤੀ। 1985 ਵਿਚ ਆਈ ਧਾਰਮਿਕ ਪੰਜਾਬੀ ਫਿਲਮ 'ਉਚਾ ਦਰ ਬਾਬੇ ਨਾਨਕ ਦਾ' ਨੇ ਗੁਰਦਾਸ ਮਾਨ ਨੂੰ ਫਿਲਮੀ ਸਿਤਾਰਿਆਂ ਦੀ ਗਿਣਤੀ ਵਿਚ ਸ਼ਾਮਿਲ ਕਰ ਦਿੱਤਾ। ਇਸ ਸਮੇਂ ਦੋ ਹੋਰ ਮੁਨਾਫੇ ਪੱਖੋਂ ਕਾਮਯਾਬ ਫਿਲਮਾਂ 'ਗੁੱਡੋ' ਅਤੇ 'ਵੈਰੀ' ਬਣੀਆਂ।




ਪੰਜਾਬੀ ਰੰਗਮੰਚ ਦੀ ਸ਼ਖ਼ਸੀਅਤ ਹਰਪਾਲ ਟਿਵਾਣਾ ਨੇ 1986 ਵਿਚ ਫਿਲਮ 'ਲੌਂਗ ਦਾ ਲਿਸ਼ਕਾਰਾ' ਰਿਲੀਜ਼ ਕੀਤੀ। ਇਸ ਨਾਲ ਇਕ ਵਾਰ ਫਿਰ 'ਚੰਨ ਪ੍ਰਦੇਸੀ' ਵਰਗੀ ਕਲਾਤਮਿਕ ਪੱਧਰ ਦੀ ਫਿਲਮ ਦਰਸ਼ਕਾਂ ਦੇ ਰੂਬਰੂ ਹੋਈ ਅਤੇ ਦਰਸ਼ਕਾਂ ਵੱਲੋਂ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ। 'ਲੌਂਗ ਦਾ ਲਿਸ਼ਕਾਰਾ' ਦੇ ਸਿਤਾਰੇ ਰਾਜ ਬੱਬਰ, ਗੁਰਦਾਸ ਮਾਨ, ਓਮ ਪੁਰੀ, ਨਿਰਮਲ ਰਿਸ਼ੀ, ਨੀਨਾ ਟਿਵਾਣਾ ਅਤੇ ਹਰਪ੍ਰੀਤ ਦਿਓਲ ਸਨ। ਇਹ ਉਹ ਫਿਲਮ ਸੀ ਜਿਹੜੀ 'ਚੰਨ ਪ੍ਰਦੇਸੀ' ਤੋਂ ਬਾਅਦ ਜਗੀਰੂ ਕਦਰਾਂ ਕੀਮਤਾਂ 'ਤੇ ਉਸਰੇ ਪੰਜਾਬੀ ਸਭਿਆਚਾਰ ਦੀ ਤਰਜਮਾਨੀ ਕਰਦੀ ਹੈ। ਹਰਪਾਲ ਟਿਵਾਣਾ ਨੇ ਲੇਖਕ, ਨਿਰਮਾਤਾ ਅਤੇ ਨਿਰਦੇਸ਼ਕ ਦੇ ਤੌਰ 'ਤੇ 'ਦੀਵਾ ਬਲੇ ਸਾਰੀ ਰਾਤ' ਵੀ ਬਣਾਈ। ਜਗਜੀਤ ਸਿੰਘ ਨੇ ਇਸ ਨੂੰ ਸੰਗੀਤ ਅਤੇ ਗੀਤਾਂ ਨਾਲ ਸਜਾਇਆ। ਇਸ ਨੂੰ 1986 ਵਿਚ ਹੀ ਰਿਲੀਜ਼ ਕੀਤਾ ਗਿਆ, ਪਰ ਇਹ 'ਲੌਂਗ ਦਾ ਲਿਸ਼ਕਾਰਾ' ਜਿੰਨੀ ਕਾਮਯਾਬੀ ਨਾ ਹਾਸਲ ਕਰ ਸਕੀ।

ਪੰਜਾਬ ਦੇ ਕਾਲੇ ਦਿਨਾਂ ਦੇ ਦੌਰ ਨੇ 1987 ਵਿਚ ਵਰਿੰਦਰ ਨੂੰ 'ਜੱਟ ਤੇ ਜ਼ਮੀਨ' ਫਿਲਮ ਦੀ ਕਿਸੇ ਪਿੰਡ 'ਚ ਸ਼ੂਟਿੰਗ ਕਰਦਿਆਂ ਨਿਗਲ ਲਿਆ। 1988 ਵਿਚ ਕੋਈ ਵੱਡੀ ਫਿਲਮ ਪ੍ਰਦਰਸ਼ਿਤ ਨਾ ਹੋਈ। ਇਸ ਤੋਂ ਬਾਅਦ 1989 ਵਿਚ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' 'ਤੇ ਆਧਾਰਿਤ ਫਿਲਮ ਬਣੀ। ਇਸ ਦੇ ਸਿਤਾਰੇ ਰਾਜ ਬੱਬਰ, ਪੰਕਜ ਕਪੂਰ, ਕੰਵਲਜੀਤ ਸਿੰਘ, ਪ੍ਰੀਕਸ਼ਤ ਸਾਹਨੀ ਅਤੇ ਦੀਪਤੀ ਨਵਲ ਸਨ। ਇਸ ਫਿਲਮ ਦੇ ਪੱਲੇ ਨਿਰਾਸ਼ਾ ਪਈ ਅਤੇ ਇਸ ਤਰ੍ਹਾਂ ਵੀ ਜਾਪਿਆ ਕਿ ਪੰਜਾਬੀ ਸਿਨਮਾ ਪ੍ਰੇਮੀਆਂ ਦੇ ਸੋਹਜ ਸੁਆਦ ਦਾ ਮਿਆਰ ਸਿਰਫ ਚਲੰਤ ਕਿਸਮ ਦੀਆਂ ਕਹਾਣੀਆਂ 'ਤੇ ਬਣੀਆਂ ਫਿਲਮਾਂ ਤਕ ਹੀ ਸੀਮਤ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਸਾਹਿਤਕ ਕਹਾਣੀ ਜਾਂ ਨਾਵਲ 'ਤੇ ਆਧਾਰਿਤ ਪੰਜਾਬੀ ਫਿਲਮਾਂ ਨਾਂਹ ਦੇ ਬਰਾਬਰ ਬਣੀਆਂ ਹਨ ਤੇ ਜੇ ਕੋਈ ਬਣੀ ਤਾਂ ਉਸ ਦਾ ਹਸ਼ਰ ਚੰਗਾ ਨਹੀਂ ਹੋਇਆ। ਦੋ ਦਹਾਕੇ ਪਹਿਲਾਂ ਫਿਲਮੀ ਅਭਿਨੇਤਾ ਦਾਰਾ ਸਿੰਘ ਨੇ ਮੁਹਾਲੀ ਵਿਖੇ ਇੱਕ ਫਿਲਮ ਸਟੂਡੀਓ ਸਥਾਪਿਤ ਕੀਤਾ ਤਾਂ ਕਿ ਪੰਜਾਬੀ ਸਿਨਮਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਪਰ ਅਫਸੋਸ ਕਿ ਪੰਜਾਬੀ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਇਸ ਤੋਂ ਲਾਭ ਲੈਣ ਦੀ ਬਜਾਇ ਮੁੰਬਈ ਦੀਆਂ ਵਾਟਾਂ ਕੱਢਦੇ ਰਹੇ।

1990 ਵਿਚ ਆਈ 'ਦੁਸ਼ਮਣੀ ਦੀ ਅੱਗ' ਮੁਨਾਫੇ ਦੇ ਪੱਖ ਤੋਂ ਠੀਕ ਹੀ ਰਹੀ ਸੀ। ਇਸ ਦੇ ਕਲਾਕਾਰ ਗੁਰਦਾਸ ਮਾਨ ਅਤੇ ਪ੍ਰੀਤੀ ਸਪਰੂ ਸਨ। ਇਸੇ ਸਾਲ 'ਕੁਰਬਾਨੀ ਜੱਟ ਦੀ' ਆਈ। ਇਸ ਦੇ ਸਿਤਾਰੇ ਗੁੱਗੂ ਗਿੱਲ, ਯੋਗਰਾਜ ਸਿੰਘ, ਗੁਰਦਾਸ ਮਾਨ, ਧਰਮਿੰਦਰ, ਰਾਜ ਬੱਬਰ ਅਤੇ ਪ੍ਰੀਤੀ ਸਪਰੂ ਸਨ। ਇਸ ਦਾ ਨਿਰਦੇਸ਼ਨ ਪ੍ਰੀਤੀ ਸਪਰੂ ਨੇ ਕੀਤਾ। ਇਹ ਟਿਕਟ ਖਿੜਕੀ 'ਤੇ ਸਾਂਵੀ ਰਹੀ। ਇਨ੍ਹਾਂ ਵਰ੍ਹਿਆਂ ਦੌਰਾਨ ਬਣਨ ਵਾਲੀਆਂ ਬਹੁਤ ਸਾਰੀਆਂ ਫਿਲਮਾਂ ਦੇ ਨਾਮ ਜੱਟ ਵਿਸ਼ੇਸ਼ਣ ਨਾਲ ਸ਼ੁਰੂ ਹੁੰਦੇ ਸਨ। 1990 ਤਕ ਬਣਨ ਵਾਲੀਆਂ ਫਿਲਮਾਂ ਵਿਚ ਸਮਾਜਿਕ ਫਿਲਮਾਂ ਦੀ ਗਿਣਤੀ ਅੱਜ ਵਾਂਗ ਆਟੇ ਵਿਚ ਲੂਣ ਦੇ ਬਰਾਬਰ ਹੀ ਸੀ।

1990 ਵਿਚ ਆਈ 'ਦੁਸ਼ਮਣੀ ਦੀ ਅੱਗ' ਮੁਨਾਫੇ ਦੇ ਪੱਖ ਤੋਂ ਠੀਕ ਹੀ ਰਹੀ ਸੀ। ਇਸ ਦੇ ਕਲਾਕਾਰ ਗੁਰਦਾਸ ਮਾਨ ਅਤੇ ਪ੍ਰੀਤੀ ਸਪਰੂ ਸਨ। ਇਸੇ ਸਾਲ 'ਕੁਰਬਾਨੀ ਜੱਟ ਦੀ' ਆਈ। ਇਸ ਦੇ ਸਿਤਾਰੇ ਗੁੱਗੂ ਗਿੱਲ, ਯੋਗਰਾਜ ਸਿੰਘ, ਗੁਰਦਾਸ ਮਾਨ, ਧਰਮਿੰਦਰ, ਰਾਜ ਬੱਬਰ ਅਤੇ ਪ੍ਰੀਤੀ ਸਪਰੂ ਸਨ। ਇਸ ਦਾ ਨਿਰਦੇਸ਼ਨ ਪ੍ਰੀਤੀ ਸਪਰੂ ਨੇ ਕੀਤਾ। ਇਹ ਟਿਕਟ ਖਿੜਕੀ 'ਤੇ ਸਾਂਵੀ ਰਹੀ। ਇਨ੍ਹਾਂ ਵਰ੍ਹਿਆਂ ਦੌਰਾਨ ਬਣਨ ਵਾਲੀਆਂ ਬਹੁਤ ਸਾਰੀਆਂ ਫਿਲਮਾਂ ਦੇ ਨਾਮ ਜੱਟ ਵਿਸ਼ੇਸ਼ਣ ਨਾਲ ਸ਼ੁਰੂ ਹੁੰਦੇ ਸਨ। 1990 ਤਕ ਬਣਨ ਵਾਲੀਆਂ ਫਿਲਮਾਂ ਵਿਚ ਸਮਾਜਿਕ ਫਿਲਮਾਂ ਦੀ ਗਿਣਤੀ ਅੱਜ ਵਾਂਗ ਆਟੇ ਵਿਚ ਲੂਣ ਦੇ ਬਰਾਬਰ ਹੀ ਸੀ।



PTC PUNJABI
LIVE GURBANI FROM
SRI HARMANDIR SAHIB
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 7/7/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.